PANJAB TIMES
# ਪੰਜਾਬ ਟਾਈਮਜ਼
£2
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ
17th - 24th October 2024 • Issue No. 3052
Europe's Leading Panjabi Weekly Since 1965
Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!

Tel: 020 8571 6680
India:+91-181 5086389

## ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਭਾਰਤੀ ਡਿਪਲੋਮੈਟ 'ਤੇ ਲਾਇਆ ਅਪਰਾਧਾਂ 'ਚ ਸ਼ਾਮਿਲ ਹੋਣ ਦਾ ਦੋਸ਼

# ਕਿਹਾ- ਸਾਡੇ ਲੋਕਾਂ ਦੇ ਕਤਲ ਦਾ ਸਮਰਥਨ ਕਰਨਾ ਭਾਰਤ ਦੀ ਗਲਤੀ

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਭਾਰਤ ਸਰਕਾਰ ਦੇ ਏਜੰਟਾਂ 'ਤੇ ਖੁਫੀਆ ਜਾਣਕਾਰੀ ਇਕੱਠੀ ਕਰਨ, ਟਾਰਗੇਟ ਕਿਲਿੰਗ, ਕੈਨੇਡੀਅਨ ਨਾਗਰਿਕਾਂ ਨੂੰ ਧਮਕੀਆਂ ਦੇਣ ਅਤੇ ਹਿੰਸਾ 'ਚ ਸ਼ਾਮਿਲ ਹੋਣ ਦਾ ਦੋਸ਼ ਲਗਾਇਆ ਹੈ। ਆਰਸੀਐੱਮਪੀ ਦੇ ਸਬੂਤਾਂ ਦਾ ਹਵਾਲਾ ਦਿੰਦੇ ਹੋਏ, ਟਰੂਡੋ ਨੇ ਦਾਅਵਾ ਕੀਤਾ ਕਿ ਕੈਨੇਡਾ ਤੋਂ ਕੱਢੇ ਗਏ ਛੇ ਭਾਰਤੀ ਸਰਕਾਰੀ ਏਜੰਟ ਜਨਤਕ ਸੁਰੱਖਿਆ ਨੂੰ ਖਤਰੇ ਵਿੱਚ ਪਾਉਣ ਵਾਲੀਆਂ ਗਤੀਵਿਧੀਆਂ ਵਿੱਚ ਸ਼ਾਮਿਲ ਸਨ। ਟਰੂਡੋ ਨੇ ਇਹ ਵੀ ਕਿਹਾ ਕਿ ਕੈਨੇਡਾ ਨੇ ਇਨ੍ਹਾਂ ਮਾਮਲਿਆਂ 'ਤੇ ਭਾਰਤ ਸਰਕਾਰ ਨਾਲ ਕੰਮ ਕਰਨ ਦੀਆਂ ਕਈ ਕੋਸ਼ਿਸ਼ਾਂ ਕੀਤੀਆਂ ਪਰ ਭਾਰਤ ਨੇ ਹਰ ਵਾਰ ਮਦਦ ਕਰਨ ਤੋਂ ਇਨਕਾਰ ਕਰ ਦਿੱਤਾ।

ਦਰਅਸਲ, ਇਹ ਸਾਰਾ ਮਾਮਲਾ ਟਰੂਡੋ ਸਰਕਾਰ ਵੱਲੋਂ ਭੇਜੀ ਗਈ ਚਿੱਠੀ ਤੋਂ ਬਾਅਦ ਗਰਮਾ ਗਿਆ ਸੀ। ਪੱਤਰ ਵਿੱਚ ਭਾਰਤੀ ਹਾਈ ਕਮਿਸ਼ਨਰ ਅਤੇ ਕੁਝ ਹੋਰ ਡਿਪਲੋਮੈਟਾਂ ਨੂੰ ਕੈਨੇਡੀਅਨ ਨਾਗਰਿਕ ਦੇ ਕਤਲ ਵਿੱਚ ਸ਼ੱਕੀ ਵਜੋਂ ਨਾਮਜ਼ਦ ਕੀਤਾ ਗਿਆ ਸੀ।

ਇਸ ਤੋਂ ਬਾਅਦ ਕੈਨੇਡਾ ਨੇ ਭਾਰਤ ਦੇ 6 ਡਿਪਲੋਮੈਟਾਂ ਨੂੰ ਦੇਸ਼ ਛੱਡਣ ਲਈ ਕਿਹਾ। ਇਸ ਦੇ ਜਵਾਬ ਵਿੱਚ ਭਾਰਤ ਨੇ ਕੈਨੇਡਾ ਦੇ ਕਾਰਜਕਾਰੀ ਹਾਈ ਕਮਿਸ਼ਨਰ ਸਟੀਵਰਟ ਰੌਸ ਵ੍ਹੀਲਰ ਸਮੇਤ ਛੇ ਕੈਨੇਡੀਅਨ ਡਿਪਲੋਮੈਟਾਂ ਨੂੰ ਦੇਸ਼ ਛੱਡਣ ਲਈ ਕਿਹਾ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਕੈਨੇਡਾ-ਭਾਰਤ ਦਾ ਆਪਸੀ ਸਬੰਧਾਂ ਅਤੇ ਵਪਾਰ ਦਾ ਲੰਬਾ ਇਤਿਹਾਸ ਹੈ। ਪਰ ਜੋ ਅਸੀਂ ਹੁਣ ਦੇਖ ਰਹੇ ਹਾਂ, ਅਸੀਂ ਇਸਨੂੰ ਬਰਦਾਸ਼ਤ ਨਹੀਂ ਕਰ ਸਕਦੇ।



## ਕੈਨੇਡਾ ਨੇ ਕਿਹਾ- ਭਾਰਤ ਲਾਰੈਂਸ ਗੈਂਗ ਤੋਂ ਕਰਵਾ ਰਿਹਾ ਹੈ ਟਾਰਗੇਟ ਕਿਲਿੰਗ



ਭਾਰਤ-ਕੈਨੇਡਾ ਤਨਾਅ ਵਧ ਰਿਹਾ ਹੈ। ਇਸਦੇ ਚਲਦੇ ਕੈਨੇਡਾ ਨੇ ਮੰਗਲਵਾਰ ਨੂੰ ਭਾਰਤ 'ਤੇ ਨਵੇਂ ਦੋਸ਼ ਲਾਏ ਹਨ। ਜਸਟਿਨ ਟਰੂਡੋ ਦੇ ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਭਾਰਤ ਸਰਕਾਰ ਨੇ ਕੈਨੇਡਾ ਵਿੱਚ ਖਾਲਿਸਤਾਨੀਆਂ ਅਤੇ ਦੱਖਣੀ ਏਸ਼ੀਆਈ ਮੂਲ ਦੇ ਲੋਕਾਂ ਨੂੰ ਨਿਸ਼ਾਨਾ ਬਣਾਉਣ ਲਈ ਅਪਰਾਧਿਕ ਗਿਰੋਹ ਲਾਰੈਂਸ ਗਰੁੱਪ ਦੀ ਵਰਤੋਂ ਕੀਤੀ ਹੈ। ਕੈਨੇਡੀਅਨ ਪੁਲਿਸ ਵਿਭਾਗ ਆਰਸੀਐੱਮਪੀ ਵਿੱਚ ਸਹਾਇਕ ਕਮਿਸ਼ਨਰ ਬ੍ਰਿਗੇਟ ਗੌਵਿਨ ਨੇ ਕਿਹਾ ਕਿ ਲਾਰੈਂਸ ਗੈਂਗ ਦੇ ਭਾਰਤ ਸਰਕਾਰ ਦੇ ਏਜੰਟਾਂ ਨਾਲ ਸਬੰਧ ਹਨ।

## ਭਾਰਤ ਨੇ ਕੈਨੇਡਾ ਤੋਂ ਮੰਗੇ ਨਿੱਝਰ ਹੱਤਿਆ ਕਾਂਡ ਦੇ ਸਬੂਤ

ਕੈਨੇਡੀਅਨ ਸਿੱਖ ਆਗੂ ਨਿੱਝਰ ਦੀ ਹੱਤਿਆ ਤੋਂ ਬਾਅਦ ਕੈਨੇਡਾ ਦੇ ਨਾਲ ਚੱਲ ਰਹੇ ਤਣਾਅ ਦੇ ਵਿਚਕਾਰ ਭਾਰਤ ਵੱਲੋਂ ਜਸਟਿਨ ਟਰੂਡੋ ਸਰਕਾਰ ਨੂੰ ਸਖ਼ਤ ਸੰਦੇਸ਼ ਦਿੱਤਾ ਗਿਆ ਏ। ਭਾਰਤ ਨੇ ਆਖਿਆ ਕਿ ਪ੍ਰਧਾਨ ਮੰਤਰੀ ਟਰੂਡੋ ਇਸ ਤਰ੍ਹਾਂ ਦੇ ਬੇਬੁਨਿਆਦ ਦੋਸ਼ ਮੋਦੀ ਸਰਕਾਰ 'ਤੇ ਨਹੀਂ ਲਗਾ ਸਕਦੇ, ਉਨ੍ਹਾਂ ਨੂੰ ਨਿੱਝਰ ਹੱਤਿਆ ਕਾਂਡ ਦੇ ਨਾਲ ਸਬੰਧਤ ਪੁਖ਼ਤਾ ਸਬੂਤ ਪੇਸ਼ ਕਰਨਗੇ ਪੈਣਗੇ। ਕੈਨੇਡਾ ਦੇ ਸਿੱਖ ਆਗੂ ਗੁਰਮੀਤ ਸਿੰਘ ਨਿੱਝਰ ਦੀ ਹੱਤਿਆ ਨੂੰ ਲੈ ਕੇ ਕੈਨੇਡਾ ਅਤੇ ਭਾਰਤ ਵਿਚ ਚੱਲ ਰਹੇ ਤਣਾਅ ਦੇ ਵਿਚਕਾਰ ਹੁਣ ਭਾਰਤ ਵੱਲੋਂ ਕੈਨੇਡਾ ਦੀ ਟਰੂਡੋ ਸਰਕਾਰ ਨੂੰ ਸਖ਼ਤ ਸੰਦੇਸ਼ ਦਿੰਦਿਆਂ ਆਖਿਆ ਗਿਆ ਏ ਕਿ ਕੈਨੇਡਾ ਸਰਕਾਰ ਭਾਰਤ ਦੀ ਮੋਦੀ ਸਰਕਾਰ 'ਤੇ ਝੂਠੇ ਅਤੇ ਬੇਬੁਨਿਆਦ ਦੋਸ਼ ਲਗਾਉਣੇ ਬੰਦ ਕਰੇ। ਇਸ ਦੇ ਲਈ ਕੈਨੇਡਾ ਨੂੰ ਹੱਤਿਆ ਨਾਲ ਸਬੰਧਤ ਪੁਖ਼ਤਾ ਸਬੂਤ ਪੇਸ਼ ਕਰਨੇ ਹੋਣਗੇ।

## ਸ਼੍ਰੋਮਣੀ ਅਕਾਲੀ ਦਲ ਨੇ ਵਿਰਸਾ ਸਿੰਘ ਵਲਟੋਹਾ ਦਾ ਅਸਤੀਫਾ ਕੀਤਾ ਮਨਜ਼ੂਰ

ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਵਿਰਸਾ ਸਿੰਘ ਵਲਟੋਹਾ ਦਾ ਅਸਤੀਫ਼ਾ ਮਨਜ਼ੂਰ ਕਰ ਲਿਆ ਹੈ। ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਨੇ ਵਿਰਸਾ ਸਿੰਘ ਵਲਟੋਹਾ ਦਾ ਮੁੱਢਲੀ ਮੈਂਬਰਸ਼ਿਪ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਦਫਤਰਾਂ ਤੋਂ ਦਿੱਤਾ ਅਸਤੀਫਾ ਤੁਰੰਤ ਪ੍ਰਭਾਵ ਨਾਲ ਪ੍ਰਵਾਨ ਕਰ ਲਿਆ ਹੈ।



ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਪੰਜ ਸਿੰਘ ਸਾਹਿਬਾਨਾਂ ਵੱਲੋਂ ਬਲਵਿੰਦਰ ਸਿੰਘ ਭੂੰਦੜ ਨੂੰ ਹੁਕਮ ਦਿੱਤੇ ਗਏ ਸੀ ਕਿ ਉਹ ਵਿਰਸਾ ਸਿੰਘ ਵਲਟੋਹਾ ਨੂੰ 24 ਘੰਟਿਆਂ ਦੇ ਅੰਦਰ-ਅੰਦਰ ਪਾਰਟੀ ਵਿਚੋਂ ਕੱਢ ਦੇਣ ਅਤੇ 10 ਸਾਲ ਤਕ ਉਸ ਨੂੰ ਪਾਰਟੀ ਵਿਚ ਮੁੜ ਸ਼ਾਮਲ ਨਾ ਕੀਤਾ ਜਾਵੇ। ਇਸ ਮਗਰੋਂ ਵਲਟੋਹਾ ਵੱਲੋਂ ਆਪ ਹੀ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਅਤੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਦੇ ਦਿੱਤਾ ਗਿਆ ਸੀ।

## ਪਰਵਾਸੀ ਔਰਤ ਰਾਮ ਬਾਈ ਬਣੀ ਪਿੰਡ ਡਗਾਣਾ ਖ਼ੁਰਦ ਦੀ ਸਰਪੰਚ



ਹੁਸ਼ਿਆਰਪੁਰ ਦੇ ਨਾਲ ਲਗਦੇ ਪਿੰਡ ਡਗਾਣਾ ਖ਼ੁਰਦ 'ਚ ਇਕ ਪਰਵਾਸੀ ਮਜ਼ਦੂਰ ਰਾਮ ਬਾਈ ਚੋਣ ਜਿੱਤ ਕੇ ਪਿੰਡ ਡਗਾਣਾ ਖ਼ੁਰਦ ਦੀ ਸਰਪੰਚ ਬਣ ਗਈ ਹੈ। ਰਾਮ ਬਾਈ ਨੇ ਆਪਣੀ ਵਿਰੋਧੀ ਉਮੀਦਵਾਰ ਸੀਮਾ ਨੂੰ ਮਹਿਜ਼ 17 ਵੋਟਾਂ ਦੇ ਫ਼ਰਕ ਨਾਲ ਹਰਾਇਆ।

## ਯੂ ਕੇ ਦੇ ਉੱਘੇ ਕਬੱਡੀ ਪ੍ਰਮੋਟਰ ਤੇ ਸਾਊਥਾਲ ਕਬੱਡੀ ਕਲੱਬ ਦੇ ਸਾਬਕਾ ਪ੍ਰਧਾਨ ਪ੍ਰਮਜੀਤ ਸਿੰਘ (ਪੰਮੀ ਰੰਧਾਵਾ) ਦੇ 60ਵੇਂ ਜਨਮ ਦਿਨ ਮੌਕੇ ਪ੍ਰੀਵਾਰ ਵੱਲੋਂ ਆਯੋਜਿਤ ਕੀਤੀ ਪਾਰਟੀ 'ਚ ਸ਼ਾਮਿਲ ਹੋ ਯੂ ਕੇ ਭਰ ਤੋਂ ਆਏ ਪ੍ਰਸ਼ੰਸਕਾਂ ਨੇ ਦਿੱਤੀਆਂ ਵਧਾਈਆਂ





ਖ਼ਬਰ ਅੰਦਰ ਅਤੇ ਹੋਰ ਤਸਵੀਰਾਂ ਆਖਰੀ ਪੰਨੇ 'ਤੇ ਦੇਖੋ




**Subject to availability.** Selected stores. GB Only. Prices correct and checked on 14/10/2024. Prices and packaging may vary. Basil Seed Juices, 99p, 320ml, 31p/100ml. Original Cake Rusk, 18 Pack, £2.19, 12p/each. Pure Butter Ghee, 500g, £3.99, 79p/100g.

# ਭਾਈ ਨਿੱਝਰ ਮਾਮਲੇ ਵਿਚ ਕੈਨੇਡਾ ਤੇ ਭਾਰਤ ਵਿਚਾਲੇ ਤਣਾਅ ਹੋਰ ਵਧਿਆ

**✪ ਕੈਨੇਡਾ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਨਾਂ ਘਸੀਟਿਆ ✪ ਕੈਨੇਡੀਅਨ ਪੁਲਿਸ ਅਨੁਸਾਰ ਬਿਸ਼ਨੋਈ ਗੈਂਗ ਦਿੱਲੀ ਨਾਲ ਮਿਲ ਕੇ ਕਰ ਰਿਹਾ ਹੈ ਕੰਮ ✪ ਟਰੂਡੋ ਵਲੋਂ ਦੋਸ਼ ਕਿ ਭਾਰਤ ਸਰਕਾਰ ਜਾਂਚ ਵਿਚ ਨਹੀਂ ਦੇ ਰਹੀ ਸਹਿਯੋਗ ✪ ਦੋਵਾਂ ਦੇਸ਼ਾਂ ਵਲੋਂ ਇਕ-ਦੂਜੇ ਦੇ 6-6 ਕੂਟਨੀਤਕਾਂ ਨੂੰ ਕੱਢਣ ਦਾ ਐਲਾਨ**

## ਵਿਸ਼ੇਸ਼ ਰਿਪੋਟ

ਕੈਨੇਡਾ ਤੇ ਭਾਰਤ ਦੇ ਕੂਟਨੀਤਕ ਸੰਬੰਧਾਂ ਵਿਚ ਤਣਾਅ ਬੀਤੇ ਸਾਲ ਸਤੰਬਰ ਤੋਂ ਸ਼ੁਰੂ ਹੋਇਆ ਸੀ ਜੋ ਅਜੇ ਤੱਕ ਜਾਰੀ ਹੈ ਤੇ ਇਸ ਵਿਚ ਨਿਕਟ ਭਵਿੱਖ ਵਿਚ ਸੁਧਾਰ ਹੋਣ ਦੀ ਸੰਭਾਵਨਾ ਨਜ਼ਰ ਨਹੀਂ ਆ ਰਹੀ। 18 ਜੂਨ, 2023 ਦੀ ਸ਼ਾਮ ਨੂੰ ਸਰੀ ਵਿਖੇ ਭਾਈ ਹਰਦੀਪ ਸਿੰਘ ਨਿੱਝਰ ਦੇ ਹੋਏ ਕਤਲ ਦੇ ਕੇਸ ਦੀ ਜਾਂਚ ਕੈਨੇਡਾ ਵਿਚ ਚੱਲ ਰਹੀ ਹੈ, ਜਿਸ ਵਿਚ ਕੁਝ ਭਾਰਤੀ ਅਧਿਕਾਰੀਆਂ ਦੀ ਸ਼ਮੂਲੀਅਤ ਦਾ ਸ਼ੱਕ ਬੀਤੇ ਸਾਲ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੇ ਦੇਸ਼ ਦੀ ਸੰਸਦ ਵਿਚ ਕੀਤਾ ਸੀ।

ਜਾਂਚ ਕਰ ਰਹੇ ਅਧਿਕਾਰੀਆਂ ਨੇ ਕੈਨੇਡਾ ਵਿਖੇ ਤਾਇਨਾਤ ਭਾਰਤ ਦੇ ਰਾਜਦੂਤ ਸੰਜੇ ਵਰਮਾ ਸਮੇਤ ਕੁਝ ਹੋਰ ਭਾਰਤੀ ਕੂਟਨੀਤਕਾਂ ਤੋਂ ਪੁੱਛਗਿੱਛ ਕਰਨ ਲਈ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਨਾਲ ਬੀਤੇ ਦਿਨੀਂ ਸੰਪਰਕ ਕੀਤਾ ਗਿਆ ਸੀ। ਪਰ ਭਾਰਤ ਸਰਕਾਰ ਇਸ ਜਾਂਚ ਵਿਚ ਸ਼ਾਮਿਲ ਹੋਣ ਤੋਂ ਇਨਕਾਰ ਕਰ ਦਿਤਾ ਸੀ। ਕੈਨੇਡੀਅਨ ਵਿਦੇਸ਼ ਮੰਤਰੀ ਮੇਲਾਨੀਆ ਜੋਲੀ ਨੇ ਹਾਈ ਕਮਿਸ਼ਨਰ ਸਮੇਤ ਛੇ ਭਾਰਤੀ ਡਿਪਲੋਮੈਟਾਂ ਨੂੰ ਕੱਢਣ ਬਾਰੇ ਹੁਣੇ ਜਿਹੇ ਬਿਆਨ ਦਿੱਤਾ ਸੀ।

ਕੈਨੇਡਾ ਨੇ ਦਾਅਵਾ ਕੀਤਾ ਹੈ ਕਿ ਇਹ ਸਾਰੇ ਲੋਕ ਕੈਨੇਡੀਅਨ ਨਾਗਰਿਕਾਂ ਦੀ ਟਾਰਗੇਟ ਕਿਲਿੰਗ ਵਿਚ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਭਾਰਤ ਨੇ ਜਾਂਚ ਵਿੱਚ ਸਹਿਯੋਗ ਨਹੀਂ ਕੀਤਾ। ਕੈਨੇਡਾ ਦੇ ਇਨ੍ਹਾਂ ਤਾਜ਼ਾ ਦੋਸ਼ਾਂ ਕਾਰਣ ਉਸਦਾ ਤਕਰਾਰ ਭਾਰਤ ਨਾਲ ਡੂੰਘਾ ਹੋ ਗਿਆ ਹੈ।

ਇਸ ਤੋਂ ਬਾਅਦ ਕੈਨੇਡਾ ਤੋਂ ਆਪਣੇ ਹਾਈ ਕਮਿਸ਼ਨਰ ਅਤੇ ਹੋਰ ਕੂਟਨੀਤਕਾਂ ਤੇ ਅਧਿਕਾਰੀਆਂ ਨੂੰ ਵਾਪਸ ਬੁਲਾਉਣ ਦਾ ਐਲਾਨ ਕੀਤਾ ਸੀ। ਭਾਰਤੀ ਵਿਦੇਸ਼ ਮੰਤਰਾਲੇ ਨੇ ਭਾਰਤ ਵਿਚ ਕੈਨੇਡੀਅਨ ਰਾਜਦੂਤ ਨੂੰ ਤਲਬ ਕਰਨ ਤੋਂ ਤੁਰੰਤ ਬਾਅਦ ਇਸ ਫੈਸਲੇ ਦਾ ਐਲਾਨ ਕੀਤਾ ਹੈ। ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਭਾਰਤ ਵਿਚ ਕੈਨੇਡੀਅਨ ਰਾਜਦੂਤ ਨੂੰ ਸਕੱਤਰ (ਪੂਰਬੀ) ਜੈਦੀਪ ਮਜ਼ੂਮਦਾਰ ਦੁਆਰਾ ਤਲਬ ਕੀਤਾ ਗਿਆ ਸੀ। ਉਨ੍ਹਾਂ ਨੂੰ ਦੱਸਿਆ ਗਿਆ ਸੀ ਕਿ ਕੈਨੇਡਾ ਵਿਚ ਭਾਰਤੀ ਹਾਈ ਕਮਿਸ਼ਨਰ ਤੇ ਹੋਰ ਕੂਟਨੀਤਕਾਂ ਤੇ ਅਧਿਕਾਰੀਆਂ ਨੂੰ ਬੇਬੁਨਿਆਦ ਨਿਸ਼ਾਨਾ ਬਣਾਉਣਾ ਪੂਰੀ ਤਰ੍ਹਾਂ ਅਸਵੀਕਾਰਨਯੋਗ ਹੈ। ਭਾਰਤੀ ਮੰਤਰਾਲੇ ਨੇ ਕਿਹਾ ਕਿ ਕੱਟੜਵਾਦ ਤੇ ਹਿੰਸਾ ਦੇ ਮਾਹੌਲ ਵਿਚ ਟਰੂਡੋ ਸਰਕਾਰ ਦੀਆਂ ਕਾਰਵਾਈਆਂ ਨੇ ਉਨ੍ਹਾਂ ਦੀ ਸੁਰੱਖਿਆ ਨੂੰ ਖਤਰੇ ਵਿਚ ਪਾਇਆ ਹੈ। ਸਾਨੂੰ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਮੌਜੂਦਾ ਕੈਨੇਡੀਅਨ ਸਰਕਾਰ ਦੀ ਵਚਨਬੱਧਤਾ 'ਤੇ ਕੋਈ ਭਰੋਸਾ ਨਹੀਂ। ਇਸ ਲਈ ਭਾਰਤ ਸਰਕਾਰ ਨੇ ਹਾਈ ਕਮਿਸ਼ਨਰ ਤੇ ਹੋਰ ਕੂਟਨੀਤਕਾਂ ਤੇ ਅਧਿਕਾਰੀਆਂ ਨੂੰ ਵਾਪਸ ਬੁਲਾਉਣ ਦਾ ਫੈਸਲਾ ਕੀਤਾ ਹੈ। ਭਾਰਤ ਨੇ ਇਸ ਤਣਾਅ ਦੇ ਚੱਲਦਿਆਂ ਕੈਨੇਡਾ ਦੇ 6 ਕੂਟਨੀਤਕਾਂ ਨੂੰ ਕੱਢ ਦਿੱਤਾ ਹੈ। ਇਨ੍ਹਾਂ ਕੂਟਨੀਤਕਾਂ ਵਿਚ ਕਾਰਜਕਾਰੀ ਹਾਈ ਕਮਿਸ਼ਨਰ ਸਟੀਵਰਟ ਰੌਸ ਵੀਲ੍ਹਰ, ਡਿਪਟੀ ਹਾਈ ਕਮਿਸ਼ਨਰ ਪੈਟਰਿਕ ਹਬਰਟ, ਮੈਰੀ ਕੈਥਰੀਨ, ਇਆਨ ਰੌਸ ਡੇਵਿਡ ਟ੍ਰਾਇਟਸ, ਐਡਮ ਜੇਮਸ ਚੁਇਪਕਾ ਤੇ ਪਾਓਲਾ ਓਰਜੁਏਲਾ ਸ਼ਾਮਿਲ ਹਨ। ਭਾਰਤ ਦਾ ਤਰਕ ਹੈ ਕਿ ਟਰੂਡੋ ਸਰਕਾਰ ਵਲੋਂ ਆਪਣੇ ਰਾਜਨੀਤਕ ਫਾਇਦੇ (ਕੈਨੇਡਾ ਵਿਚ ਸਿੱਖ ਵੋਟ) ਲਈ ਬਿਨਾਂ ਤੱਥਾਂ ਤੋਂ (ਵਧਾ-ਚੜ੍ਹਾ ਕੇ) ਦੋਸ਼ ਲਗਾਏ ਜਾ ਰਹੇ ਹਨ।

ਇਸ ਸਬੰਧੀ ਇੱਕ ਰਿਪੋਰਟ ਵਾਸ਼ਿੰਗਟਨ ਪੋਸਟ ਵਿੱਚ ਛਪੀ ਸੀ, ਜਿਸ ਵਿੱਚ ਅਧਿਕਾਰੀਆਂ ਨੇ ਭਾਰਤ ਸਰਕਾਰ ਦੀ ਸ਼ਮੂਲੀਅਤ ਦਾ ਦੋਸ਼ ਲਾਇਆ ਹੈ। ਰਿਪੋਰਟ ਵਿਚ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਨਾਂ ਵੀ ਸ਼ਾਮਲ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਜਦੋਂ ਇਹ ਰਿਪੋਰਟ ਲਿਖੀ ਗਈ ਸੀ ਤਾਂ ਗ੍ਰਹਿ ਮੰਤਰੀ ਦਾ ਨਾਂ ਨਹੀਂ ਸੀ। ਇਸ ਨੂੰ ਬਾਅਦ ਵਿੱਚ ਅੱਪਡੇਟ ਕੀਤਾ ਗਿਆ ਹੈ। ਪਰ ਭਾਰਤ ਸਰਕਾਰ ਕੈਨੇਡਾ ਵਲੋਂ ਲਗਾਏ ਜਾ ਰਹੇ ਹਰ ਦੋਸ਼ ਨੂੰ ਰਦ ਕਰ ਰਹੀ ਹੈ।

ਵਸ਼ਿੰਗਟਨ ਪੋਸਟ ਨੇ ਆਪਣੀ ਰਿਪੋਰਟ ਵਿੱਚ ਕਿਹਾ ਕਿ ਕੈਨੇਡੀਅਨ ਅਧਿਕਾਰੀਆਂ ਮੁਤਾਬਕ ਭਾਈ ਨਿੱਝਰ ਦਾ ਕਤਲ ਕੋਈ ਅਲੱਗ-ਥਲੱਗ ਘਟਨਾ ਨਹੀਂ ਸੀ। ਸਗੋਂ, ਇਹ ਸੀਨੀਅਰ ਭਾਰਤੀ ਅਧਿਕਾਰੀਆਂ ਅਤੇ ਦੇਸ਼ ਦੀ ਖੁਫੀਆ ਏਜੰਸੀ ਰਿਸਰਚ ਐਂਡ ਐਨਾਲਿਸਿਸ ਵਿੰਗ (ਰਾਅ) ਦੇ ਵੱਡੇ ਯਤਨਾਂ ਦਾ ਹਿੱਸਾ ਸੀ। ਇੱਕ ਸੀਨੀਅਰ ਕੈਨੇਡੀਅਨ ਅਧਿਕਾਰੀ ਨੇ ਕਿਹਾ ਸੀ ਕਿ ਸਾਨੂੰ ਪਤਾ ਹੈ ਕਿ ਉਹ ਨਿੱਝਰ ਹੱਤਿਆਕਾਂਡ, ਹੋਰ ਹੱਤਿਆਵਾਂ ਅਤੇ ਕੈਨੇਡਾ ਵਿੱਚ ਹੋ ਰਹੀ ਅਸਲ ਹਿੰਸਾ ਵਿੱਚ ਇਹ ਲੋਕ ਸ਼ਾਮਲ ਹਨ।' ਕੈਨੇਡਾ ਮੁਤਾਬਕ ਭਾਰਤੀ ਡਿਪਲੋਮੈਟ ਕਥਿਤ ਤੌਰ 'ਤੇ ਖਾਲਿਸਤਾਨੀ ਖਾੜਕੂਆਂ ਬਾਰੇ ਖੁਫੀਆ ਜਾਣਕਾਰੀ ਹਾਸਲ ਕਰਦੇ ਸਨ, ਜਿਸ ਦੀ ਵਰਤੋਂ ਰਾਅ ਵਲੋਂ ਕੀਤੀ ਜਾਂਦੀ ਸੀ।


ਕੈਨੇਡਾ ਨੇ ਭਾਰਤ ਸਰਕਾਰ 'ਤੇ ਇਹ ਵੀ ਦੋਸ਼ ਲਗਾਇਆ ਹੈ ਕਿ ਕੈਨੇਡਾ ਵਿੱਚ ਮੌਜੂਦ ਭਾਰਤੀ ਏਜੰਟ ਖਾਲਿਸਤਾਨ ਪੱਖੀਆਂ ਨੂੰ ਨਿਸ਼ਾਨਾ ਬਣਾਉਣ ਲਈ ਲਾਰੈਂਸ ਬਿਸ਼ਨੋਈ ਗੈਂਗ ਨਾਲ ਕੰਮ ਕਰ ਰਹੇ ਹਨ ਤੇ ਕੈਨੇਡਾ ਵਿਚ ਅਪਰਾਧ ਕਰਕੇ ਤਣਾਅ ਵਧਾ ਰਹੇ ਹਨ।

ਕੈਨੇਡੀਅਨ ਅਧਿਕਾਰੀਆਂ ਦਾ ਦੋਸ਼ ਹੈ ਕਿ ਭਾਰਤ ਨੂੰ ਲਗਭਗ ਉੱਚ ਪੱਧਰ ਤੋਂ ਸੂਚਨਾ ਭੇਜੀ ਜਾ ਰਹੀ ਹੈ। ਉਸਨੇ ਦਾਅਵਾ ਕੀਤਾ ਕਿ ਭਾਰਤੀ ਡਿਪਲੋਮੈਟਾਂ ਵਿਚਕਾਰ ਗੱਲਬਾਤ ਅਤੇ ਸੰਦੇਸ਼ਾਂ ਵਿੱਚ ਇੱਕ ਸੀਨੀਅਰ ਭਾਰਤੀ ਅਧਿਕਾਰੀ ਅਤੇ ਰਾਅ ਦੇ ਇੱਕ ਅਧਿਕਾਰੀ ਦੇ ਹਵਾਲਾ ਸੀ ਜੋ ਇਨ੍ਹਾਂ ਅਪਰਾਧਾਂ ਦਾ ਦੋਸ਼ੀ ਹੈ। ਉਸ ਨੇ ਹੀ ਖਾਲਿਸਤਾਨੀਆਂ 'ਤੇ ਹਮਲਾ ਕਰਨ ਦੀ ਮਨਜ਼ੂਰੀ ਦਿੱਤੀ ਸੀ। ਕੈਨੇਡੀਅਨ ਅਧਿਕਾਰੀਆਂ ਨੇ ਬੀਤੇ ਸ਼ਨਿਚਰਵਾਰ ਨੂੰ ਸਿੰਗਾਪੁਰ ਵਿੱਚ ਇੱਕ ਗੁਪਤ ਮੀਟਿੰਗ ਵਿੱਚ ਭਾਰਤ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਨੂੰ ਸ਼ਾਹ ਬਾਰੇ ਵੇਰਵੇ ਅਤੇ ਹੋਰ ਸਬੂਤ ਦਿੱਤੇ ਸਨ।

ਬਾਕੀ ਹਿੱਸਾ 4 ਪੰਨੇ 'ਤੇ



## ਕੈਨੇਡਾ ਨੇ ਭਾਰਤ ਨੂੰ ਸਬੂਤ ਮੁਹੱਈਆ ਕਰਵਾਏ ਸਨ-ਸਟੀਵਰਟ ਵੀਲ੍ਹਰ



ਭਾਰਤ ਵਲੋਂ ਕੈਨੇਡਾ ਵਿਚ ਭਾਰਤੀ ਹਾਈ ਕਮਿਸ਼ਨਰ ਸੰਜੇ ਕੁਮਾਰ ਵਰਮਾ ਅਤੇ ਹੋਰ ਡਿਪਲੋਮੈਟਾਂ ਨੂੰ ਵਾਪਸ ਸੱਦਣ ਦੇ ਫੈਸਲੇ ਤੋਂ ਬਾਅਦ ਕੈਨੇਡੀਅਨ ਡਿਪਲੋਮੈਟ ਸਟੀਵਰਟ ਵੀਲ੍ਹਰ ਨੇ ਦਾਅਵਾ ਕੀਤਾ ਕਿ ਕੈਨੇਡਾ ਨੇ ਭਾਰਤ ਸਰਕਾਰ ਨੂੰ ਨਿੱਝਰ ਦੀ ਹੱਤਿਆ ਦੇ ਮਾਮਲੇ ਵਿਚ ਸਬੂਤ ਮੁਹੱਈਆ ਕਰਵਾਏ ਸਨ। ਹੁਣ ਭਾਰਤ ਨੂੰ ਆਪਣੇ ਕਹੇ ਅਨੁਸਾਰ ਚੱਲਣਾ ਚਾਹੀਦਾ ਹੈ ਅਤੇ ਇਨ੍ਹਾਂ ਸਾਰੇ ਦੋਸ਼ਾਂ ਦੀ ਜਾਂਚ ਕਰਨੀ ਚਾਹੀਦੀ ਹੈ। ਇਹ ਉਨ੍ਹਾਂ ਦੇ ਦੇਸ਼ ਅਤੇ ਦੇਸ਼ ਵਾਸੀਆਂ ਦੇ ਹਿੱਤ ਵਿਚ ਹੈ। ਇਸ ਤੋਂ ਪਹਿਲਾਂ ਭਾਰਤ ਨੇ ਕੈਨੇਡੀਅਨ ਸਫੀਰ ਨੂੰ ਤਲਬ ਕਰਦਿਆਂ ਕਿਹਾ ਸੀ ਕਿ ਭਾਰਤ ਨੂੰ ਟਰੂਡੋ ਸਰਕਾਰ 'ਤੇ ਵਿਸ਼ਵਾਸ ਨਹੀਂ ਹੈ ਕਿਉਂਕਿ ਕੈਨੇਡਾ ਸਰਕਾਰ ਵੋਟ ਰਾਜਨੀਤੀ ਤਹਿਤ ਇਹ ਸਭ ਕਰ ਰਹੀ ਹੈ।

# ਭਾਰਤ ਖ਼ਿਲਾਫ਼ ਪਾਬੰਦੀਆਂ ਲਗਾਏ ਕੈਨੇਡਾ

**✪ ਐਨ.ਡੀ.ਪੀ ਆਗੂ ਜਗਮੀਤ ਸਿੰਘ ਭਾਰਤ ਖ਼ਿਲਾਫ਼ ਹੋਏ ਤਿੱਖੇ**

ਟੋਰਾਂਟੋ-ਖਾਲਿਸਤਾਨੀ ਹਰਦੀਪ ਸਿੰਘ ਨਿੱਝਰ ਦੇ ਕਤਲ ਮਾਮਲੇ ਨੂੰ ਲੈ ਕੇ ਭਾਰਤ ਅਤੇ ਕੈਨੇਡਾ ਦੇ ਰਿਸ਼ਤਿਆਂ ਵਿੱਚ ਵਧਦੇ ਤਣਾਅ ਦੌਰਾਨ ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਦੀ ਸਾਬਕਾ ਗੱਠਜੋੜ ਭਾਈਵਾਲ ਨਿਊ ਡੈਮੋਕ੍ਰੇਟਿਕ ਪਾਰਟੀ (ਐਨ.ਡੀ.ਪੀ.) ਆਗੂ ਜਗਮੀਤ ਸਿੰਘ ਨੇ ਦਾਅਵਾ ਕੀਤਾ ਕਿ ਕੈਨੇਡੀਅਨ ਸਿੱਖ ਡਰੇ ਹੋਏ ਹਨ ਅਤੇ ਚਿੰਤਤ ਹਨ। ਭਾਰਤੀ ਅਧਿਕਾਰੀਆਂ ਤੋਂ ਕਥਿਤ ਤੌਰ 'ਤੇ ਧਮਕੀਆਂ, ਪਰੇਸ਼ਾਨੀ ਅਤੇ ਹਿੰਸਾ ਇਸ ਦਾ ਕਾਰਨ ਹੈ। ਖਾਲਿਸਤਾਨ ਪੱਖੀ ਸੰਸਦ ਮੈਂਬਰ ਨੇ ਕੈਨੇਡਾ ਸਰਕਾਰ ਤੋਂ ਇਸ ਮਾਮਲੇ ਵਿਚ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਉਸ ਨੇ ਭਾਰਤ ਵਿਰੁੱਧ ਕੂਟਨੀਤਕ ਪਾਬੰਦੀਆਂ ਲਗਾਉਣ ਦੀ ਅਪੀਲ ਕੀਤੀ। ਜਗਮੀਤ ਸਿੰਘ ਨੇ ਕਿਹਾ, 'ਅਸੀਂ ਭਾਰਤੀ ਡਿਪਲੋਮੈਟਾਂ ਨੂੰ ਕੱਢਣ ਦੇ ਫ਼ੈਸਲੇ ਦੇ ਸਮਰਥਨ ਵਿੱਚ ਹਾਂ। ਕੈਨੇਡੀਅਨ ਸਰਕਾਰ ਤੋਂ ਇੱਕ ਵਾਰ ਫਿਰ ਭਾਰਤ ਵਿਰੁੱਧ ਕੂਟਨੀਤਕ ਪਾਬੰਦੀਆਂ ਲਗਾਉਣ ਦੀ ਮੰਗ ਕਰਦੇ ਹਾਂ। ਇੱਥੇ ਰਾਸ਼ਟਰੀ ਸਵੈਮ ਸੇਵਕ ਸੰਘ ਨੈੱਟਵਰਕ (ਆਰ.ਐੱਸ.ਐੱਸ.) 'ਤੇ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ। ਕੈਨੇਡੀਅਨ ਧਰਤੀ 'ਤੇ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਗੰਭੀਰ ਨਤੀਜੇ ਭੁਗਤਗੇ ਪੈਣਗੇ।"



ਜਗਮੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪਾਰਟੀ ਰਾਇਲ ਕੈਨੇਡੀਅਨ ਮਾਊਂਟਿਡ ਪੁਲਸ ਵੱਲੋਂ ਜਾਰੀ ਜਾਣਕਾਰੀ ਤੋਂ ਬਹੁਤ ਚਿੰਤਤ ਹੈ। ਸਿੰਘ ਨੇ ਦੋਸ਼ ਲਾਇਆ ਕਿ ਕੈਨੇਡਾ ਕੋਲ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਭਾਰਤੀ ਅਧਿਕਾਰੀਆਂ ਦੀ ਸ਼ਮੂਲੀਅਤ ਦੇ ਪੁਖਤਾ ਸਬੂਤ ਹਨ। ਮੋਦੀ ਸਰਕਾਰ ਕੈਨੇਡਾ ਦੀ ਧਰਤੀ 'ਤੇ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਸ਼ਾਮਲ ਸੀ। ਅਮਰੀਕਾ ਨੇ ਪਹਿਲਾਂ ਹੀ ਸਬੰਧਤ ਅਪਰਾਧਾਂ ਲਈ ਕਈ ਵਿਅਕਤੀਆਂ ਨੂੰ ਦੋਸ਼ੀ ਠਹਿਰਾਇਆ ਹੈ।"

ਉਨ੍ਹਾਂ ਕਿਹਾ ਕਿ ਸਤੰਬਰ 2023 ਤੋਂ ਲੈ ਕੇ ਹੁਣ ਤੱਕ ਆਰ.ਸੀ.ਐਮ.ਪੀ ਨੇ 13 ਲੋਕਾਂ ਨੂੰ ਉਨ੍ਹਾਂ ਖ਼ਿਲਾਫ਼ ਗੰਭੀਰ ਖ਼ਤਰੇ ਦੀ ਚਿਤਾਵਨੀ ਦਿੱਤੀ ਹੈ। ਜਦਕਿ ਕੈਨੇਡੀਅਨਾਂ ਦੀ ਸੁਰੱਖਿਆ ਨੂੰ ਅਜੇ ਤੱਕ ਯਕੀਨੀ ਨਹੀਂ ਬਣਾਇਆ ਗਿਆ ਹੈ।

# ਕੈਨੇਡਾ ਵਿੱਚ ਹਜ਼ਾਰਾਂ ਪੰਜਾਬੀਆਂ ਸਣੇ ਪਰਵਾਸੀ ਵਿਦਿਆਰਥੀਆਂ ਦੇ ਡਿਪੋਰਟ ਹੋਣ ਦਾ ਖਤਰਾ

## ✪ ਕੈਨੇਡੀਅਨ ਸਰਕਾਰ ਦੀ ਨਵੀਂ ਨੀਤੀ ਕਾਰਣ ਮੱਚੀ ਤੜਥਲੀ ✪ ਟੋਰਾਂਟੋ ਤੋਂ ਸ਼ੁਰੂ ਹੋਇਆ ਪ੍ਰਦਰਸ਼ਨ ਬਰੈਂਪਟਨ, ਵੈਨਕੂਵਰ, ਵਿਨੀਪੈਗ ਤੇ ਮੌਂਟਰੀਅਲ ਵਿਚ ਫੈਲਿਆ

ਟਰਾਂਟੋ-ਕੈਨੇਡਾ ਵਿੱਚ ਹਜ਼ਾਰਾਂ ਪੰਜਾਬੀਆਂ ਸਣੇ ਪਰਵਾਸੀ ਵਿਦਿਆਰਥੀਆਂ ਦੇ ਡਿਪੋਰਟ ਹੋਣ ਦਾ ਖਤਰਾ ਹੈ। ਕੈਨੇਡਾ ਸਰਕਾਰ ਦੀ ਨਵੀਂ ਨੀਤੀ ਨੇ ਤੜਥਲੀ ਮਚਾ ਦਿੱਤੀ ਹੈ। ਇਸ ਨੀਤੀ ਤਹਿਤ ਪਰਵਾਸੀ ਕਾਮਿਆਂ ਦੀ ਹੱਦ ਤੈਅ ਕੀਤੀ ਜਾ ਰਹੀ ਹੈ। ਇਸ ਨਾਲ ਵਿਦਿਆਰਥੀ ਨੂੰ ਤੈਅ ਸਮੇਂ ਮਗਰੋਂ ਕੈਨੇਡਾ ਛੱਡਣਾ ਪਵੇਗਾ। ਖਤਰੇ ਨੂੰ ਵੇਖਦਿਆਂ ਸੈਂਕੜੇ ਪੰਜਾਬੀ ਵਿਦਿਆਰਥੀ ਕੈਨੇਡਾ 'ਚ ਸੜਕਾਂ 'ਤੇ ਉਤਰ ਆਏ ਹਨ। ਵਿਦਿਆਰਥੀਆਂ ਨੂੰ ਡਰ ਹੈ ਕਿ ਇਸ ਫ਼ੈਸਲੇ ਕਾਰਨ ਉਨ੍ਹਾਂ ਨੂੰ ਡਿਪੋਰਟ ਕੀਤਾ ਸਕਦਾ ਹੈ। ਨਵੀਂ ਨੀਤੀ ਤਹਿਤ ਪੋਸਟ ਗਰੈਜੂਏਟ ਵਰਕ ਪਰਮਿਟ ਤੇ ਹੋਰ ਰੁਜ਼ਗਾਰ ਸਬੰਧੀ ਢੰਗ-ਤਰੀਕਿਆਂ ਲਈ ਯੋਗ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਸੀਮਤ ਕੀਤੀ ਜਾਵੇਗੀ।

ਮੀਡੀਆ ਰਿਪੋਰਟਾਂ ਮੁਤਾਬਕ ਇਸ ਨੀਤੀ ਕਾਰਨ ਪੰਜਾਬੀ ਵਿਦਿਆਰਥੀਆਂ ਵਿਚ ਰੋਹ ਪੈਦਾ ਹੋ ਗਿਆ ਹੈ। ਉਨ੍ਹਾਂ ਨੂੰ ਆਪਣਾ ਭਵਿੱਖ ਹਨੇਰੇ ਵਿਚ ਜਾਪ ਰਿਹਾ ਹੈ। ਟੋਰਾਂਟੋ ਤੋਂ ਸ਼ੁਰੂ ਹੋਇਆ ਵਿਰੋਧ ਪ੍ਰਦਰਸ਼ਨ ਬਰੈਂਪਟਨ, ਵੈਨਕੂਵਰ, ਵਿਨੀਪੈਗ ਤੇ ਮੌਂਟਰੀਅਲ ਜਿਹੇ ਸ਼ਹਿਰਾਂ 'ਵਿਚ ਫੈਲ ਗਿਆ ਹੈ। ਵਿਦਿਆਰਥੀ ਅਗਸਤ ਦੇ ਅਖੀਰ ਤੋਂ ਬਰੈਂਪਟਨ 'ਚ ਕੁਈਨ ਸਟਰੀਟ 'ਤੇ ਪੱਕੇ ਤੌਰ 'ਤੇ ਪ੍ਰਦਰਸ਼ਨ ਕਰ ਰਹੇ ਹਨ।



ਹੁਣ ਇਸ ਸੰਘਰਸ਼ ਨੂੰ ਚੰਗਾ ਹੁੰਗਾਰਾ ਮਿਲਣ ਲੱਗਾ ਹੈ। ਰੁਪਿੰਦਰ ਹਾਂਡਾ, ਤੇ ਗੁਰੂ ਰੰਧਾਵਾ ਸਣੇ ਕਈ ਪੰਜਾਬੀ ਗਾਇਕਾਂ ਨੇ ਹਮਾਇਤ ਦਿੰਦਿਆਂ ਧਰਨੇ ਵਿੱਚ ਸ਼ਿਰਕਤ ਕੀਤੀ ਹੈ। ਇਥੋਂ ਤੱਕ ਕਿ ਫਿਲਿਪੀਨੋ ਪਰਵਾਸੀ ਕਾਮਿਆਂ ਦੀ ਇੱਕ ਜਥੇਬੰਦੀ ਓਂਟਾਰੀਓ ਫੈਡਰੇਸ਼ਨ ਆਫ਼ ਵਰਕਰਸ ਐਂਡ ਮਾਈਗਰੈਂਟਸ ਤਹਿਤ 54 ਟ੍ਰੇਡ ਯੂਨੀਅਨਾਂ ਨੇ ਵੀ ਵਿਦਿਆਰਥੀਆਂ ਦੇ ਪ੍ਰਦਰਸ਼ਨ ਨੂੰ ਆਪਣੀ ਹਮਾਇਤ ਦਿੱਤੀ ਹੈ।

ਟੋਰਾਂਟੋ ਵਿਚ ਕੌਮਾਂਤਰੀ ਸਿੱਖ ਸਟੂਡੈਂਟਸ ਐਸੋਸੀਏਸ਼ਨ ਦੇ ਮੁਖੀ ਜਸਪ੍ਰੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਕੈਨੇਡਾ ਦੇ ਇਮੀਗਰੇਸ਼ਨ ਮੰਤਰੀ ਮਾਰਕ ਮਿਲਰ ਨਾਲ ਗੱਲਬਾਤ ਕੀਤੀ ਹੈ ਜਿਨ੍ਹਾਂ ਦੱਸਿਆ ਕਿ ਹੁਣ ਪੀਜੀਡਬਲਿਊਪੀ ਲਈ ਕੋਈ ਐਕਸਟੈਂਸ਼ਨ ਨਹੀਂ ਮਿਲੇਗੀ। ਪ੍ਰਦਰਸ਼ਨ ਵਿਚ ਸ਼ਾਮਲ ਨਰਸਿੰਗ ਦੀ ਵਿਦਿਆਰਥਣ ਜਸਪ੍ਰੀਤ ਕੌਰ ਨੇ ਕਿਹਾ ਕਿ ਉਹ ਕੈਨੇਡਾ ਸਿਰਫ਼ ਪੜ੍ਹਾਈ ਕਰਨ ਲਈ ਨਹੀਂ ਸਗੋਂ ਇਥੇ ਜ਼ਿੰਦਗੀ ਬਣਾਉਣ ਲਈ ਆਏ ਹਨ। ਵਿਦਿਆਰਥੀ ਆਗੂਆਂ ਨੇ ਦਾਅਵਾ ਕੀਤਾ ਕਿ ਪੀਜੀਡਬਲਿਊਪੀ ਲਈ ਐਕਸਟੈਂਸ਼ਨ ਨਾ ਮਿਲਣ ਕਾਰਨ ਕਰੀਬ 1.3 ਲੱਖ ਕੌਮਾਂਤਰੀ ਵਿਦਿਆਰਥੀ ਪ੍ਰਭਾਵਿਤ ਹੋਣਗੇ।

ਉਧਰ ਕੈਨੇਡਾ ਸਰਕਾਰ ਨੇ ਆਰਥਿਕ ਦਬਾਅ ਦਾ ਹਵਾਲਾ ਦਿੰਦਿਆਂ ਨੀਤੀ ਦਾ ਬਚਾਅ ਕੀਤਾ ਹੈ। ਇਮੀਗਰੇਸ਼ਨ ਵਿਭਾਗ ਦੇ ਬੁਲਾਰੇ ਨੇ ਕਿਹਾ ਕਿ ਇਹ ਹੱਦ ਯਕੀਨੀ ਬਣਾਉਣੀ ਜ਼ਰੂਰੀ ਹੈ ਤਾਂ ਜੋ ਕੈਨੇਡਾ ਦੀ ਪਰਵਾਸ ਪ੍ਰਣਾਲੀ ਟਿਕਾਊ ਬਣੀ ਰਹੇ।

### ਕੈਨੇਡੀਅਨ ਸਰਕਾਰ ਵਿਦੇਸ਼ੀ ਕਰਮਚਾਰੀਆਂ ਦੀ ਗਿਣਤੀ ਵੀ ਘਟਾਏਗੀ

ਕੈਨੇਡਾ ਦੀ ਜਸਟਿਨ ਟਰੂਡੋ ਸਰਕਾਰ 'ਤੇ ਇਨ੍ਹੀਂ ਦਿਨੀਂ ਅਸਥਾਈ ਨਿਵਾਸੀਆਂ ਦੀ ਗਿਣਤੀ ਘਟਾਉਣ ਲਈ ਬਹੁਤ ਦਬਾਅ ਹੈ। ਇਸ ਦਾ ਕਾਰਨ ਇਹ ਹੈ ਕਿ ਹਾਲ ਹੀ ਦੇ ਸਮੇਂ ਵਿੱਚ ਕੈਨੇਡਾ ਵਿੱਚ ਘਰਾਂ ਦੀਆਂ ਕੀਮਤਾਂ ਅਤੇ ਬੇਰੁਜ਼ਗਾਰੀ ਦੀ ਦਰ ਬਹੁਤ ਵੱਧ ਗਈ ਹੈ। ਕੈਨੇਡਾ ਵਿੱਚ ਅਗਲੇ ਸਾਲ ਚੋਣਾਂ ਹੋਣੀਆਂ ਹਨ ਅਤੇ ਟਰੂਡੋ ਸਰਕਾਰ ਵੱਖ-ਵੱਖ ਸਰਵੇਖਣਾਂ ਵਿੱਚ ਪਛੜ ਰਹੀ ਹੈ। ਇਹੀ ਕਾਰਨ ਹੈ ਕਿ ਸਰਕਾਰ ਨੇ ਇਮੀਗ੍ਰੇਸ਼ਨ ਨੀਤੀ ਵਿੱਚ ਬਦਲਾਅ ਕਰਕੇ ਅਸਥਾਈ ਨਿਵਾਸੀਆਂ ਦੀ ਗਿਣਤੀ ਘਟਾਉਣ ਦਾ ਉਪਰਾਲਾ ਕੀਤਾ ਹੈ। ਕੈਨੇਡੀਅਨ ਸਰਕਾਰ ਵੀ ਆਪਣੇ ਦੇਸ਼ ਵਿੱਚ ਵਿਦੇਸ਼ੀ ਕਾਮਿਆਂ ਦੀ ਗਿਣਤੀ ਘਟਾ ਰਹੀ ਹੈ।

ਰੁਜ਼ਗਾਰ ਅਤੇ ਸਮਾਜਿਕ ਵਿਕਾਸ ਕੈਨੇਡਾ (ਈ.ਐਸ.ਡੀਸੀ.) ਦੇ ਅੰਕੜਿਆਂ ਅਨੁਸਾਰ, 2023 ਵਿੱਚ 183,820 ਅਸਥਾਈ ਵਿਦੇਸ਼ੀ ਕਾਮਿਆਂ ਨੂੰ ਪਰਮਿਟ ਦਿੱਤੇ ਗਏ ਸਨ, ਜੋ ਕਿ 2019 ਦੇ ਮੁਕਾਬਲੇ 88 ਪ੍ਰਤੀਸ਼ਤ ਵੱਧ ਹੈ। ਨੀਤੀ ਵਿੱਚ ਬਦਲਾਅ ਤਹਿਤ ਕੈਨੇਡਾ ਹੁਣ ਉਨ੍ਹਾਂ ਖੇਤਰਾਂ ਵਿੱਚ ਵਿਦੇਸ਼ੀ ਕਾਮਿਆਂ ਨੂੰ ਪਰਮਿਟ ਨਹੀਂ ਦੇਵੇਗਾ ਜਿੱਥੇ ਬੇਰੁਜ਼ਗਾਰੀ ਦੀ ਦਰ 6 ਫੀਸਦੀ ਜਾਂ ਇਸ ਤੋਂ ਵੱਧ ਹੈ। ਹਾਲਾਂਕਿ, ਖੇਤੀ, ਫੂਡ ਪ੍ਰੋਸੈਸਿੰਗ, ਨਿਰਮਾਣ ਖੇਤਰ ਅਤੇ ਸਿਹਤ ਸੰਭਾਲ ਵਰਗੇ ਖੇਤਰਾਂ ਨੂੰ ਵਿਦੇਸ਼ੀ ਕਰਮਚਾਰੀਆਂ ਦੀ ਭਰਤੀ ਵਿੱਚ ਛੋਟ ਮਿਲੇਗੀ। ਕੈਨੇਡਾ ਸਰਕਾਰ ਨੇ ਤਿੰਨ ਸਾਲਾਂ ਦੌਰਾਨ ਆਰਜ਼ੀ ਨਿਵਾਸੀ ਆਬਾਦੀ ਨੂੰ ਕੈਨੇਡਾ ਦੀ ਕੁੱਲ ਆਬਾਦੀ ਦਾ 5% ਤੱਕ ਘਟਾਉਣ ਲਈ ਹੋਰ ਉਪਾਅ ਕਰਨ ਦਾ ਵੀ ਵਾਅਦਾ ਕੀਤਾ ਹੈ। ਇੰਟਰਨੈਸ਼ਨਲ ਸਿੱਖ ਸਟੂਡੈਂਟ ਆਰਗੇਨਾਈਜ਼ੇਸ਼ਨ ਨੇ ਨੀਤੀ ਬਦਲਾਅ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਮੌਜੂਦਾ ਰੁਜ਼ਗਾਰ ਅਤੇ ਰਿਹਾਇਸ਼ੀ ਮੁੱਦਿਆਂ ਦੀ ਜੜ੍ਹ ਅੰਤਰਰਾਸ਼ਟਰੀ ਵਿਦਿਆਰਥੀ ਪਰਵਾਸ ਦੀ ਬਜਾਏ ਵਿਆਪਕ ਨੀਤੀਗਤ ਅਸਫਲਤਾਵਾਂ ਵਿੱਚ ਹੈ।

## ਕੀ ਕਹਿੰਦੇ ਹਨ ਟਰੂਡੋ

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਭਾਰਤ ਸਰਕਾਰ ਨਾਲ ਕਥਿਤ ਤੌਰ ਉੱਤੇ ਜੁੜੀਆਂ ਹਿੰਸਕ ਅਪਰਾਧਿਕ ਗਤੀਵਿਧੀਆਂ 'ਤੇ ਚੱਲ ਰਹੀ ਜਾਂਚ ਬਾਰੇ ਕਿਹਾ ਹੈ ਕਿ ਕੈਨੇਡਾ ਕਾਨੂੰਨ ਦੇ ਸ਼ਾਸ਼ਨ ਵਾਲਾ ਦੇਸ਼ ਹੈ ਅਤੇ ਸਾਡੇ ਨਾਗਰਿਕਾਂ ਦੀ ਸੁਰੱਖਿਆ ਸਭ ਤੋਂ ਅਹਿਮ ਹੈ ਟਰੂਡੋ ਨੇ ਦਾਅਵਾ ਕੀਤਾ ਕਿ ਜਦੋਂ ਖੁਫ਼ੀਆ ਏਜੰਸੀਆਂ ਨੇ ਕੈਨੇਡਾ ਦੀ ਧਰਤੀ 'ਤੇ ਹਰਦੀਪ ਸਿੰਘ ਨਿੱਝਰ ਦੇ ਕਤਲ ਵਿਚ ਭਾਰਤ ਦੀ ਸੰਭਾਵੀ ਸ਼ਮੂਲੀਅਤ ਬਾਰੇ ਸ਼ੱਕ ਜ਼ਾਹਰ ਕੀਤਾ ਸੀ ਤਾਂ ਇਸ ਮੁੱਦੇ 'ਤੇ ਭਾਰਤ ਸਰਕਾਰ ਨਾਲ ਸਹਿਯੋਗ ਦੀ ਅਪੀਲ ਕੀਤੀ ਗਈ ਸੀ। ਪਰ ਭਾਰਤ ਸਰਕਾਰ ਨੇ ਸਹਿਯੋਗ ਨਹੀਂ ਦਿਤਾ। ਜਸਟਿਨ ਟਰੂਡੋ ਨੇ ਕਿਹਾ, "ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰਸੀਐੱਮਪੀ) ਵੱਲੋਂ ਪੇਸ਼ ਕੀਤੇ ਗਏ ਸਬੂਤਾਂ 'ਤੇ ਅਸੀਂ ਕੈਨੇਡੀਅਨਾਂ ਦੀ ਸੁਰੱਖਿਆ ਲਈ ਅੱਗਲੇ ਕਦਮ ਚੁੱਕ ਰਹੇ ਹਾਂ। ਆਰਸੀਐੱਮਪੀ ਕੋਲ ਸਪੱਸ਼ਟ ਅਤੇ ਠੋਸ ਸਬੂਤ ਹਨ ਕਿ ਭਾਰਤ ਸਰਕਾਰ ਦੇ ਏਜੰਟ ਜਨਤਕ ਸੁਰੱਖਿਆ ਲਈ ਅਹਿਮ ਖ਼ਤਰਾ ਪੈਦਾ ਕਰਨ ਵਾਲੀਆਂ ਗਤੀਵਿਧੀਆਂ ਵਿੱਚ ਸ਼ਾਮਲ ਰਹੇ ਹਨ ਅਤੇ ਉਹ ਲਗਾਤਾਰ ਇਸ ਦਾ ਹਿੱਸਾ ਬਣੇ ਹੋਏ ਹਨ। ਇਸ ਵਿੱਚ ਗੁਪਤ ਸੂਚਨਾ ਇਕੱਤਰ ਕਰਨ ਦੀਆਂ ਤਕਨੀਕਾਂ, ਦੱਖਣੀ ਏਸ਼ੀਆਈ ਕੈਨੇਡੀਅਨਾਂ ਨੂੰ ਨਿਸ਼ਾਨਾ ਬਣਾਉਣ ਵਾਲਾ ਧੱਕੜ ਰਵੱਈਆ ਅਤੇ ਕਤਲ ਸਣੇ ਇੱਕ ਦਰਜਨ ਤੋਂ ਵੱਧ ਧਮਕਾਉਣ ਅਤੇ ਹਿੰਸਕ ਗਤੀਵਿਧੀਆਂ ਦਾ ਹਿੱਸਾ ਹੋਣਾ ਸ਼ਾਮਲ ਹੈ। ਇਹ ਕਰਾਈਮ ਅਸਵੀਕਾਰਨਯੋਗ ਹੈ। ਟਰੂਡੋ ਨੇ ਕਿਹਾ ਕਿ ਆਰਸੀਐੱਮਪੀ ਦੇ ਦਾਅਵਿਆਂ ਨੂੰ ਝੁਠਲਾਇਆ ਨਹੀਂ ਜਾ ਸਕਦਾ।"

ਯਾਦ ਰਹੇ ਕਿ ਟਰੂਡੋ ਵਲੋਂ ਦੋਸ਼ ਲਗਾਏ ਜਾਣ 'ਤੇ ਇਕ ਭਾਰਤੀ ਦੂਤ ਨੂੰ ਕੈਨੇਡਾ ਵਿਚੋਂ ਕੱਢੇ ਜਾਣ ਤੋਂ ਬਾਅਦ 2023 ਦੇ ਅਕਤੂਬਰ ਮਹੀਨੇ ਵਿਚ ਦਿੱਲੀ ਤੋਂ ਕੈਨੇਡਾ ਦੇ 40 ਦੂਤਾਵਾਸ ਅਧਿਕਾਰੀਆਂ ਨੂੰ ਭਾਰਤ ਛੱਡ ਕੇ ਜਾਣਾ ਪਿਆ ਸੀ। ਇਸਦੇ ਨਾਲ਼ ਹੀ ਸਟਾਫ ਦੀ ਘਾਟ ਕਾਰਨ ਚੰਡੀਗੜ੍ਹ, ਮੁੰਬਈ ਤੇ ਬੈਂਗਲੁਰੂ ਵਿਖੇ ਕੈਨੇਡੀਅਨ ਕੌਂਸਲਖਾਨਿਆਂ ਦਾ ਕੰਮ ਠੱਪ ਹੋ ਗਿਆ ਸੀ।


## ਦੀਵਾਲੀ ਵਿਸ਼ੇਸ਼ ਅੰਕ ਦੀ ਤਿਆਰੀ

ਬੰਦੀਛੋੜ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਬੰਦੀਛੋੜ ਦਿਵਸ ਅਤੇ ਦੀਵਾਲੀ ਮੌਕੇ ਪੰਜਾਬ ਟਾਈਮਜ਼ ਵੱਲੋਂ 'ਦੀਵਾਲੀ' ਵਿਸ਼ੇਸ਼ ਅੰਕ (31 ਅਕਤੂਬਰ) ਨੂੰ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਸ ਅੰਕ ਵਿਚ ਪ੍ਰਸਿੱਧ ਲੇਖਕਾਂ ਦੀਆਂ ਰਚਨਾਵਾਂ, ਲੇਖ, ਕਹਾਣੀਆਂ, ਕਵਿਤਾਵਾਂ ਆਦਿ ਛਾਪੀਆਂ ਜਾ ਰਹੀਆਂ ਹਨ। ਇਸ ਅੰਕ ਵਿਚ ਕਾਫ਼ੀ ਰੰਗਦਾਰ ਸਫ਼ੇ ਹੋਣਗੇ। ਪਹਿਲਾਂ ਆਉਣ ਵਾਲੇ ਇਸ਼ਤਿਹਾਰਾਂ ਨੂੰ ਪਹਿਲ ਦਿੱਤੀ ਜਾਵੇਗੀ। ਪਾਠਕ ਅਤੇ ਪੇਪਰ ਵਿਕਰੇਤਾ ਆਪਣੀਆਂ ਵਾਧੂ ਕਾਪੀਆਂ ਹੁਣੇ ਬੁੱਕ ਕਰਵਾ ਲੈਣ। ਵਿਸ਼ੇਸ਼ ਅੰਕ ਆਮ ਨਾਲੋਂ ਵੱਧ ਗਿਣਤੀ ਵਿੱਚ ਛਾਪਿਆ ਜਾਂਦਾ ਹੈ। ਤੁਹਾਡੇ ਲਈ ਇਹ ਵਧੀਆ ਮੌਕਾ ਹੈ, ਪੇਪਰ ਦੇ ਨਾਲ ਇੰਟਰਨੈਟ 'ਤੇ ਵੀ ਛਪੇਗਾ। ਇਸ ਅੰਕ ਵਿੱਚ ਬਹੁਤ ਸਾਰੇ ਗੁਰੂ ਘਰਾਂ ਦੇ ਪ੍ਰੋਗਰਾਮ ਵੀ ਛਾਪੇ ਜਾਂਦੇ ਹਨ। ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:

**Office: 01332-372 851/ WhatsApp Number 07966 388 388**
**Email:panjabtimes@aol.com / www.panjabtimes.uk**


## ਸਰਕਾਰ ਸ੍ਰੀ ਆਨੰਦਪੁਰ ਸਾਹਿਬ ਵਿਚ ਨਸ਼ੇ ਰੋਕੇ

### ✪ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਵਲੋਂ ਸਰਕਾਰ ਨੂੰ ਅਪੀਲ ✪ ਕਿਹਾ ਕਿ ਸਰਕਾਰ ਆਨੰਦਪੁਰ ਸਾਹਿਬ ਵਿਚ ਨਸ਼ੇ ਰੋਕੇ, ਪਾਰਕਿੰਗ ਗਰਾਊਂਡ ਨਸ਼ਿਆਂ ਦੇ ਕੇਂਦਰ ✪ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਵਲੋਂ ਸਰਕਾਰ ਨੂੰ ਅਪੀਲ



ਸ੍ਰੀ ਆਨੰਦਪੁਰ ਸਾਹਿਬ-ਸ੍ਰੀ ਆਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਵਿਕ ਰਹੇ ਨਸ਼ੇ ਦਾ ਮੁੱਦਾ ਚੁੱਕਦਿਆਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੇ ਇਸ ਸਬੰਧ ਵਿੱਚ ਸਰਕਾਰ ਤੋਂ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਗਿਆਨੀ ਸੁਲਤਾਨ ਸਿੰਘ ਨੇ ਕਿਹਾ ਕਿ ਇਸ ਪਵਿੱਤਰ ਧਰਤੀ 'ਤੇ ਬੀੜੀਆਂ, ਸਿਗਰਟਾਂ, ਜਰਦਾ, ਚੈਨੀ-ਖੈਨੀ ਅਤੇ ਗੁਟਖਾ ਆਦਿ ਵਸਤਾਂ ਦਾ ਨਸ਼ਾ ਆਮ ਹੋ ਗਿਆ ਹੈ, ਜੋ ਕਿ ਪ੍ਰਸ਼ਾਸਨ ਦੀ ਕਾਰਗੁਜ਼ਾਰੀ 'ਤੇ ਇੱਕ ਵੱਡਾ ਸਵਾਲ ਹੈ ਅਤੇ ਵੱਡੀ ਚਿੰਤਾ ਦਾ ਵਿਸ਼ਾ ਬਣ ਗਿਆ ਹੈ।

ਜਥੇਦਾਰ ਸੁਲਤਾਨ ਸਿੰਘ ਨੇ ਕਿਹਾ ਕਿ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਹਮਣੇ ਮੁੱਖ ਮਾਰਗ 'ਤੇ ਬਣੀਆਂ ਦੁਕਾਨਾਂ ਉੱਤੇ ਇਹ ਨਸ਼ੇ ਵੇਚੇ ਵੀ ਜਾਂਦੇ ਹਨ ਅਤੇ ਇਨ੍ਹਾਂ ਦਾ ਸੇਵਨ ਵੀ ਕੀਤਾ ਜਾਂਦਾ ਹੈ ਪਰ ਪ੍ਰਸ਼ਾਸਨ ਇਸ ਪਾਸੇ ਕੋਈ ਧਿਆਨ ਨਹੀਂ ਦੇ ਰਿਹਾ। ਉਨ੍ਹਾਂ ਕਿਹਾ ਕਿ ਪਾਰਕਿੰਗ ਗਰਾਊਂਡ ਦੇ ਬਿਲਕੁਲ ਨਾਲ ਮੁੱਖ ਮਾਰਗ 'ਤੇ ਬਹੁਤ ਸਾਰੇ ਨੌਜਵਾਨ, ਜੋ ਜ਼ਿਆਦਾਤਰ ਪਰਵਾਸੀ ਨਜ਼ਰ ਆਉਂਦੇ ਹਨ, ਸੜਕ 'ਤੇ ਬੀੜੀਆਂ-ਸਿਗਰਟਾਂ ਦਾ ਧੂੰਆਂ ਉਡਾ ਰਹੇ ਹੁੰਦੇ ਹਨ। ਜਥੇਦਾਰ ਨੇ ਕਿਹਾ ਕਿ ਧਾਰਮਿਕ ਸਥਾਨ ਨੇੜੇ ਮੁੱਖ ਮਾਰਗ 'ਤੇ ਅਜਿਹਾ ਸਭ ਕੁਝ ਹੋਣ ਕਾਰਨ ਦੂਰੋਂ ਆਉਂਦੀ ਸੰਗਤ 'ਤੇ ਮਾੜਾ ਪ੍ਰਭਾਵ ਪੈਂਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਤੇ ਪ੍ਰਸ਼ਾਸਨ ਨੂੰ ਇਸ ਸ਼ਹਿਰ ਦੀ ਪਵਿੱਤਰਤਾ ਦੇ ਮੱਦੇਨਜ਼ਰ ਨਸ਼ਾ ਵੇਚਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ।

# ਵਿਰਸਾ ਸਿੰਘ ਵਲਟੋਹਾ ਅਤੇ ਬਾਦਲ ਅਕਾਲੀ ਦਲ ਦਾ ਮਾਮਲਾ ਭਖਿਆ

## ✪ ਅਖੇ ਸਿੰਘ ਸਾਹਿਬਾਨ ਦੇ ਭਾਜਪਾ ਨਾਲ ਸਬੰਧ ਬਾਰੇ ਸਬੂਤ ਰਿਲੀਜ਼ ਕਰਾਂਗਾ

**ਬਲਵਿੰਦਰ ਪਾਲ ਸਿੰਘ ਪ੍ਰੋਫੈਸਰ**



ਗੁਰਬਾਣੀ ਦਾ ਫੁਰਮਾਨ ਹੈ ਕਿ ਮੂਰਖ ਵਿਅਕਤੀ ਚੌਧਰ ਦੇ ਹੰਕਾਰ ਵਿਚ ਕਿਸੇ ਨੂੰ ਯੋਗ ਨਹੀਂ ਸਮਝਦਾ। ਝਗੜਾ ਪਾਉਣਾ ਉਸਦਾ ਮਨੋਰਥ ਹੈ। ਪਰ ਆਖਿਰ ਉਸਨੂੰ ਪ੍ਰਾਪਤੀ ਨਹੀਂ ਹੁੰਦੀ। ਝੋਲੀ ਵਿਚ ਹਾਰ ਪੈਂਦੀ ਹੈ। ਗੁਰੂ ਸਾਹਿਬ ਦਾ ਇਹ ਕਥਨ ਵਿਰਸਾ ਸਿੰਘ ਵਲਟੋਹਾ ਉਪਰ ਪੂਰਾ ਢੁਕਦਾ ਹੈ। ਅਸਲ ਵਿਚ ਕਿਸੇ ਨੂੰ ਸ਼ਕ ਹੋਵੇ ਕਿ ਸਿੰਘ ਸਾਹਿਬਾਨ ਉਪਰ ਸੰਘ ਪਰਿਵਾਰ ਤੇ ਭਾਜਪਾ ਨਾਲ ਮਿਲੇ ਹੋਣ ਦਾ ਦੋਸ਼ ਲਗਾਉਣ ਵਾਲਾ ਇਕਲਾ ਵਿਰਸਾ ਸਿੰਘ ਵਲਟੋਹਾ ਹੈ ਤਾਂ ਤੁਸੀਂ ਗਲਤ ਸੋਚਦੇ ਹੋ। ਬਾਦਲ ਪਰਿਵਾਰ ਤੇ ਉਸ ਦੀ ਟੀਮ ਵਲਟੋਹਾ ਦੀ ਇਸ ਨੀਤੀ ਪਿਛੇ ਹੈ ਕਿ ਸਿੰਘ ਸਾਹਿਬਾਨ ਉਪਰ ਘਟੀਆ ਦੋਸ਼ ਲਗਾਕੇ ਸਿੰਘ ਸਾਹਿਬਾਨ ਨੂੰ ਬਦਲ ਦਿਤਾ ਜਾਵੇ, ਉਨ੍ਹਾਂ ਦੀ ਥਾਂ ਆਪਣੇ ਗੁਲਾਮ ਜਥੇਦਾਰ ਸਥਾਪਤ ਕੀਤੇ ਜਾਣ। ਇਸੇ ਕਾਰਣ ਬਾਦਲ ਦਲ ਵਲੋਂ ਵਲਟੋਹੇ ਦੇ ਬਿਆਨ ਦਾ ਵਿਰੋਧ ਨਹੀਂ ਹੋਇਆ।





ਸਿੰਘ ਸਾਹਿਬ ਗਿਆਨੀ ਹਰਪੀਤ ਸਿੰਘ ਜਥੇਦਾਰ ਦਮਦਮਾ ਸਾਹਿਬ ਬਾਦਲਕਿਆਂ ਦੀਆਂ ਅੱਖਾਂ ਵਿਚ ਰੜਕ ਰਹੇ ਹਨ। ਪਹਿਲਾਂ ਬਾਦਲਕਿਆਂ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਅਕਾਲ ਤਖਤ ਦੀ ਜਥੇਦਾਰੀ ਤੋਂ ਬਦਲਕੇ ਦਮਦਮਾ ਸਾਹਿਬ ਤਬਦੀਲ ਕਰ ਦਿਤਾ ਸੀ। ਹੁਣ ਸਿੰਘ ਸਾਹਿਬ ਨੂੰ ਲਾਹੁਣ ਦੀਆਂ ਤਿਆਰੀਆਂ ਚਲ ਰਹੀਆਂ ਸਨ। ਇਸੇ ਤਹਿਤ ਵਿਰਸਾ ਸਿੰਘ ਵਲਟੋਹਾ ਨੇ ਗਿਆਨੀ ਹਰਪ੍ਰੀਤ ਸਿੰਘ ਤੇ ਹੋਰ ਸਿੰਘ ਸਾਹਿਬਾਨ ਉਪਰ ਦੋਸ਼ ਲਗਾਏ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦਾ ਕੈਰੀਅਰ ਭਾਜਪਾ ਦੀਆਂ ਹਦਾਇਤਾਂ ਉਪਰ ਤਬਾਹ ਕਰਨਾ ਚਾਹੁੰਦੇ ਹਨ। ਇਸੇ ਕਰਕੇ ਉਹ ਜਲਦੀ ਫੈਸਲਾ ਨਹੀਂ ਕਰ ਰਹੇ। ਸੁਖਬੀਰ ਬਾਦਲ ਨੂੰ ਸਿਰਫ ਧਾਰਮਿਕ ਤਨਖਾਹ ਲਗਣੀ ਚਾਹੀਦੀ ਹੈ।

ਸੁਆਲ ਇਹ ਹੈ ਕਿ ਕੀ ਸਿੰਘ ਸਾਹਿਬਾਨ ਬਾਦਲਕਿਆਂ ਦੇ ਆਦੇਸ਼ ਮੁਤਾਬਕ ਰਹਿਤ ਮਰਿਯਾਦਾ ਘੜ ਸਕਦੇ ਹਨ। ਸੁਖਬੀਰ ਸਿੰਘ ਬਾਦਲ ਦਾ ਕਸੂਰ ਸਿਆਸੀ ਹੈ, ਕਿਉਂਕਿ ਉਹ ਆਪਣੇ ਰਾਜ ਦੌਰਾਨ ਬੇਅਦਬੀ ਦੇ ਦੋਸ਼ੀ ਹਨ ਤੇ ਆਪਣੀ ਸਤਾ ਦੌਰਾਨ ਸੰਗਤਾਂ ਉਪਰ ਸਿਰਫ ਗੋਲੀ ਚਲਵਾਉਣ ਦੇ ਦੋਸ਼ੀ ਹੀ ਨਹੀਂ, ਸਗੋਂ ਪੰਥਕ ਜਮਾਤ ਅਕਾਲੀ ਦਲ ਨੂੰ ਖਤਮ ਕਰਨ ਦੇ ਵੀ ਦੋਸ਼ੀ ਹਨ।

ਜਦੋਂ ਸਿੰਘ ਸਾਹਿਬਾਨ ਨੇ ਵਲਟੋਹੇ ਨੂੰ ਤਲਬ ਕੀਤਾ ਤਾਂ ਉਹ ਸਿੰਘ ਸਾਹਿਬਾਨ ਉਪਰ ਦੋਸ਼ ਸਿਧ ਨਾ ਕਰ ਸਕਿਆ। ਸਿੰਘ ਸਾਹਿਬਾਨ ਨੇ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੂੰ ਹੁਕਮ ਦਿੱਤਾ ਕਿ ਵਿਰਸਾ ਸਿੰਘ ਵਲਟੋਹਾ ਨੂੰ ਅਕਾਲੀ ਦਲ ਵਿਚੋਂ 10 ਸਾਲ ਲਈ ਬਾਹਰ ਕੱਢਿਆ ਜਾਵੇ। ਇਹ ਵੀ ਕਿਹਾ ਕਿ ਜੇ ਫਿਰ ਵੀ ਇਹ ਆਗੂ ਬਾਜ਼ ਨਾ ਆਇਆ ਤਾਂ ਇਸ ਖ਼ਿਲਾਫ਼ ਹੋਰ ਸਖ਼ਤ ਕਾਰਵਾਈ ਕੀਤੀ ਜਾਵੇਗੀ। ਸਿੰਘ ਸਾਹਿਬਾਨ ਨੇ ਸੁਖਬੀਰ ਸਿੰਘ ਬਾਦਲ ਤੇ ਅਕਾਲੀ ਦਲ ਮਾਮਲੇ ਬਾਰੇ ਵੀ ਇੰਕਸ਼ਾਫ ਕੀਤਾ ਕਿ ਇਸ ਮਾਮਲੇ ਸੰਬੰਧੀ ਜਲਦੀ ਹੀ ਪੰਥਕ ਵਿਦਵਾਨਾਂ ਤੇ ਸਿੱਖ ਜਥੇਬੰਦੀਆਂ ਤੇ ਸੰਪਰਦਾਵਾਂ ਦੀਆਂ ਇਕੱਤਰਤਾਵਾਂ ਬੁਲਾ ਕੇ ਰਾਇ ਲਈ ਜਾਵੇਗੀ।

ਇਸ ਤੋਂ ਪਹਿਲਾਂ ਜਥੇਦਾਰ ਸ੍ਰੀ ਅਕਾਲ ਤਖ਼ਤ ਦੇ ਆਦੇਸ਼ 'ਤੇ ਸ. ਵਲਟੋਹਾ ਬੀਤੇ ਦਿਨੀਂ ਸਵੇਰੇ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋ ਕੇ ਆਪਣਾ ਲਿਖਤੀ ਤੇ ਜ਼ੁਬਾਨੀ ਸਪੱਸ਼ਟੀਕਰਨ ਦੇ ਕੇ ਚਲੇ ਗਏ ਸਨ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਵਲਟੋਹਾ 'ਤੇ ਸਾਬਤ ਹੋਏ ਦੋਸ਼ਾਂ ਵਿਚ ਸੁਖਬੀਰ ਸਿੰਘ ਬਾਦਲ ਦੇ ਮਾਮਲਿਆਂ 'ਤੇ ਸਖ਼ਤ ਫ਼ੈਸਲਾ ਕਰਨ ਲਈ ਭਾਜਪਾ/

ਬਾਕੀ ਹਿੱਸਾ ਪੰਨਾ 47 'ਤੇ

## ਵਲਟੋਹਾ ਨੇ ਅਕਾਲੀ ਦਲ ਛੱਡਣ ਬਾਅਦ ਜਥੇਦਾਰਾਂ ਖ਼ਿਲਾਫ਼ ਮੁੜ ਕੱਢੀ ਭੜਾਸ



ਸ੍ਰੀ ਅਕਾਲ ਤਖਤ ਵੱਲੋਂ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਵਿਰਸਾ ਸਿੰਘ ਵਲਟੋਹਾ ਨੇ ਆਪ ਹੀ ਅਕਾਲੀ ਦਲ ਤੋਂ ਅਸਤੀਫ਼ਾ ਦੇ ਦਿੱਤਾ ਹੈ ਪਰ ਇਸ ਦੌਰਾਨ ਉਨ੍ਹਾਂ ਨੇ ਇੱਕ ਵਾਰ ਮੁੜ ਤੋਂ ਤਲਖ਼ ਤੇਵਰ ਵਿਖਾਉਂਦੇ ਹੋਏ ਨਾ ਸਿਰਫ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਖਿਲਾਫ ਖੁੱਲ੍ਹ ਕੇ ਬਿਆਨਬਾਜ਼ੀ ਕੀਤੀ ਬਲਕਿ ਆਪਣੀ ਪੇਸ਼ੀ ਦੌਰਾਨ ਹੋਈ ਸੁਣਵਾਈ ਦੀ ਪੂਰੀ ਵੀਡੀਓਗਰਾਫੀ ਵੀ ਜਨਤਕ ਕਰਨ ਦੀ ਚੁਣੌਤੀ ਦਿੱਤੀ ਹੈ।

ਵਿਰਸਾ ਸਿੰਘ ਵਲਟੋਹਾ ਨੇ ਆਪਣੇ ਸੋਸ਼ਲ ਮੀਡੀਆ 'ਤੇ ਵੀਡੀਓ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ ਸ਼੍ਰੀ ਅਕਾਲ ਤਖਤ ਸਾਹਿਬ 'ਤੇ ਸਿੰਘ ਸਾਹਿਬਾਨ ਸਾਹਮਣੇ ਹੋਈ ਮੇਰੀ ਪੇਸ਼ੀ ਤੋਂ ਬਾਦ ਮੇਰੇ ਬਾਰੇ ਜੋ ਆਦੇਸ਼ ਜਾਰੀ ਕੀਤਾ ਗਿਆ ਹੈ ਉਸ ਨੂੰ ਸਿਰ ਝੁਕਾਕੇ ਪ੍ਰਵਾਨ ਕਰਦਾ ਹਾਂ। ਇਸ ਆਦੇਸ਼ ਨੂੰ ਲਾਗੂ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਕਿਸੇ ਵੀ ਸੰਕਟ ਵਿਚ ਪਾਏ ਬਿਨਾਂ ਮੈਂ ਖੁਦ ਹੀ ਅਕਾਲੀ ਦਲ ਦੀ ਮੁੱਢਲੀ ਮੈਂਬਰਸ਼ਿਪ ਨੂੰ ਛੱਡਦਾ ਹਾਂ। ਮੈਨੂੰ ਪਤਾ ਹੈ ਕਿ ਅਕਾਲੀ ਦਲ ਦੀ ਲੀਡਰਸ਼ਿਪ ਮੈਨੂੰ ਬਹੁਤ ਪਿਆਰ ਕਰਦੀ ਹੈ ਤੇ ਉਹ ਮੈਨੂੰ ਹਮੇਸ਼ਾਂ ਹੀ ਪੰਥਕ ਸੋਚ ਵਾਲੇ ਟਕਸਾਲੀ ਅਕਾਲੀ ਦਾ ਦਰਜਾ ਦੇਂਦੀ ਹੈ।

ਉਨ੍ਹਾਂ ਕਿਹਾ ਕਿ ਮੈਨੂੰ ਸਿੰਘ ਸਾਹਿਬਾਨ ਦਾ ਆਦੇਸ਼ ਇੱਕ ਨਿਮਾਣੇ ਸਿੱਖ ਦੇ ਤੌਰ 'ਤੇ ਰੂਹ ਤੋਂ ਪ੍ਰਵਾਨ ਹੈ। ਸ਼੍ਰੀ ਅਕਾਲ ਤਖਤ ਸਾਹਿਬ ਤੋਂ ਹਮੇਸ਼ਾ ਸੰਗਤ ਨੂੰ ਅਕਾਲੀ ਦਲ ਦੇ ਨਾਲ ਜੋੜਿਆ ਹੀ ਜਾਂਦਾ ਰਿਹਾ ਹੈ। ਮੇਰੀ ਜ਼ਿੰਦਗੀ ਵਿੱਚ ਇੱਕ ਅਕਾਲੀ ਨੂੰ ਅਕਾਲੀ ਦਲ ਨਾਲੋਂ ਤੋੜਨ ਲਈ ਸ਼ਾਇਦ ਸਿੱਖ ਰਾਜਨੀਤੀ ਵਿੱਚ ਇਹ ਪਹਿਲਾ ਬਹੁਤ ਹੀ ਹੈਰਾਨ ਕਰ ਦੇਣ ਵਾਲਾ ਆਦੇਸ਼ ਆਇਆ ਹੈ। ਅੱਜ ਅਕਾਲੀ ਵਿਰੋਧੀ ਸ਼ਕਤੀਆਂ ਜਰੂਰ ਖੁਸ਼ ਹੋਣਗੀਆਂ। ਹਾਂ ਗਿਆਨੀ ਹਰਪ੍ਰੀਤ ਹੋਰਾਂ ਨੇ ਅਜਿਹਾ ਆਦੇਸ਼ ਕਰਵਾਕੇ ਅਕਾਲੀ ਸਫਾਂ ਵਿੱਚ ਦਹਿਸ਼ਤ ਪੈਦਾ ਕਰਨ ਦੀ ਜਰੂਰ ਕੋਸ਼ਿਸ਼ ਕੀਤੀ ਹੈ ਪਰ ਤਖ਼ਤਾਂ ਤੋਂ ਸਿੱਖਾਂ ਵਿੱਚ ਦਹਿਸ਼ਤ ਪੈਦਾ ਕਰਨ ਲਈ ਕਦਮ ਨਹੀਂ ਚੁੱਕੇ ਜਾਂਦੇ ਸਗੋਂ ਸਿੱਖੀ ਨਾਲ ਜੋੜਣ ਤੇ ਅਕਾਲੀ ਸੋਚ ਨਾਲ ਜੋੜਨ ਦੇ ਯਤਨ ਕੀਤੇ ਜਾਂਦੇ ਰਹੇ ਹਨ। ਉਨ੍ਹਾਂ ਸਫ਼ਾਈ ਦਿੰਦਿਆਂ ਕਿਹਾ ਕਿ ਮੈਂ ਤਾਂ ਅੱਜ ਆਪਣਾ ਪੱਖ ਨਿਮਰਤਾ ਨਾਲ ਸਿੰਘ ਸਾਹਿਬਾਨ ਅੱਗੇ ਰੱਖਿਆ ਸੀ ਜਿਸਦੀ ਸਾਰੀ ਵੀਡੀਓਗ੍ਰਾਫੀ ਕੀਤੀ ਗਈ ਸੀ। ਮੈਨੂੰ ਸਿੰਘ ਸਾਹਿਬਾਨ ਨੇ ਪੇਸ਼ੀ ਦੀ ਮੀਟਿੰਗ ਸ਼ੁਰੂ ਹੋਣ ਵੇਲੇ ਕਿਹਾ ਸੀ ਕਿ ਤੁਹਾਡੀ ਸਾਰੀ ਸੁਣਵਾਈ ਦੀ ਵੀਡੀਓਗ੍ਰਾਫੀ ਕੀਤੀ ਜਾ ਰਹੀ ਹੈ ਜੋ ਬਾਅਦ ਵਿੱਚ ਮੀਡੀਆ ਨੂੰ ਜਾਰੀ ਕੀਤੀ ਜਾਵੇਗੀ। ਮੇਰੀ ਜਥੇਦਾਰ ਗਿਆਨੀ ਰਘਬੀਰ ਸਿੰਘ ਜੀ ਨੂੰ ਬੇਨਤੀ ਹੈ ਕਿ ਉਹ ਵੀਡੀਓਗ੍ਰਾਫੀ ਦੀ ਵੀਡੀਓ ਮੀਡੀਆ ਨੂੰ ਜਨਤਕ ਕਰ ਦੀ ਕਿਰਪਾਲਤਾ ਕਰਨ। ਉਨ੍ਹਾਂ ਕਿਹਾ ਕਿ ਜੇ ਕਿਸੇ ਕਾਰਨ ਸ਼੍ਰੀ ਅਕਾਲ ਤਖਤ ਸਾਹਿਬ ਸਕੱਤਰੇਤ ਵੱਲੋਂ ਮੇਰੀ ਸਪੱਸ਼ਟੀਕਰਨ ਵਾਲੀ ਪੱਤ੍ਰਿਕਾ ਤੇ ਸਬੂਤਾਂ ਵਾਲੀ ਪੈੱਨ ਡਰਾਈਵ ਨਹੀਂ ਜਾਰੀ ਹੁੰਦੀ ਤਾਂ ਮੈਂ ਇਸ ਨੂੰ ਇਹ ਸਭ ਕੁੱਝ ਆਪ ਜਨਤਕ ਕਰ ਦਿਆਂਗਾ।

## ਜਥੇਦਾਰ ਬਲਬੀਰ ਸਿੰਘ ਬੱਬਰ ਦੀ ਸਿੰਘਣੀ ਬੀਬੀ ਗੁਰਬਖਸ਼ ਕੌਰ ਅਕਾਲ ਚਲਾਣਾ ਕਰ ਗਏ

ਵਾਲਸਾਲ (ਪੰਜਾਬ ਟਾਈਮਜ਼) – ਯੂ ਕੇ ਪੰਥਕ ਆਗੂ ਅਤੇ ਬੱਬਰ ਖਾਲਸਾ ਯੂ ਕੇ ਜਥੇਬੰਦੀ ਦੇ ਲੰਮਾ ਸਮਾਂ ਮੁਖੀ ਜਥੇਦਾਰ ਰਹੇ ਭਾਈ ਬਲਬੀਰ ਸਿੰਘ ਬੱਬਰ ਦੀ ਧਰਮ ਪਤਨੀ ਬੀਬੀ ਗੁਰਬਖਸ਼ ਕੌਰ ਜੀ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ। ਉਹ 74 ਸਾਲਾਂ ਦੇ ਸਨ । ਜਥੇਦਾਰ ਬਲਬੀਰ ਸਿੰਘ ਇੱਕ ਅਜਿਹੇ ਪੰਥਕ ਆਗੂ ਹਨ, ਜਿਨ੍ਹਾਂ ਨੇ ਪੰਥਕ ਸਫਾਂ ਵਿੱਚ ਵਿਚਰਦਿਆਂ ਮੌਜੂਦਾ ਸਿੱਖ ਸੰਘਰਸ਼ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ। ਇਸ ਵਿੱਚ ਉਹਨਾਂ ਦੀ ਧਰਮ ਪਤਨੀ ਬੀਬੀ ਗੁਰਬਖਸ਼ ਕੌਰ ਵੱਲੋਂ ਵੀ ਉਹਨਾਂ ਨੂੰ ਘਰ ਵੱਲੋਂ ਪੂਰਾ ਸਹਿਯੋਗ ਦਿੱਤਾ ਜਾਂਦਾ ਰਿਹਾ ਹੈ । ਬੀਬੀ ਜੀ ਨੂਰਮਹਿਲ ਨੇੜੇ ਪਿੰਡ ਗੁੰਮਟਾਲਾ ਦੇ ਜੰਮਪਲ ਸਨ, ਤੇ ਉਹ ਸੱਠਵਿਆਂ ਦੇ ਸ਼ੁਰੂ ਵਿੱਚ ਇੰਗਲੈਂਡ ਆ ਗਏ ਸਨ। ਭਾਈ ਬਲਬੀਰ ਸਿੰਘ ਜਦੋਂ 1967 ਵਿੱਚ ਇਥੇ ਯੂ ਕੇ ਆਏ ਤਾਂ ਉਹਨਾਂ ਨਾਲ ਬੀਬੀ ਜੀ ਦਾ ਅਨੰਦ ਕਾਰਜ ਹੋਇਆ। ਬੀਬੀ ਜੀ ਬੜੀ ਸੇਵਾ ਭਾਵਨਾ ਵਾਲੇ ਸਨ, ਆਏ ਗਏ ਗੁਰਸਿੱਖਾਂ ਦੀ ਬਹੁਤ ਸੇਵਾ ਕਰਦੇ।

ਜਦੋਂ ਜਥੇਦਾਰ ਪਾਕਿਸਤਾਨ ਵਿੱਚ ਕਾਰ ਸੇਵਾ ਕਮੇਟੀ ਦੁਆਰਾ ਇਤਿਹਾਸਕ ਗੁਰ ਅਸਥਾਨਾਂ ਦੀ ਸੇਵਾ ਕਰਵਾ ਰਹੇ ਸਨ, ਤਦ ਬੀਬੀ ਜੀ ਇਥੇ ਯੂ ਕੇ ਵਿੱਚ ਇਕੱਲੇ ਆਪਣਾ ਘਰ ਪਰਿਵਾਰ ਦੇਖਦੇ ਰਹੇ । ਉਹ ਆਪਣੇ ਪਿੱਛੇ ਦੋ ਪੁੱਤਰ ਅਤੇ ਉਹਨਾਂ ਦੇ ਹੱਸਦੇ ਵੱਸਦੇ ਪਰਿਵਾਰ ਪਿੱਛੇ ਛੱਡ ਗਏ ਹਨ। ਬੀਬੀ ਜੀ ਦੀ ਮ੍ਰਿਤਕ ਦੇਹ ਦਾ ਅੰਤਿਮ ਸੰਸਕਾਰ ਅਗਲੇ ਬੁੱਧਵਾਰ 23 ਅਕਤੂਬਰ ਨੂੰ ਕੀਤਾ



ਬੀਬੀ ਗੁਰਬਖਸ਼ ਕੌਰ ਜੀ

ਜਾਵੇਗਾ।

ਯੂ ਕੇ ਦੇ ਪੰਥਕ ਆਗੂਆਂ ਵੱਲੋਂ ਜਥੇਦਾਰ ਬਲਬੀਰ ਸਿੰਘ ਅਤੇ ਉਹਨਾਂ ਦੇ ਪਰਿਵਾਰ ਨਾਲ ਇਸ ਦੁੱਖ ਦੀ ਘੜੀ ਵਿੱਚ ਹਮਦਰਦੀ ਪ੍ਰਗਟ ਕੀਤੀ ਗਈ ਹੈ। ਇਸ ਮੌਕੇ ਸ: ਰਾਜਿੰਦਰ ਸਿੰਘ ਪੁਰੇਵਾਲ, ਭਾਈ ਰਘਬੀਰ ਸਿੰਘ, ਪ੍ਰੋ: ਦਲਜੀਤ ਸਿੰਘ ਵਿਰਕ, ਭਾਈ ਅਵਤਾਰ ਸਿੰਘ ਸੰਘੇੜਾ, ਭਾਈ ਜੋਗਾ ਸਿੰਘ, ਜਥੇਦਾਰ ਗੁਰਮੇਜ ਸਿੰਘ ਗਿੱਲ, ਭਾਈ ਸੁਬੇਗ ਸਿੰਘ ਹੋਲੈਂਡ, ਭਾਈ ਮਨਪ੍ਰੀਤ ਸਿੰਘ, ਹਰਜਿੰਦਰ ਸਿੰਘ ਮੰਡੇਰ ਅਤੇ ਹੋਰ ਬਹੁਤ ਸਾਰਿਆਂ ਵੱਲੋਂ ਜਥੇਦਾਰ ਹੁਣਾਂ ਨਾਲ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਗੁਰੂ ਚਰਨਾਂ ਵਿੱਚ ਉਹਨਾਂ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕਰਦੇ ਹਾਂ।

# ਹਾਈਕੋਰਟ ਦਾ ਲਾਰੈਂਸ ਬਾਰੇ ਸਖਤ ਰੁੱਖ

## ✪ ਕਿਹਾ ਕਿ ਲਾਰੈਂਸ ਨੂੰ ਸਟੇਟ ਗੈਸਟ ਵਰਗਾ ਸਨਮਾਨ ਦੇਣ ਵਾਲੇ ਅਧਿਕਾਰੀਆਂ 'ਤੇ ਹੋਵੇ ਕਾਰਵਾਈ ✪ ਪੰਜਾਬ ਸਰਕਾਰ ਨੂੰ ਹਾਈ ਕੋਰਟ ਦੇ ਸਖਤ ਹੁਕਮ

ਚੰਡੀਗੜ੍ਹ-ਲਾਰੈਂਸ ਦੇ ਪੁਲਿਸ ਹਿਰਾਸਤ 'ਚ ਖਰੜ ਸੀਆਈਏ ਦਫ਼ਤਰ 'ਚ ਹੋਈ ਇੰਟਰਵਿਊ ਦੇ ਮਾਮਲੇ 'ਚ ਐੱਸਆਈਟੀ ਨੇ ਜਾਂਚ ਪੂਰੀ ਕਰ ਹਾਈਕੋਰਟ 'ਚ ਰਿਪੋਰਟ ਸੌਂਪ ਦਿੱਤੀ ਹੈ। ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਹੁਕਮ ਦਿੱਤਾ ਹੈ ਕਿ ਲਾਰੈਂਸ ਨੂੰ ਸਟੇਟ ਗੈਸਟ ਵਰਗਾ ਸਨਮਾਨ ਦੇਣ ਵਾਲੇ ਅਧਿਕਾਰੀਆਂ 'ਤੇ ਕਾਰਵਾਈ ਕੀਤੀ ਜਾਵੇ। ਪੰਜਾਬ ਸਰਕਾਰ ਨੇ ਹਾਈ ਕੋਰਟ ਨੂੰ ਵਿਸ਼ਵਾਸ ਦਿਵਾਇਆ ਕਿ ਜਲਦ ਹੀ ਦੋਸ਼ੀ ਅਧਿਕਾਰੀਆਂ 'ਤੇ ਕਾਰਵਾਈ ਕੀਤੀ ਜਾਵੇਗੀ।

ਬੀਤੇ ਮੰਗਲਵਾਰ ਨੂੰ ਮਾਮਲੇ ਦੀ ਸੁਣਵਾਈ ਸ਼ੁਰੂ ਹੁੰਦੇ ਹੀ ਐੱਸਆਈਟੀ ਮੁਖੀ ਆਈਪੀਐੱਸ ਪ੍ਰਬੋਧ ਕੁਮਾਰ ਨੇ ਆਪਣੀ ਜਾਂਚ ਰਿਪੋਰਟ ਹਾਈ ਕੋਰਟ ਵਿਚ ਪੇਸ਼ ਕਰ ਦਿੱਤੀ। ਆਪਣੀ ਰਿਪੋਰਟ ਦੇ ਨਾਲ ਹੀ ਉਨ੍ਹਾਂ ਨੇ ਉਨ੍ਹਾਂ ਅਧਿਕਾਰੀਆਂ ਦੀ ਭੂਮਿਕਾ ਦੇ ਬਾਰੇ ਵਿਚ ਇਕ ਨੋਟ ਵੀ ਦਿੱਤਾ। ਹਾਈ ਕੋਰਟ ਨੇ ਇਸ ਦੀ ਕਾਪੀ ਕੋਰਟ ਦਾ ਸਹਿਯੋਗ ਕਰ ਰਹੀ ਵਕੀਲ ਨੂੰ ਸੌਂਪ ਦਿੱਤੀ। ਅਗਲੀ ਸੁਣਵਾਈ 'ਤੇ ਉਹ ਇਸ ਰਿਪੋਰਟ ਦਾ ਅਧਿਐਨ ਕਰਕੇ ਕੋਰਟ ਦਾ ਸਹਿਯੋਗ ਕਰੇਗੀ। ਸਰਕਾਰ ਨੇ ਇਸ ਮਾਮਲੇ ਦੀ ਜਾਂਚ ਲਈ ਜੋ ਹਾਈ ਪਾਵਰ ਕਮੇਟੀ ਬਣਾਈ ਸੀ ਉਹ ਇਸ ਮਾਮਲੇ ਨੂੰ ਨਹੀਂ ਹੱਲ ਕਰ ਸਕੀ ਸੀ ਕੋਰ ਦਾ ਸਹਿਯੋਗ ਕਰ ਰਹੀ ਵਕੀਲ ਇਸ ਲਈ ਦੋਸ਼ੀ ਅਧਿਕਾਰੀਆਂ ਦੀ ਭੂਮਿਕਾ ਨੂੰ ਲੈ ਕੇ ਵੀ ਅਗਲੀ ਸੁਣਵਾਈ 'ਤੇ ਕੋਰਟ ਵਿਚ ਪੱਖ ਰੱਖੇਗੀ।






ਇਸ ਮਾਮਲੇ ਵਿਚ ਪੰਜਾਬ ਸਰਕਾਰ ਨੇ ਹਾਈ ਕੋਰਟ ਨੂੰ ਦੱਸਿਆ ਕਿ ਮੋਹਾਲੀ ਦੇ ਤੱਤਕਾਲੀ ਐੱਸਐੱਸਪੀ ਵਿਵੇਕ ਸ਼ੀਲ ਸੋਨੀ, ਐੱਸਪੀ ਅਮਨਦੀਪ ਸਿੰਘਬਰਾੜ, ਡੀਐੱਸਪੀ ਗੁਰਸ਼ੇਰ ਸਿੰਘਸੰਧੂ ਤੇ ਸੀਆਈਏ ਖਰੜ ਦੇ ਇੰਚਾਰਜ ਇੰਸਪੈਕਟਰ ਸ਼ਿਵ ਕੁਮਾਰ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰ ਕੇ ਉਨ੍ਹਾਂ ਨੂੰ ਸੱਤ ਦਿਨਾਂ ਦੇ ਅੰਦਰ ਇਸਦਾ ਜਵਾਬ ਦਾਖ਼ਲ ਕਰਨ ਲਈ ਕਿਹਾ ਸੀ। ਹੁਣ ਸਰਕਾਰ ਨੇ ਕੋਰਟ ਨੂੰ ਦੱਸਿਆ ਕਿ 10 ਦਿਨ ਦੇ ਅੰਦਰ ਦੋਸ਼ੀ ਅਧਿਕਾਰੀਆਂ 'ਤੇ ਕਾਰਵਾਈ ਕਰ ਦਿੱਤੀ ਜਾਵੇਗੀ। ਫ਼ਿਲਹਾਲ ਇਨ੍ਹਾਂ ਅਧਿਕਾਰੀਆਂ ਨੂੰ ਪਬਲਿਕ ਡੀਲਿੰਗ ਦੀ ਪੋਸਟ ਤੋਂ ਹਟਾ ਦਿੱਤਾ ਗਿਆ ਹੈ। ਹਾਈ ਕੋਰਟ ਨੇ ਮਾਮਲੇ ਦੀ ਸੁਣਵਾਈ 28 ਅਕਤੂਬਰ ਤਕ ਮੁਲਤਵੀ ਕਰਦੇ ਹੋਏ ਕਾਰਵਾਈ ਕਰ ਕੇ ਰਿਪੋਰਟ ਦਾਖ਼ਲ ਕਰਨ ਦਾ ਹੁਕਮ ਦਿੱਤਾ ਹੈ। ਸੁਣਵਾਈ ਦੌਰਾਨ ਵੀਡੀਓ ਕਾਨਫਰੰਸਿੰਗ 'ਚ ਸ਼ਾਮਲ ਹੋਏ ਏਡੀਜੀਪੀ ਜੇਲ੍ਹ ਅਰੁਣ ਪਾਲ ਨੇ ਹਾਈ ਕੋਰਟ ਨੂੰ ਦੱਸਿਆ ਕਿ ਜੇਲ੍ਹਾਂ ਨੂੰ ਸੁਰੱਖਿਅਤ ਬਣਾਉਣ ਦੀ ਦਿਸ਼ਾ 'ਚ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਜੇਲ੍ਹਾਂ 'ਚ ਵੀ ਕਵਚ ਜੈਮਰ ਲਾਉਣ ਨੂੰ ਲੈ ਕੇ ਜਵਾਬ ਦਾਖ਼ਲ ਕਰਨ ਲਈ ਸਮਾਂ ਦੇਣਦੀ ਮੰਗ ਕੀਤੀ। ਹਾਈ ਕੋਰਟ ਨੇ ਇਸ ਨੂੰ ਸਵੀਕਾਰ ਕਰ ਸੁਣਵਾਈ ਮੁਲਤਵੀ ਕਰ ਦਿੱਤੀ।

### ਇਹ ਸੀ ਮਾਮਲਾ

ਪੰਜਾਬ-ਹਰਿਆਣਾ ਹਾਈ ਕੋਰਟ ਜੇਲ੍ਹਾਂ ਦੀ ਸੁਰੱਖਿਆ ਸਬੰਧੀ ਨੋਟਿਸ ਲੈ ਕੇ ਸੁਣਵਾਈ ਕਰ ਰਹੀ ਸੀ। ਇਸ ਵਿਚਾਲੇ ਲਾਰੈਂਸ ਦੇ ਇੰਟਰਵਿਊ ਦਾ ਮਾਮਲਾ ਹਾਈ ਕੋਰਟ ਦੇ ਸਾਹਮਣੇ ਰੱਖਿਆ ਗਿਆ। ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਹਾਈ ਪਾਵਰ ਕਮੇਟੀ ਬਣਾ ਕੇ ਜਾਂਚ ਦਾ ਹੁਕਮ ਦਿੱਤਾ ਸੀ। ਕਮੇਟੀ ਦੇ ਨਾਕਾਮ ਰਹਿਣ 'ਤੇ ਹਾਈ ਕੋਰਟ ਨੇ ਏਡੀਜੀਪੀ ਪ੍ਰਬੋਧ ਕੁਮਾਰ ਦੀ ਪ੍ਰਧਾਨਗੀ 'ਚ ਐੱਸਆਈਟੀ ਗਠਿਤ ਕੀਤੀ ਸੀ। ਐੱਸਆਈਟੀ ਨੇ ਖ਼ੁਲਾਸਾ ਕੀਤਾ ਸੀ ਕਿ ਲਾਰੈਂਸ ਦਾ ਇੰਟਰਵਿਊ ਖਰੜ ਸੀਆਈਏ ਥਾਣੇ 'ਚ ਹੋਇਆ ਸੀ।

# ਭਾਜਪਾ ਦੇ ਆਪੂ ਬਣੇ ਬਿਨਾਂ ਡਿਗਰੀਆਂ ਦੇ ਡਾਕਟਰ ਲੋਕਾਂ ਨੂੰ ਕੀ ਹਦਾਇਤਾਂ ਦਿੰਦੇ ਹਨ ?

## ✪ ਗਊਸ਼ਾਲਾ ਸਾਫ ਕਰਨ ਬਾਅਦ ਉਥੇ ਲੇਟਣ ਨਾਲ ਕੈਂਸਰ ਠੀਕ ਹੁੰਦਾ ਏ ✪ ਗਊ ਦੀ ਪਿੱਠ ਉਪਰ ਹੱਥ ਫੇਰੋ ਬਲੱਡ ਪ੍ਰੈਸ਼ਰ ਠੀਕ ਹੋਵੇਗਾ

ਯੂ ਪੀ ਦੇ ਮੰਤਰੀ ਸੰਜੇ ਸਿੰਘ ਗੰਗਵਾਰ ਨੇ ਬੀਤੇ ਦਿਨ ਪੀਲੀਭੀਤ ਦੇ ਨੌਗਵਾ ਪਕੜੀਆ 'ਚ ਗਊਸ਼ਾਲਾ ਦਾ ਉਦਘਾਟਨ ਕਰਦਿਆਂ ਦਿਲਚਸਪ ਡਾਕਟਰੀ ਨੁਕਤੇ ਦੱਸੇ। ਉਨ੍ਹਾ ਕਿਹਾ ਕਿ ਜੇ ਕੋਈ ਗਊਸ਼ਾਲਾ ਨੂੰ ਸਾਫ ਕਰਨ ਤੋਂ ਬਾਅਦ ਉੱਥੇ ਲੇਟ ਜਾਵੇ ਤਾਂ ਕੈਂਸਰ ਠੀਕ ਹੋ ਸਕਦਾ ਹੈ। ਬਲੱਡ ਪ੍ਰੈਸ਼ਰ ਦਾ ਮਰੀਜ਼ ਜੇ ਗਊ ਦੀ ਪਿੱਠ 'ਤੇ ਹੱਥ ਫੇਰਦਾ ਹੈ ਤਾਂ ਜੇ ਉਹ ਬਲੱਡ ਪ੍ਰੈਸ਼ਰ ਦੀ 20 ਐੱਮ ਜੀ ਦੀ ਗੋਲੀ ਖਾਂਦਾ ਹੈ, 10 ਐੱਮ ਜੀ 'ਤੇ ਆ ਜਾਵੇਗਾ। ਇਹ ਸਿਰਫ ਦਸ ਦਿਨਾਂ ਵਿਚ ਹੀ ਹੋ ਜਾਵੇਗਾ। ਪਾਥੀਆਂ ਬਾਲਣ ਨਾਲ ਮੱਛਰ ਭੱਜ ਜਾਂਦੇ ਹਨ। ਗਊ ਵਿੱਚ ਪੂਰਾ ਬ੍ਰਹਿਮੰਡ ਸ਼ਾਮਲ ਹੈ। ਖੇਤਾਂ ਵਿੱਚ ਅਵਾਰਾ ਪਸ਼ੂ ਇਸ ਕਰਕੇ ਘੁੰਮ ਰਹੇ ਹਨ ਕਿਉਕਿ ਕਿਸਾਨ ਗਊਆਂ ਦਾ ਪੂਰਾ ਸਨਮਾਨ ਨਹੀਂ ਕਰਦੇ। ਮੁਸਲਮਾਨਾਂ ਨੂੰ ਗਊਸ਼ਾਲਾ ਵਿੱਚ ਆਉਣ ਦੀ ਸਲਾਹ ਦਿੰਦਿਆਂ ਕਿਹਾ ਕਿ ਈਦ 'ਤੇ ਸੇਵੀਂਆਂ ਗਊ ਦੇ ਦੁੱਧ ਦੀਆਂ ਬਣਾਉਣੀਆਂ ਚਾਹੀਦੀਆਂ ਹਨ।

ਭਾਜਪਾ ਦੇ ਪੱਛਮੀ ਬੰਗਾਲ ਦੇ ਸਾਬਕਾ ਪ੍ਰਧਾਨ ਦਲੀਪ ਘੋਸ਼ ਨੇ ਕੁਝ ਸਾਲ ਪਹਿਲਾਂ ਕਿਹਾ ਸੀ ਕਿ ਦੇਸੀ ਗਊਆਂ ਦੇ ਦੁੱਧ ਵਿੱਚ ਸੋਨਾ ਹੁੰਦਾ ਹੈ। ਦੇਸੀ ਗਊਆਂ ਦੀ ਢੁੱਠ 'ਤੇ ਜਦੋਂ ਸੂਰਜ ਦੀ ਰੌਸ਼ਨੀ ਪੈਂਦੀ ਹੈ ਤਾਂ ਸੋਨਾ ਪੈਦਾ ਕਰਦੀ ਹੈ। ਦੇਸੀ ਗਊ ਦਾ ਦੁੱਧ ਇਸੇ ਕਰਕੇ ਹਲਕਾ ਸੁਨਹਿਰੀ ਹੁੰਦਾ ਹੈ ਜਦਕਿ ਵਲੈਤੀ ਗਊਆਂ ਦਾ ਦੁੱਧ ਇਸ ਕਰਕੇ ਸੁਨਹਿਰੀ ਨਹੀਂ ਹੁੰਦਾ ਕਿਉਂਕਿ ਉਨ੍ਹਾਂ ਦੀ ਢੁੱਠ ਨਹੀਂ ਹੁੰਦੀ। ਆਸਾਮ ਦੇ ਇੱਕ ਭਾਜਪਾ ਆਗੂ ਨੇ ਕਿਹਾ ਸੀ ਕਿ ਜੇ ਕਿਸ਼ਨ ਵਾਂਗ ਬਾਂਸੁਰੀ ਵਜਾਓ ਤਾਂ ਗਊ ਵੱਧ ਦੁੱਧ ਦਿੰਦੀ ਹੈ। ਭੋਪਾਲ ਤੋਂ ਭਾਜਪਾ ਸਾਂਸਦ ਰਹੀ ਪ੍ਰਗਿਆ ਠਾਕੁਰ ਨੇ ਦਾਅਵਾ ਕੀਤਾ ਸੀ ਕਿ ਗਊ ਮੂਤਰ ਪੀਣ ਨਾਲ ਉਸ ਨੂੰ ਕੈਂਸਰ ਤੋਂ ਛੁਟਕਾਰਾ ਮਿਲ ਗਿਆ। ਉੱਤਰਾਖੰਡ ਦੇ ਵੇਲੇ ਦੇ ਭਾਜਪਾ ਮੁੱਖ ਮੰਤਰੀ ਤ੍ਰਿਵੇਂਦਰ ਸਿੰਘ ਰਾਵਤ ਨੇ ਦਾਅਵਾ ਕੀਤਾ ਸੀ ਕਿ ਗਊ ਹੀ ਇੱਕੋ ਇੱਕ ਪ੍ਰਾਣੀ ਹੈ ਜਿਹੜੀ ਆਕਸੀਜਨ ਗ੍ਰਹਿਣ ਕਰਦੀ ਤੇ ਆਕਸੀਜਨ ਛੱਡਦੀ ਹੈ।

ਅੱਠ ਸਾਲ ਪਹਿਲਾਂ ਆਰ ਐੱਸ ਐੱਸ ਨਾਲ ਸੰਬੰਧਤ ਅਖਿਲ ਭਾਰਤੀ ਗਊ ਸੇਵਾ ਸੰਘ ਦੇ ਪ੍ਰਧਾਨ ਸ਼ੰਕਰ ਲਾਲ ਨੇ ਕਿਹਾ ਸੀ ਕਿ ਗਊ ਦੇ ਗੋਹੇ ਨਾਲ ਰੈਡੀਏਸ਼ਨ ਤੋਂ ਬਚਾਅ ਹੁੰਦਾ ਹੈ। ਉਹ ਤੇ ਆਰ ਐੱਸ ਐੱਸ ਦੇ ਹੋਰ ਵਰਕਰ ਮੋਬਾਇਲ ਫੋਨਾਂ ਦੇ ਪਿੱਛੇ ਗਊ ਦਾ ਗੋਹਾ ਲਾਉਂਦੇ ਹਨ ਤਾਂ ਕਿ ਰੈਡੀਏਸ਼ਨ ਤੋਂ ਬਚਾਅ ਹੋਵੇ। ਅਜਿਹੀਆਂ ਗੈਰ-ਵਿਗਿਆਨਕ ਗੱਲਾਂ ਉਸ ਪਾਰਟੀ ਦੇ ਆਗੂ ਕਰਦੇ ਹਨ, ਜਿਸ ਦਾ ਆਗੂ ਦੇਸ਼ ਨੂੰ ਚੰਨ ਤੋਂ ਵੀ ਪਰੇ ਲਿਜਾਣ ਦੇ ਦਾਅਵੇ ਕਰਦਾ ਹੈ।

# ਗਿ: ਹਰਪ੍ਰੀਤ ਸਿੰਘ ਨੇ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਦੇ ਅਹੁਦੇ ਤੋਂ ਦਿੱਤਾ ਅਸਤੀਫ਼ਾ !

## *ਵਲਟੋਹਾ 'ਤੇ ਧਮਕੀ ਦੇਣ ਦਾ ਲਾਇਆ ਸੀ ਇਲਜ਼ਾਮ ਸ਼੍ਰੋਮਣੀ ਗੁ: ਕਮੇਟੀ ਤੇ ਅਕਾਲੀ ਦਲ 'ਤੇ ਵੀ ਚੁੱਕੇ ਸਵਾਲ



ਅੰਮ੍ਰਿਤਸਰ- ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਅਸਤੀਫ਼ੇ ਦੌਰਾਨ ਭਾਵੁਕ ਹੋਏ ਜਥੇਦਾਰ ਗਿਆਨ ਹਰਪ੍ਰੀਤ ਸਿੰਘ ਨੇ ਵਲਟੋਹਾ 'ਤੇ ਪਰਿਵਾਰ ਨੂੰ ਧਮਕੀ ਦੇਣ ਦਾ ਇਲਜ਼ਾਮ ਲਗਾਉਂਦੇ ਹੋਏ ਕਿਹਾ ਮੈਂ ਜਥੇਦਾਰ ਦੇ ਨਾਲ ਧੀਆਂ ਦਾ ਪਿਉ ਵੀ ਹਾਂ, ਸ਼੍ਰੋਮਣੀ ਅਕਾਲੀ ਦਲ ਦਾ ਸੋਸ਼ਲ ਮੀਡੀਆ ਉਨ੍ਹਾਂ ਦੀ ਹਮਾਇਤ ਕਰ ਰਿਹਾ ਹੈ, ਉਨ੍ਹਾਂ ਨੇ ਸ੍ਰੋਮਣੀ ਕਮੇਟੀ ਨਾਲ ਵੀ ਨਰਾਜ਼ਗੀ ਜ਼ਾਹਿਰ ਕਰਦੇ ਹੋਏ ਕਿਹਾ ਇਸ ਮਾਮਲੇ ਵਿੱਚ ਉਹ ਖਾਮੋਸ਼ ਬੈਠੇ ਹਨ।

ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਵਿਰਸਾ ਸਿੰਘ ਵਲਟੋਹਾ ਵਾਰ-ਵਾਰ ਜਥੇਦਾਰਾਂ ਦੀ ਕਿਰਦਾਰ ਨੂੰ ਢਾਅ ਲਾ ਰਿਹਾ ਹੈ ਜਿਸ ਦੇ ਖ਼ਿਲਾਫ਼ ਸ੍ਰੀ ਅਕਾਲ ਤਖ਼ਤ ਨੇ ਪੰਜ ਸਿੰਘ ਸਾਹਿਬਾਨਾਂ ਨੇ ਫੈਸਲਾ ਸੁਣਾਇਆ ਸੀ। ਉਸ ਦੇ ਬਾਅਦ ਵੀ ਉਹ ਲਗਾਤਾਰ ਹਰ ਘੰਟੇ ਕਿਰਦਾਰਕੁਸ਼ੀ ਕਰ ਰਿਹਾ ਹੈ। ਖ਼ਾਸ ਕਰਕੇ ਮੈਨੂੰ ਨਿਸ਼ਾਨਾ ਬਣਾ ਰਿਹਾ ਹੈ। ਪਰ ਹੁਣ ਉਸ ਵੱਲੋਂ ਨੀਚਤਾਂ ਦੀਆਂ ਹੱਦਾਂ ਪਾਰ ਕਰ ਦਿੱਤੀਆਂ ਗਈਆਂ ਹਨ। ਸਨੇਹਾ ਭਿਜਵਾਇਆ ਜਾ ਰਿਹਾ ਹੈ ਕਿ ਮੇਰੀ ਪਰਿਵਾਰ ਨੂੰ ਨੰਗਾ ਕਰ ਦਿੱਤਾ ਜਾਵੇਗਾ। ਮੇਰੇ ਘਰ ਧੀਆਂ ਹਨ ਇਹ ਗੱਲਾਂ ਬਰਦਾਸ਼ਤ ਤੋਂ ਬਾਹਰ ਹਨ।

ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਅਸੀਂ ਵਲਟੋਹੇ ਤੋਂ ਡਰਨ ਵਾਲੇ ਨਹੀਂ ਹਾਂ, ਪਰ ਥਰਡ ਕਲਾਸ ਆਗੂਆਂ ਦਾ ਸ਼੍ਰੋਮਣੀ ਅਕਾਲੀ ਦਲ ਵੱਲੋਂ ਪੁਸ਼ਤਪਨਾਹੀ ਕਰਨਾ ਮਨ ਨੂੰ ਬਹੁਤ ਹੀ ਦੁਖ਼ੀ ਕਰਦਾ ਹੈ। ਮੇਰੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਇਸ ਮਾਮਲੇ ਵਿੱਚ ਖਾਮੋਸ਼ ਹੈ। ਅਜਿਹੇ ਵਿੱਚ ਮੇਰਾ ਇਸ ਅਹੁਦੇ 'ਤੇ ਰਹਿਣਾ ਮੁਸ਼ਕਲ ਹੈ।

ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਮੈਂ ਜਿੱਥੇ ਜਥੇਦਾਰ ਹਾਂ, ਧੀਆਂ ਦਾ ਪਿਉ ਵੀ ਹਾਂ। ਮੈਂ ਪ੍ਰਧਾਨ ਨੂੰ ਅਸਤੀਫ਼ਾ ਭੇਜ ਰਿਹਾ ਹਾਂ ਅਤੇ ਅਪੀਲ ਕਰਦਾ ਹਾਂ ਮੇਰਾ ਅਸਤੀਫ਼ਾ ਮਨਜ਼ੂਰ ਕੀਤਾ ਜਾਵੇ। ਗਿਆਨ ਹਰਪ੍ਰੀਤ ਸਿੰਘ ਨੇ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਆਪਣੀ ਸੁਰੱਖਿਆ ਵਾਪਸ ਲੈਣ ਦੀ ਮੰਗ ਕਰਦੇ ਹੋਏ ਕਿਹਾ ਮੇਰਾ ਘਰ ਛੋਟਾ ਹੈ ਜਿਸ ਵਿੱਚ ਉਹ ਸੁਰੱਖਿਆ ਨਹੀਂ ਰੱਖ ਸਕਦੇ ਹਨ।

# ਦੋ ਦਿਨਾਂ ਵਿਚ 10 ਜਹਾਜ਼ਾਂ ਨੂੰ ਬੰਬ ਨਾਲ ਉਡਾਉਣ ਦੀ ਮਿਲੀ ਧਮਕੀ

## ✪ ਭਾਰਤੀ ਮੰਤਰਾਲਾ ਹੋਇਆ ਸਖ਼ਤ



**ਦਿੱਲੀ**-ਪਿਛਲੇ 48 ਘੰਟਿਆਂ ਵਿਚ 10 ਉਡਾਣਾਂ ਵਿਚ ਬੰਬ ਦੀਆਂ ਧਮਕੀਆਂ ਮਿਲਣ ਦੇ ਮਾਮਲੇ ਨੂੰ ਸਖਤੀ ਨਾਲ ਲੈਂਦਿਆਂ ਹੋਇਆਂ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਹਾਈ ਲੈਵਲ ਮੀਟਿੰਗ ਸੱਦੀ ਹੈ। ਸੂਤਰਾਂ ਮੁਤਾਬਕ ਸ਼ਹਿਰੀ ਹਵਾਬਾਜ਼ੀ ਮੰਤਰੀ ਰਾਮ ਮੋਹਨ ਨਾਇਡੂ ਨੇ ਬੰਬ ਦੀ ਧਮਕੀ ਨੂੰ ਲੈ ਕੇ ਸੁਰੱਖਿਆ ਬੈਠਕ ਕੀਤੀ, ਜਿਸ ਵਿਚ ਹਵਾਬਾਜ਼ੀ ਨਾਲ ਜੁੜੀਆਂ ਸੁਰੱਖਿਆ ਏਜੰਸੀਆਂ ਨੇ ਹਿੱਸਾ ਲਿਆ।

ਸੁਰੱਖਿਆ ਏਜੰਸੀਆਂ ਦੇ ਹਵਾਲੇ ਨਾਲ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਜਿਨ੍ਹਾਂ ਸੋਸ਼ਲ ਮੀਡੀਆ ਅਕਾਊਂਟ ਰਾਹੀਂ ਜਹਾਜ਼ ਵਿਚ ਬੰਬ ਹੋਣ ਦੀ ਅਫਵਾਹ ਫੈਲਾਈ ਗਈ ਸੀ, ਉਨ੍ਹਾਂ ਨੂੰ ਬਲਾਕ ਕਰਵਾ ਕੇ ਜਾਂਚ ਕੀਤੀ ਜਾ ਰਹੀ ਹੈ। ਸੁਰੱਖਿਆ ਏਜੰਸੀਆਂ ਨੂੰ ਸੋਸ਼ਲ ਮੀਡੀਆ ਰਾਹੀਂ ਮਿਲ ਰਹੀਆਂ ਅਜਿਹੀਆਂ ਧਮਕੀਆਂ ਵਿੱਚੋਂ ਕੁਝ ਲੰਡਨ ਸਮੇਤ ਕੁਝ ਹੋਰ ਦੇਸ਼ਾਂ ਨਾਲ ਸਬੰਧਤ ਹਨ।

ਸੁਰੱਖਿਆ ਏਜੰਸੀਆਂ ਦਾ ਕਹਿਣਾ ਹੈ ਕਿ ਉਹ ਜਾਂਚ ਤੋਂ ਪਹਿਲਾਂ ਕਿਸੇ ਵੀ ਤਰ੍ਹਾਂ ਦੀ ਸੂਚਨਾ ਨੂੰ ਅਫਵਾਹ ਨਹੀਂ ਮੰਨ ਸਕਦੇ, ਕਿਉਂਕਿ ਯਾਤਰੀਆਂ ਦੀ ਸੁਰੱਖਿਆ ਸਭ ਤੋਂ ਜ਼ਰੂਰੀ ਹੈ। ਉੱਥੇ ਹੀ ਜੇਕਰ ਕੋਈ ਸੋਸ਼ਲ ਮੀਡੀਆ 'ਤੇ ਇਹ ਝੂਠੀ ਖਬਰ ਵੀ ਲਿਖ ਦਿੰਦਾ ਹੈ ਕਿ ਜਹਾਜ਼ 'ਚ ਬੰਬ ਹੈ ਤਾਂ ਜਹਾਜ਼ ਨੂੰ ਤੁਰੰਤ ਜਾਂਚ ਲਈ ਨਜ਼ਦੀਕੀ ਹਵਾਈ ਅੱਡੇ 'ਤੇ ਉਤਾਰਨਾ ਪੈਂਦਾ ਹੈ। ਇਸ ਕਾਰਨ ਸਰਕਾਰ ਨੇ ਹੁਣ ਅਜਿਹੀਆਂ ਝੂਠੀਆਂ ਗੱਲਾਂ ਲਿਖਣ ਜਾਂ ਧਮਕੀਆਂ ਦੇਣ ਵਾਲਿਆਂ ਖ਼ਿਲਾਫ਼ ਸਖ਼ਤ ਰੁਖ਼ ਅਪਣਾਉਣ ਦਾ ਫ਼ੈਸਲਾ ਕੀਤਾ ਹੈ। ਮੰਤਰਾਲਾ ਦੀ ਬੈਠਕ ਵਿਚ ਇਸ ਸਬੰਧੀ ਆਪਣੀ ਰਾਏ ਜ਼ਾਹਰ ਕਰ ਸਕਦਾ ਹੈ।

### ਇਨ੍ਹਾਂ ਜਹਾਜ਼ਾਂ ਵਿੱਚ ਮਿਲੀ ਸੀ ਬੰਬ ਦੀ ਅਫਵਾਹ

ਜੈਪੁਰ-ਅਯੁੱਧਿਆ ਫਲਾਈਟ 'ਚ ਬੰਬ ਦੀ ਅਫਵਾਹ

ਏਅਰ ਇੰਡੀਆ ਦੀ ਦਿੱਲੀ-ਸ਼ਿਕਾਗੋ ਫਲਾਈਟ 'ਚ ਬੰਬ ਦੀ ਅਫਵਾਹ

ਸਿੰਗਾਪੁਰ ਦੇ ਰੱਖਿਆ ਮੰਤਰੀ ਨੇ ਐਕਸ 'ਤੇ ਬੰਬ ਦੀ ਖਬਰ ਦਾ ਕੀਤਾ ਖੁਲਾਸਾ

ਮੁੰਬਈ-ਨਿਊਯਾਰਕ ਏਅਰ ਇੰਡੀਆ ਦੀ ਉਡਾਣ ਨੂੰ ਲੈ ਕੇ ਬੰਬ ਦੀ ਅਫਵਾਹ

## ਪਹਿਲਾਂ ਵੀ ਮਿਲ ਚੁੱਕੀ ਬੰਬ ਦੀ ਧਮਕੀ

### ✪ ਹਵਾਈ ਅੱਡਿਆਂ ਨੂੰ ਮਿਲੀ ਬੰਬ ਨਾਲ ਉਡਾਉਣ ਦੀ ਧਮਕੀ

ਇਸ ਸਾਲ ਅਗਸਤ 'ਚ ਮੁੰਬਈ ਤੋਂ ਤਿਰੂਵਨੰਤਪੁਰਮ ਜਾ ਰਹੀ ਏਅਰ ਇੰਡੀਆ ਦੀ ਫਲਾਈਟ 'ਚ ਜਹਾਜ਼ ਦੇ ਟਾਇਲਟ 'ਚ ਰੱਖੇ ਟਿਸ਼ੂ ਪੇਪਰ ਤੋਂ ਬੰਬ ਹੋਣ ਦੀ ਧਮਕੀ ਮਿਲੀ ਸੀ। ਕਾਗਜ਼ 'ਤੇ ਲਿਖਿਆ ਸੀ - 'ਉਡਾਣ ਵਿਚ ਬੰਬ ਹੈ'। ਜਹਾਜ਼ 'ਚ 135 ਯਾਤਰੀ ਸਵਾਰ ਸਨ।

5 ਅਕਤੂਬਰ ਨੂੰ ਮੱਧ ਪ੍ਰਦੇਸ਼ ਦੇ ਇੰਦੌਰ ਸਥਿਤ ਦੇਵੀ ਅਹਿਲਿਆ ਬਾਈ ਹੋਲਕਰ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ ਬੰਬ ਨਾਲ ਉਡਾਉਣ ਦੀ ਈਮੇਲ ਧਮਕੀ ਮਿਲੀ ਸੀ। ਵਡੋਦਰਾ ਹਵਾਈ ਅੱਡੇ 'ਤੇ 5 ਅਕਤੂਬਰ ਨੂੰ ਬੰਬ ਦੀ ਧਮਕੀ ਵਾਲੀ ਈਮੇਲ ਵੀ ਮਿਲੀ ਸੀ, ਜਿਸ 'ਚ ਕਿਹਾ ਗਿਆ ਸੀ ਕਿ ਪੂਰੀ ਤਰ੍ਹਾਂ ਨਾਲ ਤਲਾਸ਼ੀ ਲਈ ਜਾਵੇਗੀ।

# ਪੰਜਾਬ ਦੀਆਂ ਜ਼ਿਮਨੀ ਚੋਣਾਂ ਦਾ ਹੋਇਆ ਐਲਾਨ

## ✪ 18 ਅਕਤੂਬਰ ਤੋਂ 25 ਅਕਤੂਬਰ ਤੱਕ ਨਾਮਜ਼ਦਗੀ ਹੋਵੇਗੀ



**ਚੰਡੀਗੜ੍ਹ**-ਭਾਰਤੀ ਚੋਣ ਕਮਿਸ਼ਨ ਨੇ ਮਹਾਰਾਸ਼ਟਰ ਅਤੇ ਝਾਰਖੰਡ ਵਿਧਾਨ ਸਭਾ ਚੋਣਾਂ ਦਾ ਐਲਾਨ ਕਰਨ ਦੇ ਨਾਲ ਜਿੱਥੇ-ਜਿੱਥੇ ਜ਼ਿਮਨੀ ਚੋਣਾਂ ਹੋਣੀਆਂ ਉਨ੍ਹਾਂ ਦਾ ਵੀ ਐਲਾਨ ਕਰ ਦਿੱਤਾ ਗਿਆ ਹੈ। ਪੰਜਾਬ ਦੀਆਂ ਜ਼ਿਮਨੀ ਚੋਣਾਂ ਦਾ ਐਲਾਨ ਹੋ ਗਿਆ ਹੈ। 4 ਵਿਧਾਨਸਭਾ ਹਲਕਿਆਂ 'ਚ ਜ਼ਿਮਨੀ ਚੋਣਾਂ ਹੋਣੀਆਂ ਹਨ।

**ਪੰਜਾਬ ਵਿੱਚ ਇਸ ਦਿਨ ਹੋਣਗੀਆਂ ਜ਼ਿਮਨੀ ਚੋਣਾਂ**-ਹਾਲ ਹੀ 'ਚ ਪੰਚਾਇਤੀ ਚੋਣ ਖਤਮ ਹੋਈਆਂ ਹਨ, ਇਸ ਦੇ ਨਾਲ ਹੀ ਇੱਕ ਹੋਰ ਚੋਣਾਂ ਦਾ ਐਲਾਨ ਹੋ ਗਿਆ ਹੈ। ਪੰਜਾਬ ਵਿੱਚ ਚਾਰ ਵਿਧਾਨ ਸਭਾ ਸੀਟਾਂ ਉਪਰ ਜ਼ਿਮਨੀ ਚੋਣ ਦਾ ਬਿਗੁਲ ਵੱਜ ਗਿਆ ਹੈ। ਚੋਣ ਕਮਿਸ਼ਨ ਨੇ ਦੇਸ਼ ਵਿੱਚ ਖਾਲੀ ਵਿਧਾਨ ਸਭਾ ਸੀਟਾਂ ਉਪਰ ਚੋਣ ਦੀਆਂ ਤਾਰੀਕਾਂ ਦਾ ਐਲਾਨ ਕਰ ਦਿੱਤਾ ਹੈ। ਪੰਜਾਬ ਵਿੱਚ ਗਿੱਦੜਬਾਹਾ, ਬਰਨਾਲਾ, ਚੱਬੇਵਾਲ, ਡੇਰਾ ਬਾਬਾ ਨਾਨਕ ਵਿਧਾਨ ਸੀਟਾਂ ਉਪਰ ਜ਼ਿਮਨੀ ਚੋਣ ਦੀ ਤਾਰੀਕ ਦਾ ਵੀ ਐਲਾਨ ਕਰ ਦਿੱਤਾ ਗਿਆ ਹੈ। 18 ਅਕਤੂਬਰ ਤੋਂ 25 ਅਕਤੂਬਰ ਤੱਕ ਨਾਮਜ਼ਦਗੀ ਹੋਵੇਗੀ। 13 ਨਵੰਬਰ ਨੂੰ ਵੋਟਾਂ ਪੈਣਗੀਆਂ ਅਤੇ 23 ਨਵੰਬਰ ਨੂੰ ਨਤੀਜੇ ਐਲਾਨੇ ਜਾਣਗੇ।

# ਸ਼ੂਗਰ ਦੇ ਮਰੀਜ਼ ਹੱਦ ਤੋਂ ਵੱਧ ਸਟਰੈਸ ਲੈਣ ਨਾਲ ਹੁੰਦਾ ਹੈ ਸਿਹਤ ਨੂੰ ਗੰਭੀਰ ਨੁਕਸਾਨ

ਜੇਕਰ ਤੁਸੀਂ ਜ਼ਿਆਦਾ ਤਣਾਅ ਲੈਂਦੇ ਹੋ ਤਾਂ ਇਸ ਦਾ ਤੁਹਾਡੀ ਸਮੁੱਚੀ ਸਿਹਤ 'ਤੇ ਬੁਰਾ ਅਸਰ ਪੈਂਦਾ ਹੈ। ਜਦੋਂ ਤਣਾਅ ਵਧਦਾ ਹੈ, ਤਾਂ ਸਰੀਰ ਕਈ ਤਰ੍ਹਾਂ ਦੇ ਹਾਰਮੋਨਸ ਛੱਡਦਾ ਹੈ, ਜੋ ਖੂਨ ਵਿੱਚ ਗਲੂਕੋਜ਼ ਦੀ ਮਾਤਰਾ ਨੂੰ ਵਧਾ ਸਕਦੇ ਹਨ। ਭਾਵ ਤਣਾਅ ਦਾ ਸ਼ੂਗਰ ਦੇ ਮਰੀਜ਼ 'ਤੇ ਬੁਰਾ ਪ੍ਰਭਾਵ ਪੈਂਦਾ ਹੈ। ਜਦੋਂ ਤੁਸੀਂ ਤਣਾਅ ਵਿੱਚ ਹੁੰਦੇ ਹੋ, ਤਾਂ ਸਰੀਰ ਖੂਨ ਵਿੱਚ ਐਡ੍ਰੇਨਾਲੀਨ ਅਤੇ ਕੋਰਟੀਸੋਲ ਨਾਮਕ ਦੋ ਹਾਰਮੋਨ ਛੱਡਦਾ ਹੈ ਅਤੇ ਤੁਹਾਡੀ ਸਾਹ ਦੀ ਦਰ ਵੱਧ ਜਾਂਦੀ ਹੈ। ਅਜਿਹੇ 'ਚ ਜਦੋਂ ਸਰੀਰ ਇਸ ਨੂੰ ਸਮਝ ਨਹੀਂ ਪਾਉਂਦਾ ਤਾਂ ਬਲੱਡ ਸ਼ੂਗਰ ਲੈਵਲ ਵਧਣਾ ਸ਼ੁਰੂ ਹੋ ਜਾਂਦਾ ਹੈ। ਲਗਾਤਾਰ ਤਣਾਅ ਤੁਹਾਡੀ ਸਰੀਰਕ ਅਤੇ ਮਾਨਸਿਕ ਸਿਹਤ ਨੂੰ ਪ੍ਰਭਾਵਿਤ ਕਰ ਸਕਦਾ ਹੈ। ਇਸ ਲਈ, ਜੇਕਰ ਤੁਸੀਂ ਸ਼ੂਗਰ ਦੇ ਮਰੀਜ਼ ਹੋ ਤਾਂ ਆਪਣੇ ਤਣਾਅ ਨੂੰ ਕਾਬੂ ਕਰਨਾ ਸਿੱਖੋ।



ਤਣਾਅ ਤੁਹਾਨੂੰ ਵੱਖ-ਵੱਖ ਤਰੀਕਿਆਂ ਨਾਲ ਪ੍ਰਭਾਵਿਤ ਕਰ ਸਕਦਾ ਹੈ। ਜਿਸ ਤਰ੍ਹਾਂ ਤੁਹਾਡਾ ਸਰੀਰ ਤਣਾਅ ਮਹਿਸੂਸ ਕਰਦਾ ਹੈ। ਉਸੇ ਤਰੀਕੇ ਨਾਲ ਪ੍ਰਤੀਕਿਰਿਆ ਕਰਦਾ ਹੈ। ਜਦੋਂ ਟਾਈਪ 2 ਸ਼ੂਗਰ ਵਾਲੇ ਲੋਕ ਮਾਨਸਿਕ ਤਣਾਅ ਮਹਿਸੂਸ ਕਰਦੇ ਹਨ ਤਾਂ ਆਮ ਤੌਰ 'ਤੇ ਉਨ੍ਹਾਂ ਦਾ ਬਲੱਡ ਸ਼ੂਗਰ ਲੈਵਲ ਵੱਧ ਜਾਂਦਾ ਹੈ। ਦੂਜੇ ਪਾਸੇ ਟਾਈਪ 1 ਡਾਇਬਟੀਜ਼ ਵਾਲੇ ਮਰੀਜ਼ ਕੁਝ ਵੱਖਰਾ ਮਹਿਸੂਸ ਕਰ ਸਕਦੇ ਹਨ। ਭਾਵ, ਤਣਾਅ ਦੇ ਕਾਰਨ ਬਲੱਡ ਸ਼ੂਗਰ ਵੱਧ ਸਕਦੀ ਹੈ ਅਤੇ ਕਈ ਵਾਰ ਇਹ ਘਟ ਵੀ ਸਕਦੀ ਹੈ। ਇਹ ਦੋਵੇਂ ਸਥਿਤੀਆਂ ਟਾਈਪ 1 ਅਤੇ ਟਾਈਪ 2 ਸ਼ੂਗਰ ਵਾਲੇ ਲੋਕਾਂ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ।

ਇਸ ਤੋਂ ਬਚਣ ਲਈ ਪਹਿਲਾਂ ਆਪਣੇ ਤਣਾਅ ਦੇ ਕਾਰਨ ਨੂੰ ਸਮਝੋ। ਉਸ ਸਮੇਂ ਆਪਣੇ ਬਲੱਡ ਸ਼ੂਗਰ ਦੀ ਜਾਂਚ ਕਰਨਾ ਯਕੀਨੀ ਬਣਾਓ। ਉਦਾਹਰਣ ਦੇ ਲਈ, ਕਈ ਵਾਰ ਲੋਕ ਸੋਮਵਾਰ ਨੂੰ ਦਫਤਰ ਵਿੱਚ ਬਹੁਤ ਤਣਾਅ ਮਹਿਸੂਸ ਕਰਦੇ ਹਨ। ਜੇਕਰ ਤੁਹਾਡੇ ਨਾਲ ਵੀ ਇਦਾਂ ਹੀ ਹੁੰਦਾ ਹੈ। ਇਸ ਲਈ ਉਸ ਦਿਨ ਆਪਣੀ ਬਲੱਡ ਸ਼ੂਗਰ ਨੂੰ ਟ੍ਰੈਕ ਕਰੋ। ਤਣਾਅ ਘਟਾਉਣ ਦੀ ਕੋਸ਼ਿਸ਼ ਕਰੋ। ਇਸ ਪੈਟਰਨ ਨੂੰ ਕੁਝ ਹਫ਼ਤਿਆਂ ਲਈ ਲਗਾਤਾਰ ਚੈੱਕ ਕਰੋ ਅਤੇ ਇਸਨੂੰ ਖਤਮ ਕਰਨ ਜਾਂ ਘਟਾਉਣ ਦੀ ਕੋਸ਼ਿਸ਼ ਕਰੋ।

### ਇਦਾਂ ਪਛਾਣੋ ਕੀ ਤੁਸੀਂ ਤਣਾਅ ਵਿੱਚ ਹੋ ?

ਸਿਰ ਦਰਦ

ਮਾਸਪੇਸ਼ੀ ਦਰਦ ਜਾਂ ਤਣਾਅ

ਬਹੁਤ ਜ਼ਿਆਦਾ ਜਾਂ ਬਹੁਤ ਘੱਟ ਸੌਣਾ

ਥਕਾਵਟ ਮਹਿਸੂਸ ਕਰਨਾ

ਚਿੜਚਿੜਾਪਨ

ਉਦਾਸੀ

ਬੇਚੈਨੀ

ਲੋਕਾਂ ਤੋਂ ਦੂਰੀ ਬਣਾ ਕੇ ਰੱਖਣਾ

ਬਹੁਤ ਜ਼ਿਆਦਾ ਜਾਂ ਬਹੁਤ ਘੱਟ ਖਾਣਾ

ਬਹੁਤ ਜ਼ਿਆਦਾ ਸ਼ਰਾਬ ਪੀਣਾ ਅਤੇ ਸਮੋਕਿੰਗ ਕਰਨਾ

ਤਣਾਅ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕੰਟਰੋਲ ਕਰਨ ਲਈ, ਵਿਅਕਤੀ ਨੂੰ ਨਿਯਮਿਤ ਤੌਰ 'ਤੇ ਕਸਰਤ ਕਰਨ ਦੀ ਲੋੜ ਹੁੰਦੀ ਹੈ। ਯੋਗ ਜਾਂ ਤਾਈ ਚੀ ਵਰਗੀਆਂ ਕਸਰਤਾਂ ਤਣਾਅ ਨੂੰ ਘਟਾਉਣ ਵਿੱਚ ਬਹੁਤ ਮਦਦ ਕਰਦੀਆਂ ਹਨ। ਕਿਸੇ ਵੀ ਤਣਾਅਪੂਰਨ ਸਥਿਤੀ ਤੋਂ ਬਚੋ, ਧਿਆਨ ਦੇਣ ਵਾਲੀਆਂ ਤਕਨੀਕਾਂ ਦੀ ਵਰਤੋਂ ਕਰੋ ਜਿਵੇਂ ਕਿ ਮੈਡੀਟੇਸ਼ਨ ਅਤੇ ਸਭ ਤੋਂ ਮਹੱਤਵਪੂਰਨ ਕੈਫੀਨ ਦੇ ਸੇਵਨ ਨੂੰ ਘਟਾਓ। ਜੇਕਰ ਕੁਝ ਵੀ ਕੰਮ ਨਾ ਆਵੇ, ਤਾਂ ਤੁਹਾਨੂੰ ਆਪਣੇ ਦੋਸਤਾਂ ਅਤੇ ਪਰਿਵਾਰ ਨਾਲ ਗੱਲ ਕਰਨੀ ਚਾਹੀਦੀ ਹੈ।



**ਵਿਚਾਰ:–** ਹੰਕਾਰ, ਔਕਾਤ ਦੱਸ ਦਿੰਦਾ ਹੈ । ਸੰਸਕਾਰ, ਖਾਨਦਾਨ ਦੱਸ ਦਿੰਦਾ ਹੈ । ਬੋਲ-ਬਾਣੀ ਕਿਰਦਾਰ ਦੱਸ ਦਿੰਦੀ ਹੈ ਅਤੇ ਗੱਲਬਾਤ ਗਿਆਨ ਦੱਸ ਦਿੰਦੀ ਹੈ। *–ਅਗਿਆਤ*

# ਨਿੱਝਰ ਮਾਮਲੇ 'ਚ ਕੈਨੇਡਾ ਨੂੰ ਮਿਲਿਆ ਅਮਰੀਕਾ ਦਾ ਸਾਥ ਭਾਰਤ ਲਈ ਕੌਮਾਂਤਰੀ ਸੰਕਟ

ਅਮਰੀਕਾ ਅਤੇ ਕੈਨੇਡਾ ਫਾਈਵ ਆਈਜ਼ ਸਮਝੌਤੇ ਦਾ ਹਿੱਸਾ ਹਨ, ਜੋ ਆਪਸ ਵਿੱਚ ਸਬੂਤ ਸਾਂਝੇ ਕਰਦੇ ਹਨ। ਇਸ ਲਈ ਪੰਨੂੰ ਅਤੇ ਭਾਈ ਹਰਦੀਪ ਸਿੰਘ ਨਿੱਝਰ ਕੇਸਾਂ ਵਿੱਚ ਭਾਰਤ ਸਰਕਾਰ ਵੱਲੋਂ ਵੱਖੋ-ਵੱਖਰੀਆਂ ਰਣਨੀਤੀਆਂ ਅਪਣਾਈਆਂ ਜਾਣੀਆਂ ਸ਼ਾਇਦ ਲੰਮੇ ਸਮੇਂ ਵਿੱਚ ਕਾਰਗਰ ਸਾਬਤ ਨਾ ਹੋਣ। ਨਿੱਝਰ ਕਤਲ ਕਾਂਡ ਵਿੱਚ ਕੈਨੇਡਾ ਦਾ ਹੱਥ ਓਟਾਵਾ ਸਥਿਤ ਭਾਰਤੀ ਹਾਈ ਕਮਿਸ਼ਨਰ ਸੰਜੇ ਕੁਮਾਰ ਵਰਮਾ ਅਤੇ ਹੋਰ ਕਈ ਡਿਪਲੋਮੈਟਾਂ ਤੱਕ ਪਹੁੰਚਦਾ ਦੇਖਿਆ ਗਿਆ। ਉਸ ਨੇ ਇਨ੍ਹਾਂ ਡਿਪਲੋਮੈਟਾਂ ਨੂੰ 'ਪਰਸਨਜ਼ ਆਫ਼ ਇੰਟਰਸਟ' ਕਰਾਰ ਦਿੱਤਾ। ਕੈਨੇਡੀਅਨ ਕਾਨੂੰਨ ਵਿੱਚ ਅਜਿਹਾ ਵਿਅਕਤੀ ਉਹ ਹੁੰਦਾ ਹੈ ਜਿਸ ਦੇ ਕਿਸੇ ਅਪਰਾਧ ਵਿੱਚ ਸ਼ਾਮਲ ਹੋਣ ਦੇ ਠੋਸ ਸਬੂਤ ਨਹੀਂ ਮਿਲੇ, ਪਰ ਸ਼ੱਕ ਹੈ ਕਿ ਸਬੰਧਤ ਵਿਅਕਤੀ ਨੇ ਕੋਈ ਭੂਮਿਕਾ ਨਿਭਾਈ ਹੋ ਸਕਦੀ ਹੈ। ਇਸ ਲਈ ਜਾਂਚਕਰਤਾ ਉਸ ਤੋਂ ਪੁੱਛ-ਪੜਤਾਲ ਕਰਨ ਦੀ ਲੋੜ ਮਹਿਸੂਸ ਕਰਦੇ ਹਨ। ਕੈਨੇਡਾ ਨੇ ਭਾਰਤ ਨੂੰ ਕਿਹਾ ਕਿ ਉਹ ਇਨ੍ਹਾਂ ਡਿਪਲੋਮੈਟਾਂ ਨੂੰ ਦਿੱਤੀ ਗਈ ਡਿਪਲੋਮੈਟਿਕ ਛੋਟ ਨੂੰ ਹਟਾ ਦੇਵੇ, ਤਾਂ ਜੋ ਇਨ੍ਹਾਂ ਖਿਲਾਫ ਜਾਂਚ ਕੀਤੀ ਜਾ ਸਕੇ। ਭਾਰਤ ਨੇ ਇਸ ਤੋਂ ਇਨਕਾਰ ਕੀਤਾ ਅਤੇ ਕੈਨੇਡਾ - ਖਾਸ ਕਰਕੇ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਸ ਟਰੂਡੋ ਵਿਰੁੱਧ ਬਹੁਤ ਸਖ਼ਤ ਬਿਆਨ ਜਾਰੀ ਕੀਤਾ।

ਅਮਰੀਕੀ ਮੀਡੀਆ ਦੇ ਅਨੁਸਾਰ, ਕੈਨੇਡਾ ਨੇ ਫਿਰ ਵਰਮਾ ਸਮੇਤ ਛੇ ਨਾਗਰਿਕਾਂ ਨੂੰ ਕੱਢ ਦਿੱਤਾ, ਹਾਲਾਂਕਿ ਭਾਰਤ ਨੇ ਐਲਾਨ ਕੀਤਾ ਕਿ ਉਸਨੇ ਉਨ੍ਹਾਂ ਨੂੰ ਵਾਪਸ ਬੁਲਾ ਲਿਆ ਹੈ। ਬਦਲੇ ਵਿੱਚ, ਭਾਰਤ ਨੇ ਨਵੀਂ ਦਿੱਲੀ ਵਿੱਚ ਸਥਿਤ ਛੇ ਕੈਨੇਡੀਅਨ ਡਿਪਲੋਮੈਟਾਂ ਨੂੰ ਕੱਢ ਦਿੱਤਾ। ਦੂਜੇ ਪਾਸੇ ਖ਼ਬਰ ਹੈ ਕਿ ਅਮਰੀਕਾ ਸਥਿਤ ਖਾਲਿਸਤਾਨੀ ਖਾੜਕੂ ਗੁਰਪਤਵੰਤ ਸਿੰਘ ਪੰਨੂ ਦੇ ਮਾਮਲੇ ਵਿੱਚ ਭਾਰਤੀ ਜਾਂਚ ਕਰਤਾਵਾਂ ਨੇ ਅਮਰੀਕੀ ਮੰਗ ਅਨੁਸਾਰ ਕਥਿਤ 'ਸੀਸੀ-1' ਦੀ ਸ਼ਨਾਖਤ ਕਰਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜਾਂਚ ਵਿੱਚ ਪ੍ਰਗਤੀ ਦੀ ਜਾਣਕਾਰੀ ਦੇਣ ਲਈ ਇੱਕ ਭਾਰਤੀ ਟੀਮ ਅਮਰੀਕਾ ਪਹੁੰਚ ਰਹੀ ਹੈ। ਪਰ ਹੁਣ ਖ਼ਬਰ ਹੈ ਕਿ ਕੈਨੇਡਾ ਵਿੱਚ ਮਾਰੇ ਗਏ ਖਾਲਿਸਤਾਨੀ ਖਾੜਕੂ ਹਰਦੀਪ ਸਿੰਘ ਨਿੱਝਰ ਦੇ ਮਾਮਲੇ ਵਿੱਚ ਅਮਰੀਕਾ ਨੇ ਵੀ ਕੈਨੇਡਾ ਸਰਕਾਰ ਦੇ ਸਟੈਂਡ ਦਾ ਸਮਰਥਨ ਕੀਤਾ ਹੈ।

ਭਾਈ ਹਰਦੀਪ ਸਿੰਘ ਨਿੱਝਰ ਮਾਮਲੇ ਨੂੰ ਲੈਕੇ ਭਾਰਤ-ਕੈਨੇਡਾ ਵਿਵਾਦ ਵਿਚਾਲੇ ਹੁਣ ਅਮਰੀਕਾ ਦਾ ਬਿਆਨ ਵੀ ਸਾਹਮਣੇ ਆਇਆ ਹੈ। ਅਮਰੀਕਾ ਨੇ ਭਾਰਤ 'ਤੇ ਜਾਂਚ ਵਿੱਚ ਸਹਿਯੋਗ ਨਹੀਂ ਕਰਨ ਦਾ ਇਲਜ਼ਾਮ ਲਗਾਇਆ ਹੈ। ਅਮਰੀਕਾ ਦੇ ਵਿਦੇਸ਼ ਵਿਭਾਗ ਦੇ ਬੁਲਾਰੇ ਮੈਥਯੂ ਮਿਲਰ ਨੇ ਕਿਹਾ ਭਾਰਤ ਤੇ ਲਗਾਏ ਗਏ ਇਲਜ਼ਾਮ ਬਹੁਤ ਹੀ ਗੰਭੀਰ ਹਨ,ਅਸੀਂ ਚਾਹੁੰਦੇ ਹਾਂ ਕਿ ਭਾਰਤ ਸਰਕਾਰ ਕੈਨੇਡਾ ਦੇ ਨਾਲ ਜਾਂਚ ਵਿੱਚ ਮਦਦ ਕਰੇ। ਭਾਰਤ ਨੇ ਹੁਣ ਤੱਕ ਅਜਿਹਾ ਨਹੀਂ ਕੀਤਾ ਹੈ।

ਇਸ ਤੋਂ ਪਹਿਲਾਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਸ ਟਰੂਡੋ ਨੇ ਬੀਤੇ ਸੋਮਵਾਰ ਨੂੰ ਦਾਅਵਾ ਕੀਤਾ ਸੀ ਕਿ ਭਾਰਤ ਸਰਕਾਰ ਦੇ ਅਧਿਕਾਰੀ ਨਿੱਝਰ ਦੇ ਕਤਲ ਵਿੱਚ ਸ਼ਾਮਲ ਹਨ। ਇਹ ਪਹਿਲੀ ਵਾਰ ਨਹੀਂ ਹੈ ਜਦੋਂ ਭਾਰਤ ਅਤੇ ਕੈਨੇਡਾ ਦੇ ਵਿਚਾਲੇ ਤਣਾਅ ਦੌਰਾਨ ਅਮਰੀਕਾ ਨੇ ਟਿੱਪਣੀ ਕੀਤੀ ਹੈ ਪਿਛਲੇ ਸਾਲ ਸਤੰਬਰ ਵਿੱਚ ਕੈਨੇਡਾਈ ਪ੍ਰਧਾਨ ਮੰਤਰੀ ਟਰੂਡੋ ਨੇ ਪਾਰਲੀਮੈਂਟ ਵਿੱਚ ਭਾਰਤ 'ਤੇ ਨਿੱਝਰ ਕਤਲਕਾਂਡ ਵਿੱਚ ਸ਼ਾਮਲ ਹੋਣ ਦਾ ਇਲਜ਼ਾਮ ਲਗਾਇਆ ਸੀ। ਉਸ ਵੇਲੇ ਵੀ ਅਮਰੀਕਾ ਨੇ ਭਾਰਤ ਨੂੰ ਜਾਂਚ ਵਿੱਚ ਮਦਦ ਕਰਨ ਦੀ ਗੱਲ ਕਹੀ ਸੀ।

### ਪਿਛਲੇ ਤਿੰਨ ਦਿਨਾਂ ਦੇ ਅੰਦਰ ਦੋਵਾਂ ਦੇਸ਼ਾਂ ਵਿੱਚ ਤਣਾਅ ਵਧਿਆ

13 ਅਕਤੂਬਰ : ਕੈਨੇਡਾ ਨੇ ਭਾਰਤ ਨੂੰ ਇੱਕ ਚਿੱਠੀ ਭੇਜੀ, ਇਸ ਵਿੱਚ ਕਿਹਾ ਗਿਆ ਕਿ ਭਾਰਤੀ ਹਾਈ ਕਮਿਸ਼ਨਰ ਸੰਜੇ ਕੁਮਾਰ ਵਰਮਾ ਅਤੇ ਦੂਜੇ ਡਿਪਲੋਮੈਟ ਇਸ ਮਾਮਲੇ ਵਿੱਚ ਸ਼ੱਕੀ ਹਨ। ਕੈਨੇਡਾ ਨੇ ਮਾਮਲੇ ਦੀ ਜਾਣਕਾਰੀ ਨਹੀਂ ਦਿੱਤੀ, ਪਰ ਇਸ ਨੂੰ ਨਿੱਝਰ ਮਾਮਲੇ ਨਾਲ ਜੋੜ ਕੇ ਵੇਖਿਆ ਜਾ ਰਿਹਾ ਸੀ।

14 ਅਕਤੂਬਰ : ਭਾਰਤ ਨੇ ਆਪਣੇ ਡਿਪਲੋਮੈਟਸ ਨੂੰ ਸ਼ੱਕੀ ਦਸੇ ਜਾਣ ਦਾ ਵਿਰੋਧ ਜਤਾਇਆ ਅਤੇ ਕੈਨੇਡਾ ਦੇ ਸਫੀਰ ਨੂੰ ਤਲਬ ਕੀਤਾ। ਕੁਝ ਹੀ ਘੰਟਿਆਂ ਵਿੱਚ ਭਾਰਤ ਨੇ ਸੰਜੇ ਕੁਮਾਰ ਵਰਮਾ ਅਤੇ ਦੂਜੇ ਡਿਪਲੋਮੈਟਸ ਨੂੰ ਵਾਪਸ ਬੁਲਾ ਲਿਆ। ਉਸੇ ਰਾਤ ਖਬਰ ਆਈ ਕਿ ਕੈਨੇਡਾ ਨੇ ਵੀ ਭਾਰਤ ਵਿੱਚ ਆਪਣੇ 6 ਡਿਪਲੋਮੈਟਸ ਨੂੰ ਵਾਪਸ ਬੁਲਾ ਲਿਆ ਹੈ।

15 ਅਕਤੂਬਰ : ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਨਿੱਝਰ ਦੇ ਕਤਲ ਵਿੱਚ ਭਾਰਤੀ ਏਜੰਟਸ ਨੇ ਸਿੱਧੇ ਤੌਰ 'ਤੇ ਸ਼ਾਮਲ ਹੋਣ ਦਾ ਇਲਜ਼ਾਮ ਲਗਾਇਆ।

ਉਧਰ ਅਮਰੀਕਾ ਮੀਡੀਆ ਹਾਊਸ ਵਾਸ਼ਿੰਗਟਨ ਪੋਸਟ ਨੇ ਦਾਅਵਾ ਕੀਤਾ ਹੈ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਰਾਅ ਏਜੰਸੀਆਂ ਨੇ ਮਿਲ ਕੇ ਕੈਨੇਡਾ ਵਿੱਚ ਖੁਫੀਆ ਜਾਣਕਾਰੀ ਇਕੱਠੀ ਕਰਨ ਅਤੇ ਹਮਲੇ ਦੀ ਇਜਾਜ਼ਤ ਦਿੱਤੀ ਸੀ। ਵਾਸ਼ਿੰਗਟਨ ਪੋਸਟ ਨੇ ਇੱਕ ਕੈਨੇਡਾਈ ਅਧਿਕਾਰੀ ਦੇ ਹਵਾਲੇ ਨਾਲ ਦੱਸਿਆ ਸੀ ਕਿ ਭਾਰਤੀ ਡਿਪਲੋਮੈਟਸ ਕੈਨੇਡਾ ਜਾਣ ਦੀ ਇਜਾਜ਼ਤ ਦੇ ਬਦਲੇ ਖੁਫੀਆ ਜਾਣਕਾਰੀ ਦੇਣ ਦਾ ਦਬਾਅ ਬਣਾਉਂਦੇ ਸੀ। ਇਸ ਕੰਮ ਦੀ ਅਗਵਾਈ ਕੈਨੇਡਾ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਸੰਜੇ ਵਰਮਾ ਕਰਦੇ ਸੀ। ਰਿਪੋਰਟ ਦੇ ਮੁਤਾਬਿਕ 12 ਅਕਤੂਬਰ ਨੂੰ ਕੈਨੇਡਾ ਦੇ ਐਨਐਸ ਏ ਨੇ ਭਾਰਤ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਨੂੰ ਇਸ ਮੀਟਿੰਗ ਦੇ ਜ਼ਰੀਏ ਜਾਣਕਾਰੀ ਦਿੱਤੀ।

ਰਿਪੋਰਟਾਂ ਮੁਤਾਬਕ ਅਮਰੀਕੀ ਅਤੇ ਕੈਨੇਡੀਅਨ ਅਧਿਕਾਰੀਆਂ ਨੇ ਇਨ੍ਹਾਂ ਦੋਵਾਂ ਮਾਮਲਿਆਂ 'ਤੇ ਭਾਰਤੀ ਅਧਿਕਾਰੀਆਂ ਨਾਲ ਸਾਂਝੇ ਤੌਰ 'ਤੇ ਕਈ ਦੌਰ ਦੀ ਗੱਲਬਾਤ ਕੀਤੀ ਹੈ। ਅਮਰੀਕਾ ਅਤੇ ਕੈਨੇਡਾ ਫਾਈਵ ਆਈਜ਼ ਸਮਝੌਤੇ ਦਾ ਹਿੱਸਾ ਹਨ, ਜੋ ਆਪਸ ਵਿੱਚ ਸਬੂਤ ਸਾਂਝੇ ਕਰਦੇ ਹਨ। ਇਸ ਲਈ ਭਾਈ ਪੰਨੂੰ ਅਤੇ ਨਿੱਝਰ ਕੇਸਾਂ ਵਿੱਚ ਭਾਰਤ ਸਰਕਾਰ ਵੱਲੋਂ ਵੱਖੋ-ਵੱਖਰੀਆਂ ਰਣਨੀਤੀਆਂ ਅਪਣਾਈਆਂ ਜਾਣੀਆਂ ਸ਼ਾਇਦ ਲੰਮੇ ਸਮੇਂ ਵਿੱਚ ਕਾਰਗਰ ਸਾਬਤ ਨਾ ਹੋਣ। ਦੋਵਾਂ ਮਾਮਲਿਆਂ ਵਿੱਚ, ਭਾਰਤ ਨੂੰ ਇੱਕੋ ਜਿਹੇ ਦੋਸ਼ਾਂ ਦਾ ਸਾਹਮਣਾ ਕਰਨਾ ਪਿਆ, ਜਿਸ ਨਾਲ ਭਾਰਤ ਦੇ ਅੰਤਰਰਾਸ਼ਟਰੀ ਅਕਸ 'ਤੇ ਮਾੜਾ ਪ੍ਰਭਾਵ ਪਿਆ। ਇਸ ਨਾਲ ਨਰਿੰਦਰ ਮੋਦੀ ਸਰਕਾਰ ਦੀ ਵਿਦੇਸ਼ ਨੀਤੀ ਵਿੱਚ ਅਮਰੀਕੀ ਧੁਰੇ ਨੂੰ ਪਹਿਲ ਦੇਣ ਦੀ ਰਣਨੀਤੀ ਨੂੰ ਕਰਾਰਾ ਝਟਕਾ ਲੱਗਾ ਹੈ। ਭਾਰਤ ਦੀ ਭਵਿੱਖੀ ਅੰਤਰਰਾਸ਼ਟਰੀ ਭੂਮਿਕਾ ਇਸ ਗੱਲ 'ਤੇ ਨਿਰਭਰ ਕਰੇਗੀ ਕਿ ਉਹ ਇਸ ਮੁਸ਼ਕਲ ਨੂੰ ਕਿਵੇਂ ਦੂਰ ਕਰਦਾ ਹੈ। ਇਸ ਸੰਕਟ ਵਿਚੋਂ ਬਾਹਰ ਕਿਵੇਂ ਨਿਕਲਦਾ ਹੈ।

-ਰਜਿੰਦਰ ਸਿੰਘ ਪੁਰੇਵਾਲ

## NEWS & VIEWS

# Need for Better Understanding Between Sikh Indians and Sikhs Living Abroad



Gurmukh Singh OBE

The worldviews of Sikhs in India and those born and brought-up abroad are very different. There is a need to understood the nature of global Sikh diversity, otherwise united by the teachings of Sri Guru Granth Sahib and heritage shared through Khalsa ji ki Ardas. Some examples of the reasons for differences are given below.

In the UK, tributes have been pouring in from the King and the Queen, and senior politicians of all parties, for Alex Salmond, a prominent leader of the separatist Scottish nationalist movement. He passed away on 12 October 2024. All this, despite the fact that he stood for an independent Scotland. He fought for the Scottish nationalist cause within the law of the land. In 2014 referendum, Scotland voted against becoming an independent country by 55% to 45%. That verdict of the people of Scotland was accepted by the Scottish National Party for the time being.

It is unlikely that a separatist political leader from an Indian State would have received such cross-party tributes from seniormost politicians at Delhi following his death. It is unlikely that a Sikh born in the UK, America, Canada or Australia would understand why Sikh separatists from Panjab are regarded as law breakers and hounded by Indian authorities.

It would be mere truism to say that Sikhs born and bred in different environments should be expected to have different worldviews. Let me give three personal examples. Many years ago, my younger son then 6 years old, born in the UK, accompanied me for his first trip to India. He was not happy when I asked an elderly railway station labourer at Delhi (coolie is the derogatory term), to carry our two suitcases. The old labourer carried them on his head and started climbing up the railway bridge stairs while I carried the hand-bag. My son was unhappy and complained. Despite my assurance that the man was doing his job and I was going to pay him, my son just could not accept an elderly person carrying two heavy bags on his head. Following similar experiences of seeing human suffering and hardships, he was no longer interested in trips to India.

On another occasion, the daughter of a senior Sikh Indian official posted abroad, said on her first family visit home in Panjab that she found life very difficult without domestic servants. It is clear that, on growing up, my son from UK and this girl from Panjab, would have very different world-views!

As a retired policy civil servant from UK, even I cannot understand why civil servants in India behave like rulers and have display boards outside their homes announcing their ranks and positions. Bribery is almost an accepted custom.

The way to promotions in the UK is through a questioning, brain-storming approach at meetings chaired by the boss. In India one does not question the boss. Many years ago, it was suggested that even Indian co-pilots were reluctant to question their pilot bosses making obvious mistakes!

Sikhs in India believe that governments can change laws as they like if they have Parliamentary majorities. In the UK governments with majorities failed to get past the judiciary system to deport migrants to Rwanada.

Similarly, there is a communication gap between those born abroad and those who continue to migrate from India bringing their Panjab and Indian politics with them.

Better understanding of respective viewpoints is required for building communication bridges.

Gurmukh Singh OBE, Principal Civil Servant ret'd sewauk2005@yahoo.co.uk

# ਆਨਲਾਈਨ ਗੁਟਕਿਆਂ ਦੀ ਵਿਕਰੀ ਨਾ ਰੋਕੇ ਸ਼੍ਰੋਮਣੀ ਕਮੇਟੀ

**✪ ਸਿੱਖ ਚਿੰਤਕਾਂ ਦਾ ਇਕੱਠ ਬੁਲਾਕੇ, ਗੁਰਬਾਣੀ ਦੀ ਬੇਅਦਬੀ ਸੰਬੰਧੀ ਸਪੱਸ਼ਟ ਪ੍ਰੀਭਾਸ਼ਾ ਤੈਅ ਕਰੇ ✪ ਬਿਪਰਵਾਦੀ ਸਾਜ਼ਿਸ਼ ਤੋਂ ਸ਼੍ਰੋਮਣੀ ਕਮੇਟੀ ਸੁਚੇਤ ਰਹੇ : ਗਿਆਨੀ ਜਾਚਕ ✪ ਬੇਅਦਬੀਆਂ ਦੇ ਨਾਮ ਉਪਰ ਸਿਖੀ ਦਾ ਪ੍ਰਚਾਰ ਨਾ ਰੋਕੋ-ਬੀਬੀ ਕਿਰਨਜੋਤ ਕੌਰ**








ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਸਮਿਆਂ ਦੌਰਾਨ ਕੁਝ ਸਿੱਖ ਧਿਰਾਂ ਕੁਝ ਜ਼ਿਆਦਾ ਹੀ ਸੰਵੇਦਨਸ਼ੀਲ ਹੋ ਗਈਆਂ ਹਨ ਤੇ ਉਹ ਆਮ ਵਰਤਾਰੇ ਨੂੰ ਵੀ ਬੇਅਦਬੀ ਸਮਝ ਰਹੀਆਂ ਹਨ। ਕੁਝ ਆਪੂ ਬਣੇ ਚੌਧਰੀ ਸਿੱਖਾਂ ਦੇ ਨਾਮ ਉਪਰ ਗੁਰਬਾਣੀ ਦੇ ਸਤਿਕਾਰ ਦੇ ਨਾਂਅ ਹੇਠ ਮਨਮਾਨੀਆਂ ਵੀ ਕਰਨ ਲੱਗ ਪਏ ਹਨ। ਸਿੱਖਾਂ ਦੇ ਘਰੋਂ ਗੁਰੂ ਗ੍ਰੰਥ ਸਾਹਿਬ, ਗੁਟਕੇ ਵੀ ਚੁਕਣ ਲਗ ਪਏ ਹਨ।

ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਸਤਿਕਾਰ ਕਮੇਟੀਆਂ ਦੀ ਇਸ ਕਰਕੇ ਆਲੋਚਨਾ ਕਰ ਚੁਕੇ ਹਨ ਕਿ ਮਰਿਯਾਦਾ ਦੇ ਨਾਂਅ 'ਤੇ ਪੰਜਾਬ ਹੀ ਨਹੀਂ, ਸਗੋਂ ਦਿੱਲੀ ਆਦਿ ਵਿਚ ਵੀ ਇਹ ਲੋਕ ਪੁਲਿਸ ਨੂੰ ਨਾਲ ਲੈ ਕੇ ਸਿਖਾਂ ਦੇ ਘਰਾਂ ਵਿਚ ਪ੍ਰਕਾਸ਼ ਕੀਤੇ ਜਾ ਰਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਧੱਕੇ ਨਾਲ ਚੁਕਵਾ ਲੈਂਦੇ ਹਨ।

ਕੀ ਅਸੀਂ ਚਾਹੁੰਦੇ ਹਾਂ ਕਿ ਸਿੱਖੀ ਦਾ ਦਾਇਰਾ ਸੀਮਤ ਹੁੰਦਾ ਜਾਵੇ ਤੇ ਲੋਕ ਸਿੱਖੀ ਅਤੇ ਗੁਰਬਾਣੀ ਤੋਂ ਦੂਰ ਹੁੰਦੇ ਜਾਣ? ਸਾਡੀ ਇਸ ਘਟੀਆ ਕਾਰਗੁਜ਼ਾਰੀ ਨੇ ਕਈ ਨਾਨਕ ਨਾਮ ਲੇਵਾ ਸੰਪਰਦਾਵਾਂ ਜਿਵੇਂ ਸਹਿਜਧਾਰੀਆਂ, ਸਿੰਧੀਆਂ ਤੇ ਨਿਰਮਲਿਆਂ ਨੂੰ ਸਾਡੇ ਤੋਂ ਦੂਰ ਕਰਨ ਦੀ ਹੀ ਭੂਮਿਕਾ ਅਦਾ ਕੀਤੀ ਹੈ।

ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਇਨ੍ਹਾਂ ਆਪ ਬਣੇ ਚੌਧਰੀਆਂ ਖਿਲਾਫ ਸਖਤ ਸਟੈਂਡ ਲਿਆ ਹੈ ਤੇ ਇਨ੍ਹਾਂ ਦੀਆਂ ਹਰਕਤਾਂ ਨੂੰ ਸਿਖੀ ਦੇ ਵਿਕਾਸ ਵਿਚ ਰੁਕਾਵਟ ਦਸਿਆ ਹੈ।

ਹੁਣੇ ਜਿਹੇ ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਦੇ ਪ੍ਰਭਾਵ ਅਧੀਨ ਗੁਟਕੇ ਤੇ ਧਾਰਮਿਕ ਲਿਟਰੇਚਰ ਆਨ ਲਾਈਨ ਭੇਜਣ ਵਿਰੁੱਧ ਮਤਾ ਪਾਸ ਕੀਤਾ ਸੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਐਮਾਜ਼ੋਨ ਨੂੰ ਕਿਹਾ ਸੀ ਕਿ ਉਹ ਇਹ ਗੁਟਕੇ ਵੇਚਣੇ ਬੰਦ ਕਰਨ ਤੇ ਅਕਾਲ ਤਖਤ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਉਹ ਆਨਲਾਈਨ ਗੁਟਕੇ ਭੇਜਣ ਉਪਰ ਪਾਬੰਦੀ ਲਗਾਉਣ।

ਸੋਚਣ ਵਾਲੀ ਗੱਲ ਹੈ ਕਿ ਐਮਾਜ਼ੋਨ 'ਤੇ ਗੁਟਕਿਆਂ ਦੀ ਵਿਕਰੀ 'ਤੇ ਰੋਕ ਸਾਨੂੰ ਕਿਧਰ ਨੂੰ ਲੈ ਕੇ ਜਾਵੇਗੀ? ਕੀ ਕੱਲ੍ਹ ਨੂੰ ਅਸੀਂ ਗੁਰਬਾਣੀ 'ਐਪ' ਬਣਾਉਣ 'ਤੇ ਵੀ ਪਾਬੰਦੀ ਲਾਵਾਂਗੇ? ਇਸ ਵੇਲੇ ਲੱਖਾਂ ਲੋਕ ਇਥੋਂ ਤੱਕ ਕਿ ਵੱਡੇ-ਵੱਡੇ ਰਾਗੀ ਵੀ ਕੀਰਤਨ ਕਰਨ ਵੇਲੇ ਇਹ ਐਪ ਖੋਲ੍ਹ ਕੇ ਹੀ ਸ਼ਬਦਾਂ ਦਾ ਸਹੀ ਉਚਾਰਨ ਕਰਦੇ ਦੇਖੇ ਗਏ ਹਨ। ਕੀ ਅਸੀਂ ਚਾਹੁੰਦੇ ਹਾਂ ਕਿ ਗੁਰਬਾਣੀ ਸਿਰਫ਼ ਸਾਡੇ ਤੱਕ ਹੀ ਸੀਮਤ ਰਹਿ ਜਾਵੇ। ਇਹ ਯੁੱਗ ਆਰਟੀਫੀਸ਼ਲ ਇੰਟੈਲੀਜੈਂਸ (ਏ.ਆਈ.) ਦਾ ਯੁੱਗ ਹੈ, ਜਿਥੇ ਹਰ ਧਰਮ ਹਰ ਚੀਜ਼ ਦਾ ਗਿਆਨ ਪਿਆ ਹੈ ਤੇ ਕਿਸੇ ਧਰਮ ਨੂੰ ਮੰਨਣਾ ਜਾਂ ਇਥੋਂ ਤੱਕ ਕਿ ਨਾਸਤਿਕ ਬੰਦਾ ਵੀ ਕਿਸੇ ਵੀ ਧਰਮ ਤੇ ਕਿਸੇ ਵੀ ਚੀਜ਼ ਬਾਰੇ ਗਿਆਨ ਹਾਸਿਲ ਕਰਨ ਦੇ ਸਮਰੱਥ ਹੋ ਰਿਹਾ ਹੈ। ਕੀ ਅਸੀਂ ਕੱਲ੍ਹ ਨੂੰ ਏ.ਆਈ. ਵਿਚ ਵੀ ਗੁਰਬਾਣੀ ਦਾ ਮੂਲ ਪਾਠ ਪਾਉਣ 'ਤੇ ਰੋਕ ਲਗਾ ਦੇਵਾਂਗੇ?

ਐਮਾਜ਼ੋਨ ਇਸ ਵੇਲੇ 13 ਦੇਸ਼ਾਂ ਵਿਚ ਸਿੱਧੇ ਰੂਪ ਵਿਚ ਮੌਜੂਦ ਹੈ ਅਤੇ ਕਰੀਬ 100 ਮੁਲਕਾਂ ਵਿਚ ਉਹ ਚੀਜ਼ਾਂ ਭੇਜਣ ਦਾ ਕੰਮ ਕਰ ਰਹੀ ਹੈ। ਕੀ ਸ਼੍ਰੋਮਣੀ ਕਮੇਟੀ ਇਨ੍ਹਾਂ 100 ਮੁਲਕਾਂ ਵਿਚ ਗੁਰਬਾਣੀ ਪਹੁੰਚਾਉਣ ਦੇ ਸਮਰੱਥ ਹੈ?

ਬੀਬੀ ਕਿਰਨਜੋਤ ਕੌਰ ਨੇ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਵਲੋਂ ਪ੍ਰਕਾਸ਼ਤ ਸਿੱਖ ਰਹਿਤ ਮਰਿਆਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਦਬ ਸਹਿਤ ਪ੍ਰਕਾਸ਼ ਲਈ ਸਥਾਨ ਤੇ ਵਿਛਾਈ ਲਈ ਬਸਤਰ ਸਾਫ਼-ਸੁਥਰੇ, ਮੰਜੀ, ਗਦੇਲੇ, ਚੰਦੋਆ, ਚੌਰ ਤੇ ਰੁਮਾਲ ਆਦਿਕ ਸਮਾਨ ਗੁਰਦੁਆਰਾ ਸਾਹਿਬਾਨ ਦੇ ਪ੍ਰਕਾਸ਼-ਸਥਾਨ (ਸਤਿਸੰਗ-ਸਥਾਨ, ਦੀਵਾਨ ਹਾਲ) ਲਈ ਅਤਿ ਲੋੜੀਂਦਾ ਹੈ। ਗੁਰਬਾਣੀ ਦੀਆਂ ਸੰਥਾ ਸੈਂਚੀਆਂ, ਗੁਟਕਿਆਂ ਤੇ ਗੁਰਬਾਣੀ ਦੀ ਵਿਆਖਿਆ ਰੂਪ ਹੋਰ ਧਾਰਮਿਕ ਪੁਸਤਕਾਂ ਲਈ ਉਪਰੋਕਤ ਕਿਸਮ ਦਾ ਕੋਈ ਵਿਧਾਨ ਨਹੀਂ ਹੈ।

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਾਬਕਾ ਗ੍ਰੰਥੀ ਤੇ ਅੰਤਰਰਾਸ਼ਟਰੀ ਸਿੱਖ ਪ੍ਰਚਾਰਕ ਗਿ. ਜਗਤਾਰ ਸਿੰਘ ਜਾਚਕ ਨੇ ਕਿਹਾ ਕਿ ਦੇਸ਼ ਵਿਦੇਸ਼ ਵਿਚ ਵਸਦੇ ਪੰਥ ਹਿਤਕਾਰੀ ਸੱਜਣ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਉਸ ਬਿਆਨ ਪੱਖੋਂ ਬੜੇ ਚਿੰਤਤ ਹਨ ਜਿਸ ਵਲੋਂ 100 ਦੇਸ਼ਾਂ ਤਕ ਪਹੁੰਚ ਰੱਖਣ ਵਾਲੀਆਂ ਐਮਾਜ਼ੋਨ ਤੇ ਫਲਿਪਕਾਰਟ ਵਰਗੀਆਂ ਆਨਲਾਈਨ ਸਾਈਟਾਂ ਜਾਂ ਐਪਾਂ ਰਾਹੀਂ ਗੁਰਬਾਣੀ ਦੇ ਗੁਟਕੇ ਤੇ ਸੈਂਚੀਆਂ ਆਦਿਕ ਦੀ ਵਿਕਰੀ ਨੂੰ ਬੇਅਦਬੀ ਵਜੋਂ ਲੈਂਦਿਆਂ ਅਜਿਹੀ ਵਿਕਰੀ ਨੂੰ ਰੋਕਣ ਦੀ ਜ਼ੋਰਦਾਰ ਵਕਾਲਤ ਕੀਤੀ ਹੈ।

ਉਨ੍ਹਾਂ ਕਿਹਾ ਕਿ ਕੀ ਸ਼੍ਰੋਮਣੀ ਕਮੇਟੀ ਅਖ਼ਬਾਰਾਂ ਤੇ ਮੈਗਜ਼ੀਨਾਂ ਰਾਹੀਂ ਗੁਰਮਤਿ ਦੀ ਵਿਆਖਿਆ ਸਬੰਧੀ ਕੋਈ ਲੇਖ ਛਾਪਣ 'ਤੇ ਵੀ ਪਾਬੰਦੀ ਲਾਵੇਗੀ? ਕੀ ਸ਼੍ਰੋਮਣੀ ਕਮੇਟੀ ਆਪਣੀ ਵੈੱਬਸਾਈਟ ਰਾਹੀਂ ਆਪਣੀਆਂ ਪ੍ਰਕਾਸ਼ਨਾਵਾਂ ਦੀ ਵਿਕਰੀ 'ਤੇ ਵੀ ਰੋਕ ਲਾਏਗੀ? ਉਨ੍ਹਾਂ ਕਿਹਾ ਕਿ ਇਉਂ ਜਾਪਦਾ ਹੈ ਕਿ ਪ੍ਰਧਾਨ ਜੀ ਨੇ ਰਾਜਨੀਤਕਾਂ ਦੀ ਵੋਟ-ਬਟੋਰੂ ਨੀਤੀ ਤੇ ਬਿਪਰਵਾਦੀ ਨੀਤੀਆਂ ਦੀ ਏਜੰਟ ਬਣੀ ਸੰਪਰਦਾਈ ਸੰਕੀਰਨ ਸੋਚ ਦੇ ਦਬਾਅ ਹੇਠ ਅਜਿਹਾ ਕਦਮ ਚੁੱਕਿਆ ਹੈ। ਸ਼੍ਰੋਮਣੀ ਕਮੇਟੀ ਦਾ 50 ਸਾਲਾ ਇਤਿਹਾਸ ਦਸਦਾ ਹੈ ਕਿ ਗੁਰਬਾਣੀ ਸਬੰਧੀ ਅਜਿਹੇ ਮੁੱਦੇ ਸਦਾ ਕਮੇਟੀ ਦੇ ਜਨਰਲ ਹਾਊਸ ਵਿਚ ਵਿਚਾਰੇ ਜਾਂਦੇ ਰਹੇ ਹਨ। ਕੋਈ ਵੀ ਅਹੁਦੇਦਾਰ ਗੁਰਬਾਣੀ ਦੇ ਅਦਬ ਤੇ ਪ੍ਰਕਾਸ਼ਨਾ ਪ੍ਰਤੀ ਵਿਅਕਤੀਗਤ ਬਿਆਨ ਨਹੀਂ ਦਿੰਦਾ ਰਿਹਾ।

ਉਨ੍ਹਾਂ ਸਿੱਖ ਜਗਤ ਦੇ ਬੁੱਧੀਜੀਵੀ ਵਰਗ, ਸਿੱਖ ਮਿਸ਼ਨਰੀ ਸੰਸਥਾਵਾਂ ਅਤੇ ਹੋਰ ਪੰਥਕ ਹਿਤਕਾਰੀ ਸੱਜਣਾਂ ਨੂੰ ਇਸ ਪੱਖੋਂ ਆਪਣੀ ਰਾਇ ਸਾਂਝੀ ਕਰਨੀ ਚਾਹੀਦੀ ਹੈ, ਤਾਂਕਿ ਸਿੱਖ ਜਗਤ ਦੀ ਸ਼੍ਰੋਮਣੀ ਜਮਾਤ ਸ਼੍ਰੋਮਣੀ ਕਮੇਟੀ ਸ੍ਰੀ ਅੰਮ੍ਰਿਤਸਰ ਭਵਿੱਖ ਵਿਚ ਕਿਸੇ ਪ੍ਰਕਾਰ ਦੇ ਦਬਾਅ ਦੀ ਪ੍ਰਵਾਹ ਨਾ ਕਰੇ।

ਪਹਿਲੀ ਗੱਲ ਤਾਂ ਇਹ ਹੈ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਗੁਟਕੇ, ਪੋਥੀਆਂ ਤੇ ਧਾਰਮਿਕ ਕਿਤਾਬਾਂ ਹੋ ਹੀ ਨਹੀਂ ਸਕਦੀਆਂ ਅਤੇ ਇਨ੍ਹਾਂ ਨੂੰ ਰੱਖਣ, ਸਾਂਭਣ ਤੇ ਵੇਚਣ ਦੀ ਆਗਿਆ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੀ ਨਹੀਂ ਹੋ ਸਕਦੀ। ਇਥੇ ਇਹ ਗੱਲ ਸਪੱਸ਼ਟ ਕਰਨੀ ਜ਼ਰੂਰੀ ਹੈ ਕਿ ਸਿੱਖ ਰਹਿਤ ਮਰਿਆਦਾ, ਸਿੱਖ ਸਿਧਾਂਤਾਂ ਦੀ ਵਿਆਖਿਆ ਕਰਨਾ ਸ਼੍ਰੋਮਣੀ ਕਮੇਟੀ ਦਾ ਅਧਿਕਾਰ ਹੈ। ਪਰ ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਉਹ ਜਦੋਂ ਵੀ ਕੋਈ ਫ਼ੈਸਲਾ ਲਵੇ ਉਸ ਦੇ ਚੰਗੇ-ਮਾੜੇ ਸਾਰੇ ਪੱਖਾਂ ਨੂੰ ਵਿਚਾਰ ਕੇ ਹੀ ਲਵੇ ਨਾ ਕਿ ਸਿਖੀ ਦੇ ਵਿਕਾਸ ਵਿਚ ਰੁਕਾਵਟ ਪਾਵੇ। ਚਾਹੀਦਾ ਤਾਂ ਇਹ ਹੈ ਕਿ ਅਸੀਂ ਗੁਰਬਾਣੀ ਨੂੰ ਦੁਨੀਆ ਦੀ ਹਰ ਭਾਸ਼ਾ ਵਿਚ ਅਨੁਵਾਦ ਕਰਵਾ ਕੇ ਪੀ.ਡੀ.ਐੱਫ. ਤੇ ਹੋਰ ਫਾਰਮੈਟਾਂ ਵਿਚ ਦੁਨੀਆ ਭਰ ਦੇ ਲੋਕਾਂ ਤੱਕ ਪਹੁੰਚਾਈਏ, ਤਾਂ ਜੋ ਦੁਨੀਆ ਇਸ ਰੂਹਾਨੀ ਗਿਆਨ ਤੋਂ ਜਾਣੂ ਹੋ ਸਕੇ ਤੇ ਸਿੱਖੀ ਦਾ ਚਾਨਣ ਦੁਨੀਆ ਭਰ ਵਿਚ ਫੈਲ ਸਕੇ। ਇਸ ਲਈ ਸੋਚਣ ਵਾਲੀ ਗੱਲ ਇਹ ਹੈ ਕਿ ਜੇਕਰ ਅਸੀਂ ਇਸ ਤਰ੍ਹਾਂ ਦੁਨੀਆ ਭਰ ਵਿਚ ਗੁਰਬਾਣੀ ਦੇ ਗੁਟਕੇ ਪਹੁੰਚਾ ਸਕਣ ਦੇ ਸਮਰੱਥ ਸਾਈਟ ਨੂੰ ਗੁਟਕਾ ਵੇਚਣ ਤੋਂ ਰੋਕ ਰਹੇ ਹਾਂ ਤਾਂ ਕੀ ਅਸੀਂ ਗੁਰਬਾਣੀ ਨੂੰ ਮਨੁੱਖਤਾ ਤੱਕ ਪਹੁੰਚਾਉਣ 'ਤੇ ਵੀ ਰੋਕ ਤਾਂ ਨਹੀਂ ਲਾ ਰਹੇ? ਕੀ ਦੁਕਾਨਾਂ 'ਤੇ ਵਿਕਦੇ ਗੁਟਕਿਆਂ ਨੂੰ ਹੋਰ ਕਿਤਾਬਾਂ ਨਾਲ ਹੀ ਨਹੀਂ ਰੱਖਿਆ ਜਾ ਰਿਹਾ, ਕੀ ਸ਼੍ਰੋਮਣੀ ਕਮੇਟੀ ਦੁਕਾਨਾਂ 'ਤੇ ਵੀ ਗੁਟਕੇ, ਸੈਂਚੀਆਂ ਵਿਕਣੀਆਂ ਬੰਦ ਕਰਾ ਦੇਵੇਗੀ?

ਸੱਚ ਇਹ ਵੀ ਹੈ ਕਿ ਸਿਖੀ ਪ੍ਰਚਾਰ ਦੀ ਘਾਟ ਕਾਰਣ ਪੰਜਾਬ ਵਿਚ ਵੀ ਕਿਵੇਂ ਸਿੱਖ ਇਸਾਈ ਬਣ ਰਹੇ ਹਨ। ਇਸਾਈ ਆਪਣਾ ਧਾਰਮਿਕ ਸਾਹਿਤ ਕਿਵੇਂ ਮੁਫ਼ਤ ਵੰਡਦੇ ਹਨ। ਪਰ ਸ਼੍ਰੋਮਣੀ ਕਮੇਟੀ ਦਾ ਸਿੱਖੀ ਪ੍ਰਚਾਰ ਵਲ ਧਿਆਨ ਹੀ ਨਹੀਂ ਹੈ। ਸਹੀ ਇਲਾਜ ਇਹ ਹੈ ਕਿ ਸਿੱਖ ਬੁਧੀਜੀਵੀਆਂ ਦਾ ਇਕਠ ਬੁਲਾਕੇ ਸ਼੍ਰੋਮਣੀ ਕਮੇਟੀ ਬੇਅਦਬੀ ਕੀ ਹੈ ਤੇ ਕੀ ਬੇਅਦਬੀ ਨਹੀਂ ਹੈ, ਦੀ ਇਕ ਪ੍ਰੀਭਾਸ਼ਾ ਨਿਸਚਿਤ ਕਰੇ, ਤਾਂ ਜੋ ਹਰ ਨਿੱਕੀ-ਵੱਡੀ ਘਟਨਾ ਜਾਂ ਗੱਲ ਨੂੰ ਬੇਅਦਬੀ ਤੇ ਸਤਿਕਾਰ ਨਾਲ ਜੋੜ ਕੇ ਸਿੱਖੀ ਦੇ ਚਾਨਣ ਨੂੰ ਫੈਲਣ ਤੋਂ ਰੋਕਿਆ ਨਾ ਜਾ ਸਕੇ।

# ਯੂ ਕੇ ਦੇ ਉੱਘੇ ਕਬੱਡੀ ਪ੍ਰਮੋਟਰ ਅਤੇ ਸਾਊਥਾਲ ਕਬੱਡੀ ਕਲੱਬ ਦੇ ਸਾਬਕਾ ਪ੍ਰਧਾਨ ਸ: ਪ੍ਰਮਜੀਤ ਸਿੰਘ ਰੰਧਾਵਾ ਦੇ 60ਵੇਂ ਜਨਮ ਦਿਨ ਮੌਕੇ ਪ੍ਰੀਵਾਰ ਵੱਲੋਂ ਸ਼ਾਨਦਾਰ ਪਾਰਟੀ

## ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਪ੍ਰਧਾਨ ਸ: ਹਿੰਮਤ ਸਿੰਘ ਸੋਹੀ, ਇੰਗਲੈਂਡ ਕਬੱਡੀ ਫੈਡਰੇਸ਼ਨ ਅਤੇ ਕਬੱਡੀ ਕਲੱਬਾਂ ਦੇ ਨੁਮਾਇੰਦਿਆਂ ਸਮੇਤ ਭਾਈਚਾਰਕ ਆਗੂ ਸ਼ੁਭਕਾਮਨਾਵਾਂ ਦੇਣ ਲਈ ਉਚੇਚੇ ਤੌਰ 'ਤੇ ਪਹੁੰਚੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਦੇ ਉੱਘੇ ਕਬੱਡੀ ਪ੍ਰਮੋਟਰ ਅਤੇ ਸਾਊਥਾਲ ਕਬੱਡੀ ਕਲੱਬ ਦੇ ਸਾਬਕਾ ਪ੍ਰਧਾਨ ਸ: ਪ੍ਰਮਜੀਤ ਸਿੰਘ ਰੰਧਾਵਾ ਦੇ 60ਵੇਂ ਜਨਮ ਦਿਨ ਮੌਕੇ ਪ੍ਰੀਵਾਰ ਵੱਲੋਂ ਮੌਨਸੂਨ ਬੈਂਕਿਊਇਟ ਹਾਲ ਸਾਊਥਾਲ ਵਿਖੇ ਸ਼ਾਨਦਾਰ ਪਾਰਟੀ ਆਯੋਜਿਤ ਕੀਤੀ ਗਈ। ਜਿਸ ਵਿੱਚ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਪ੍ਰਧਾਨ ਸ: ਹਿੰਮਤ ਸਿੰਘ ਸੋਹੀ, ਇੰਗਲੈਂਡ ਕਬੱਡੀ ਫੈਡਰੇਸ਼ਨ ਅਤੇ ਕਬੱਡੀ ਕਲੱਬਾਂ ਦੇ ਨੁਮਾਇੰਦਿਆਂ ਸਮੇਤ ਭਾਈਚਾਰਕ ਆਗੂ ਸੁਭਕਾਮਨਾਵਾਂ ਦੇਣ ਲਈ ਉਚੇਚੇ ਤੌਰ ਤੇ ਪਹੁੰਚੇ।

ਇਸ ਮੌਕੇ ਸ: ਪ੍ਰਮਜੀਤ ਸਿੰਘ ਰੰਧਾਵਾ, ਬੀਬੀ ਕਮਲਜੀਤ ਕੌਰ ਰੰਧਾਵਾ, ਸਪੁੱਤਰ ਬਲਜੀਤ ਸਿੰਘ ਰੰਧਾਵਾ, ਬੀਬੀ ਅਵਨੀਤ ਕੌਰ ਰੰਧਾਵਾ, ਨਰਿੰਦਰ ਸਿੰਘ ਰੰਧਾਵਾ, ਬੀਬੀ ਰਣਦੀਪ ਕੌਰ ਰੰਧਾਵਾ ਅਤੇ ਸਮੂਹ ਰੰਧਾਵਾ ਪ੍ਰੀਵਾਰ ਨੇ ਖੁਸ਼ੀਆਂ ਸਾਂਝੀਆਂ ਕਰਦਿਆਂ ਆਏ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ। ਆਏ ਮਹਿਮਾਨਾਂ ਨੇ ਜਿੱਥੇ ਰੰਧਾਵਾ ਪ੍ਰੀਵਾਰ ਵੱਲੋਂ ਮਨਾਏ ਜਸ਼ਨਾਂ ਦਾ ਖੂਬ ਅਨੰਦ ਮਾਣਿਆਂ। ਉੱਥੇ ਹੀ ਪ੍ਰਮਜੀਤ ਸਿੰਘ ਰੰਧਾਵਾ ਵੱਲੋਂ ਯੂ ਕੇ ਵਿੱਚ ਕਬੱਡੀ ਖੇਡ ਦੀ ਪ੍ਰਫੁਲਤਾ ਲਈ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ।

ਸ: ਰੰਧਾਵਾ ਨੇ ਜਿੱਥੇ ਵਧੀਆ ਕਬੱਡੀ ਖੇਡੀ, ਉੱਥੇ ਹੀ ਸਾਊਥਾਲ ਕਬੱਡੀ ਕਲੱਬ ਲਈ ਅਣਥੱਕ ਸੇਵਾਵਾਂ ਕਰਦਿਆਂ, ਬਤੌਰ ਪ੍ਰਧਾਨ ਲੰਮਾਂ ਸਮਾਂ ਸੇਵਾ ਕੀਤੀ। ਸ: ਰੰਧਾਵਾ ਦੀਆਂ ਸੇਵਾਵਾਂ ਕਾਰਨ ਹੀ ਉਹ ਮੌਜੂਦਾ ਇੰਗਲੈਂਡ ਕਬੱਡੀ ਫੈਡਰੇਸ਼ਨ ਵਿੱਚ ਬੀਤੇ ਦੋ ਵਰ੍ਹਿਆਂ ਤੋਂ ਬਤੌਰ ਕੋਚ ਸੇਵਾਵਾਂ ਦੇ ਰਹੇ ਹਨ।



ਖੱਬੇ ਪੰਮੀ ਰੰਧਾਵਾ ਅਤੇ ਉਹਨਾਂ ਦੀ ਜਨਮ ਦਿਨ ਪਾਰਟੀ ਵਿੱਚ ਸ਼ਾਮਿਲ ਪਰਿਵਾਰਕ ਮੈਂਬਰ, ਰਿਸ਼ਤੇਦਾਰ ਅਤੇ ਸੱਜਣ ਮਿੱਤਰ

ਭਾਈਚਾਰਕ ਕਾਰਜਾਂ ਵਿੱਚ ਵੱਧ ਚੜ੍ਹ ਕੇ ਯੋਗਦਾਨ ਪਾਉਣ ਵਾਲੇ ਪ੍ਰਮਜੀਤ ਸਿੰਘ ਪੰਮੀ ਰੰਧਾਵਾ ਦੇ 60ਵੇਂ ਜਨਮ ਦਿਨ ਦੀਆਂ ਖੁਸ਼ੀਆਂ ਸਾਂਝੀਆਂ ਕਰਨ ਵਾਲਿਆਂ ਵਿੱਚ ਸ: ਹਿੰਮਤ ਸਿੰਘ ਸੋਹੀ ਪ੍ਰਧਾਨ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ, ਸ: ਗੁਰਪ-ਾਲ ਸਿੰਘ ਰੰਧਾਵਾ, ਸਾਬਕਾ ਕੌਂਸਲਰ ਮਨਜੀਤ ਸਿੰਘ, ਇੰਦਰਜੀਤ ਸਿੰਘ ਬੱਲ, ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਜਨਰਲ ਸਕੱਤਰ ਸੁਰਿੰਦਰ ਸਿੰਘ ਮਾਣਕ, ਕਰਮਜੀਤ ਸਿੰਘ ਕੰਮਾ ਔਜਲਾ, ਪਾਲਾ ਬਾਜਵਾ ਪ੍ਰਧਾਨ, ਜਰਨੈਲ ਸਿੰਘ ਜੈਲਾ, ਕੁਲਵੰਤ ਸਿੰਘ ਚੱਠਾ, ਬੀਰਬਿਕਰਮ ਸਿੰਘ ਬਿੱਲਾ, ਰਣਜੀਤ ਸਿੰਘ ਢੰਡਾ, ਗੀਤਾ ਬਾਜਵਾ, ਜਸਕਰਨ ਸਿੰਘ ਜੌਹਲ, ਰਸ਼ਪਾਲ ਸਿੰਘ ਸੰਘਾ, ਬਿੰਦੀ ਸੋਹੀ, ਪ੍ਰਤਾਪ ਸਿੰਘ ਮੋਮੀ, ਬਿੱਲਾ ਗਿੱਲ, ਬਾਈ ਚੀਮਾ, ਕਾਕਾ ਚੀਮਾ, ਸੋਖਾ ਢੇਸੀ, ਸਰਬਜੀਤ ਸਿੰਘ ਵਿਰਕ ਦੇਸ ਪ੍ਰਦੇਸ, ਰਵੀ, ਤੇਜੀ ਫੋਟੋਗ੍ਰਾਫਰ, ਜੋਗਾ ਸਿੰਘ ਢੱਡਵਾੜ, ਭਿੰਦਾ ਸੋਹੀ, ਸੁਖਦੀਪ ਸਿੰਘ ਰੰਧਾਵਾ, ਪ੍ਰਸ਼ੋਤਮ ਸਿੰਘ ਸੋਹੀ, ਸ਼ਰਨਬੀਰ ਸਿੰਘ ਸੰਘਾ, ਬਲਦੇਵ ਔਜਲਾ ਬੁਲਟ, ਗੁਰਮੀਤ ਸਿੰਘ ਰੰਧਾਵਾ, ਲਵਲੀ ਰੰਧਾਵਾ, ਅਮਰੀਕ ਸਿੰਘ ਲੱਡੂ, ਚੰਡੀਗੜ੍ਹੀਆ, ਮਿ: ਗੋਗੀ, ਮਿ: ਬਖਸ਼ੀ ਆਦਿ ਸਮੇਤ ਪ੍ਰੀਵਾਰਕ ਰਿਸ਼ਤੇਦਾਰ ਅਤੇ ਦੋਸਤ ਪਹੁੰਚੇ ਹੋਏ ਸਨ।

ਨੋਟ:- ਪਾਰਟੀ ਦੀਆਂ ਹੋਰ ਰੰਗਦਾਰ ਤਸਵੀਰਾਂ ਆਖਰੀ 52 ਪੰਨੇ 'ਤੇ ਦੇਖੋ:

# ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਵੱਲੋਂ ਸੁਖਬੀਰ ਅਤੇ ਧਾਮੀ ਖ਼ਿਲਾਫ਼ ਜਥੇਦਾਰ ਨੂੰ ਕੀਤੀ ਸ਼ਿਕਾਇਤ

## ✪ ਸੁਖਬੀਰ ਤਨਖਾਹੀਆ ਹੋਣ ਦੇ ਬਾਵਜੂਦ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨਾਲ ਮੀਟਿੰਗਾਂ ਕਰਕੇ ਸਿਧਾਂਤਾਂ ਨੂੰ ਲਾ ਰਿਹਾ ਢਾਹ

ਅੰਮ੍ਰਿਤਸਰ-ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਨਾਲ ਸਬੰਧਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚਾਰ ਮੈਂਬਰਾਂ ਨੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਪੱਤਰ ਦੇ ਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ



ਬਾਦਲ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਖ਼ਿਲਾਫ਼ ਸ੍ਰੀ ਅਕਾਲ ਤਖ਼ਤ ਦੇ ਹੁਕਮਾਂ ਦੀ ਉਲੰਘਣਾ ਕਰਨ ਦਾ ਦੋਸ਼ ਲਾਇਆ ਹੈ ਅਤੇ ਕਾਰਵਾਈ ਦੀ ਮੰਗ ਕੀਤੀ ਹੈ।

ਇਹ ਪੱਤਰ ਸ਼੍ਰੋਮਣੀ ਕਮੇਟੀ ਮੈਂਬਰ ਮਾਸਟਰ ਮਿੱਠੂ ਸਿੰਘ ਕਾਹਣੇਕੇ, ਮਹਿੰਦਰ ਸਿੰਘ ਹੁਸੈਨਪੁਰ, ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਅਤੇ ਮਲਕੀਤ ਸਿੰਘ ਸਣੇ ਹੋਰ ਆਗੂਆਂ ਵੱਲੋਂ ਦਿੱਤਾ ਗਿਆ। ਪੱਤਰ ਰਾਹੀਂ ਉਨ੍ਹਾਂ ਦੋਸ਼ ਲਾਇਆ ਕਿ ਅਕਾਲ ਤਖ਼ਤ ਵੱਲੋਂ ਸੁਖਬੀਰ ਬਾਦਲ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ ਪਰ ਉਹ ਇਸ ਦੇ ਬਾਵਜੂਦ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ, ਪ੍ਰਧਾਨ ਅਤੇ ਹੋਰਨਾਂ ਨਾਲ ਸਿੱਧੇ ਤੌਰ 'ਤੇ ਮੀਟਿੰਗਾਂ ਕਰਕੇ ਤਖ਼ਤ ਦੇ ਸਿਧਾਂਤਾਂ ਨੂੰ ਢਾਹ ਲਾ ਰਿਹਾ।

ਇਹ ਮੀਟਿੰਗ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਨੂੰ ਚੁਣਨ ਲਈ ਕੀਤੀਆਂ ਜਾ ਰਹੀਆਂ ਹਨ। ਇਸੇ ਤਰ੍ਹਾਂ ਸ੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਵੀ ਅਕਾਲ ਤਖ਼ਤ ਤੋਂ ਜਾਰੀ ਹੋਏ ਹੁਕਮਨਾਮੇ ਨੂੰ ਨਹੀਂ ਮੰਨਿਆ ਜਾ ਰਿਹਾ ਅਤੇ ਤਨਖਾਹੀਆ ਕਰਾਰ ਦਿੱਤੇ ਸੁਖਬੀਰ ਨਾਲ ਨਿਰੰਤਰ ਸੰਪਰਕ ਵਿੱਚ ਹਨ। ਸ੍ਰੋਮਣੀ ਕਮੇਟੀ ਦੇ ਮੈਂਬਰਾਂ ਨੇ ਪੱਤਰ ਵਿੱਚ ਨੌਂ ਮੁੱਦੇ ਰੱਖੇ ਹਨ।

ਇਸ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਅਤੇ ਬਲਵੰਤ ਸਿੰਘ ਰਾਜੋਆਣਾ ਦੇ ਮਾਮਲੇ ਵਿੱਚ ਕੋਈ ਠੋਸ ਕਾਰਵਾਈ ਨਾ ਕਰਨਾ। 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਸੀਏ ਕੋਹਲੀ ਕੋਲੋਂ ਬਣਦੀ ਕਰੋੜਾਂ ਰੁਪਇਆਂ ਦੀ ਰਕਮ ਹੁਣ ਤੱਕ ਨਾ ਵਸੂਲਣਾ, ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ਼ੀ ਦੇਣ ਦੇ ਮਾਮਲੇ ਵਿੱਚ ਦਿੱਤੇ ਇਸ਼ਤਿਆਰਾਂ ਬਾਰੇ, ਹਰਿਮੰਦਰ ਸਾਹਿਬ ਵਿੱਚ ਹੁੰਦੇ ਗੁਰਬਾਣੀ ਦੇ ਪ੍ਰਸਾਰਨ ਲਈ ਹੁਣ ਤੱਕ ਆਪਣੇ ਚੈਨਲ ਚਲਾਉਣ ਵਿੱਚ ਅਸਫ਼ਲ ਰਹਿਣ, ਸ੍ਰੋਮਣੀ ਕਮੇਟੀ ਨੂੰ ਵੰਡ ਕੇ ਹਰਿਆਣਾ ਕਮੇਟੀ ਬਣਾਉਣ ਦੇ ਮਾਮਲੇ ਵਿੱਚ ਵੀ ਸ੍ਰੋਮਣੀ ਅਕਾਲੀ ਦਲ ਅਤੇ ਸ੍ਰੋਮਣੀ ਕਮੇਟੀ ਦੋਵੇਂ ਸਿੱਖ ਕੌਮ ਨੂੰ ਕੋਈ ਠੋਸ ਪ੍ਰੋਗਰਾਮ ਦੇਣ ਵਿੱਚ ਅਸਫ਼ਲ ਰਹੇ। ਇਸ ਤੋਂ ਇਲਾਵਾ ਕੁਝ ਹੋਰ ਵੀ ਦੋਸ਼ ਲਾਏ ਗਏ ਹਨ।

# ਸਿੱਖ ਫੈਡਰੇਸ਼ਨ (ਯੂ.ਕੇ.) ਵੱਲੋਂ ਬਰਤਾਨੀਆਂ ਦੀ ਸੰਸਦ ਵਿੱਚ ਸੰਸਦ ਮੈਂਬਰਾਂ ਨਾਲ ਪ੍ਰਭੁਸੱਤਾ ਸੰਪੰਨ ਸਿੱਖ ਰਾਜ ਬਾਰੇ ਗੱਲਬਾਤ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਅੰਤਰਰਾਸ਼ਟਰੀ ਸਿੱਖ ਫੈਡਰੇਸ਼ਨ ਦੇ ਗਠਨ ਤੋਂ ਬਾਅਦ ਬਰਤਾਨੀਆਂ ਦੀ ਸੰਸਦ ਵਿੱਚ ਸਿੱਖ ਆਗੂਆਂ ਅਤੇ ਸੰਸਦ ਮੈਂਬਰਾਂ ਵਿਚਕਾਰ ਸਿੱਖ ਮੁੱਦਿਆਂ ਤੇ ਗੱਲਬਾਤ ਹੋਈ। ਇਸ ਮੌਕੇ ਕੈਨੇਡਾ ਅਤੇ ਭਾਰਤ ਦੇ ਸਬੰਧਾਂ ਬਾਰੇ ਵੀ ਚਰਚਾ ਹੋਈ। ਫੈਡਰੇਸ਼ਨ ਵੱਲੋਂ ਸ: ਦਬਿੰਦਰਜੀਤ ਸਿੰਘ ਨੇ ਅਗਵਾਈ ਕਰਦਿਆਂ ਬੀਤੇ ਸਮੇਂ ਵਿੱਚ ਵਾਪਰੀਆਂ ਘਟਨਾਵਾਂ ਬਾਰੇ ਚਰਚਾ ਕੀਤੀ ਅਤੇ ਸੰਸਦ ਮੈਂਬਰਾਂ ਨੂੰ ਵੱਖ ਵੱਖ ਪਹਿਲੂਆਂ ਤੋਂ ਜਾਣੂ ਕਰਵਾਇਆ।

ਆਗੂਆਂ ਨੇ ਇਸ ਮੌਕੇ ਦੱਸਿਆ ਕਿ ਭਾਰਤ ਵਿਦੇਸ਼ਾਂ ਵਿੱਚ ਜ਼ਬਰ ਕਰ ਰਿਹਾ ਹੈ ਅਤੇ ਸਿਆਸੀ ਦਖ਼ਲ ਅੰਦਾਜ਼ੀ ਕਰ ਰਿਹਾ ਹੈ। ਕੈਨੇਡੀਅਨ ਸਿੱਖ ਕਾਰਕੁੰਨਾਂ ਮਨਿੰਦਰ ਸਿੰਘ ਅਤੇ ਪ੍ਰਭਜੋਤ ਸਿੰਘ ਨੇ ਯੂ ਕੇ ਦੇ ਸੰਸਦ ਮੈਂਬਰਾਂ ਅਤੇ ਸਾਥੀਆਂ ਨਾਲ ਕੈਨੇਡੀਅਨ ਧਰਤੀ 'ਤੇ ਸਿੱਖ ਨੇਤਾ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਅਤੇ ਭਾਰਤ 'ਤੇ ਲੱਗੇ ਦੋਸ਼ਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਸਾਂਝੀ ਕੀਤੀ।

ਸਿੱਖ ਆਗੂਆਂ ਨੇ ਕਿਹਾ ਕਿ ਅਸੀਂ ਯੂ ਕੇ ਦੀ



ਸੰਸਦ ਵਿੱਚ ਸੰਸਦ ਮੈਂਬਰਾਂ ਨੂੰ ਪ੍ਰਭੂਸੱਤਾ ਸੰਪੰਨ ਸਿੱਖ ਰਾਜ, ਖਾਲਿਸਤਾਨ ਲਈ ਮੁਹਿੰਮ ਚਲਾ ਰਹੇ ਡਾਇਸਪੋਰਾ ਵਿੱਚ ਭਾਰਤ ਸਰਕਾਰ ਦੇ ਅੰਤਰ-ਰਾਸ਼ਟਰੀ ਦਮਨ ਅਤੇ ਰਾਜਨੀਤਿਕ ਦਖਲਅੰਦਾਜ਼ੀ ਬਾਰੇ ਜਾਣਕਾਰੀ ਦਿੱਤੀ ਹੈ।

ਸਿੱਖ ਆਗੂਆਂ ਨੇ ਕਿਹਾ ਕਿ ਅਜ਼ਾਦੀ ਦੇ ਇਸ ਸੰਘਰਸ਼ ਵਿੱਚ ਰਾਜਨੀਤਿਕ ਇੱਛਾ ਸ਼ਕਤੀ ਦਿਖਾਉਣ ਦੀ ਲੋੜ ਹੈ ਅਤੇ ਦੁਨੀਆ ਭਰ ਦੇ ਸਿੱਖਾਂ ਦੇ ਆਪਣੇ ਅਧਿਕਾਰਾਂ ਦੀ ਵਰਤੋਂ ਕਰਨ ਦੇ ਹੱਕ ਲਈ ਇਕਮੁੱਠਤਾ ਅਤੇ ਸਮਰਥਨ ਦਿਖਾਉਣ ਦੀ ਲੋੜ ਹੈ। ਇਸ ਮੌਕੇ ਐਮ ਪੀ ਪ੍ਰੀਤ ਕੌਰ ਗਿੱਲ, ਐਮ ਪੀ ਜਸ ਅਠਵਾਲ, ਐਮ ਪੀ ਉੱਪਲ, ਐਮ ਪੀ ਰੂਥ ਕੈਡਬਰੀ, ਭਾਈ ਅਮਰੀਕ ਸਿੰਘ ਗਿੱਲ, ਮਨਕਮਲ ਸਿੰਘ ਆਦਿ ਹਾਜ਼ਰ ਸਨ।


## ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ

ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਅਖ਼ਬਾਰ ਖਰੀਦ ਕੇ ਪੜ੍ਹੋ ਜੀ । ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ ।

ਫ਼ੋਨ ਨੰਬਰ: 01332 372851

# ਫਰੈਂਕਫਰਟ ਵਿੱਚ ਵਰਲਡ ਸਿੱਖ ਪਾਰਲੀਮੈਂਟ ਦਾ ਪੰਜਵਾਂ ਜਨਰਲ ਇਜਲਾਸ ਸਫਲਤਾ ਪੂਰਵਕ ਹੋਇਆ ਸੰਪੰਨ

## ਇਜਲਾਸ ਸਿੱਖ ਕੌਮ ਦੀ ਏਕਤਾ, ਸ਼ਕਤੀ ਅਤੇ ਸਾਂਝੇ ਉਦੇਸ਼ ਦਾ ਇੱਕ ਸ਼ਕਤੀਸ਼ਾਲੀ ਪ੍ਰਗਟਾਵਾ

ਫਰੈਂਕਫਰਟ, ਜਰਮਨੀ - (ਸਰਬਜੀਤ ਸਿੰਘ ਬਨੂੜ) - ਵਰਲਡ ਸਿੱਖ ਪਾਰਲੀਮੈਂਟ ਦੇ ਪੰਜਵੇਂ ਸਾਲਾਨਾ ਜਨਰਲ ਇਜਲਾਸ ਜਰਮਨੀ ਦੇ ਸ਼ਹਿਰ ਫਰੈਂਕਫਰਟ ਵਿੱਚ ਸਫਲਤਾ ਪੂਰਵਕ ਆਯੋਜਨ ਕੀਤਾ ਗਿਆ। ਅਮਰੀਕਾ, ਕਨੇਡਾ, ਆਸਟਰੇਲੀਆ, ਯੂਰਪ ਭਰ ਅਤੇ ਯੂਕੇ ਤੋਂ ਪਹੁੰਚੇ 100 ਤੋਂ ਜ਼ਿਆਦਾ ਡੈਲੀਗੇਟਾਂ ਨੇ ਸੈਸ਼ਨ ਵਿੱਚ ਭਾਗ ਲਿਆ ਅਤੇ ਪੰਥਕ ਮੁੱਦਿਆ, ਭਵਿੱਖ ਦੇ ਪ੍ਰੋਗਰਾਮ ਉਲੀਕੇ ਗਏ ਤੇ ਤੇ ਵਿਚਾਰਾਂ ਕੀਤੀਆਂ ਗਈਆਂ। ਸਿੱਖ ਕੌਮ ਦੀ ਏਕਤਾ, ਸ਼ਕਤੀ ਅਤੇ ਸਾਂਝੇ ਉਦੇਸ਼ ਦਾ ਇੱਕ ਪ੍ਰਭਾਵਸ਼ਾਲੀ ਪ੍ਰਗਟਾਵਾ ਸੀ।

ਸੈਸ਼ਨ ਵਿੱਚ ਵਰਲਡ ਸਿੱਖ ਪਾਰਲੀਮੈਂਟ ਦੇ ਮੈਂਬਰਾਂ ਅਤੇ ਆਬਜ਼ਰਵਰਾਂ ਨੇ ਪਿਛਲੇ ਸਾਲ ਵਿੱਚ ਕੀਤੇ ਕੰਮ ਦੀ ਪੜਚੋਲ ਕੀਤੀ ਅਤੇ ਅਗਲੇ ਸਾਲ ਵਿੱਚ ਕੀਤੇ ਜਾਣ ਬਾਰੇ ਕੰਮਾਂ ਬਾਰੇ ਵਿਚਾਰਾਂ ਕੀਤੀਆਂ ਗਈਆਂ । ਸਾਰੇ ਮੈਂਬਰਾਂ ਨੇ ਸਿੱਖਾਂ ਨੂੰ ਦਰਪੇਸ਼ ਮੁਸ਼ਕਿਲਾਂ ਬਾਰੇ ਆਪਣੇ ਵਿਚਾਰ ਰੱਖੇ ਤੇ ਮਿਲ ਕੇ ਕੀਤੇ ਜਾ ਸਕਣ ਵਾਲੇ ਕੰਮਾਂ ਪ੍ਰਤੀ ਆਪਣੇ ਸੁਝਾਅ ਦਿੱਤੇ। 12 ਘੰਟੇ ਚੱਲੇ ਇਸ ਸੈਸ਼ਨ ਵਿੱਚ ਪਾਸ ਕੀਤੇ ਜਾਣ ਵਾਲੇ ਮਤਿਆ ਉੱਤੇ ਵਿਚਾਰ ਵਟਾਂਦਰਾ ਵੀ ਹੋਇਆ । ਖੁੱਲ੍ਹੇ ਸੈਸ਼ਨ ਵਿੱਚ ਜਰਮਨੀ ਅਤੇ ਯੂਰਪ ਭਰ ਤੋਂ ਪੰਥ ਦਰਦੀ ਸਿੱਖਾਂ ਨੇ ਵੀ ਸ਼ਮੂਲੀਅਤ ਕੀਤੀ। ਇਸ ਸੈਸ਼ਨ ਦੀ ਅਰੰਭਤਾ ਭਾਈ ਜਸਵਿੰਦਰ ਸਿੰਘ ਹਾਲੈਂਡ ਵੱਲੋਂ ਪੰਜ ਮੂਲ ਮੰਤਰ ਦੇ ਜਾਪ ਅਤੇ ਅਮਰੀਕਾ ਤੋਂ ਬੀਬੀ ਬਚਨ ਸਿੰਘ ਵੱਲੋਂ ਕੀਤੀ ਅਰਦਾਸ ਨਾਲ ਹੋਈ। ਭਾਈ ਗੁਰਚਰਨ ਸਿੰਘ ਗੁਰਾਇਆ ਨੇ ਸਵਾਗਤੀ ਭਾਸ਼ਣ ਦਿੱਤਾ ਤੇ ਅਮਰੀਕਾ ਦੇ ਖਾਲਿਸਤਾਨ ਆਗੂ ਡਾ. ਅਮਰਜੀਤ ਸਿੰਘ ਨੇ ਸਪੀਕਰ ਦੀ ਜ਼ਿੰਮੇਵਾਰੀ ਸੰਭਾਲਦਿਆਂ ਵਰਲਡ ਸਿੱਖ ਪਾਰਲੀਮੈਂਟ ਦੀ ਹੋਂਦ ਦਾ ਮਕਸਦ ਅਤੇ ਪਾਰਲੀਮੈਂਟ ਦੇ ਕਾਰਜਾਂ ਬਾਰੇ ਜਾਣਕਾਰੀ ਦਿੱਤੀ। ਪੰਜਵੇਂ ਸੈਸ਼ਨ ਦੀ ਅਹਿਮੀਅਤ ਨੂੰ ਦੱਸਿਆ ਕੌਮੀ ਸਿੱਖਾਂ ਦੇ ਇਕੱਠ ਨੂੰ ਜ਼ਾਲਮ ਭਾਰਤੀ ਸਰਕਾਰ ਨੂੰ ਸੁਨੇ-ਹਾ ਦਿੰਦਿਆਂ ਮੌਜੂਦਾ ਸਿੱਖ ਸੰਘਰਸ਼ ਵਿੱਚ ਡੇਢ ਲੱਖ ਸ਼ਹੀਦਾਂ ਨੂੰ ਯਾਦ ਕਰਦਿਆਂ ਅਤੇ ਉਹਨਾਂ ਦੇ ਨਕਸ਼ੇ ਕਦਮਾਂ ਤੇ ਚੱਲਣ ਦਾ ਪ੍ਰਣ ਕੀਤਾ ਗਿਆ। ਉਨ੍ਹਾਂ ਕਿਹਾ ਕਿ ਵਰਲਡ ਸਿੱਖ ਪਾਰਲੀਮੈਂਟ ਇਕ ਪਾਰਟੀ ਨਹੀਂ ਬਲਕਿ ਸਿੱਖ ਮਿਸਲਾਂ ਵਾਲਾ ਮਾਡਲ ਹੈ ਅਤੇ ਉਸੇ ਇਤਿਹਾਸ ਤੋਂ ਹੀ ਸੇਧ ਲਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕੋਈ ਇੱਕੱਲੀ ਜਥੇਬੰਦੀ ਪੰਥ ਦੇ ਕਾਰਜ ਨਹੀਂ ਕਰ ਸਕਦੀ ਬਲਕਿ ਸਾਂਝੀ ਅਗਵਾਈ ਹੀ ਮੌਜੂਦਾ ਚੁਣੌਤੀਆਂ ਦਾ ਹੱਲ ਹੈ ਅੱਜ ਜਦੋਂ ਟਰਾਂਸਨੈਸ਼ਨਲ ਰਿਪਰੈਸ਼ਨ ਭਾਰਤੀ ਸਰਕਾਰ ਵੱਲੋਂ ਕੀਤਾ ਜਾ ਰਿਹਾ ਹੈ ਉਦੋਂ ਤਾਂ ਇਹ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ। ਡਾ: ਅਮਰਜੀਤ ਸਿੰਘ ਨੇ ਕਿਹਾ ਕਿ ਅੱਜ ਦਾ ਸਮਾਂ ਬਹੁਤ ਚੁਣੌਤੀਆਂ ਭਰਿਆ ਹੈ ਇਸ ਵਿੱਚ ਵਰਲਡ ਸਿੱਖ ਪਾਰਲੀਮੈਂਟ ਦੀ ਅਹਿਮ ਭੂਮਿਕਾ ਹੋਵੇਗੀ।

ਇਸ ਮੌਕੇ ਭਾਈ ਮਨਪ੍ਰੀਤ ਸਿੰਘ ਅਤੇ ਭਾਈ ਹਿੰਮਤ ਸਿੰਘ ਨੇ ਪਿਛਲੇ ਸਾਲ ਦੌਰਾਨ ਵਰਲਡ ਸਿੱਖ ਪਾਰਲੀਮੈਂਟ ਦੇ ਕੀਤੇ ਕਾਰਜਾਂ ਦੀ ਜਾਣਕਾਰੀ ਦਿੱਤੀ ਗਈ ਜਿਸ ਵਿੱਚ ਯੂ ਐਨ ਓ ਵਿੱਚ ਸਿੱਖ ਮੁੱਦਿਆ ਨੂੰ ਉਠਾਉਣਾ, ਹਿਊਮਨ ਰਾਈਟਜ਼ ਕਮਿਸ਼ਨ ਵੱਲੋਂ ਭਾਰਤ ਸਰਕਾਰ ਦੇ ਕੀਤੇ ਰਿਵਿਊ ਵਿੱਚ ਹਿੱਸਾ ਪਾਉਣਾ, ਅਮਰੀਕਾ ਦੀ ਸਰਕਾਰ ਨਾਲ ਸਿੱਖਾਂ ਦੀ ਗੱਲਬਾਤ ਅਤੇ ਟਰਾਂਸ ਨੈਸ਼ਨਲ ਰਿਪਰੈਸ਼ਨ ਦੇ ਵਿਰੋਧ ਵਿੱਚ ਕੀਤੇ ਕੰਮਾਂ ਬਾਰੇ ਜਾਣਕਾਰੀ ਦਿੱਤੀ ਗਈ।

ਵਰਲਡ ਸਿੱਖ ਪਾਰਲੀਮੈਂਟ ਦੀ ਧਾਰਮਿਕ ਕੌਂਸਲ ਵੱਲੋਂ ਭਾਈ ਜਸਵਿੰਦਰ ਸਿੰਘ ਹਾਲੈਂਡ ਵੱਲੋਂ ਭਵਿੱਖ ਦੇ ਕਾਰਜਾਂ ਬਾਰੇ ਜਾਣਕਾਰੀ ਦਿੱਤੀ । ਸਿੱਖਿਆ ਕੌਂਸਲ ਦੇ ਭਾਈ ਜਗਜੀਤ ਸਿੰਘ ਨੇ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿੱਚ ਲਾਏ ਜਾਣ ਵਾਲੇ ਕੈਂਪਾਂ ਦੀ ਰੂਪ-ਰੇਖਾ, ਹੋਮ ਅਤੇ ਅੰਦਰੂਨੀ ਮਾਮਲਿਆ ਬਾਰੇ ਕੌਂਸਲ ਦੇ ਭਾਈ ਗੁਰਪ੍ਰੀਤ ਸਿੰਘ ਵੱਲੋਂ ਆਪਣੇ ਨਵੇਂ 'ਮਾਈ ਪਿੰਡ ਪਰਾਜੈਕਟ' ਬਾਰੇ ਦੱਸਿਆ। ਪੰਜਾਬ ਦੇ ਪਿੰਡਾਂ ਵਿੱਚ ਵਾਤਾਵਰਣ, ਸਿਹਤ, ਅਤੇ ਸਮਾਜੀ ਵਿਸ਼ਿਆਂ ਉੱਤੇ ਕੀਤੀ ਜਾ ਰਹੀ ਖੋਜ ਬਾਰੇ ਜਾਣਕਾਰੀ ਦਿੱਤੀ। ਹਿਊਮਨ ਰਾਈਟਜ਼ ਕੌਂਸਲ ਦੇ ਪ੍ਰਭਜੋਤ ਸਿੰਘ ਨੇ ਕਕਾਰਾਂ ਦੀ ਬੇਅਦਬੀ, ਨਸਲੀ ਵਿਤਕਰੇ, ਧਾਰਮਿਕ ਅਜ਼ਾਦੀ ਅਤੇ ਹੋਰ ਵਿਸ਼ਿਆਂ ਉੱਤੇ ਕਾਨੂੰਨੀ ਕਾਰਵਾਈ ਤੋਂ ਲੈ ਕੇ ਜਾਗਰੂਕਤਾ ਫੈਲਾਉਣ ਤੱਕ ਕੌਂਸਲ ਦੇ ਕੀਤੇ ਕੰਮਾਂ ਬਾਰੇ ਜਾਣਕਾਰੀ ਦਿੱਤੀ। ਵਿੱਤੀ ਕੌਂਸਲ ਵੱਲੋਂ ਭਾਈ ਹਰਦਮ ਸਿੰਘ ਅਜ਼ਾਦ ਨੇ ਵਿੱਤੀ ਮਾਮਲਿਆ ਬਾਰੇ ਚੁਣੌਤੀਆਂ ਅਤੇ ਭਵਿੱਖ ਦੀਆਂ ਨੀਤੀਆਂ ਬਾਰੇ ਦੱਸਿਆ । ਸੈਲਫ ਡਿਟਰਮੀਨੇਸ਼ਨ ਕੌਂਸਲ ਬਾਰੇ ਯੂ ਐਨ ਓ ਨਾਲ ਸਬੰਧਤ ਕੌਂਸਲ ਬਾਰੇ ਭਾਈ ਮਨਪ੍ਰੀਤ ਸਿੰਘ ਵੱਲੋਂ ਜਾਣਕਾਰੀ ਦਿਤੀ ਗਈ ਜਿਸ ਵਿੱਚ ਜਨੇਵਾ ਵਿੱਚ ਭਾਰਤ ਸਰਕਾਰ ਦੇ ਹੋਏ ਰਿਵੀਓ ਬਾਰੇ ਜਾਣਕਾਰੀ ਦਿੱਤੀ ਗਈ। ਟਰਾਂਸ ਨੈਸ਼ਨਲ ਰਿਪਰੈਸ਼ਨ ਬਾਰੇ ਅਮਰੀਕਾ ਵਿੱਚ ਪੇਸ਼ ਹੋਏ ਮਤੇ ਵਿੱਚ ਪਹਿਲੀ ਵਾਰ ਖਾਲਿਸਤਾਨ ਸ਼ਬਦ ਨੂੰ ਜੋੜਿਆ ਗਿਆ।

ਵੱਖ-ਵੱਖ ਦੇਸ਼ਾਂ ਦੇ ਨੁੰਮਾਇੰਦਿਆਂ ਅਤੇ ਯੂ ਐਸ ਏ ਸੈਨਟਰਾਂ ਨਾਲ ਹੋਏ ਮੇਲਜੋਲ ਬਾਰੇ ਜਾਣਕਾਰੀ ਦਿੱਤੀ ਗਈ। ਕੈਨੇਡਾ ਤੋਂ ਭਾਈ ਸਿਮਰਨਜੋਤ ਸਿੰਘ ਨੇ ਕਨੇਡਾ ਅਤੇ ਵੈਲਫੇਅਰ ਕੌਂਸਲ ਵੱਲੋਂ ਦੇਸ਼ਾਂ ਵਿਦੇਸ਼ਾਂ ਵਿੱਚ ਕੀਤੇ ਲੋਕ ਭਲਾਈ ਦੇ ਕੰਮਾਂ ਬਾਰੇ ਭਾਈ ਸੰਤੋਖ ਸਿੰਘ ਵੱਲੋਂ ਦੱਸਿਆ ਗਿਆ । ਮੀਡੀਆ ਵਿੱਚ ਸਿੱਖਾਂ ਦੀ ਗੱਲ ਨੂੰ ਪ੍ਰਭਾਵਸ਼ਾਲੀ ਗੱਲ ਨਾਲ ਰੱਖਣ ਲਈ ਭਵਿੱਖ ਵਿੱਚ ਕੀਤੇ ਜਾਣ ਵਾਲੇ ਯਤਨਾਂ ਬਾਰੇ ਭਾਈ ਗੁਰਵਿੰਦਰ ਸਿੰਘ ਆਸਟਰੇਲੀਆ ਅਤੇ ਹਰਜਾਪ ਸਿੰਘ ਜਾਫੀ ਨੇ ਜਾਣਕਾਰੀ ਦਿੱਤੀ । 'ਜਗਤ ਕਸਾਈ' ਬ੍ਰਾਹਮਣਾਂ ਅਤੇ ਜਾਤ ਪਾਤ ਬਾਰੇ ਬਹੁਤ ਹੀ ਵਡਮੁੱਲੀ ਜਾਣਕਾਰੀ ਭਾਈ ਸ਼ਾਮ ਸਿੰਘ ਆਸਟ੍ਰੇਲੀਆ ਵਾਲਿਆ ਨੇ ਦਿੱਤੀ। ਡਾ: ਇਕਤਦਾਰ ਚੀਮਾ ਨੇ ਅੰਤਰਾਸ਼ਟਰੀ ਹਾਲਾਤਾਂ ਦੇ ਸਨਮੁੱਖ ਸਿੱਖਾਂ ਨੂੰ ਕਰਨ ਵਾਲੇ ਕੰਮਾਂ ਬਾਰੇ ਵਿਚਾਰਾਂ ਦਿੱਤੀਆਂ। ਸੈਸ਼ਨ ਦੇ ਦੂਸਰੇ ਹਿੱਸੇ ਵਿੱਚ ਯੂਰਪ ਦੇ ਨੌਜਵਾਨਾਂ ਨੂੰ ਸਥਾਨਕ ਸਿਆਸਤ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕਰਨ ਦੇ ਨਿਸ਼ਾਨੇ ਨਾਲ ਸਿੱਖ ਯੂਥ ਰਣਨੀਤੀ ਸੈਸ਼ਨ ਕਰਵਾਇਆ ਗਿਆ ਜਿਸ ਵਿੱਚ ਵੱਡੀ ਗਿਣਤੀ ਵਿੱਚ ਯੂਰਪ ਭਰ ਦੇ ਨੌਜਵਾਨਾਂ ਨੇ ਹਿੱਸਾ ਲਿਆ ਤੇ ਪੰਥਕ ਆਗੂਆਂ ਦੇ ਵਿਚਾਰ ਸੁਣੇ । ਇਸ ਮੌਕੇ ਜਰਮਨ ਤੋਂ ਗਰੀਨ ਪਾਰਟੀ ਦੀ ਬੀਬੀ ਮਹਿਵਿਸ਼ ਇਫਤਿਖਾਰ ਅਤੇ ਡਾ: ਇਰਾਨਬੋਮੀ ਨੇ ਸੰਬੋਧਨ ਕੀਤਾ ਤੇ ਨੌਜਵਾਨਾਂ ਨੂੰ ਜਰਮਨ ਸਿਆਸਤ ਵਿੱਚ ਵਧ ਚੜ੍ਹ ਕੇ ਹਿੱਸਾ ਲੈਣ ਬਾਰੇ ਕਿਹਾ ਗਿਆ। ਇਸ ਤੋਂ ਬਾਅਦ ਇੱਕ ਲੰਮਾਂ ਸਵਾਲ ਜਵਾਬ ਸੈਸ਼ਨ ਚੱਲਿਆ ਜਿਸ ਵਿੱਚ ਡਾ: ਅਮਰਜੀਤ ਸਿੰਘ, ਭਾਈ ਗੁਰਪ੍ਰੀਤ ਸਿੰਘ, ਭਾਈ ਮਨਪ੍ਰੀਤ ਸਿੰਘ, ਭਾਈ ਪ੍ਰਭ ਸਿੰਘ, ਡਾ: ਤੇਜਪਾਲ ਸਿੰਘ ਅਤੇ ਜਗਜੀਤ ਸਿੰਘ ਨੇ ਨੌਜਵਾਨਾਂ ਦੇ ਸਵਾਲਾਂ ਦੇ ਜਵਾਬ ਦਿੱਤੇ।



ਵਰਲਡ ਸਿੱਖ ਪਾਰਲੀਮੈਂਟ ਦੇ ਫਰੈਂਕਫੋਰਟ ਵਿਖੇ ਹੋਏ ਪੰਜਵੇਂ ਅਜਲਾਸ ਵਿੱਚ ਸੰਬੋਧਨ ਕਰਦੇ ਹੋਏ ਪੰਥਕ ਆਗੂ

# ਬਰਤਾਨੀਆ ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀਆਂ ਵਿਚਕਾਰ ਭਾਰਤ ਨਾਲ ਵਧਦੇ ਤਣਾਅ ਸਬੰਧੀ ਵਿਸ਼ੇਸ਼ ਗੱਲਬਾਤ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤ ਅਤੇ ਕੈਨੇਡਾ ਵਿਚਾਲੇ ਹਰਦੀਪ ਸਿੰਘ ਨਿੱਝਰ ਮਾਮਲੇ ਨੂੰ ਲੈ ਕੇ ਕੈਨੇਡਾ ਅਤੇ ਭਾਰਤ ਨਾਲ ਵਧਦੇ ਤਣਾਅ ਵਿਚਕਾਰ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੇ ਬਰਤਾਨਵੀ ਹਮਰੁਤਬਾ ਕੀਰ ਸਟਾਰਮਰ ਨਾਲ ਗੱਲਬਾਤ ਕੀਤੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਭਾਰਤ ਸਰਕਾਰ ਨਾਲ ਜੁੜੇ ਏਜੰਟਾਂ ਦੁਆਰਾ ਕੈਨੇਡੀਅਨ ਨਾਗਰਿਕਾਂ ਵਿਰੁੱਧ ਇੱਕ ਨਿਸ਼ਾਨਾ ਮੁਹਿੰਮ ਨਾਲ ਸਬੰਧਤ ਤਾਜ਼ਾ ਘਟਨਾਕ੍ਰਮ ਬਾਰੇ ਚਰਚਾ ਕੀਤੀ। ਇਸ ਵਿਚ ਕਿਹਾ ਗਿਆ ਹੈ ਕਿ ਨੇਤਾਵਾਂ ਨੇ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੇ ਨਾਲ-ਨਾਲ ਕਾਨੂੰਨ ਦੇ ਰਾਜ ਨੂੰ ਬਰਕਰਾਰ ਰੱਖਣ ਦੇ ਮਹੱਤਵ 'ਤੇ ਚਰਚਾ ਕੀਤੀ ਹੈ। ਟਰੂਡੋ ਨੇ ਇਸ ਨਾਜ਼ੁਕ ਮੁੱਦੇ ਨੂੰ ਹੱਲ ਕਰਨ ਲਈ ਭਾਰਤ ਨਾਲ ਸਹਿਯੋਗ ਲਈ ਕੈਨੇਡਾ ਦੀ ਵਚਨਬੱਧਤਾ 'ਤੇ ਜ਼ੋਰ ਵੀ ਦਿੱਤਾ।

ਕੈਨੇਡੀਅਨ ਪ੍ਰਧਾਨ ਮੰਤਰੀ ਟਰੂਡੋ ਅਤੇ ਬਰਤਾਨਵੀ ਪ੍ਰਧਾਨ ਮੰਤਰੀ ਸਟਾਰਮਰ ਨਜ਼ਦੀਕੀ ਅਤੇ ਨਿਯਮਤ ਸੰਪਰਕ ਵਿੱਚ ਬਣੇ ਰਹਿਣ 'ਤੇ ਸਹਿਮਤ ਹੋਏ। ਟਰੂਡੋ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ 'ਤੇ ਖਾਲਿਸਤਾਨੀ ਕਾਰਕੁਨ ਭਾਈ ਹਰਦੀਪ ਸਿੰਘ ਨਿੱਝਰ ਦੀ ਹੱਤਿਆ 'ਚ ਭਾਰਤ ਦਾ ਹੱਥ ਹੋਣ ਦੇ ਸਬੂਤ ਹਨ। ਜਦ ਕਿ ਭਾਰਤ ਨੇ ਸਾਰੇ ਦੋਸ਼ਾਂ ਨੂੰ "ਬੇਹੂਦਾ" ਅਤੇ "ਪ੍ਰੇਰਿਤ" ਕਰਾਰ ਦਿੰਦੇ ਹੋਏ ਕੈਨੇਡਾ ਸਰਕਾਰ ਵੱਲੋਂ ਲਾਏ ਦੋਸ਼ਾਂ ਤੋਂ ਇਨਕਾਰ ਕੀਤਾ ਹੈ ਅਤੇ ਕੈਨੇਡਾ 'ਤੇ ਉਨ੍ਹਾਂ ਦੇ ਦੇਸ਼ ਵਿਚ ਕੱਟੜਪੰਥੀ ਅਤੇ ਭਾਰਤ ਵਿਰੋਧੀ ਤੱਤਾਂ ਨੂੰ ਜਗ੍ਹਾ ਦੇਣ ਦਾ ਦੋਸ਼ ਲਗਾਇਆ ਹੈ।

# ਜਿਨ੍ਹਾਂ ਕੀਤੇ ਸੀ ਐਗਜ਼ਿਟ ਪੋਲ, ਉਹ ਲੈ ਜਾਣ ਮੱਝ ਖੋਲ੍ਹ!

ਸਾਡੇ ਬਜ਼ੁਰਗ ਹੱਸ ਹੱਸ ਕੇ ਇਹ ਗੱਲ ਸੁਣਾਇਆ ਕਰਦੇ ਸਨ। ਸੰਨ ਸੰਤਾਲੀ ਤੋਂ ਸਾਡੇ ਪਿੰਡ ਮੁਸਲਿਮ ਪ੍ਰਵਾਰਾਂ ਵਿਚ ਕੁੱਝ ਮੀਰਜ਼ਾਦੇ ਵੀ ਸਨ। ਉਦੋਂ ਸਾਡੇ ਪਿੰਡੋਂ ਦਰਿਆ ਸਤਲੁਜ ਵਾਲੇ ਪਾਸੇ ਪਸ਼ੂ ਚਰਾਉਣ ਲਈ ਵੱਗ ਛੁੱਟਦਾ ਹੁੰਦਾ ਸੀ। ਪਿੰਡ ਦਾ ਰੱਖਿਆ ਹੋਇਆ ਮਾਲੀ ਵੀ ਵੱਗ ਵਿਚ ਹੀ ਫਿਰਦਾ ਰਹਿੰਦਾ ਸੀ। ਪਾਲੀ ਨੇ ਰੋਜ਼ ਵੱਗ ਹਿੱਕ ਲਿਜਾਣਾ ਤੇ ਸ਼ਾਮ ਵੇਲੇ ਰੱਜੇ ਹੋਏ ਪਸ਼ੂ ਮੋੜ ਲਿਆਉਣੇ। ਉਨ੍ਹਾਂ ਪਸ਼ੂਆਂ ਵਿਚ ਇਕ ਝੋਟੀ ਮੀਰਜ਼ਾਦੇ ਦੀ ਵੀ ਸ਼ਾਮਲ ਹੁੰਦੀ ਸੀ। ਇਕ ਸ਼ਾਮ ਸਿੱਧਰੇ ਜਿਹੇ ਪਾਲੀ ਨੇ ਮੀਰਜ਼ਾਦੇ ਨੂੰ ਦੱਸਿਆ ਕਿ ਤੇਰੀ ਝੋਟੀ 'ਆਸੇ' ਲੱਗ ਗਈ ਐ।

ਲਉ ਜੀ ਮੀਰਜ਼ਾਦੇ ਨੇ ਫਿਰ ਦੂਜੇ ਪਸ਼ੂਆਂ ਨਾਲੋਂ ਵੀ ਜਿਆਦਾ ਗੌਰ ਨਾਲ ਝੋਟੀ ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਨਲ੍ਹਾਉਣ ਧੁਲਾਉਣ ਤੋਂ ਇਲਾਵਾ ਰੁੱਤ ਮੁਤਾਬਕ ਝੋਟੀ ਨੂੰ ਤਾਰਾਮੀਰਾ ਲੂਣ ਵਗੈਰਾ ਚਰਾਉਣ ਲੱਗ ਪਿਆ। ਝੋਟੀ ਵੀ ਦੇਹੀ-ਪਿੰਡੇ ਦਾ ਰੰਗ-ਢੰਗ ਬਦਲਣ ਲੱਗ ਪਈ! ਉਹ ਵਿਉਂਤਾਂ ਲਾਉਣ ਲੱਗਾ ਕਿ ਸੂਈ ਝੋਟੀ ਵੇਚ ਕੇ ਉਹ ਆਪਣੀ ਪ੍ਰਭਾਣੀ ਨੂੰ ਕੋਈ ਟੁੰਬ-ਛੱਲਾ ਖ੍ਰੀਦ ਕੇ ਦਏਗਾ!

ਅੱਠਵੇਂ ਮਹੀਨੇ ਜਾ ਕੇ ਕਿਸੇ ਸਿਆਣੇ ਦੀ ਸਲਾਹ 'ਤੇ ਮੀਰਜ਼ਾਦੇ ਨੇ ਇਕ ਸਲੋਤਰੀ ਨੂੰ ਝੋਟੀ ਚੈੱਕ ਕਰਵਾਈ।

ਸਲੋਤਰੀ ਨੇ ਦੱਸਿਆ ਕਿ ਮੀਰ ਝੋਟੀ ਤਾਂ ਤੇਰੀ 'ਖਾਲੀ' ਹੈ ਬਈ! ਸੁਣਤੋ-ਸੁਣਤੋ ਇਹ ਗੱਲ ਸਾਰੇ ਪਿੰਡ 'ਚ ਫੈਲ ਗਈ।

ਕਹਿੰਦੇ ਮੀਰਜ਼ਾਦੇ ਨੂੰ ਜਿਹੜਾ ਵੀ ਕੋਈ ਪਿੰਡ ਵਾਸੀ ਅਫਸੋਸ-ਨੁਮਾ ਭਾਸ਼ਾ ਵਿਚ ਝੋਟੀ ਖਾਲੀ ਹੋਣ ਬਾਰੇ ਪੁੱਛਿਆ ਕਰੇ ਤਾਂ ਅੱਗਿਉਂ ਮੀਰਜ਼ਾਦਾ ਕਿਹਾ ਕਰੇ- "ਓ ਭਰਾਵੋ ਮੈਂ ਤਾਂ ਹੁਣ 'ਖੁੰਡਰਾਈ ਹੋਈ' ਮੱਝ-ਗਾਂ ਨੂੰ ਵੀ 'ਸੂਣ ਵਾਲੀ' ਨਾ ਮੰਨਿਆਂ ਕਰੂੰਗਾ!"

(ਖੁੰਡਰਾਈ ਦਾ ਮਤਲਬ-ਦਿਨ ਪੂਰੇ ਹੋਣ 'ਤੇ ਗਾਵਾਂ-ਮੱਝਾਂ ਜਦ ਸੂਣ ਵੇਲੇ ਵਾਰ-ਵਾਰ 'ਬਹਿਣ-ਉੱਠਣ' ਲੱਗਦੀਆਂ ਨੇ ਤਾਂ ਉਦੋਂ ਕਟਰੂ-ਬਛਰੂ ਦੇ ਨਿੱਕੇ-ਨਿੱਕੇ ਪੈਰ ਬਾਹਰ ਦਿਸਣ ਲੱਗ ਪੈਂਦੇ ਨੇ)

*-ਤਰਲੋਚਨ ਸਿੰਘ 'ਦੁਪਾਲ ਪੁਰ'*

# ਯੂ.ਕੇ. 'ਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਗੁਰਮਤਿ ਵਿਦਿਆਲਾ ਬ੍ਰਿਸਟਲ ਦੇ ਵਿਕਾਸ ਕਾਰਜਾਂ ਦੀਆਂ ਯੋਜਨਾਵਾਂ ਨੂੰ ਸਰਕਾਰੀ ਮਨਜ਼ੂਰੀ ਮਿਲੀ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ)**-ਯੂ.ਕੇ. ਦੇ ਬ੍ਰਿਸਟਲ ਸ਼ਹਿਰ ਵਿਚ ਦਲ ਬਾਬਾ ਬਿਧੀ ਚੰਦ ਸੰਪਰਦਾਇ ਸੁਰਸਿੰਘ ਵਲੋਂ ਸਥਾਪਿਤ ਕੀਤੀ ਗਈ ਪਹਿਲੀ ਛਾਉਣੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਗੁਰਮਤਿ ਵਿਦਿਆਲਾ ਵਿਖੇ ਕਾਰ-ਸੇਵਾ ਦੇ ਕਾਰਜਾਂ ਲਈ ਸਾਊਥ ਗਲੋਸਟਰਸ਼ਾਇਰ ਕੌਂਸਲ ਵਲੋਂ ਮਨਜ਼ੂਰੀ ਮਿਲ ਗਈ ਹੈ, ਜਿਸ ਕਾਰਨ ਯੂ.ਕੇ. ਦੀ ਸਿੱਖ ਸੰਗਤ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਇਹ ਵਿਦਿਆਲਾ ਪੂਰੇ ਯੂਰਪ ਵਿਚ ਆਪਣੀ ਕਿਸਮ ਦੀ ਪਹਿਲੀ ਸਿੱਖ ਵਿਦਿਅਕ ਸੰਸਥਾ ਹੋਵੇਗੀ, ਜਿੱਥੋਂ ਯੂਰਪ ਵਿਚ ਜੰਮੀ-ਪਲੀ ਨਵੀਂ ਸਿੱਖ ਪੀੜ੍ਹੀ ਰਵਾਇਤੀ ਸਿੱਖ ਵਿਦਿਆ ਹਾਸਲ ਕਰਕੇ ਦੇਸ਼-ਵਿਦੇਸ਼ ਵਿਚ ਗੁਰਮਤਿ ਦਾ ਪ੍ਰਚਾਰ-ਪ੍ਰਸਾਰ ਕਰ ਸਕੇਗੀ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਸੇਵਾਦਾਰ ਗਿਆਨੀ ਸੁਖਜੀਵਨ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ



ਗੁਰਮਤਿ ਵਿਦਿਆਲਾ ਦੀ ਸਥਾਪਨਾ 8 ਜੁਲਾਈ 2023 ਨੂੰ ਪੰਜ ਪਿਆਰਿਆਂ ਅਤੇ ਸੰਪਰਦਾਇ ਦਲ ਬਾਬਾ ਬਿਧੀ ਚੰਦ ਜੀ ਦੇ ਬਾਰ੍ਹਵੇਂ ਜਾਨਸ਼ੀਨ ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲਿਆਂ ਨੇ ਕਰਵਾਈ ਸੀ ਅਤੇ ਉਦੋਂ ਤੋਂ ਇੱਥੇ ਗੁਰਬਾਣੀ ਸੰਥਿਆ, ਤੰਤੀ ਸਾਜ਼ਾਂ ਨਾਲ ਕੀਰਤਨ ਸਿਖਲਾਈ ਅਤੇ ਗੱਤਕਾ ਆਦਿ ਦੀ ਸਿਖਲਾਈ ਦਿੱਤੀ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਜਿਸ ਇਮਾਰਤ ਵਿਚ ਇਹ ਗੁਰਮਤਿ ਵਿਦਿਆਲਾ ਚਲਾਇਆ ਜਾ ਰਿਹਾ ਹੈ, ਉਹ 1890 ਈਸਵੀ ਦੀ ਬਣੀ ਹੋਣ ਕਾਰਨ ਇਸ ਦੀ ਮੁਰੰਮਤ ਕਰਵਾਉਣ ਦੀ ਭਾਰੀ ਲੋੜ ਸੀ। ਇਸ ਸਬੰਧੀ ਤਕਰੀਬਨ ਡੇਢ ਸਾਲ ਦੀ ਪ੍ਰਕਿਰਿਆ ਤੋਂ ਬਾਅਦ ਸਾਊਥ ਗਲੋਸਟਰਸ਼ਾਇਰ ਕੌਂਸਲ ਵਲੋਂ ਮਨਜ਼ੂਰੀ ਦੇ ਦਿੱਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਹੁਣ ਜਲਦ ਹੀ ਸੰਗਤ ਦੇ ਸਹਿਯੋਗ ਨਾਲ ਵਿਦਿਆਲਾ ਦੀ ਸਮੁੱਚੀ ਇਮਾਰਤ ਦੀ ਮੁਰੰਮਤ ਦੇ ਨਾਲ-ਨਾਲ ਵਿਸ਼ਾਲ ਸੁੰਦਰ ਦਰਬਾਰ ਸਾਹਿਬ ਅਤੇ ਵਿਦਿਆਰਥੀਆਂ ਦੇ ਬੈਠਣ ਲਈ ਨਵੇਂ ਕਲਾਸ ਰੂਮ ਵੀ ਤਿਆਰ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਹ ਗੁਰਮਤਿ ਵਿਦਿਆਲਾ ਭਵਿੱਖ ਵਿਚ ਪੂਰੇ ਯੂਰਪ ਵਿਚ ਗੁਰਮਤਿ ਵਿਦਿਆ ਦਾ ਮਹਾਨ ਸੋਮਾ ਬਣੇਗਾ ਅਤੇ ਇਸ ਵਿਦਿਆਲੇ ਦੀਆਂ ਵੱਖ-ਵੱਖ ਸੇਵਾਵਾਂ ਵਿਚ ਭਾਈ ਗੁਰਵਿੰਦਰ ਸਿੰਘ, ਭਾਈ ਕਰਨਜੀਤ ਸਿੰਘ, ਭਾਈ ਸੁਖਜੀਤ ਸਿੰਘ, ਸ੍ਰੀ ਅਸ਼ੀਸ਼ ਕੁਮਾਰ, ਭਾਈ ਬਲਜੀਤ ਸਿੰਘ, ਭਾਈ ਅਮਰੀਕ ਸਿੰਘ, ਭਾਈ ਸੁਖਜਿੰਦਰ ਸਿੰਘ, ਭਾਈ ਗਗਨ ਸਿੰਘ, ਭਾਈ ਹਰਵਿੰਦਰ ਸਿੰਘ, ਭਾਈ ਵਿਸ਼ਵਦੀਪ ਸਿੰਘ ਸੁਰਸਿੰਘ, ਭਾਈ ਗੁਰਸਾਹਿਬ ਸਿੰਘ ਸ਼ਹੀਦੀ ਬਾਗ, ਭਾਈ ਗਗਨਦੀਪ ਸਿੰਘ ਦਲ ਬਾਬਾ ਬਿਧੀ ਚੰਦ ਜੀ, ਭਾਈ ਅੰਮ੍ਰਿਤਪਾਲ ਸਿੰਘ ਢੇਸੀ, ਸ. ਜਗਤਾਰ ਸਿੰਘ ਕੰਦੋਲਾ, ਮਾਤਾ ਬਲਬੀਰ ਕੌਰ ਬਰੀਆ ਅਤੇ ਸਵਰਗਵਾਸੀ ਸ. ਇਕਬਾਲ ਸਿੰਘ ਬਰੀਆ ਦਾ ਸਮੂਹ ਪਰਿਵਾਰ ਵੀ ਆਪਣਾ ਅਹਿਮ ਯੋਗਦਾਨ ਪਾ ਰਹੇ ਹਨ।

# ਵੈਲਸ਼ ਪਾਰਲੀਮੈਂਟ ਵਿੱਚ ਕਿਰਪਾਨ ਪਹਿਣ ਕੇ ਜਾਣ ਦੀ ਮਿਲੀ ਇਜਾਜ਼ਤ


**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ)**-ਸੇਨੇਡ ਸਾਈਮਰੂ (ਵੈਲਸ਼ ਪਾਰਲੀਮੈਂਟ) ਵਿੱਚ ਜਾਣ ਮੌਕੇ ਸਿੱਖਾਂ ਨੂੰ ਕਿਰਪਾਨ ਪਹਿਨ ਕੇ ਜਾਣ ਦੀ ਇਜਾਜ਼ਤ ਦੇ ਦਿੱਤੀ ਗਈ ਹੈ ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿੱਖ ਕੌਂਸਲ ਆਫ਼ ਵੇਲਜ਼ ਦੇ ਚੇਅਰਮੈਨ ਗੁਰਮੀਤ ਸਿੰਘ ਰੰਧਾਵਾ ਐਮ. ਬੀ. ਈ. ਨੇ ਕਿਹਾ ਕਿ ਇਹ ਸਿੱਖ ਕੌਮ ਲਈ ਸਭ ਤੋਂ ਮਾਣ ਵਾਲੀ ਗੱਲ ਹੈ ਕਿ ਜਿਨ੍ਹਾਂ ਨੇ 'ਖੰਡੇ ਦੀ ਪਾਹੁਲ' ਪ੍ਰਾਪਤ ਕੀਤੀ ਹੈ, ਉਨ੍ਹਾਂ ਨੂੰ 3 ਇੰਚ ਲੰਬਾਈ ਤੱਕ ਕਿਰਪਾਨ ਪਹਿਨਣ ਕੇ ਸੰਸਦ ਦੇ ਚੈਂਬਰ ਵਿੱਚ ਦਾਖਲ ਹੋਣ ਦੀ ਮਨਜ਼ੂਰੀ ਦਿੱਤੀ ਗਈ ਹੈ ਅਤੇ ਇਸ ਲਈ ਲੰਮੇਂ ਸਮੇਂ ਤੋਂ ਸਰਕਾਰ ਅਤੇ ਸੁਰੱਖਿਆ ਵਿਭਾਗ ਨਾਲ ਗੱਲਬਾਤ ਚੱਲ ਰਹੀ ਸੀ । ਸ: ਗੁਰਮੀਤ ਸਿੰਘ ਰੰਧਾਵਾ ਨੇ ਦੱਸਿਆ ਕਿ ਸੰਸਦ ਦਾ ਦੌਰਾ ਕਰਨ ਵਾਲੇ ਅੰਮ੍ਰਿਤਧਾਰੀ ਸਿੱਖਾਂ ਕੋਲ ਜੇ ਵੱਡੀ ਕਿਰਪਾਨ ਹੋਵੇ ਤਾਂ ਉਹ ਮੌਕੇ ਤੋਂ ਸੁਰੱਖਿਆ ਅਧਿਕਾਰੀਆਂ ਪਾਸੋਂ ਛੋਟੀ ਕਿਰਪਾਨ ਲੈ ਸਕਣਗੇ ਅਤੇ ਵੱਡੀ ਕਿਰਪਾਨ ਨੂੰ ਸੁਰੱਖਿਆ ਅਧਿਕਾਰੀਆਂ ਪਾਸ ਜਮ੍ਹਾ ਕਰਵਾਉਣਾ ਹੋਵੇਗਾ।ਜੋ ਵਾਪਸੀ ਮੌਕੇ ਪ੍ਰਾਪਤ ਕਰ ਸਕਣਗੇ। ਉਨ੍ਹਾਂ ਇਹ ਵੀ ਆਖਿਆ ਕਿ ਉਕਤ ਕਿਰਪਾਨਾਂ ਨੂੰ ਪੂਰੇ ਸਨਮਾਨ ਨਾਲ ਸੰਭਾਲਿਆ ਜਾਵੇਗਾ। ਸਿੱਖ ਕੌਂਸਲ ਆਫ਼ ਵੇਲਜ਼ ਦੇ ਚੇਅਰਮੈਨ ਗੁਰਮੀਤ ਸਿੰਘ ਰੰਧਾਵਾ ਐਮ.ਬੀ.ਈ. ਬੀ ਸੀ ਐਚ ਏ, ਸ: ਗੁਰਵਿੰਦਰ ਸਿੰਘ ਧਾਰਮਿਕ ਅਧਿਐਨ ਅਤੇ ਨੈਤਿਕਤਾ ਨਿਰਦੇਸ਼ਕ ਨੇ ਵੈਲਸ਼ ਸਰਕਾਰ ਦੇ ਸੁਰੱਖਿਆ ਮੁਖੀ ਜੇਮਸ ਐਟ੍ਰਿਜ, ਸੀਨੀਅਰ ਸੁਰੱਖਿਆ ਮੈਨੇਜਰ ਜੇਸਨ ਐਲਨ, ਟੀਮ ਸਹਾਇਤਾ ਸੁਰੱਖਿਆ ਅਧਿਕਾਰੀ ਸ਼ਹਿਜ਼ਾਦ ਖਾਨ ਅਤੇ ਮਿਸਜ਼ ਮਹਿਮਾ ਖਾਨ ਕਮਿਊਨਿਟੀ ਸਪੋਰਟ ਅਫਸਰ ਨੂੰ ਸੇਨੇਡ ਵਿਖੇ ਇੱਕ ਦਰਜਨ ਕਿਰਪਾਨਾਂ ਭੇਟ ਕੀਤੀਆਂ ਤਾਂ ਕਿ ਲੋੜ ਸਮੇਂ ਇਹਨਾਂ ਦੀ ਵਰਤੋਂ ਕੀਤੀ ਜਾ ਸਕੇ। ਸ: ਰੰਧਾਵਾ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਕਿਰਪਾਨ ਪਹਿਨਣ ਕੇ ਸੰਸਦ ਦੇ ਚੈਂਬਰ ਵਿੱਚ ਦਾਖਲ ਹੋਣ ਦੀ ਮਨਾਹੀ ਸੀ ।



*ਵੇਲਜ਼ ਸੰਸਦ ਦੇ ਸੁਰੱਖਿਆ ਅਧਿਕਾਰੀਆਂ ਨਾਲ ਸਿੱਖ ਆਗੂ*


# ਪਾਕਿਸਤਾਨੀ ਮੂਲ ਦੇ ਸ਼ਾਜ਼ੇਬ ਖਾਲਿਦ ਨੂੰ ਯੂ ਕੇ ਵਿੱਚ ਭਾਰਤੀ ਰੈਸਟੋਰੈਂਟ ਮੈਨੇਜਰ ਦੀ ਹੱਤਿਆ ਦੇ ਦੋਸ਼ 'ਚ ਉਮਰ ਕੈਦ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ)**-ਪਾਕਿਸਤਾਨੀ ਮੂਲ ਦੇ 25 ਸਾਲਾ ਸ਼ਾਜ਼ੇਬ ਖਾਲਿਦ ਨੂੰ ਚੋਰੀ ਦੀ ਕਾਰ ਨਾਲ ਟੱਕਰ ਮਾਰ ਕੇ ਇੱਕ ਭਾਰਤੀ ਰੈਸਟੋਰੈਂਟ ਮੈਨੇਜਰ 36 ਸਾਲਾ ਵਿਗਨੇਸ਼ ਪੱਟਾਭਿਰਾਮਨ ਦੀ ਹੱਤਿਆ ਕਰਨ ਦੇ ਦੋਸ਼ 'ਚ ਘੱਟੋ ਘੱਟ 20 ਸਾਲ 135 ਦਿਨ ਜੇਲ੍ਹ ਵਿੱਚ ਰੱਖਣ ਦੇ ਹੁਕਮ ਦਿੰਦਿਆਂ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਰੈਡਿੰਗ ਕਰਾਊਨ ਕੋਰਟ ਵਿੱਚ ਸੁਣਵਾਈ ਦੌਰਾਨ ਦੱਸਿਆ ਗਿਆ ਕਿ ਵਿਗਨੇਸ਼ ਪੱਟਾਭਿਰਾਮਨ ਨੂੰ ਸ਼ਾਜ਼ੇਬ ਖਾਲਿਦ ਨੇ ''ਚੋਰੀ ਹੋਈ ਰੇਂਜ ਰੋਵਰ'' ਨਾਲ ਉਸ ਵੇਲੇ ਟੱਕਰ ਮਾਰੀ ਸੀ ਜਦੋਂ ਉਹ ਰੈਡਿੰਗ ਵਿੱਚ ਇੱਕ ਭਾਰਤੀ ਰੈਸਟੋਰੈਂਟ ਤੋਂ ਆਪਣੇ ਘਰ ਸਾਈਕਲ ਤੇ ਵਾਪਿਸ ਆ ਰਿਹਾ ਸੀ ਅਤੇ ਰੋਇਲ ਬਰਕਸ਼ਾਇਰ ਹਸਪਤਾਲ ਵਿੱਚ ਵਿਗਨੇਸ਼ ਨੂੰ ਮ੍ਰਿਤਕ ਐਲਾਨਿਆ ਸੀ। ਇਸ ਮਾਮਲੇ ਵਿੱਚ ਗ੍ਰਿਫਤਾਰ ਕੀਤੇ ਗਏ ਸੋਹੀਮ ਹੁਸੈਨ ਅਪਰਾਧੀ ਦੀ ਮਦਦ ਕਰਨ ਦੇ ਦੋਸ਼ ਤਹਿਤ 4 ਸਾਲ ਕੈਦ ਦੀ ਸਜ਼ਾ ਸੁਣਾਈ ਹੈ।



*ਵਿਗਨੇਸ਼ ਪੱਟਾਭਿਰਾਮਨ ਅਤੇ ਦੋਸ਼ੀ ਸ਼ਾਜ਼ੇਬ ਖਾਲਿਦ*

# ਬਰਤਾਨੀਆ ਦੇ ਵਪਾਰ ਅਤੇ ਵਣਜ ਮੰਤਰੀ ਜੋਨਾਥਨ ਰੇਨੋਲਡਜ਼ ਨੇ ਉਦਯੋਗਪਤੀ ਰਤਨ ਟਾਟਾ ਨੂੰ ਦਿੱਤੀ ਸ਼ਰਧਾਂਜਲੀ



**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ)**-ਬਰਤਾਨੀਆ ਦੇ ਵਪਾਰ ਅਤੇ ਵਣਜ ਮੰਤਰੀ ਜੋਨਾਥਨ ਰੇਨੋਲਡਜ਼ ਨੇ ਮਰਹੂਮ ਰਤਨ ਟਾਟਾ ਨੂੰ ਸ਼ਰਧਾਂਜਲੀ ਭੇਂਟ ਕਰਦੇ ਹੋਏ ਉਨ੍ਹਾਂ ਨੂੰ ਉਦਯੋਗ ਦਾ 'ਰਤਨ' ਕਰਾਰ ਦਿੱਤਾ ਅਤੇ ਕਿਹਾ ਕਿ ਟਾਟਾ ਨੇ ਬਰਤਾਨਵੀ ਉਦਯੋਗ ਵਿਚ ਅਹਿਮ ਭੂਮਿਕਾ ਨਿਭਾਈ ਹੈ। ਟਾਟਾ ਗਰੁੱਪ ਦੇ ਮੁਖੀ ਰਤਨ ਟਾਟਾ ਦੇ ਦਿਹਾਂਤ ਦੀ ਖਬਰ ਦੇ ਤੁਰੰਤ ਬਾਅਦ ਉਹਨਾਂ ਸ਼ੋਸ਼ਲ ਮੀਡੀਆ ਤੇ ਸ਼ਰਧਾਂਜਲੀ ਦਿੱਤੀ। ਟਾਟਾ ਨੂੰ ਬਰਤਾਨੀਆ ਵਿੱਚ ਸਭ ਤੋਂ ਵੱਡੇ ਰੁਜ਼ਗਾਰਦਾਤਾਵਾਂ ਵਿੱਚੋਂ ਇੱਕ ਵਜੋਂ ਜਾਣਿਆ ਜਾਂਦਾ ਹੈ। ਉਹਨਾ ਟਾਟਾ ਗਰੁੱਪ ਦੇ ਚੇਅਰਮੈਨ ਵਜੋਂ ਆਪਣੇ ਕਾਰਜਕਾਲ ਦੌਰਾਨ ਯੂ ਕੇ ਵਿੱਚ ਐਂਗਲੋ-ਡੱਚ ਸਟੀਲਮੇਕਰ ਕੋਰਸ, ਲਗਜ਼ਰੀ ਕਾਰ ਬ੍ਰਾਂਡ ਜੈਗੁਆਰ ਅਤੇ ਲੈਂਡ ਰੋਵਰ ਅਤੇ ਮਸ਼ਹੂਰ ਗਲੋਬਲ ਟੀ ਬ੍ਰਾਂਡ ਖਰੀਦੇ ਸਨ।

ਰੇਨੋਲਡਜ਼ ਨੇ ਕਿਹਾ, "ਰਤਨ ਟਾਟਾ ਦੇ ਦਿਹਾਂਤ ਬਾਰੇ ਸੁਣ ਕੇ ਬਹੁਤ ਦੁੱਖ ਹੋਇਆ ਹੈ। ਉਹ ਅਸਲ ਵਿੱਚ ਵਪਾਰਕ ਜਗਤ ਦਾ ਇੱਕ 'ਰਤਨ' ਸੀ ਅਤੇ ਬਰਤਾਨਵੀ ਉਦਯੋਗ ਨੂੰ ਨਵਾਂ ਰੂਪ ਦੇਣ ਵਿੱਚ ਇੱਕ ਵੱਡੀ ਭੂਮਿਕਾ ਨਿਭਾਈ ਸੀ।" ਮੇਰੀ ਸੰਵੇਦਨਾ ਅਤੇ ਪ੍ਰਾਰਥਨਾਵਾਂ ਉਸ ਦੇ ਦੋਸਤਾਂ, ਪਰਿਵਾਰ ਅਤੇ ਟਾਟਾ ਸਮੂਹ ਦੇ ਹਰ ਕਾਨੇ ਨਾਲ ਹੈ। ਜ਼ਿਕਰਯੋਗ ਹੈ ਕਿ ਟਾਟਾ ਗਰੁੱਪ ਦੇ ਕਾਰੋਬਾਰਾਂ ਵਿੱਚ ਦੱਖਣੀ ਵੇਲਜ਼ ਦੇ ਪੋਰਟ ਟੈਲਬੋਟ ਵਿੱਚ ਦੇਸ਼ ਦੇ ਸਭ ਤੋਂ ਵੱਡੇ ਸਟੀਲ ਪਲਾਂਟ ਵੀ ਸ਼ਾਮਲ ਹੈ।

# ਲੰਮੇ ਸਮੇਂ ਤੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਬਦਲੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਵੱਲੋਂ ਰਾਜਾ ਕੰਗ ਦਾ ਵਿਸ਼ੇਸ਼ ਸਨਮਾਨ

ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)-ਲਗਾਤਾਰ 6 ਸਾਲ ਇੰਗਲੈਂਡ ਦੇ ਸ਼ਹਿਰ ਲੈਸਟਰ ਦੇ ਗੁਰਦੁਆਰਾ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਈਸਟ ਪਾਰਕ ਰੋਡ ਦੇ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਜੋਂ ਸੇਵਾਵਾਂ ਨਿਭਾ ਚੁੱਕੇ ਨੋਜਵਾਨ ਧਾਰਮਿਕ ਆਗੂ ਸ ਰਾਜ ਮਨਵਿੰਦਰ ਸਿੰਘ ਰਾਜਾ ਕੰਗ ਵੱਲੋਂ ਲੰਮੇ ਸਮੇਂ ਤੋਂ ਨਿਭਾਈਆਂ ਜਾ ਰਹੀਆਂ ਧਾਰਮਿਕ ਹੋਰ ਸੇਵਾਵਾਂ ਬਦਲੇ ਲੈਸਟਰ ਦੀ ਸੰਗਤ ਅਤੇ ਗੁਰਦਵਾਰਾ ਸ਼੍ਰੀ ਗੁਰੂ ਤੇਗਬਹਾਦਰ ਸਾਹਿਬ ਦੀ ਨਵੀਂ ਚੁਣੀ ਗਈ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਤੇ ਗੁਰੂ ਘਰ ਦੇ ਹੈੱਡ ਗ੍ਰੰਥੀ ਭਾਈ ਮਲੂਕ ਸਿੰਘ, ਹਜ਼ੂਰੀ ਰਾਗੀ ਭਾਈ ਜਸਵਿੰਦਰ ਸਿੰਘ, ਪ੍ਰਧਾਨ ਗੁਰਨਾਮ ਸਿੰਘ ਨਵਾਂ ਸ਼ਹਿਰ, ਜਰਨਲ ਸਕੱਤਰ ਸਤਵਿੰਦਰ ਸਿੰਘ ਦਿਓਉ, ਸਟੇਜ ਸਕੱਤਰ ਮੁਖਤਿਆਰ



ਰਾਜ ਮਨਵਿੰਦਰ ਸਿੰਘ ਰਾਜਾ ਕੰਗ ਦਾ ਸਨਮਾਨ ਕਰਦੇ ਹੋਏ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਆਗੂ।

ਸਿੰਘ, ਤੀਰ ਗਰੁੱਪ ਦੇ ਚੇਅਰਮੈਨ ਬਰਿੰਦਰ ਸਿੰਘ ਬਿੱਟੂ, ਗੁਰਨਾਮ ਸਿੰਘ ਰੂਪੋਵਾਲ, ਕੁਲਦੀਪ ਸਿੰਘ ਚਹੇੜੂ, ਪ੍ਰਮਜੀਤ ਸਿੰਘ ਰਾਏ, ਸਮੇਤ ਹੋਰ ਬਹੁਤ ਸਾਰੇ ਆਗੂਆਂ ਨੇ ਸ ਰਾਜ ਮਨਵਿੰਦਰ ਸਿੰਘ ਰਾਜਾ ਕੰਗ ਨੂੰ ਸ੍ਰੀ ਸਾਹਿਬ ਅਤੇ ਸਿਰੋਪਾਓ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਸ ਰਾਜ ਮਨਵਿੰਦਰ ਸਿੰਘ ਰਾਜਾ ਕੰਗ ਦੀ ਅਗਵਾਈ ਚ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਘਰ ਦੀ ਇਮਾਰਤ ਦਾ ਨਵੀਨੀਕਰਨ ਕੀਤਾ ਗਿਆ, ਜਿਸ ਵਿੱਚ ਇਮਾਰਤ ਦੇ ਵੱਖ-ਵੱਖ ਹਿੱਸਿਆਂ ਨੂੰ ਵਿਆਪਕ ਪੱਧਰ 'ਤੇ ਅੱਪਗ੍ਰੇਡ ਕੀਤਾ ਗਿਆ। ਨਵੇਂ ਲੰਗਰ ਹਾਲ ਦਾ ਨਿਰਮਾਣ ਕੀਤਾ ਗਿਆ , ਔਰਤਾਂ ਲਈ ਨਵੇਂ ਪਖਾਨੇ ਬਣਾਏ ਗਏ,ਇੱਕ ਆਧੁਨਿਕ ਰਸੋਈ, ਬਜ਼ੁਰਗਾਂ ਦੀ ਸਹੂਲਤ ਲਈ ਨਵੀਂ ਲਿਫਟ ਅਤੇ ਕਈ ਹੋਰ ਮਹੱਤਵਪੂਰਨ ਪ੍ਰੋਜੈਕਟ ਮੁਕੰਮਲ ਕੀਤੇ ਗਏ।

## ਸੰਪਾਦਕੀ ਨੋਟ:–

ਅਦਾਰਾ ਪੰਜਾਬ ਟਾਈਮਜ਼, ਪੰਜਾਬ, ਪੰਜਾਬੀ, ਪੰਜਾਬੀਅਤ ਅਤੇ ਸਿੱਖ ਧਰਮ ਦੀ ਹਮੇਸ਼ਾਂ ਚੜ੍ਹਦੀ ਕਲਾ ਚਾਹੁੰਦਾ ਹੈ ਤੇ ਸਮੁੱਚੀ ਮਨੁੱਖਤਾ ਦੇ ਭਲੇ ਲਈ ਸੇਵਾਵਾਂ ਪ੍ਰਦਾਨ ਕਰਦਾ ਹੈ। ਪੰਜਾਬ ਟਾਈਮਜ਼ ਵਿੱਚ ਛਪਣ ਵਾਲੇ ਲੇਖਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਗੱਲਾਂ ਦਾ ਹਮੇਸ਼ਾਂ ਖਿਆਲ ਰੱਖਣ ਤੇ ਕਿਸੇ ਦੇ ਵੀ ਵਿਰੁੱਧ ਲਿਖਣ ਤੋਂ ਪਹਿਲਾਂ ਉਕਤ ਸਬੰਧੀ ਪੁਖਤਾ ਸਬੂਤ ਜ਼ਰੂਰ ਨਾਲ ਭੇਜਣ। ਅਜਿਹੀ ਲਿਖਤ ਲਿਖਣ ਵਾਲੇ ਵਿਰੁੱਧ ਅਗਰ ਦੂਜੀ ਧਿਰ ਵੱਲੋਂ ਕੋਈ ਕਾਨੂੰਨੀ ਕਾਰਵਾਈ ਕੀਤੀ ਜਾਂਦੀ ਹੈ ਤਾਂ ਉਹ ਖੁਦ ਲੇਖਕ ਜਿੰਮੇਵਾਰ ਹੋਣਗੇ। ਕਿਸੇ ਉਤੇ ਨਿੱਜੀ ਤੋਰ 'ਤੇ ਚਿੱਕੜ ਸੁੱਟਣ ਵਾਲੀਆਂ ਲਿਖਤਾਂ ਛਾਪਣ ਤੋਂ ਅਸੀਂ ਅਸਮਰੱਥ ਹੋਵਾਂਗੇ। ਲਿਖਤਾਂ ਸਾਫ਼ ਸੁੱਥਰੀਆਂ ਅਤੇ ਮਨੁੱਖਤਾ ਦੇ ਭਲੇ ਲਈ, ਭ੍ਰਿਸ਼ਟਾਚਾਰ ਦੇ ਵਿਰੁੱਧ ਅਤੇ ਵਾਤਾਵਰਣ ਨੂੰ ਸੁਹਾਵਣਾ ਬਨਾਉਣ, ਨਵੀਂ ਪੀੜ੍ਹੀ ਲਈ ਵਿੱਦਿਆ, ਗੈਂਗਸਟਰ ਕਲਚਰ ਨੂੰ ਰੋਕਣ ਲਈ, ਸਾਫ਼ ਸੁੱਥਰਾ ਵਾਤਾਵਰਣ, ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ, ਰਿਸ਼ਵਤ ਵਿਰੁੱਧ, ਸਾਦੇ ਅਨੰਦ ਕਾਰਜਾਂ ਅਤੇ ਨਕਲੀ ਗੁਰੂ ਡੰਮ੍ਹ ਨੂੰ ਰੋਕਣ ਸਬੰਧੀ ਜਾਗਰਤੀ ਲਿਆਉਣ ਵਾਲੀਆਂ ਹੋਣੀਆਂ ਚਾਹੀਦੀਆਂ ਹਨ, ਜਿਹਨਾਂ ਨਾਲ ਲੋਕਾਂ ਦਾ ਬਹੁ–ਪੱਖੀ ਵਿਕਾਸ ਹੋਵੇ। –ਸੰਪਾਦਕ


## ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ। ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ। ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ। ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ।

**ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:**

**ਜਾਣਕਾਰੀ ਲਈ ਸੰਪਰਕ: 01332 372 851 M: 07966 388 388**



GSD

**GSD ESTATE AGENTS**

RESIDENTIAL & COMMERCIAL PROPERTY EXPERTS

SALES • LETTINGS • MANAGEMENT

EXPERIENCED & INDEPENDENT
FAMILY OWNED & OPERATED

How much is your home worth ?
More properties wanted for qualified applicants
We can sell or let your properties fast
2-3 year rent guarantee schemes available

**ਜੀ. ਐਸ. ਡੀ. ਇਸਟੇਟ ਏਜੰਟਸ**

ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?

ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ 'ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ।
ਗਰੰਟੀ 'ਤੇ ਕਿਰਾਏ ਲਈ 2–3 ਸਾਲ ਦੀਆਂ ਯੋਜਨਾਵਾਂ ਵੀ ਉਪਲੱਬਧ ਹਨ।
ਜਾਇਦਾਦ ਸਬੰਧੀ ਤਜ਼ਰਬੇਕਾਰ ਤੇ ਪ੍ਰੋਫ਼ੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ

EXCELLENCE AS STANDARD *Supporting a greener future*

Director: Mr Gurjeet Singh Dhariwal

Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved



**ਸੁਮਨ ਮੈਰਿਜ ਬਿਊਰੋ (ਇੰਟਰਨੈਸ਼ਨਲ)**

UK'S FIRST ASIAN MARRIAGE BUREAU

Guaranteed introduction service - Since 1972

HINDU & SIKH SINGLES MEET-UP LUNCH
SATURDAY 23RD NOVEMBER 2024 IN HOUNSLOW

An opportunity to meet a number of other like-minded singletons under one roof & maybe meet a potential partner

Tickets: Non-members: £42.50
Members/Non-Members (Early Bird booking by 31/10/24) - £37.50
Inclusive of 3-course vegetarian lunch & soft drinks
Please call for further details or to book your place

OVER 50 YEARS OF MATCHMAKING
Please feel free to contact us to discuss your requirements in confidence and without any obligation! English/Punjabi spoken.

**SUMAN MARRIAGE BUREAU**
Bespoke Matchmaking Service
0121 582 9995 or 020 8571 5145
WhatsApp/Signal: 07485 708717
Web: www.s-m-b.com Email: info@s-m-b.com
Providing a personal matchmaking service for all Asian communities
Follow us on Facebook: www.facebook.com/SumanMarriageBureau
Instagram: @SumanMarriageBureau
WE HAVE CLIENTS ALL OVER UK

# ਸਿੱਖ ਐਜੂਕੇਸ਼ਨ ਕੌਂਸਲ ਯੂਕੇ ਵੱਲੋਂ ਅਗਲੇ ਵਰ੍ਹੇ ਦੀ ਪੰਜਾਬੀ ਕਾਨਫਰੰਸ ਲੈਸਟਰ ਵਿਖੇ 5-6 ਜੁਲਾਈ 2025 ਕਰਵਾਈ ਜਾਵੇਗੀ

ਲੈਸਟਰ (ਇੰਗਲੈਂਡ),10 ਅਕਤੂਬਰ (ਸੁਖਜਿੰਦਰ ਸਿੰਘ ਢੱਡੇ)-ਸਿੱਖ ਐਜੂਕੇਸ਼ਨ ਕੌਂਸਲ ਯੂਕੇ ਪੰਜਾਬੀ ਬੋਲੀ ਅਤੇ ਲਿੱਪੀ ਦੇ ਤਕਨੀਕੀ, ਸਮਾਜਿਕ ਤੇ ਵਿਦਿਅਕ ਵਿਕਾਸ ਲਈ ਹਰ ਸਾਲ ਪੰਜਾਬੀ ਕਾਨਫਰੰਸ ਯੂਕੇ ਦਾ ਆਯੋਜਨ ਕਰਦੀ ਆ ਰਹੀ ਹੈ। ਜਿਸ ਤਹਿਤ ਭਾਸ਼ਾ ਮਾਹਿਰ, ਵਿਦਵਾਨ ਇਸ ਕਾਨਫਰੰਸ ਵਿੱਚ ਖੋਜ ਆਧਾਰਿਤ ਪਰਚੇ ਪੇਸ਼ ਕਰਦੇ ਹਨ। ਇਸ ਦੇ ਇਲਾਵਾ ਇਸ ਕਾਨਫਰੰਸ ਵਿੱਚ ਯੂਕੇ ਭਰ ਤੋਂ ਪੰਜਾਬੀ ਪੜਾਉਣ ਵਾਲੇ ਅਧਿਆਪਕਾਂ ਦੀ ਸਿਖਲਾਈ ਦਾ ਸੈਸ਼ਨ ਵੀ ਲਗਾਇਆ ਜਾਂਦਾ ਹੈ।

ਇਸੇ ਲੜੀ ਨੂੰ ਅੱਗੇ ਤੋਰਦਿਆਂ ਅਗਲੇ ਵਰ੍ਹੇ ਦੀ ਪੰਜਾਬੀ ਕਾਨਫਰੰਸ ਵੀ ਲੈਸਟਰ ਵਿਖੇ 5-6 ਜੁਲਾਈ 2025 ਕਰਵਾਈ ਜਾਵੇਗੀ। ਪੰਜਾਬੀ ਕਾਨਫਰੰਸ ਦੇ ਚੈਅਰਮੈਨ ਡਾ ਪਰਗਟ ਸਿੰਘ ਨੇ ਦੱਸਿਆ ਕਿ ਹਰ ਸਾਲ ਇਸ ਪੰਜਾਬੀ ਕਾਨਫਰੰਸ ਪ੍ਰਤੀ ਲੋਕਾਂ ਦੇ ਰੁਝਾਨ ਵਿੱਚ ਵਾਧਾ ਹੋ ਰਿਹਾ ਹੈ ਅਤੇ ਅਸੀਂ ਆਪਣੇ ਨਿਸ਼ਾਨੇ ਵੱਧ ਰਹੇ ਹਾਂ। ਕਾਨਫਰੰਸ ਦੇ ਬੁਲਾਰੇ ਬਲਵਿੰਦਰ ਸਿੰਘ ਚਾਹਲ ਅਤੇ ਕੰਵਰ ਸਿੰਘ ਬਰਾੜ ਨੇ ਪ੍ਰੈਸ ਨੂੰ ਦੱਸਿਆ ਕਿ ਇਸ ਕਾਨਫਰੰਸ ਵਿੱਚ ਪੜੇ ਜਾਣ ਵਾਲੇ ਪਰਚਿਆਂ ਦੇ ਵਿਸ਼ੇ ਹੇਠ ਲਿਖੇ ਅਨੁਸਾਰ ਹੋਣਗੇ। ਜਿਹਨਾਂ ਨੂੰ ਆਧਾਰ ਬਣਾ ਕੇ ਇਹਨਾਂ ਉੱਪਰ ਕੰਮ ਕੀਤਾ ਜਾਵੇਗਾ ਅਤੇ ਖੋਜ ਭਰਪੂਰ ਪਰਚੇ ਤਿਆਰ ਕਰਨ ਦੀ ਕੋਸ਼ਿਸ਼ ਪੰਜਾਬੀ ਕਾਨਫਰੰਸ ਦਾ ਏਜੰਡਾ ਹੈ। 1 ਪੰਜਾਬੀ ਭਾਸ਼ਾ ਦਾ ਇਤਿਹਾਸ, 2 ਗੁਰਮੁਖੀ ਵਿੱਚ ਪੰਜਾਬੀ ਭਾਸ਼ਾ ਅਤੇ ਲੋਕ ਸਾਹਿਤ ਦਾ ਵਿਕਾਸ, 3 ਪੰਜਾਬੀ ਭਾਸ਼ਾ ਵਿੱਚ ਦਰਸ਼ਨ ਅਤੇ ਧਾਰਮਿਕ ਸਾਹਿਤ ਦਾ ਵਿਕਾਸ, 4 ਪੰਜਾਬੀ ਭਾਸ਼ਾ ਵਿੱਚ ਰਾਜਨੀਨਕ ਅਤੇ ਅਰਥਸ਼ਾਸ਼ਤਰ ਸਾਹਿਤ ਦਾ ਵਿਕਾਸ, 5 ਪੰਜਾਬੀ ਭਾਸ਼ਾ ਵਿੱਚ ਵਿਗਿਆਨਕ ਸਾਹਿਤ ਦਾ ਵਿਕਾਸ, 6 ਅਧਿਆਪਨ ਵਿਧੀਆਂ ਅਤੇ ਪਾਠਕ੍ਰਮ ਦੇ ਵਿਕਾਸ ਆਦਿ ਵਿਸ਼ਿਆਂ ਨੂੰ ਮੁੱਖ ਰੱਖਿਆ ਜਾਵੇਗਾ।



*ਪੰਜਾਬੀ ਕਾਨਫਰੰਸ ਸਬੰਧੀ ਜਾਣਕਾਰੀ ਦਿੰਦੇ ਹੋਏ ਬਲਵਿੰਦਰ ਸਿੰਘ ਚਾਹਲ ਅਤੇ ਕੰਵਰ ਸਿੰਘ ਬਰਾੜ।*

ਪੰਜਾਬੀ ਕਾਨਫਰੰਸ ਯੂਕੇ ਸੰਬੰਧੀ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਜਾਣਕਾਰੀ ਸਾਂਝੀ ਕੀਤੀ ਜਾਵੇਗੀ। ਇਸ ਕਾਨਫਰੰਸ ਵਿੱਚ ਭਾਗ ਲੈਣ ਦੇ ਚਾਹਵਾਨ ਉਪਰੋਕਤ ਵਿਸ਼ਿਆਂ ਨਾਲ ਸੰਬੰਧਤ ਸੰਖੇਪ ਸਾਰ ਭੇਜ ਸਕਦੇ ਹਨ ਜਿਸ ਤੋਂ ਬਾਅਦ ਉਹਨਾਂ ਕੋਲੋਂ ਪੂਰੇ ਪਰਚੇ ਵੀ ਮੰਗੇ ਜਾਣਗੇ। ਪੰਜਾਬੀ ਕਾਨਫਰੰਸ ਦੀ ਵੈਬਸਾਈਟ (https://panjabi.uk/)) ਉੱਪਰ ਵੀ ਜਾ ਕੇ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ।

# ਅਮਰੀਕਾ ਦੀ ਟੈਨੇਸੀ ਸਟੇਟ ਯੁਨੀਵਰਸਿਟੀ ਨੇੜੇ ਹੋਈ ਗੋਲੀਬਾਰੀ ਵਿਚ ਇਕ ਵਿਅਕਤੀ ਦੀ ਮੌਤ ਤੇ 9 ਹੋਰ ਜ਼ਖਮੀ, 6 ਦੀ ਹਾਲਤ ਗੰਭੀਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਨੈਸ਼ਵਿਲੇ ਸ਼ਹਿਰ ਵਿਚ ਟੈਨੇਸੀ ਸਟੇਟ ਯੁਨੀਵਰਸਿਟੀ ਨੇੜੇ ਗੋਲੀਬਾਰੀ ਹੋਣ ਦੀ ਖਬਰ ਹੈ ਜਿਸ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਤੇ 9 ਹੋਰ ਜ਼ਖਮੀ ਹੋ ਗਏ। ਜਾਂਚਕਾਰਾਂ ਦਾ ਵਿਸ਼ਵਾਸ਼ ਹੈ ਕਿ ਜ਼ਖਮੀਆਂ ਵਿਚੋਂ ਘੱਟੋ ਘੱਟ ਇਕ ਵਿਅਕਤੀ ਗੋਲੀਬਾਰੀ ਵਿਚ ਸ਼ਾਮਿਲ ਹੈ। ਨੈਸ਼ਵਿਲੇ ਪੁਲਿਸ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਗੋਲੀਬਾਰੀ ਇਕ ਗਲੀ ਦੇ ਨਾਲ ਹੋਈ ਜਿਥੇ ਟੈਨੇਸੀ ਸਟੇਟ ਯੁਨੀਵਰਸਿਟੀ ਦੇ ਵਿਦਿਆਰਥੀਆਂ ਦੀ ਘਰ ਵਾਪਿਸ ਪਰੇਡ ਹੋ ਰਹੀ ਸੀ।

ਮੈਟਰੋਪੋਲੀਟਨ ਨੈਸ਼ਵਿਲੇ ਪੁਲਿਸ ਵਿਭਾਗ ਦੇ ਬੁਲਾਰੇ ਡਾਨ ਆਰੋਨ ਨੇ ਕਿਹਾ ਹੈ ਕਿ ਗੋਲੀਬਾਰੀ ਵਿਚ ਕਿਸੇ ਗਿਰੋਹ ਦੇ ਸ਼ਾਮਿਲ ਹੋਣ ਦਾ ਕੋਈ ਸੰਕੇਤ ਨਹੀਂ ਮਿਲਿਆ ਹੈ ਤੇ ਇਹ ਗੋਲੀਬਾਰੀ ਦੋ ਧੜਿਆਂ ਵਿਚਾਲੇ ਹੋਈ ਹੈ ਜਦ ਕਿ ਆਸ ਪਾਸ ਕਾਫੀ ਲੋਕ ਖੜੇ ਸਨ।

ਬੁਲਾਰੇ ਅਨੁਸਾਰ ਮਾਰਿਆ ਗਿਆ ਵਿਅਕਤੀ 24 ਸਾਲ ਦਾ ਹੈ ਜਿਸ ਦੀ ਅਜੇ ਪਛਾਣ ਨਹੀਂ ਹੋਈ। ਜ਼ਖਮੀਆਂ ਵਿਚ 3 ਬੱਚੇ ਸ਼ਾਮਿਲ ਹਨ ਜਿਨਾਂ ਨੂੰ ਸਥਾਨਕ ਬੱਚਿਆਂ ਦੇ ਹਸਪਤਾਲ ਲਿਜਾਇਆ ਗਿਆ ਹੈ। ਇਨਾਂ ਵਿਚ ਇਕ 12 ਸਾਲ ਤੇ ਦੋ 14-14 ਸਾਲ ਦੀਆਂ ਲੜਕੀਆਂ ਹਨ। ਇਨਾਂ ਦੀ ਹਾਲਤ ਸਥਿੱਰ ਹੈ ਤੇ ਜ਼ਖਮ ਜਾਨ ਲੇਵਾ ਨਹੀਂ ਹਨ ਜਦ ਕਿ ਦੂਸਰੇ ਪੀੜਤ ਜਿਨਾਂ ਦੀ ਉਮਰ 23 ਸਾਲ ਤੋਂ ਲੈ ਕੇ 55 ਸਾਲ ਦਰਮਿਆਨ ਹੈ, ਦੀ ਹਾਲਤ ਗੰਭੀਰ ਹੈ।



ਨੈਸ਼ਵਿਲੇ ਪੁਲਿਸ ਕਮਾਂਡਰ ਐਨਥਨੀ ਮੈਕਲੇਨ ਅਨੁਸਾਰ ਜਾਂਚਕਾਰਾਂ ਨੂੰ ਤੁਰੰਤ ਇਹ ਪਤਾ ਨਹੀਂ ਲਗ ਸਕਿਆ ਕਿ ਜ਼ਖਮੀਆਂ ਵਿਚ ਯੁਨੀਵਰਸਿਟੀ ਦਾ ਕੋਈ ਵਿਦਿਆਰਥੀ ਵੀ ਸ਼ਾਮਲ ਹੈ ਜਾਂ ਨਹੀਂ। ਪੁਲਿਸ ਅਨੁਸਾਰ ਮਾਮਲਾ ਅਜੇ ਜਾਂਚ ਅਧੀਨ ਹੈ।

# ਅਭਿਸ਼ੇਕ ਬੱਚਨ ਹੁਣ ਫ਼ਿਲਮ 'ਬੀ ਹੈਪੀ' ਵਿਚ ਨਜ਼ਰ ਆਉਣਗੇ

ਆਰ. ਬਾਲਕੀ ਦੇ ਨਿਰਦੇਸ਼ਨ ਵਿਚ ਬਣੀ ਫ਼ਿਲਮ 'ਘੂਮਰ' ਤੋਂ ਬਾਅਦ ਅਭਿਸ਼ੇਕ ਬੱਚਨ ਦੀ ਕੋਈ ਫ਼ਿਲਮ ਨਹੀਂ ਆਈ ਹੈ। ਉਸ ਫ਼ਿਲਮ ਵਿਚ ਅਭਿਸ਼ੇਕ ਨਾਲ ਸੈਆਮੀ ਖੇਰ ਨਜ਼ਰ ਆਈ ਸੀ ਪਰ ਫ਼ਿਲਮ ਟਿਕਟ ਖਿੜਕੀ 'ਤੇ ਫਲਾਪ ਰਹੀ। ਇਕ ਲੰਮੇ ਸਮੇਂ ਬਾਅਦ ਹੁਣ ਅਭਿਸ਼ੇਕ ਬੱਚਨ ਦੀ ਨਵੀਂ ਫ਼ਿਲਮ 'ਬੀ ਹੈਪੀ' ਅਮੇਜ਼ਨ ਪ੍ਰਾਈਮ ਵੀਡੀਓ 'ਤੇ ਰਿਲੀਜ਼ ਹੋਣ ਵਾਲੀ ਹੈ। ਰੈਮੋ ਡਿਸੂਜ਼ਾ ਵਲੋਂ ਨਿਰਦੇਸ਼ਿਤ ਕੀਤੀ ਗਈ ਇਸ ਫ਼ਿਲਮ ਵਿਚ ਇਲਿਆਨਾ ਡਿਸੂਜ਼ਾ, ਨੋਰਾ ਫਤੇਹੀ, ਇਨਾਇਤ ਵਰਮਾ, ਜਾਨੀ ਲੀਵਰ ਅਤੇ ਹਰਲੀਨ ਸੇਠੀ ਵਰਗੇ ਕਲਾਕਾਰ ਅਭਿਸ਼ੇਕ ਦੇ ਨਾਲ ਨਜ਼ਰ ਆਉਣਗੇ।

ਸਾਜਿਦ ਨਾਡਿਆਵਾਲਾ ਦੀ 'ਹਾਊਸਫੁੱਲ' ਫ੍ਰੈਂਚਾਈਜ਼ੀ ਦੀ ਪੰਜਵੀਂ ਫ਼ਿਲਮ 'ਹਾਊਸਫੁੱਲ-5' ਵਿਚ ਵੀ ਅਭਿਸ਼ੇਕ ਬੱਚਨ ਕੰਮ ਕਰ ਰਹੇ ਹਨ। ਇਸ ਫ਼ਿਲਮ ਦਾ ਨਿਰਦੇਸ਼ਨ ਤਰੁਣ ਮਨਸੁਖਾਨੀ ਕਰ ਰਹੇ ਹਨ। ਅਭਿਸ਼ੇਕ, ਫ਼ਿਲਮ ਨਿਰਮਾਤਾ ਸ਼ੂਜਿਤ ਸਰਕਾਰ ਦੀ ਇਕ ਭਾਵੁਕ ਫ਼ਿਲਮ ਦੀ ਮੁੱਖ ਭੂਮਿਕਾ ਵਿਚ ਵੀ ਨਜ਼ਰ ਆ ਸਕਦੇ ਹਨ। ਇਹ ਫ਼ਿਲਮ ਅਗਲੇ ਸਾਲ ਸਿਨੇਮਾ ਘਰਾਂ ਵਿਚ ਰਿਲੀਜ਼ ਹੋਵੇਗੀ। ਅਭਿਸ਼ੇਕ ਨੂੰ ਵੱਡੇ ਪਰਦੇ 'ਤੇ ਬੇਸ਼ੱਕ ਉਸ ਦੇ ਪਿਤਾ ਵਾਂਗ ਕਾਮਯਾਬੀ ਨਹੀਂ ਮਿਲ ਸਕੀ ਪਰ ਓ.ਟੀ.ਟੀ. 'ਤੇ ਆਉਣ ਤੋਂ ਬਾਅਦ ਤਾਂ ਅਭਿਸ਼ੇਕ ਨੇ




ਆਪਣੇ ਕਰੀਅਰ ਵਿਚ ਸਲਮਾ-ਸਿਤਾਰੇ ਹੀ ਜੜ੍ਹ ਲਏ। ਅੱਜ ਉਸ ਦੀ ਗਿਣਤੀ ਓ.ਟੀ.ਟੀ. ਦੇ ਬੇਹੱਦ ਸਫ਼ਲ ਐਕਟਰ ਦੇ ਤੌਰ 'ਤੇ ਹੁੰਦੀ ਹੈ।

ਅਭਿਸ਼ੇਕ ਬੱਚਨ ਦੀ ਡਿਜ਼ਨੀ ਹਾਟ ਸਟਾਰ 'ਤੇ ਰਿਲੀਜ਼ 'ਦ ਬਿੱਗ ਬੁੱਲ' ਨੇ ਓ.ਟੀ.ਟੀ. 'ਤੇ ਜ਼ਬਰਦਸਤ ਧਮਾਲ ਮਚਾਇਆ ਸੀ। ਇਸ ਸੀਰੀਜ਼ ਵਿਚ ਅਭਿਸ਼ੇਕ ਨੇ ਆਪਣੇ ਕੰਮ ਨਾਲ ਪ੍ਰਸੰਸਕਾਂ ਦਾ ਦਿਲ ਜਿੱਤ ਲਿਆ ਸੀ। ਉਸ ਤੋਂ ਬਾਅਦ ਤੋਂ ਹੀ ਪ੍ਰਸੰਸਕਾਂ ਨੂੰ ਇਸ ਦੇ ਦੂਜੇ ਸੀਜ਼ਨ ਦਾ ਇੰਤਜ਼ਾਰ ਸੀ। ਹੁਣ ਖ਼ਬਰ ਇਹ ਹੈ ਕਿ 'ਦ ਬਿੱਗ ਬੁੱਲ-2' ਛੇਤੀ ਹੀ ਓ.ਟੀ.ਟੀ. 'ਤੇ ਦਸਤਕ ਦੇ ਸਕਦੀ ਹੈ।

VACANCIES
JSR CONTRACTS LTD.

ਵੱਖ ਵੱਖ ਸ਼ਹਿਰਾਂ ਵਿੱਚ ਕੰਸਟਰਕਸ਼ਨ ਸਾਈਟ 'ਤੇ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

CONSTRUCTION BUILDERS REQUIRED ON VARIOUS SITES IN UK

**Job Description:** In this role as an experienced builder, a diverse set of responsibilities during the job consists of 37.5 hours of dedicated work per week. These encompass a wide spectrum of construction tasks, including but not limited to concrete pouring, excavation, framing, roofing, demolition, scaffolding, and the creation of various structures using materials like stone, brick, and reinforced concrete. Additionally, the role may extend to actively participating in roadwork projects and steelwork, and there might be occasions to perform various trade-related duties. Proficiency in tasks such as blueprint interpretation and equipment operation is required. A firm commitment to adhering to safety protocols, effective collaboration with both colleagues and subcontractors, strict adherence to project timelines and quality standards, and clear and concise communication skills. Annual pay is - £31,000

**Person must have CSCS, CCDO, IPAF, Driving Licence, IPAF, SSSTS, Asbestos Awareness and Manual Handling.**
**Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਹਰਿਆਣੇ ਵਿਚ ਕਿੱਥੇ ਗਿਆ ਰਾਹੁਲ ਦਾ ਕ੍ਰਿਸ਼ਮਾ ?

**✪ ਕਾਂਗਰਸ ਆਪਣੀ ਹਾਰ ਕਾਰਣ ਈਵੀਐਮ ਦੀ ਹੇਰਾ ਫੇਰੀ ਦਾ ਕਿਉਂ ਬਣਾ ਰਹੀ ਏ ਬਹਾਨਾ ? ✪ ਦਲਿਤਾਂ ਕਾਰਣ ਕਾਂਗਰਸ ਹਾਰੀ, ਰਾਹੁਲ ਨਹੀਂ ਸੰਭਾਲ ਸਕੇ ਜ਼ਿੰਮੇਵਾਰੀ ✪ 'ਆਪ' ਪਾਰਟੀ ਕਾਂਗਰਸ ਦੀ ਹਾਰ ਤੋਂ ਖੁਸ਼**



ਹਰਿਆਣਾ ਦੇ ਚੋਣ ਨਤੀਜਿਆਂ ਦਾ ਵਿਸ਼ਲੇਸ਼ਣ ਕਰਨ ਵਾਲੀ ਕਾਂਗਰਸ ਦੀ ਹਾਈਕਮਾਂਡ ਹਰ ਵਾਰ ਦੀ ਤਰ੍ਹਾਂ ਰਾਹੁਲ ਗਾਂਧੀ ਦੀ ਦੋਸ਼ਾਂ ਭਰਪੂਰ ਰਾਜਨੀਤੀ ਨੂੰ ਛੁਪਾਉਣ ਲਈ ਈਵੀਐਮ ਦੀ ਹੇਰਾਫੇਰੀ ਤੇ ਚੋਣ ਕਮਿਸ਼ਨ ਉਪਰ ਦੋਸ਼ ਮੜਕੇ ਰਾਹੁਲ ਗਾਂਧੀ ਦੇ ਦੁਆਲੇ ਇਕ ਸੁਰੱਖਿਆ ਕਵਚ ਬਣਾ ਰਹੇ ਹਨ। ਕੋਈ ਇਹ ਨਹੀਂ ਪੁੱਛ ਰਿਹਾ ਕਿ ਰਾਹੁਲ ਗਾਂਧੀ ਦਾ ਪ੍ਰਬੰਧਨ ਅਤੇ ਉਨ੍ਹਾਂ ਦਾ ਕ੍ਰਿਸ਼ਮਾ ਕਿੱਥੇ ਸੀ ? ਜਿਸ ਸਮੇਂ ਕੁਮਾਰੀ ਸ਼ੈਲਜਾ ਪ੍ਰਤੀ ਕਥਿਤ ਤੌਰ 'ਤੇ ਜਾਤੀਸੂਚਕ ਗੱਲਾਂ ਕਹੀਆਂ ਗਈਆਂ ਅਤੇ ਉਹ ਨਾਰਾਜ਼ ਹੋ ਕੇ ਘਰ ਬੈਠ ਗਈ ਤਾਂ ਰਾਹੁਲ ਨੇ ਕੀ ਕੀਤਾ ? ਉਨ੍ਹਾਂ ਦੇ ਨਾਰਾਜ਼ ਹੋਣ ਅਤੇ ਪ੍ਰਚਾਰ ਤੋਂ ਵੱਖ ਹੋ ਜਾਣ ਦੇ ਲਗਭਗ 10 ਦਿਨਾਂ ਤੱਕ ਕੋਈ ਪਹਿਲ ਨਹੀਂ ਹੋਈ। ਇਸ ਦੌਰਾਨ ਮਨੋਹਰ ਲਾਲ ਖੱਟਰ ਨੇ ਉਨ੍ਹਾਂ ਨੂੰ ਭਾਜਪਾ ਵਿਚ ਸ਼ਾਮਿਲ ਹੋਣ ਦਾ ਪ੍ਰਸਤਾਵ ਦਿੱਤਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀਆਂ ਰੈਲੀਆਂ ਵਿਚ ਇਸ ਗੱਲ ਨੂੰ ਮੁੱਦਾ ਬਣਾਇਆ। ਦਲਿਤ ਵੋਟਰ ਪਹਿਲਾਂ ਤੋਂ ਜਾਟਸ਼ਾਹੀ ਦੀ ਸੰਭਾਵਨਾ ਤੋਂ ਚਿੰਤਾ ਵਿਚ ਸਨ ਅਤੇ ਸ਼ੈਲਜਾ ਦੇ ਘਰ ਬੈਠਣ ਨਾਲ ਦਲਿਤਾਂ ਦੇ ਇਕ ਵੱਡੇ ਸਮੂਹ ਦਾ ਰੁਝਾਨ ਭਾਜਪਾ ਵੱਲ ਬਣਨ ਲੱਗਾ। ਜਦੋਂ ਤੱਕ ਰਾਹੁਲ ਗਾਂਧੀ ਹੁੱਡਾ ਅਤੇ ਸ਼ੈਲਜਾ ਨੂੰ ਇਕ ਮੰਚ 'ਤੇ ਲਿਆਉਂਦੇ, ਉਦੋਂ ਤੱਕ ਬਹੁਤ ਦੇਰ ਹੋ ਗਈ ਸੀ। ਇਸ ਤੋਂ ਬਾਅਦ ਰਾਹੁਲ ਗਾਂਧੀ ਨੇ ਦੋ ਦਿਨ ਯਾਤਰਾ ਕੀਤੀ। ਉਨ੍ਹਾਂ ਯਾਤਰਾਵਾਂ ਵਿਚ ਕੀ ਹੋਇਆ ? ਜਿਨ੍ਹਾਂ ਇਲਾਕਿਆਂ ਤੋਂ ਰਾਹੁਲ ਦੀ ਯਾਤਰਾ ਨਿਕਲੀ, ਉੱਥੇ ਕੋਈ ਕ੍ਰਿਸ਼ਮਾ ਕੰਮ ਨਹੀਂ ਆਇਆ। ਜਿੱਥੇ ਉਨ੍ਹਾਂ ਨੇ ਜਲੇਬੀ ਖਾਧੀ ਅਤੇ ਉਸ ਦਾ ਇੰਨਾ ਵੱਡਾ ਮੁੱਦਾ ਬਣਿਆ, ਉੱਥੇ ਵੀ ਕਾਂਗਰਸ ਹਾਰ ਗਈ। ਲੋਕ ਸਭਾ ਵਿਚ ਕਾਂਗਰਸ ਦੀਆਂ ਸੀਟਾਂ ਵਿਰੋਧੀ ਧਿਰ ਦੇ ਇਕਜੁੱਟ ਹੋ ਕੇ ਲੜਨ ਨਾਲ ਵਧੀਆਂ ਸਨ। ਹਰਿਆਣਾ ਵਿਚ ਕਾਂਗਰਸ ਦੇ ਇਕੱਲਿਆਂ ਲੜਨ 'ਤੇ ਹਕੀਕਤ ਸਾਹਮਣੇ ਆ ਗਈ। ਜੰਮੂ-ਕਸ਼ਮੀਰ ਵਿਚ ਵੀ ਕਾਂਗਰਸ ਆਪਣੇ ਅਸਰ ਵਾਲੇ ਜੰਮੂ ਇਲਾਕੇ ਵਿਚ ਸਾਫ਼ ਹੀ ਹੋ ਗਈ। ਪਰ ਕਾਂਗਰਸ ਆਪਣੀ ਹਾਰ ਦੀ ਹਕੀਕਤ ਪਛਾਣਨ ਦੀ ਥਾਂ ਈਵੀਐਮ ਨੂੰ ਦੋਸ਼ੀ ਠਹਿਰਾ ਰਹੀ ਹੈ।

ਕਾਂਗਰਸ ਪਾਰਟੀ ਦੇ ਨੇਤਾ ਜੈਰਾਮ ਰਮੇਸ਼ ਅਤੇ ਪਵਨ ਖੇੜਾ ਨੇ ਬੀਤੇ ਦਿਨੀਂ ਪ੍ਰੈੱਸ ਕਾਨਫਰੰਸ ਕਰਕੇ ਹਰਿਆਣਾ ਦੇ ਚੋਣ ਨਤੀਜਿਆਂ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਕਾਂਗਰਸ ਹਾਰੀ ਨਹੀਂ ਹੈ, ਸਗੋਂ ਉਸ ਨੂੰ ਹਰਾਇਆ ਗਿਆ ਹੈ। ਦੋਵਾਂ ਨੇ ਕਿਹਾ ਕਿ ਕਿਸੇ ਨੂੰ ਵੀ ਨਹੀਂ ਲੱਗ ਰਿਹਾ ਸੀ ਕਿ ਕਾਂਗਰਸ ਹਾਰ ਜਾਵੇਗੀ। ਉਨ੍ਹਾਂ ਨੇ ਈ.ਵੀ.ਐੱਮਜ਼. ਦੀਆਂ ਬੈਟਰੀਆਂ ਦਾ ਮੁੱਦਾ ਬਣਾਇਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਿਸ ਈ.ਵੀ.ਐੱਮ. ਦੀ ਬੈਟਰੀ 99 ਫ਼ੀਸਦੀ ਚਾਰਜ ਸੀ, ਉਸ ਵਿਚ ਸਿਰਫ਼ ਭਾਜਪਾ ਦੀਆਂ ਵੋਟਾਂ ਨਿਕਲੀਆਂ, ਜਦੋਂ ਕਿ ਘੱਟ ਚਾਰਜ ਈ.ਵੀ.ਐੱਮ ਵਿਚ ਕਾਂਗਰਸ ਦੀਆਂ ਵੋਟਾਂ ਜ਼ਿਆਦਾ ਨਿਕਲ ਰਹੀਆਂ ਸਨ। ਉਨ੍ਹਾਂ ਦੇ ਕਹਿਣ ਦਾ ਮਤਲਬ ਹੈ ਕਿ ਈ.ਵੀ.ਐੱਮ. ਬਦਲੀਆਂ ਗਈਆਂ ਹਨ, ਕਿਉਂਕਿ 10 ਘੰਟੇ ਵੋਟਿੰਗ ਤੋਂ ਬਾਅਦ ਸੀਲ ਕੀਤੇ ਗਏ ਈ.ਵੀ.ਐੱਮਜ਼. ਦੀਆਂ ਬੈਟਰੀਆਂ 99 ਫ਼ੀਸਦੀ ਚਾਰਜ ਨਹੀਂ ਰਹਿ ਸਕਦੀ। ਕਾਂਗਰਸ ਨੇ ਕਿਹਾ ਕਿ ਉਹ ਤਮਾਮ ਸ਼ਿਕਾਇਤਾਂ ਇਕੱਠੀਆਂ ਕਰਨ ਤੋਂ ਬਾਅਦ ਕਮਿਸ਼ਨ ਕੋਲ ਜਾਵੇਗੀ। ਪਰ ਸਵਾਲ ਹੈ ਕਿ ਇਸ ਨਾਲ ਕੀ ਹਾਸਿਲ ਹੋਵੇਗਾ ? ਚੋਣ ਕਮਿਸ਼ਨ ਨੇ ਤਾਂ ਪਹਿਲਾਂ ਹੀ ਕਾਂਗਰਸ ਦੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਹੈ।

ਚੋਣ ਕਮਿਸ਼ਨ ਦਾ ਕਹਿਣਾ ਹੈ ਕਿ ਬੈਟਰੀ ਘੱਟ ਜਾਂ ਜ਼ਿਆਦਾ ਚਾਰਜ ਹੋਣ ਦੇ ਦੋਸ਼ਾਂ ਦਾ ਕੋਈ ਮਤਲਬ ਨਹੀਂ ਹੈ। ਜ਼ਾਹਿਰ ਹੈ ਕਿ ਚੋਣ ਕਮਿਸ਼ਨ ਕਾਂਗਰਸ ਦੀ ਸ਼ਿਕਾਇਤ ਨੂੰ ਖਾਰਜ ਹੀ ਕਰੇਗਾ। ਉਂਜ ਪ੍ਰਧਾਨ ਮੰਤਰੀ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਚੋਣ ਕਮਿਸ਼ਨ ਨੂੰ ਬਦਨਾਮ ਕਰਨ ਦੀ ਕਾਂਗਰਸ ਦੀ ਆਦਤ ਹੋ ਗਈ ਹੈ। ਸੋ, ਕਾਂਗਰਸ ਨੂੰ ਚੋਣ ਕਮਿਸ਼ਨ ਕੋਲ ਜਾਣ ਦੀ ਬਜਾਏ ਅਦਾਲਤ ਵਿਚ ਜਾਣਾ ਚਾਹੀਦਾ ਹੈ ਪਰ ਉਹ ਸਿਰਫ਼ ਇਸ ਵਜ੍ਹਾ ਨਾਲ ਨਤੀਜਿਆਂ ਨੂੰ ਮੰਨਣ ਤੋਂ ਇਨਕਾਰ ਨਹੀਂ ਕਰ ਸਕਦੀ ਕਿ ਉਸ ਦੇ ਜਾਂ ਬਹੁਤ ਸਾਰੇ ਲੋਕਾਂ ਦੇ ਮਨਮਰਜ਼ੀ ਦੇ ਨਤੀਜੇ ਨਹੀਂ ਆਏ ਹਨ।

ਦੂਜੇ ਪਾਸੇ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਨੇ ਬਹੁਤ ਖਰਾਬ ਪ੍ਰਦਰਸ਼ਨ ਕੀਤਾ ਹੈ। ਉਸ ਨੇ 89 ਸੀਟਾਂ 'ਤੇ ਚੋਣਾਂ ਲੜੀਆਂ ਸਨ ਅਤੇ ਸਾਰੀਆਂ ਸੀਟਾਂ 'ਤੇ ਉਸ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਹਨ। ਹਾਲਾਂਕਿ ਪਿਛਲੀ ਵਾਰ ਦੇ ਮੁਕਾਬਲੇ ਉਸ ਦੇ ਪ੍ਰਦਰਸ਼ਨ ਵਿਚ ਸੁਧਾਰ ਹੋਇਆ ਹੈ। ਪਿਛਲੀ ਵਾਰ ਉਸ ਨੂੰ ਅੱਧਾ ਫ਼ੀਸਦੀ ਵੋਟਾਂ ਮਿਲੀਆਂ ਸਨ, ਜਦੋਂ ਕਿ ਇਸ ਵਾਰ ਉਹ ਕਰੀਬ 1.80 ਫ਼ੀਸਦੀ ਵੋਟਾਂ ਲੈਣ ਵਿਚ ਸਫਲ ਰਹੀ। ਉਸ ਨੇ ਪੰਜ ਵਿਧਾਨ ਸਭਾ ਸੀਟਾਂ 'ਤੇ ਇੰਨੀਆਂ ਵੋਟਾਂ ਕੱਟੀਆਂ, ਜਿਸ ਨਾਲ ਕਾਂਗਰਸ ਹਾਰ ਗਈ। ਭਾਵ ਜਿਵੇਂ 10 ਆਜ਼ਾਦ ਉਮੀਦਵਾਰਾਂ ਨੇ ਕਾਂਗਰਸ ਦੀਆਂ ਵੋਟਾਂ ਕੱਟ ਕੇ ਉਸ ਨੂੰ ਹਰਾਇਆ, ਉਸੇ ਤਰ੍ਹਾਂ ਆਮ ਆਦਮੀ ਪਾਰਟੀ ਨੇ ਪੰਜ ਸੀਟਾਂ 'ਤੇ ਕਾਂਗਰਸ ਨੂੰ ਹਰਾਇਆ। ਇਸ ਲਈ ਆਮ ਆਦਮੀ ਪਾਰਟੀ ਦੇ ਨੇਤਾਵਾਂ ਨੇ ਟਵੀਟ ਕਰਕੇ ਕਾਂਗਰਸ ਨੂੰ ਇਹ ਅਹਿਸਾਸ ਕਰਵਾਇਆ ਕਿ ਜੇਕਰ ਰਲ ਮਿਲ ਕੇ ਲੜੇ ਹੁੰਦੇ ਤਾਂ ਦੋਵੇਂ ਪਾਸੇ ਖ਼ੁਸ਼ੀ ਹੁੰਦੀ। ਪਰ ਅਜਿਹਾ ਨਹੀਂ ਹੈ ਕਿ ਇੰਨੇ ਖਰਾਬ ਨਤੀਜਿਆਂ ਤੋਂ ਬਾਅਦ ਆਮ ਆਦਮੀ ਪਾਰਟੀ ਦੁਖੀ ਹੈ। ਦੱਸਿਆ ਜਾ ਰਿਹਾ ਹੈ ਕਿ ਨਤੀਜਿਆਂ ਤੋਂ ਬਾਅਦ ਕੇਜਰੀਵਾਲ ਨੇ ਇਸ 'ਤੇ ਰਾਹਤ ਦਾ ਸਾਹ ਲਿਆ ਕਿ ਕਾਂਗਰਸ ਨਹੀਂ ਜਿੱਤੀ। ਪਾਰਟੀ ਵਿਚ ਇਸ ਗੱਲ ਦੀ ਵੀ ਖ਼ੁਸ਼ੀ ਹੈ ਕਿ ਜੰਮੂ-ਕਸ਼ਮੀਰ ਵਿਚ ਉਸ ਦਾ ਖਾਤਾ ਖੁੱਲ੍ਹਿਆ। ਹਾਲਾਂਕਿ ਇਹ ਉਮੀਦਵਾਰ ਦੀ ਜਿੱਤ ਹੈ, ਕਿਉਂਕਿ ਬਾਕੀ 6 ਸੀਟਾਂ 'ਤੇ ਉਸ ਨੂੰ 'ਨੋਟਾ' ਨੂੰ ਮਿਲੀਆਂ ਵੋਟਾਂ ਦਾ ਇਕ ਤਿਹਾਈ ਵੋਟ ਹੀ ਮਿਲਿਆ ਹੈ। ਉਸ ਨੂੰ ਦੂਜੀ ਖ਼ੁਸ਼ੀ ਇਸ ਗੱਲ ਦੀ ਹੈ ਕਿ ਕਾਂਗਰਸ ਹਰਿਆਣਾ ਵਿਚ ਨਹੀਂ ਜਿੱਤੀ। ਜੇਕਰ ਹਰਿਆਣਾ ਵਿਚ ਕਾਂਗਰਸ ਜਿੱਤਦੀ ਤਾਂ ਦਿੱਲੀ ਵਿਚ ਕਾਂਗਰਸ ਦੀ ਵਾਪਸੀ ਦਾ ਰਸਤਾ ਬਣਦਾ। ਦਿੱਲੀ ਨਾਲ ਲਗਦੇ ਮੇਵਾਤ ਅਤੇ ਐੱਨ.ਸੀ.ਆਰ. ਦੇ ਇਲਾਕੇ ਵਿਚ ਮੁਸਲਿਮ ਅਤੇ ਜਾਟ ਪੂਰੀ ਤਰ੍ਹਾਂ ਨਾਲ ਕਾਂਗਰਸ ਦੇ ਨਾਲ ਰਹੇ ਹਨ। ਇਹ ਸਮੀਕਰਨ ਦਿੱਲੀ ਵਿਚ ਦੁਹਰਾਇਆ ਜਾ ਸਕਦਾ ਸੀ। ਪਰ ਸਿਆਸੀ ਮਾਹਿਰ ਦਸ ਰਹੇ ਹਨ ਕਿ ਦਿਲੀ ਵਿਚ ਭਾਜਪਾ ਕਾਂਗਰਸ ਤੇ ਆਪ ਲਈ ਚੈਲਿੰਜ ਬਣੀ ਹੋਈ ਹੈ। ਦਿਲੀ ਵਿਚ ਆਪ ਦੇ ਸਿਆਸੀ ਹਾਲਾਤ ਚੰਗੇ ਨਹੀਂ ਹਨ। ਜੇਕਰ ਆਪ ਤੇ ਕਾਂਗਰਸ ਗਠਜੋੜ ਬਣਾਕੇ ਦਿਲੀ ਵਿਚ ਚੋਣ ਨਹੀਂ ਲੜੇਗੀ ਤਾਂ ਹਰਿਆਣੇ ਵਰਗੇ ਹਾਲਾਤਾਂ ਦਾ ਆਪ ਤੇ ਕਾਂਗਰਸ ਨੂੰ ਸਾਹਮਣਾ ਕਰਨਾ ਪੈ ਸਕਦਾ ਹੈ।

## ਪੰਜਾਬ ਤੋਂ ਬਾਅਦ ਹਰਿਆਣਾ ਤੇ ਦਿੱਲੀ ਡਰਗ ਦੇ ਚੱਕਰਵਿਊ ਵਿਚ ਫਸਿਆ

**✪ ਗੁਜਰਾਤ ਦੇ ਸਮੁੰਦਰ ਦੇ ਤੱਟ 'ਤੇ ਫੜੀ ਡਰੱਗ ਦੇ ਮੁਖ ਦੋਸ਼ੀ ਦਾ ਹਾਲੇ ਤਕ ਕੋਈ ਪਤਾ ਨਹੀਂ**

**✪ ਤਸਕਰਾਂ, ਪੁਲਿਸ, ਸਿਆਸਤਦਾਨਾਂ ਦੇ ਭ੍ਰਿਸ਼ਟ ਗਠਜੋੜ ਕਾਰਣ ਵਧ ਰਹੇ ਨੇ ਨਸ਼ੇ**



ਭਾਰਤ ਵਿਚ ਨਸ਼ੇ ਦੇ ਕਾਰੋਬਾਰ ਦੇ ਸਿਲਸਿਲੇ ਵਿਚ ਕੁਝ ਸਮਾਂ ਪਹਿਲਾਂ ਤੱਕ ਸਿਰਫ਼ ਉੱਡਦਾ ਪੰਜਾਬ ਦੀ ਚਰਚਾ ਹੁੰਦੀ ਸੀ, ਕਿਉਂਕਿ ਪੰਜਾਬ ਦੇ ਨੌਜਵਾਨਾਂ ਵਿਚ ਨਸ਼ੇ ਦਾ ਰੁਝਾਨ ਵਧ ਰਿਹਾ ਸੀ। ਇਸ ਤੋਂ ਇਲਾਵਾ ਕੁਝ ਵੱਡੇ ਸ਼ਹਿਰਾਂ ਅਤੇ ਮਹਾਂਨਗਰਾਂ ਦੀ ਹਾਈ-ਪ੍ਰੋਫਾਈਲ ਸੁਸਾਇਟੀ ਵਿਚ ਇਸ ਦਾ ਰੁਝਾਨ ਸੀ ਪਰ ਹੁਣ ਤਾਂ ਇਕ ਤੋਂ ਬਾਅਦ ਇਕ ਕਈ ਰਾਜ ਇਸ ਦੀ ਲਪੇਟ ਵਿਚ ਆ ਰਹੇ ਹਨ। ਹਾਲ ਹੀ ਵਿਚ ਹਰਿਆਣਾ ਵਿਧਾਨ ਸਭ ਚੋਣਾਂ ਸਮੇਂ ਕਈ ਪੱਤਰਕਾਰਾਂ ਨੇ ਚੋਣ ਕਵਰੇਜ ਤੋਂ ਇਲਾਵਾ ਹਰਿਆਣਾ ਵਿਚ ਨਸ਼ੇ ਦੇ ਵਧਦੇ ਰੁਝਾਨ ਬਾਰੇ ਰਿਪੋਰਟ ਕੀਤੀ। ਪੰਜਾਬ ਅਤੇ ਹਰਿਆਣਾ ਦੇ ਅਸਰ ਵਿਚ ਦਿੱਲੀ ਅਤੇ ਸਮੁੱਚਾ ਐੱਨ.ਸੀ.ਆਰ. ਨਸ਼ੇ ਦੀ ਲਪੇਟ ਵਿਚ ਆ ਚੁੱਕਾ ਹੈ। ਪਿਛਲੇ ਦਿਨੀਂ ਦਿੱਲੀ ਅਤੇ ਗੁਰੂਗ੍ਰਾਮ ਵਿਚ ਨਾਰਕੋਟਿਕਸ ਕੰਟਰੋਲ ਬਿਊਰੋ ਨੇ ਸਾਢੇ ਪੰਜ ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਦੀ 560 ਕਿਲੋ ਨਸ਼ੇ ਦੀ ਖੇਪ ਫੜੀ। ਇਸ ਦੇ ਦੋ ਦਿਨ ਬਾਅਦ ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਵਿਚ 1814 ਕਰੋੜ ਰੁਪਏ ਦੀ ਨਸ਼ੇ ਦੀ ਖੇਪ ਫੜੀ ਗਈ। ਭੋਪਾਲ ਵਿਚ ਪਹਿਲੀ ਵਾਰ ਇਸ ਪੱਧਰ 'ਤੇ ਨਸ਼ਾ ਫੜਿਆ ਗਿਆ। ਲੋਕ ਭੁੱਲੇ ਨਹੀਂ ਹੋਣਗੇ, ਜਦੋਂ ਇਸ ਸਾਲ ਫਰਵਰੀ ਵਿਚ ਗੁਜਰਾਤ ਦੇ ਸਮੁੰਦਰ ਦੇ ਤੱਟ 'ਤੇ ਤਿੰਨ ਟਨ ਤੋਂ ਜ਼ਿਆਦਾ ਨਸ਼ਾ ਫੜਿਆ ਗਿਆ ਸੀ। ਪਿਛਲੇ ਸਾਲ ਮਈ 'ਚ ਐੱਨ.ਸੀ.ਬੀ. ਨੇ ਪਾਕਿਸਤਾਨ ਤੋਂ ਆਏ ਇਕ ਜਹਾਜ਼ ਵਿਚ 12 ਹਜ਼ਾਰ ਕਰੋੜ ਰੁਪਏ ਦੀ ਢਾਈ ਟਨ ਮੈਥਮਫੈਟਾਮਾਈਨ ਫੜੀ ਸੀ। ਹੁਣ ਕੋਈ ਇਕ-ਦੋ ਵਿਅਕਤੀ ਤਾਂ ਇਸ ਮਾਤਰਾ ਵਿਚ ਨਸ਼ਾ ਨਹੀਂ ਮੰਗਵਾ ਸਕਦੇ। ਜ਼ਾਹਿਰ ਹੈ ਕਿ ਇਸ ਪਿੱਛੇ ਕੋਈ ਸੰਗਠਿਤ ਗਿਰੋਹ ਹੀ ਹੋਵੇਗਾ। ਪਰ ਸਰਕਾਰ ਅਜੇ ਤਕ ਇਸ ਦਾ ਪਤਾ ਨਹੀਂ ਲਗਾ ਸਕੀ। ਆਮ ਧਾਰਨਾ ਹੈ ਕਿ ਪੁਲਿਸ ਅਤੇ ਦੂਜੀਆਂ ਏਜੰਸੀਆਂ ਕਿਸੇ ਪਾਬੰਦੀਸ਼ੁਦਾ ਉਤਪਾਦ ਨੂੰ ਫੜਦੀਆਂ ਹਨ ਤਾਂ ਉਨ੍ਹਾਂ ਦਾ ਔਸਤ 100 ਵਿਚੋਂ ਇਕ ਦਾ ਹੁੰਦਾ ਹੈ। ਭਾਵ 100 ਖੇਪ ਨਿਕਲੇਗੀ ਤਾਂ ਇਕ ਫੜੀ ਜਾਵੇਗੀ। ਸੋ, ਜਿੰਨਾ ਨਸ਼ਾ ਫੜਿਆ ਜਾ ਰਿਹਾ ਹੈ, ਉਸ ਨੂੰ ਵੇਖ ਕੇ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਬਾਜ਼ਾਰ ਵਿਚ ਕਿੰਨਾ ਨਸ਼ਾ ਆ ਰਿਹਾ ਹੈ। ਸਾਫ ਗਲ ਇਹ ਹੈ ਪੁਲਿਸ, ਤਸਕਰ ਤੇ ਸਿਆਸਤਦਾਨ ਮਿਲੇ ਹੋਏ ਹਨ। ਡਰਗ ਮਨੀ ਇਨ੍ਹਾਂ ਦੀਆਂ ਤਿੰਜੋਰੀਆਂ ਭਰਨ ਦਾ ਵਡਾ ਸਾਧਨ ਹੈ।

# ਕਿਸਮਤ ਦੇ ਸਿਤਾਰੇ

## ਵੀਰਵਾਰ 17 ਅਕਤੂਬਰ ਤੋਂ ਬੁੱਧਵਾਰ 23 ਅਕਤੂਬਰ 2024 ਤੱਕ

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)**
ਕਾਰਜ-ਵਪਾਰ ਵਿੱਚ ਤਰੱਕੀ ਅਤੇ ਵਪਾਰ ਵਧਾਉਣ ਲਈ ਕੁਝ ਰਸਤੇ ਖੁੱਲ੍ਹਣਗੇ। ਕੁਝ ਵਿਗੜੇ ਕੰਮਾਂ ਵਿੱਚ ਸੁਧਾਰ ਅਤੇ ਕੁਝ ਖਾਸ ਲੋਕਾਂ ਨਾਲ ਮੇਲ ਹੋਣ ਕਰਕੇ ਕਾਰਜ ਸਿੱਧੀ ਹੋਵੇਗੀ। ਇਸ ਹਫ਼ਤੇ ਕਿਸੇ ਤੋਂ ਧੋਖਾ ਵੀ ਮਿਲ ਸਕਦਾ ਹੈ। ਤਾਮਸਿਕ ਭੋਜਨ ਤੋਂ ਪੂਰੀ ਤਰ੍ਹਾਂ ਪ੍ਰਹੇਜ਼ ਕਰੋ। ਇਸ ਹਫਤੇ ਘਰ ਵਿੱਚ ਸ਼ਰਾਬ ਦੀ ਵਰਤੋਂ ਨਾ ਕਰਨੀ, ਘਰ ਵਿੱਚ ਸ਼ਾਂਤੀ ਆਵੇਗੀ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)**
ਜ਼ਮੀਨ ਤੇ ਵਾਹਨ ਆਦਿ ਦੀ ਖਰੀਦੋ-ਫਰੋਖਤ ਦੇ ਯੋਗ ਹਨ। ਪਹਿਲਾਂ ਕੀਤੀਆਂ ਕੋਸ਼ਿਸ਼ਾਂ ਦਾ ਫੱਲ ਕੁਝ ਦਿਨਾਂ ਤੋਂ ਬਾਅਦ ਮਿਲੇਗਾ। ਹੌਂਸਲਾ ਤੇ ਸਾਹਸ ਨਾਲ ਕੰਮ ਕਰਨਾ ਸ਼ੁੱਭ ਰਹੇਗਾ। ਜਲਦਬਾਜ਼ੀ ਵਿੱਚ ਕੀਤੇ ਗਏ ਫੈਸਲੇ ਕੰਮ ਵਿਗਾੜ ਸਕਦੇ ਹਨ। ਸਾਰਾ ਹਫਤਾ ਸਵੇਰ ਵੇਲੇ ਆਪਣੇ ਮਾਤਾ ਪਿਤਾ ਨੂੰ ਪਿਆਰ ਨਾਲ ਸਤਿ ਸ੍ਰੀ ਅਕਾਲ ਬੁਲਾਉ, ਕਾਰਜ ਸਿੱਧ ਹੋਣਗੇ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)**
ਵਪਾਰ ਵਿੱਚ ਸੰਘਰਸ਼ਪੂਰਨ ਹਾਲਾਤਾਂ ਦਾ ਸਾਹਮਣਾ ਰਹੇਗਾ। ਜ਼ਿਆਦਾ ਭੱਜ-ਦੌੜ ਕਰਨ 'ਤੇ ਵੀ ਖਰਚ ਆਮਦਨ ਤੋਂ ਵੱਧ ਹੋਣਗੇ। ਗ੍ਰਹਿਸਥੀ ਜੀਵਨ ਵੀ ਸੁਖਦ ਨਹੀਂ ਹੋਵੇਗਾ। ਮਿਹਨਤ ਅਤੇ ਅਕਲ ਨਾਲ ਕੰਮ ਕਰਨ 'ਤੇ ਲਾਭ ਦੇ ਮੌਕੇ ਮਿਲ ਸਕਦੇ ਹਨ। ਹਾਲਾਤਾਂ ਤੋਂ ਘਬਰਾ ਕੇ ਕਿਸੇ ਤਾਂਤਰਿਕ ਜਾਂ ਅਖੋਤੀ ਬਾਬਿਆਂ ਕੋਲੋਂ ਸਲਾਹ ਨਾ ਲਵੋ, ਨੁਕਸਾਨ ਹੋ ਸਕਦਾ ਹੈ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)**
ਨੌਕਰੀ ਤੇ ਕਾਰੋਬਾਰ ਦੀ ਹਾਲਤ ਮੱਧਮ ਰਹੇਗੀ। ਆਰਥਿਕ ਖੇਤਰ ਵਿੱਚ ਹਾਲਾਤ ਡਾਵਾਂਡੋਲ ਹੋਣ ਕਰਕੇ ਮਨ ਵਿੱਚ ਅਸ਼ਾਂਤੀ ਰਹੇਗੀ। ਵਪਾਰਕ ਖੇਤਰ ਵਿੱਚ ਬਦਲਾਵ ਦੀ ਯੋਜਨਾ ਵੀ ਬਣੇਗੀ। ਘਰੇਲੂ ਤੇ ਆਰਥਿਕ ਪ੍ਰੇਸ਼ਾਨੀਆਂ ਬਣੀਆਂ ਰਹਿਣਗੀਆਂ। ਪਰਿਵਾਰ ਵਿੱਚ ਮਤਭੇਦ ਵੀ ਹੋਣਗੇ। ਪੂਰਾ ਹਫ਼ਤਾ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਰਹੇਗਾ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)**
ਉਮੀਦ ਤੋਂ ਵਧੇਰੇ ਖਰਚ ਹੋਣਗੇ। ਸਿਹਤ ਵਿੱਚ ਗੜਬੜ, ਤਣਾਉ ਅਤੇ ਘਰੇਲੂ ਉਲਝਣਾਂ ਵੱਧਣਗੀਆਂ। ਕਈ ਨਵੀਆਂ ਯੋਜਨਾਵਾਂ ਬਣਾਉਣ ਵਿੱਚ ਸਮਾਂ ਬੀਤੇਗਾ। ਨੌਕਰੀ ਵਿੱਚ ਅਫਸਰਾਂ ਨਾਲ ਮੱਤਭੇਦ ਅਤੇ ਤਣਾਉ ਦੇ ਹਾਲਾਤ ਰਹਿਣਗੇ। ਸਾਰਾ ਹਫਤਾ ਸਵੇਰ ਤੇ ਸ਼ਾਮ 15 ਮਿੰਟ ਆਪਣੇ ਮਾਤਾ ਪਿਤਾ ਕੋਲ ਬੈਠ ਕੇ ਪਰਿਵਾਰ ਦੀਆਂ ਗੱਲਾਂ ਸਾਂਝੀਆਂ ਕਰੋ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)**
ਆਰਥਿਕ ਉਲਝਣਾਂ, ਧਨ ਦਾ ਖਰਚ ਜ਼ਿਆਦਾ, ਘਰੇਲੂ ਪ੍ਰੇਸ਼ਾਨੀਆਂ ਕਰਕੇ ਮਨ ਵਿੱਚ ਅਸ਼ਾਂਤੀ ਅਤੇ ਅਸੰਤੁਸ਼ਟਤਾ ਬਣੀ ਰਹੇਗੀ। ਆਮਦਨ ਦੇ ਸਾਧਨਾਂ ਵਿੱਚ ਕੁਝ ਸੁਧਾਰ ਹੋਵੇਗਾ। ਇੱਛਾ ਮੁਤਾਬਕ ਕੁਝ ਸਫਲਤਾ ਮਿਲਣ ਦੀ ਉਮੀਦ ਹੈ। ਇਸ ਹਫਤੇ ਇਕ ਦਿਨ ਗੁਰੂ ਘਰ ਬੱਚਿਆਂ ਸਮੇਤ ਜਾ ਕੇ ਬਰਤਨ ਸਾਫ ਕਰਨ ਦੀ ਸੇਵਾ ਕਰੋ, ਕਮਾਈ ਵਿੱਚ ਬਰਕਤ ਹੋਵੇਗੀ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)**
ਵਧੇਰੇ ਸੰਘਰਸ਼ ਦੇ ਬਾਵਜੂਦ ਸਾਰੇ ਕੰਮਾਂ ਵਿੱਚ ਸਫਲਤਾ ਨਹੀਂ ਮਿਲੇਗੀ। ਧਨ ਲਾਭ ਤੇ ਸੁੱਖ-ਸਾਧਨਾਂ ਵਿੱਚ ਵਾਧਾ ਹੋਵੇਗਾ। ਪਰਿਵਾਰ ਦਾ ਸਹਿਯੋਗ ਮਿਲੇਗਾ, ਪਰ ਸੰਤਾਨ ਸਬੰਧੀ ਚਿੰਤਾ ਬਣੀ ਰਹੇਗੀ। ਧਰਮ-ਕਰਮ ਵਿੱਚ ਦਿਲਚਸਪੀ ਰਹੇਗੀ। ਮਾਤਾ-ਪਿਤਾ ਨਾਲ ਮੱਤਭੇਦ ਹੋ ਸਕਦੇ ਹਨ। ਆਪਣੇ ਵਿਰੋਧੀ ਜਾਂ ਦੁਸ਼ਮਣ ਨਾਲ ਵੀ ਪਿਆਰ ਨਾਲ ਪੇਸ਼ ਆਉ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)**
ਸਥਾਨ ਦੀ ਤਬਦੀਲੀ ਤੇ ਦੂਰ ਦੀ ਯਾਤਰਾ ਦੇ ਯੋਗ ਹਨ। ਭਾਈ-ਬੰਧੂ ਦੇ ਸੁੱਖ ਅਤੇ ਸਹਿਯੋਗ ਵਿੱਚ ਕਮੀ ਆਵੇਗੀ। ਸੰਸਾਰਿਕ ਕੰਮਾਂ 'ਤੇ ਖਰਚ ਜ਼ਿਆਦਾ ਹੋਵੇਗਾ। ਤਣਾਉ, ਫਜ਼ੂਲ ਦੇ ਝਗੜੇ ਅਤੇ ਪ੍ਰੇਸ਼ਾਨੀਆਂ ਵੱਧਣਗੀਆਂ। ਸਾਰਾ ਹਫਤਾ ਆਪਣੇ ਮਾਤਾ ਪਿਤਾ ਨੂੰ ਗੁਰਦੁਆਰਾ ਸਾਹਿਬ ਸਵੇਰ ਜਾਂ ਸ਼ਾਮ ਦਿਨ ਵਿੱਚ ਇਕ ਵਾਰ ਜਰੂਰ ਲੈ ਕੇ ਜਾਵੋ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)**
ਪਰਿਵਾਰਕ ਉਲਝਣਾਂ ਕਰਕੇ ਮਨ ਅਸ਼ਾਂਤ ਰਹੇਗਾ। ਸੰਤਾਨ ਸਬੰਧੀ ਕੁਝ ਨਾ ਕੁਝ ਚਿੰਤਾ ਬਣੀ ਰਹੇਗੀ। ਸਿਹਤ ਢਿੱਲੀ, ਧਨ ਦਾ ਖਰਚ ਜ਼ਿਆਦਾ ਅਤੇ ਸਾਂਝੇਦਾਰੀ ਦੇ ਕੰਮਾਂ ਵਿੱਚ ਨੁਕਸਾਨ ਦਾ ਡਰ ਹੈ। ਧਰਮ-ਕਰਮ ਵਿੱਚ ਦਿਲਚਸਪੀ ਵਧੇਗੀ। ਹਮੇਸ਼ਾ ਆਪਣੀ ਚਾਦਰ ਦੇਖ ਕੇ ਹੀ ਪੈਰ ਪਸਾਰੋ, ਆਰਥਿਕ ਉਲਝਣਾਂ ਤੋਂ ਬਚੇ ਰਹੋਗੇ ਅਤੇ ਮਨ ਵੀ ਸ਼ਾਂਤ ਰਹੇਗਾ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)**
ਇਸ ਹਫ਼ਤੇ ਸਿਹਤ ਪੱਖੋਂ ਪ੍ਰੇਸ਼ਾਨੀ ਅਤੇ ਸੁਭਾਵ ਵਿੱਚ ਤੇਜ਼ੀ ਰਹੇਗੀ। ਸੰਘਰਸ਼ ਭਰੇ ਹਾਲਾਤਾਂ ਦੇ ਬਾਵਜੂਦ ਗੁਜ਼ਾਰੇ ਲਈ ਆਮਦਨ ਦੇ ਸਾਧਨ ਬਣਦੇ ਰਹਿਣਗੇ। ਉੱਚ ਅਹੁਦੇ ਵਾਲੇ ਲੋਕਾਂ ਨਾਲ ਮੇਲ-ਜੋਲ ਫਾਇਦੇਮੰਦ ਰਹੇਗਾ। ਕਿਸੇ ਖਾਸ ਕੰਮ ਵਿੱਚ ਕਾਮਯਾਬੀ ਦੇ ਸਾਧਨ ਵੱਧਣਗੇ। ਹਫ਼ਤੇ ਵਿੱਚ ਪੰਜ ਦਿਨ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਰਹੇਗਾ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)**
ਇਸ ਹਫ਼ਤੇ ਉਮੀਦਾਂ ਵਿੱਚ ਥੋੜ੍ਹੀ ਕਾਮਯਾਬੀ ਮਿਲੇਗੀ। ਧਨ ਲਾਭ ਤੇ ਤਰੱਕੀ ਦੇ ਮੌਕੇ ਮਿਲਣਗੇ। ਕਿਸੇ ਨਵੇਂ ਕੰਮ ਨੂੰ ਕਾਰਜ ਰੂਪ ਦੇਣ ਦੀ ਕੋਸ਼ਿਸ਼ ਲਾਭਕਾਰੀ ਹੋਵੇਗੀ। ਸਿੰਤਾਨ ਸਬੰਧੀ ਚਿੰਤਾ ਤੇ ਪਰਿਵਾਰ ਵਿੱਚ ਕੁਝ ਵੈਚਾਰਿਕ ਮੱਤਭੇਦ ਰਹਿਣਗੇ। ਅੱਧਾ ਦਿਨ ਬਿਨਾਂ ਜਰੂਰੀ ਕੰਮ ਤੋਂ ਕਿਸੇ ਨਾਲ ਨਾ ਬੋਲੇ, ਮਨ ਅੰਦਰ ਸਿਰਫ਼ ਪ੍ਰਮਾਤਮਾ ਨੂੰ ਯਾਦ ਕਰੋ, ਕਾਰਜ ਸਿੱਧ ਹੋਣਗੇ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)**
ਵਿੱਦਿਆਰਥੀਆਂ ਨੂੰ ਵਧੇਰੇ ਸੰਘਰਸ਼ ਵਾਲੇ ਹਾਲਾਤਾਂ ਦਾ ਸਾਹਮਣਾ ਰਹੇਗਾ। ਕੈਰੀਅਰ ਸਬੰਧੀ ਰੁਕਾਵਟਾਂ ਅਤੇ ਅਸਮੰਜਸ ਵਾਲੇ ਹਾਲਾਤ ਰਹਿਣਗੇ। ਹਰ ਕੰਮ ਵਿੱਚ ਰੁਕਾਵਟਾਂ ਦਾ ਅੰਦੇਸ਼ਾ ਹੈ। ਘਰੇਲੂ ਉਲਝਣਾਂ ਵੀ ਉੱਭਰਨਗੀਆਂ। ਮਨ ਦੀਆਂ ਪ੍ਰੇਸ਼ਾਨੀਆਂ ਨੂੰ ਦੂਰ ਕਰਨਾ ਹੈ ਤਾਂ ਮਨ ਨੂੰ ਚੰਗੇ ਪਾਸੇ ਲਾਉ, ਆਪਣੀ ਸੋਚ ਨੂੰ ਸਾਕਾਰਾਤਮਕ ਰੱਖੋ, ਕਾਰਜ ਸਿੱਧ ਹੋਣਗੇ।

## ਹਾਸੇ ਦੀ ਪਟਾਰੀ

ਸਹੁਰਾ, ਤੁਮ ਦਾਰੂ ਪੀਅਤ ਹੋ। ਕਭੀ ਬਤਾਏ ਨਾਹੀ।
ਜਵਾਈ, ਤੋਹਾਰ ਲੜਕੀ ਖੂਨ ਪੀਅਤ ਹੈ, ਤੁਮ ਬਤਾਏ ਕਾ।

*---*---*

ਪ੍ਰੇਮੀ (ਪ੍ਰੇਮਿਕਾ ਨੂੰ), ਡੀਅਰ, ਮੈਂ ਤੇਰੇ ਪਾਪਾ ਨਾਲ ਵਿਆਹ ਦੀ ਗੱਲ ਕਿਸ ਵੇਲੇ ਕਰਾਂ?
ਪ੍ਰੇਮਿਕਾ, ਜਦੋਂ ਮੇਰੇ ਪਾਪਾ ਦੇ ਪੈਰਾਂ ਵਿੱਚ ਜੁੱਤੀ ਨਾ ਹੋਵੇ।

*---*---*

ਪੰਜਾਬ ਟਾਈਮਜ਼
PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)
6 MONTHS ---- £95 ☐
1 YEAR ---- £180 ☐


ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME.................................................................
ADDRESS.............................................................
..............................................POST CODE...........................
TEL.....................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***
PANJAB TIMES BRIDLE GATE LANE, ALVASTON, DERBY, DE24 0QW, U.K.
TEL: 01332 372851 FAX: 01332 374819
or please ring on Mo: 07966 388 388
*www.panjabtimes.uk Email: Panjabtimes@aol.com*


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ
ਕਿੰਗਜ਼ਵੇਅ ਬੈਂਕਿਊਟਿੰਗ ਸੁਈਟ
ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ
ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!
ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।
ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ!
ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ


ਸਵ: ਸ੍ਰ. ਉਮਰਾਓ ਅਟਵਾਲ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ
KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਸੋਸ਼ਲ ਮੀਡੀਆ ਜ਼ਰੀਏ ਲੋਕਾਂ ਨੂੰ ਫਸਾਉਣ ਵਾਲੇ 10 ਠੱਗ ਤਾਂਤਰਿਕ ਬਾਬੇ ਗ੍ਰਿਫ਼ਤਾਰ

## ✪ ਪੁਲਸ ਨੇ ਮੁਲਜ਼ਮਾਂ ਕੋਲੋਂ ਚੋਰੀ ਦੀ ਐਕਟਿਵਾ, ਬਾਈਕ, 24 ਮੋਬਾਈਲ ਆਦਿ ਬਰਾਮਦ ਕੀਤੇ



**ਲੁਧਿਆਣਾ**-ਭੋਲੇ-ਭਾਲੇ ਲੋਕਾਂ ਤੋਂ ਸੋਸ਼ਲ ਮੀਡੀਆ ਸਾਈਟਾਂ ਰਾਹੀਂ ਡਰਾ-ਧਮਕਾ ਕੇ ਪੈਸੇ ਵਸੂਲਣ ਵਾਲੇ ਬਾਬੇ ਖੁਦ ਪੁਲਸ ਦੇ ਹੱਥੇ ਚੜ੍ਹ ਗਏ। ਪੁਲਸ ਨੇ 5 ਅਕਤੂਬਰ ਨੂੰ 10 ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਖਿਲਾਫ ਕੇਸ ਦਰਜ ਕੀਤਾ ਹੈ, ਜਿਸ ਤੋਂ ਬਾਅਦ ਮੁਲਜ਼ਮਾਂ ਕੋਲੋਂ ਵੱਡੀ ਬਰਾਮਦਗੀ ਦੇ ਨਾਲ-ਨਾਲ 5 ਦਿਨਾਂ ਦੇ ਪੁਲਸ ਰਿਮਾਂਡ 'ਤੇ ਅਹਿਮ ਖੁਲਾਸੇ ਹੋਏ ਹਨ।

ਏ. ਡੀ. ਸੀ. ਪੀ. ਦੇਵ ਸਿੰਘ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਫੜੇ ਗਏ ਮੁਲਜ਼ਮਾਂ ਦੀ ਪਛਾਣ ਅਹਾਦ, ਮੁਹੰਮਦ ਫੈਜ਼ਲ, ਆਸ ਮੁਹੰਮਦ, ਮੁਹੰਮਦ ਮੋਇਬ, ਇਰਸ਼ਾਦ, ਮੁਹੰਮਦ ਸਾਹਿਬਜ਼ਾਦ, ਸਾਰਿਕ, ਸ਼ੌਕੀਨ, ਆਮਿਰ ਅਤੇ ਅਨਵਰ ਅਹਿਮਦ ਵਜੋਂ ਹੋਈ ਹੈ। ਸਾਰੇ ਪਿੰਡ ਛੁੱਲਾਂਵਾਲ ਦੇ ਰਹਿਣ ਵਾਲੇ ਹਨ। ਪੁਲਸ ਨੇ ਮੁਲਜ਼ਮਾਂ ਕੋਲੋਂ ਚੋਰੀ ਦੀ ਐਕਟਿਵਾ, ਬਾਈਕ, 24 ਮੋਬਾਈਲ ਅਤੇ 5 ਰਜਿਸਟਰ ਬਰਾਮਦ ਕੀਤੇ ਹਨ। ਇਸ ਤੋਂ ਪਹਿਲਾਂ ਉਕਤ ਮੁਲਜ਼ਮ ਆਪਣੇ-ਆਪ ਨੂੰ ਬਾਬਾ ਦੱਸ ਕੇ ਸੋਸ਼ਲ ਮੀਡੀਆ ਸਾਈਟਾਂ 'ਤੇ ਹਾਈਲਾਈਟ ਕਰਦੇ ਸਨ। ਫਿਰ ਜਦੋਂ ਲੋਕ ਉਨ੍ਹਾਂ ਦੇ ਨੰਬਰ ਦੇਖ ਕੇ ਕਾਲ ਕਰਦੇ, ਤਾਂ ਉਹ ਉਨ੍ਹਾਂ ਨੂੰ ਆਪਣੀ ਗੱਲਬਾਤ ਵਿਚ ਸ਼ਾਮਲ ਕਰ ਲੈਂਦੇ, ਜਿਸ ਤੋਂ ਬਾਅਦ ਉਹ ਮੂਰਖ ਬਣਾ ਕੇ ਪੈਸੇ ਠੱਗਦੇ ਸਨ।

### ਕੁਛ ਮੀਡੀਆ ਅਦਾਰੇ ਪਾਲ ਰਹੇ ਨੇ ਬਾਬਿਆਂ ਨੂੰ

ਪੰਜਾਬ ਟਾਈਮਜ਼ ਅਨੁਸਾਰ ਭਾਰਤ ਵਿਚ ਕਿੰਨੇ ਸਾਰੇ ਤਾਂਤਰਿਕ ਠੱਗ ਬਾਬੇ ਰੋਜ਼ਾਨਾ ਫੜੇ ਜਾਂਦੇ ਹਨ, ਕਿੰਨੇ ਹੀ ਬਾਬਿਆਂ ਦਾ ਸੱਚ ਉਜਾਗਰ ਹੁੰਦਾ ਹੈ। ਇਸ ਦੇ ਬਾਵਜੂਦ ਬਾਬਿਆਂ ਅਤੇ ਉਨ੍ਹਾਂ ਦੇ ਭਗਤਾਂ ਦੀ ਗਿਣਤੀ ਵਿਚ ਕਮੀ ਨਾ ਆਉਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਲੋਕਾਂ ਦੀ ਮਾਨਸਿਕਤਾ ਦੇ ਪੱਧਰ ਵਿਚ ਬਹੁਤ ਫ਼ਰਕ ਨਹੀਂ ਪਿਆ।

ਸੱਚ ਤਾਂ ਇਹ ਹੈ, ਇਨ੍ਹਾਂ ਢੋਂਗੀਆਂ ਨੂੰ ਮੀਡੀਆ ਦਾ ਸਹਿਯੋਗ ਪ੍ਰਾਪਤ ਹੈ। ਅਖ਼ਬਾਰਾਂ ਅਤੇ ਚੈਨਲਾਂ ਵਿਚ ਤਾਂਤਰਿਕਾਂ, ਬਾਬਿਆਂ ਦੇ ਵਿਗਿਆਪਨ ਆਉਂਦੇ ਹਨ। ਕਲੇਸ਼ ਦੂਰ ਕਰਨ ਦੇ ਤਵੀਤ ਅਤੇ ਲਾਕੇਟ ਤੋਂ ਲੈ ਕੇ ਘਰੇਲੂ ਝਗੜਾ ਦੂਰ ਕਰਨਾ, ਸਹੁਰੇ ਘਰ ਵਿਚ ਇੱਜ਼ਤ ਪ੍ਰਾਪਤੀ, ਪੁੱਤਰ ਪੈਦਾ ਕਰਨ, ਮਨਚਾਹਿਆ ਪਿਆਰ ਪ੍ਰਾਪਤ ਕਰਨ ਅਤੇ ਨੌਕਰੀ ਦਿਵਾਉਣ ਵਰਗੇ ਝੂਠੇ ਦਾਅਵੇ ਕਰ ਕੇ ਇਹ ਜਾਲਸਾਜ ਲੋਕਾਂ ਨੂੰ ਅਪਣੇ ਜਾਲ ਵਿਚ ਫਸਾ ਰਹੇ ਹਨ। ਦੁਨੀਆਂ ਵਿਚ ਕਿਸੇ ਬੰਦੇ ਕੋਲ ਕੋਈ ਵੀ ਸਮੱਸਿਆ ਹੋਵੇ ਉਨ੍ਹਾਂ ਕੋਲ ਹਰ ਪ੍ਰੇਸ਼ਾਨੀ ਦਾ ਇਲਾਜ ਤਿਆਰ ਰਖਿਆ ਹੁੰਦਾ ਹੈ।

ਲੋਕਾਂ ਦਾ ਵਿਸ਼ਵਾਸ ਜਿੱਤਣ ਲਈ ਇਹ ਲੋਕਾਂ ਤੋਂ ਪਹਿਲੀ ਵਾਰ ਵਿਚ ਜ਼ਿਆਦਾ ਰੁਪਿਆਂ ਦੀ ਮੰਗ ਨਹੀਂ ਕਰਦੇ। ਪਹਿਲਾਂ ਉਨ੍ਹਾਂ ਨੂੰ ਤਕਲੀਫ਼ਾਂ ਤੋਂ ਮੁਕਤੀ ਪ੍ਰਾਪਤ ਕਰਨ ਦਾ ਸੁਫ਼ਨਾ ਦਿਖਾਉਂਦੇ ਹਨ। ਜਦ ਬੰਦਾ ਅੰਧਵਿਸ਼ਵਾਸ ਵਿਚ ਹੌਲੀ ਹੌਲੀ ਫ਼ਸਣ ਲਗਦਾ ਹੈ ਤਦ ਬਹਾਨੇ ਨਾਲ ਵੱਡੀ ਰਕਮ ਠਗਣੀ ਸ਼ੁਰੂ ਕਰ ਦਿਤੀ ਜਾਂਦੀ ਹੈ।

### ਕੀ ਕਹਿੰਦਾ ਹੈ ਕਾਨੂੰਨ

ਚਮਤਕਾਰ ਨਾਲ ਇਲਾਜ ਕਰਨਾ ਕਾਨੂੰਨਨ ਅਪਰਾਧ ਹੈ। ਭਾਰਤੀ ਕਾਨੂੰਨ ਵਿਚ ਤਵੀਤ, ਗ੍ਰਹਿ ਨਛੱਤਰ, ਤੰਤਰ-ਮੰਤਰ, ਝਾੜ ਫੂਕ, ਚਮਤਕਾਰ, ਦੈਵੀ ਦਵਾਈ ਆਦਿ ਦੁਆਰਾ ਕਿਸੇ ਵੀ ਸਮੱਸਿਆ ਜਾਂ ਬਿਮਾਰੀ ਤੋਂ ਛੁਟਕਾਰਾ ਦਿਵਾਉਣ ਦਾ ਝੂਠਾ ਦਾਅਵਾ ਕਰਨਾ ਜੁਰਮ ਹੈ। ਤੰਤਰ ਮੰਤਰ, ਚਮਤਕਾਰ ਦੇ ਨਾਂ ਉੱਤੇ ਆਮ ਲੋਕਾਂ ਨੂੰ ਲੁੱਟਣ ਵਾਲੇ ਜੋਤਸ਼ੀ, ਸਿਆਣੇ, ਤਾਂਤਰਿਕ ਵਰਗੇ ਪਖੰਡੀਆਂ ਨੂੰ ਕਾਨੂੰਨ ਦੀ ਸਹਾਇਤਾ ਨਾਲ ਜੇਲ ਦੀ ਹਵਾ ਖਵਾਈ ਜਾ ਸਕਦੀ ਹੈ।

ਔਸ਼ਧ ਅਤੇ ਪ੍ਰਸਾਧਨ ਅਧਿਨਿਯਮ, 1940 ਦਵਾਈਆਂ ਅਤੇ ਸਮੱਗਰੀਆਂ ਦੇ ਨਿਰਮਾਣ ਅਤੇ ਵਿਕਰੀ ਨੂੰ ਕੰਟਰੋਲ ਕਰਦਾ ਹੈ। ਇਸ ਅਨੁਸਾਰ ਕੋਈ ਵੀ ਬੰਦਾ ਜਾਂ ਫਰਮ ਰਾਜ ਸਰਕਾਰ ਦੁਆਰਾ ਜਾਰੀ ਉੱਚਿਤ ਲਾਈਸੰਸ ਤੋਂ ਬਿਨਾਂ ਦਵਾਈਆਂ ਦਾ ਸਟਾਕ, ਵਿਕਰੀ ਜਾਂ ਵੰਡ ਨਹੀਂ ਕਰ ਸਕਦਾ। ਗਾਹਕ ਨੂੰ ਵੇਚੀ ਗਈ ਹਰ ਇਕ ਦਵਾਈ ਦਾ ਕੈਸ਼ਮੇਮੋ ਦੇਣਾ ਕਾਨੂੰਨ ਜ਼ਰੂਰੀ ਹੈ। ਬਿਨਾਂ ਲਾਇਸੰਸ ਦੇ ਦਵਾਈ ਦੇ ਨਿਰਮਾਣ ਅਤੇ ਵਿਕਰੀ ਨੂੰ ਜੁਰਮ ਮੰਨਿਆ ਜਾਵੇਗਾ।

ਦਵਾਈ ਅਤੇ ਚਮਤਕਾਰੀ ਇਲਾਜ ਅਧਿਨਿਯਮ, 1954 ਦੇ ਤਹਿਤ ਤੰਤਰ-ਮੰਤਰ, ਗੰਡੇ (ਮੰਤਰ ਪੜ੍ਹ ਕੇ ਗੰਢ ਮਾਰਿਆ ਧਾਗਾ ਜਿਸ ਨੂੰ ਲੋਕ ਓਪਰੀ ਰੁਕਾਵਟ ਦੂਰ ਕਰਨ ਖ਼ਾਤਰ ਗਲੇ ਵਿਚ ਪਾਉਂਦੇ ਹਨ) ਤਵੀਤ ਆਦਿ ਢੰਗਾਂ ਦੀ ਵਰਤੋਂ, ਚਮਤਕਾਰੀ ਰੂਪ ਤੋਂ ਇਲਾਜ ਜਾਂ ਨਿਦਾਨ ਦਾ ਦਾਅਵਾ ਕਰਨ ਵਾਲੇ ਵਿਗਿਆਪਨ ਦੀ ਮਨਾਹੀ ਹੈ। ਇਸ ਅਨੁਸਾਰ ਅਜਿਹੇ ਪ੍ਰਤੱਖ ਜਾਂ ਅਪ੍ਰਤੱਖ ਤੌਰ ਤੋਂ ਭਰਮ ਪਾਉਣ ਵਾਲੇ ਵਿਗਿਆਪਨ ਸਜ਼ਾਯੋਗ ਅਪਰਾਧ ਹਨ ਜਿਨ੍ਹਾਂ ਦੇ ਪ੍ਰਕਾਸ਼ਨ ਲਈ ਵਿਗਿਆਪਨ ਪ੍ਰਕਾਸ਼ਤ ਅਤੇ ਪ੍ਰਸਾਰਤ ਕਰਨ ਵਾਲੇ ਬੰਦੇ ਦੇ ਇਲਾਵਾ ਅਖ਼ਬਾਰ ਜਾਂ ਮੈਗਜ਼ੀਨ ਆਦਿ ਦਾ ਪ੍ਰਕਾਸ਼ਕ ਵੀ ਦੋਸ਼ੀ ਮੰਨਿਆ ਜਾਂਦਾ ਹੈ।

ਇਸ ਅਧਿਨਿਯਮ ਅਨੁਸਾਰ ਪਹਿਲੀ ਵਾਰ ਅਜਹਿਾ ਅਪਰਾਧ ਕੀਤੇ ਜਾਣ ਉੱਤੇ 6 ਮਹੀਨੇ ਦੀ ਜੇਲ ਜਾਂ ਜੁਰਮਾਨੇ ਜਾਂ ਦੋਹਾਂ ਪ੍ਰਕਾਰ ਤੋਂ ਸਜ਼ਾ ਕੀਤੇ ਜਾਣ ਦਾ ਪ੍ਰਾਵਧਾਨ ਹੈ ਜਦਕਿ ਇਸ ਨੂੰ ਦੁਬਾਰਾ ਕਰਨ ਉੱਤੇ 1 ਸਾਲ ਦੀ ਜੇਲ ਜਾਂ ਜੁਰਮਾਨਾ ਜਾਂ ਫਿਰ ਦੋਹਾਂ ਨਾਲ ਸਜ਼ਾ ਦਿਤੇ ਜਾਣ ਦਾ ਪ੍ਰਵਧਾਨ ਹੈ।

ਉਪਭੋਗਤਾ ਸੰਰਕਸ਼ਣ ਅਧਿਨਿਯਮ, 1986 ਦੇ ਤਹਿਤ ਕੋਈ ਬੰਦਾ ਸਾਮਾਨ ਜਾਂ ਸੇਵਾਵਾਂ ਖ਼ਰੀਦਦਾ ਹੈ, ਉਹ ਉਪਭੋਗਤਾ ਹੈ। ਜਦ ਤੁਸੀ ਕਿਸੇ ਜੋਤਸ਼ੀ, ਤਾਂਤਰਿਕ ਜਾਂ ਬਾਬੇ ਤੋਂ ਕੋਈ ਗੰਢਾ, ਤਾਵੀਤ, ਗ੍ਰਹਿ ਨਛੱਤਰ ਖਰੀਦਦੇ ਹੋ ਤਾਂ ਇਸ ਤੋਂ ਜੇਕਰ ਤੁਹਾਨੂੰ ਕੋਈ ਲਾਭ ਨਹੀਂ ਹੁੰਦਾ ਤਾਂ ਤੁਸੀ ਇਕ ਉਪਭੋਗਤਾ ਦੇ ਰੂਪ ਵਿਚ ਵਿਕਰੇਤਾ ਜੋਤਸ਼ੀ, ਤਾਂਤਰਿਕ ਜਾਂ ਬਾਬੇ ਦੇ ਖ਼ਿਲਾਫ਼ ਉਪਭੋਗਤਾ ਅਦਾਲਤ ਵਿਚ ਮਾਮਲਾ ਦਾਇਰ ਕਰ ਸਕਦੇ ਹੋ। ਇਸ ਤੋਂ ਇਲਾਵਾ ਜੇਕਰ ਕਿਸੇ ਕਾਨੂੰਨ ਦਾ ਉਲੰਘਣ ਕਰਦੇ ਹੋਏ ਜੀਵਨ ਜਾਂ ਸੁਰਖਿਆ ਦੇ ਲਈ ਖ਼ਤਰਾ ਪੈਦਾ ਕਰਨ ਵਾਲਾ ਸਮਾਨ ਜਨਤਾ ਨੂੰ ਵੇਚਿਆ ਜਾ ਰਿਹਾ ਹੈ ਤਾਂ ਵੀ ਤੁਸੀ ਸ਼ਿਕਾਇਤ ਦਰਜ ਕਰਵਾ ਸਕਦੇ ਹੋ।

ਭਾਰਤੀ ਦੰਡਾਵਲੀ ਦੀ ਧਾਰਾ 420 ਵਿਚ ਵੀ ਬੰਦੇ ਨੂੰ ਕਪਟਪੂਰਵਕ ਜਾਂ ਬੇਈਮਾਨੀ ਨਾਲ ਆਰਥਕ, ਸਰੀਰਕ, ਮਾਨਸਕ, ਜਾਇਦਾਦ ਜਾਂ ਪ੍ਰਸਿੱਧੀ ਸਬੰਧੀ ਨੁਕਸਾਨ ਪਹੁੰਚਾਉਣਾ ਸ਼ਾਮਲ ਹੈ। ਇਹ ਇਕ ਸਜ਼ਾਯੋਗ ਅਪਰਾਧ ਹੈ। ਇਸ ਦੇ ਤਹਿਤ 7 ਸਾਲ ਤਕ ਦੀ ਜੇਲ੍ਹ ਦੀ ਸਜ਼ਾ ਦਾ ਪ੍ਰਾਵਧਾਨ ਹੈ। ਧਰਮ, ਸ਼ਰਧਾ, ਰੱਬ ਦੇ ਨਾਂ ਉੱਤੇ ਆਮ ਤੌਰ ਉੱਤੇ ਕੁੱਝ ਪਖੰਡੀ ਅੰਧਵਿਸ਼ਵਾਸ ਦੀ ਦਲਦਲ ਵਿਚ ਡੁਬੇ ਲੋਕਾਂ ਨੂੰ ਕਪਟ ਨਾਲ ਲੁਟਦੇ ਹਨ।

# ਅੰਮ੍ਰਿਤਸਰ ਵਿਖੇ ਪੁਲਿਸ ਨੇ ਫੜੀ 72 ਕਰੋੜ ਦੀ ਹੈਰੋਇਨ!

## ✪ 2 ਨਸ਼ਾ ਸਮਗਲਰ ਫਰਾਰ ਹੋਣ ਵਿਚ ਸਫਲ




**ਅੰਮ੍ਰਿਤਸਰ**-ਸੀਆਈਏ ਸਟਾਫ਼ ਨੇ ਅੰਮ੍ਰਿਤਸਰ ਵਿੱਚ ਇੱਕ ਨਸ਼ਾ ਤਸਕਰ ਦਾ ਪਰਦਾਫਾਸ਼ ਕਰਦਿਆਂ ਵੱਡੀ ਮਾਤਰਾ ਵਿੱਚ ਹੈਰੋਇਨ ਬਰਾਮਦ ਕੀਤੀ ਹੈ। ਜਾਣਕਾਰੀ ਅਨੁਸਾਰ ਸਰਹੱਦ ਪਾਰੋਂ ਨਸ਼ਾ ਤਸਕਰੀ ਦੇ ਨੈੱਟਵਰਕ ਨੂੰ ਵੱਡਾ ਝਟਕਾ ਦਿੰਦਿਆਂ ਕਾਊਂਟਰ ਇੰਟੈਲੀਜੈਂਸ ਨੇ ਅੰਮ੍ਰਿਤਸਰ ਦੇ ਪਿੰਡ ਸੁੱਖੇਵਾਲਾ ਨੇੜੇ ਦੋ ਸ਼ੱਕੀ ਵਾਹਨਾਂ ਨੂੰ ਰੋਕ ਕੇ 10.4 ਕਿਲੋ ਹੈਰੋਇਨ ਬਰਾਮਦ ਕੀਤੀ ਹੈ। ਅੰਤਰਰਾਸ਼ਟਰੀ ਬਾਜ਼ਾਰ ਵਿੱਚ ਇਸ ਨਸ਼ੇ ਦੀ ਕੀਮਤ 72 ਕਰੋੜ ਰੁਪਏ ਹੈ। ਪੁਲਿਸ ਮੁਤਾਬਕ ਤਰਨਤਾਰਨ ਦਾ ਸੁਖਰਾਜ ਸਿੰਘ ਨਸ਼ੇ ਦੀ ਵੱਡੀ ਖੇਪ ਲੈ ਕੇ ਇੱਕ ਅਣਪਛਾਤੇ ਸਾਥੀ ਨਾਲ ਮਹਿੰਦਰਾ ਸਕਾਰਪੀਓ ਵਿੱਚ ਸਵਾਰ ਹੋ ਕੇ ਫ਼ਰਾਰ ਹੋ ਗਿਆ ਜਦਕਿ ਨਜਾਇਜ਼ ਨਸ਼ੀਲੇ ਪਦਾਰਥਾਂ ਵਾਲੀ ਮਾਰੂਤੀ ਸੁਜ਼ੂਕੀ ਬਲੇਨੋ ਨੂੰ ਮੌਕੇ 'ਤੇ ਕਾਬੂ ਕਰ ਲਿਆ ਗਿਆ। ਫਰਾਰ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਵੱਡੇ ਪੱਧਰ 'ਤੇ ਯਤਨ ਕੀਤੇ ਜਾ ਰਹੇ ਹਨ।

# ਖੇਤਾਂ ਵਿਚੋਂ ਮਿਲੀਆਂ ਪਲਾਸਟਿਕ ਦੀਆਂ ਬੋਤਲਾਂ ਵਿਚੋਂ ਨਿਕਲੀ 63 ਕਰੋੜ ਦੀ ਹੈਰੋਇਨ

## ✪ ਬੀ.ਐੱਸ.ਐੱਫ. ਅਤੇ ਪੰਜਾਬ ਪੁਲਸ ਦੇ ਸਾਂਝੇ ਸਰਚ ਆਪਰੇਸ਼ਨ ਦੌਰਾਨ ਹੋਈ ਪ੍ਰਾਪਤੀ

**ਤਰਨਤਾਰਨ**-ਭਾਰਤ ਪਾਕਿਸਤਾਨ ਸਰਹੱਦ ਨਾਲ ਲੱਗਦੇ ਇਲਾਕੇ ਵਿੱਚੋਂ ਬੀ.ਐੱਸ.ਐੱਫ. ਅਤੇ ਪੰਜਾਬ ਪੁਲਸ ਵੱਲੋਂ ਚਲਾਏ ਗਏ ਸਾਂਝੇ ਸਰਚ ਆਪਰੇਸ਼ਨ ਦੌਰਾਨ 12.5 ਕਿਲੋ ਹੈਰੋਇਨ ਬਰਾਮਦ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜ਼ਿਕਰਯੋਗ ਹੈ ਕਿ ਬਰਾਮਦ ਕੀਤੀ ਗਈ ਹੈਰੋਇਨ ਦੀ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੀਮਤ ਕਰੀਬ 63 ਕਰੋੜ ਰੁਪਏ ਦੱਸੀ ਜਾ ਰਹੀ ਹੈ। ਜਾਣਕਾਰੀ ਦਿੰਦੇ ਹੋਏ ਡੀ.ਐੱਸ.ਪੀ. ਭਿੱਖੀਵਿੰਡ ਪ੍ਰੀਤਇੰਦਰ ਸਿੰਘ ਨੇ ਦੱਸਿਆ ਕਿ ਇਸ ਸਬੰਧੀ ਥਾਣਾ ਖੇਮਕਰਨ ਵਿਖੇ ਅਣਪਛਾਤੇ ਤਸਕਰ ਖਿਲਾਫ਼ ਪਰਚਾ ਦਰਜ ਕਰ ਕੇ ਅਗਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਕਿ ਇਹ ਪਾਕਿਸਤਾਨ ਵੱਲੋਂ ਆਈ ਹੈਰੋਇਨ ਦੀ ਇਹ ਖੇਪ ਆਖ਼ਿਰ ਕਿਸ ਤਸਕਰ ਵੱਲੋਂ ਮੰਗਵਾਈ ਗਈ ਸੀ।

# ਪ੍ਰਵਾਸੀ ਮੀਡੀਆ ਮਾਲਕ ਨਾਲ ਹੋਈ ਅਨੋਖੀ ਠੱਗੀ

## ✪ ਖ਼ੁਦ ਨੂੰ ਕੈਨੇਡਾ ਦੀ ਕੰਪਨੀ ਦਾ ਡਾਇਰੈਕਟਰ ਦੱਸ ਠੱਗੇ 1.30 ਕਰੋੜ ਰੁਪਏ

**ਜਲੰਧਰ**-ਐੱਨ.ਆਰ.ਆਈ. ਥਾਣੇ ਦੀ ਪੁਲਸ ਨੇ ਕੈਨੇਡਾ ਦੀ ਕੰਪਨੀ ਦਾ ਖੁਦ ਨੂੰ ਡਾਇਰੈਕਟਰ ਦੱਸ ਕੇ ਗਲਤ ਢੰਗ ਨਾਲ ਫੰਡ ਆਪਣੇ ਅਤੇ ਪਤਨੀ ਦੇ ਖਾਤੇ ਵਿਚ ਪਵਾ ਕੇ ਠੱਗੀ ਮਾਰਨ ਵਾਲੇ ਚੰਡੀਗੜ੍ਹ ਰਹਿੰਦੇ ਸੁਰਿੰਦਰਪਾਲ ਸਿੰਘ ਅਤੇ ਉਸ ਦੀ ਪਤਨੀ ਗੁਰਿੰਦਰ ਕੌਰ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਐੱਨ.ਆਰ.ਆਈ. ਥਾਣੇ ਦੀ ਪੁਲਸ ਨੇ ਮੁਲਜ਼ਮ ਦੀ ਭਾਲ ਵਿਚ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ ਪੀੜਤ ਮੂਲ ਰੂਪ ਤੋਂ ਨਕੋਦਰ ਦੇ ਰਹਿਣ ਵਾਲੇ ਪਰ ਅੱਜਕੱਲ ਕੈਨੇਡਾ ਦੇ ਸਰੀ ਇਲਾਕੇ ਵਿਚ ਰਹਿੰਦੇ ਐੱਫ. ਵਾਈ. ਆਈ. ਮੀਡੀਆ ਗਰੁੱਪ ਦੇ ਸੁਖਵਿੰਦਰ ਸਿੰਘ ਸੰਧੂ ਨੇ ਏ. ਡੀ. ਜੀ. ਪੀ. ਐੱਨ.ਆਰ.ਆਈ. ਮਾਮਲਿਆਂ ਨੂੰ ਸ਼ਿਕਾਇਤ ਦਿੱਤੀ ਸੀ ਕਿ ਉਹ ਕੈਨੇਡਾ ਵਿਚ ਰਹਿ ਕੇ ਕੰਪਨੀ ਚਲਾ ਰਹੇ ਹਨ। ਉਹ ਉਕਤ ਕੰਪਨੀ ਅਧੀਨ ਸਾਂਝਾ ਟੀ.ਵੀ., ਨਿਊਜ਼ ਓਨਲੀ, ਗੁਰੂ ਕੀ ਬਾਣੀ, ਓਨਲੀ ਮਿਊਜ਼ਿਕ ਅਤੇ ਜਸਟ ਇਨ ਦੇ ਨਾਂ ਨਾਲ ਦੁਨੀਆ ਭਰ ਵਿਚ ਚੈਨਲ ਬ੍ਰਾਡਕਾਸਟ ਕਰਦੇ ਹਨ। ਇਸ ਕੰਪਨੀ ਵਿਚ ਉਨ੍ਹਾਂ ਨਾਲ ਰਾਜ ਕਮਲ ਢੱਟ ਅਤੇ ਤੀਰਥ ਸਿੰਘ (ਜੋ ਕਿ ਮੁਲਜ਼ਮ ਦਾ ਭਰਾ ਹੈ) ਕੈਨੇਡਾ ਸਥਿਤ ਕੰਪਨੀ ਦੇ ਡਾਇਰੈਕਟਰ ਸਨ।

ਪੀੜਤ ਸੁਖਵਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਸਾਲ 2017 ਵਿਚ ਉਨ੍ਹਾਂ ਭਾਰਤ ਵਿਚ ਇਕ ਮੀਡੀਆ ਕੰਪਨੀ ਫਾਰ ਯੂਅਰ ਇਨਫਾਰਮੇਸ਼ਨ ਮੀਡੀਆ ਪ੍ਰਾਈਵੇਟ ਲਿਮਟਿਡ ਖੋਲ੍ਹੀ, ਜਿਸ ਵਿਚ ਉਹ ਖੁਦ 67 ਫੀਸਦੀ ਦੇ ਸ਼ੇਅਰ ਹੋਲਡਰ ਸਨ ਅਤੇ ਤੀਰਥ ਸਿੰਘ ਤੇ ਉਸ ਦਾ ਭਰਾ ਸੁਰਿੰਦਰਪਾਲ ਸਿੰਘ 33 ਫੀਸਦੀ ਦੇ ਸ਼ੇਅਰ ਹੋਲਡਰ ਸਨ।

ਜਦੋਂ ਕੰਪਨੀ ਖੋਲ੍ਹੀ ਗਈ ਤਾਂ ਪਹਿਲਾਂ ਤਾਂ ਕੰਮ ਠੀਕ ਚੱਲ ਰਿਹਾ ਸੀ ਪਰ ਉਕਤ ਮੁਲਜ਼ਮ ਸੁਰਿੰਦਰਪਾਲ ਸਿੰਘ ਨੇ ਖੁਦ ਕੈਨੇਡਾ ਸਥਿਤ ਉਕਤ ਕੰਪਨੀ ਵਿਚ ਖੁਦ ਨੂੰ ਡਾਇਰੈਕਟਰ ਦੱਸ ਕੇ ਸਾਲ 2017 ਵਿਚ ਭਾਰਤ ਵਿਚ ਖੋਲ੍ਹੀ ਗਈ ਕੰਪਨੀ ਫਾਰ ਯੂਅਰ ਇਨਫਾਰਮੇਸ਼ਨ ਮੀਡੀਆ ਪ੍ਰਾਈਵੇਟ ਲਿਮਟਿਡ ਲਈ ਇਕ ਆਰਟਿਗਾ ਕਾਰ, ਜਿਸ ਦੀ ਕੀਮਤ ਲੱਗਭਗ 10 ਲੱਖ ਰੁਪਏ ਹੈ, ਵਾਸਤੇ ਫੰਡ ਕਢਵਾਏ। ਬਾਅਦ ਵਿਚ ਇਸੇ ਤਰ੍ਹਾਂ ਸੁਰਿੰਦਰਪਾਲ ਸਿੰਘ ਅਤੇ ਉਸ ਦੀ ਪਤਨੀ ਗੁਰਿੰਦਰ ਕੌਰ ਨੇ ਇਕ ਸਾਜ਼ਿਸ਼ ਤਹਿਤ ਉਨ੍ਹਾਂ ਦੀ ਕੰਪਨੀ ਵਿਚੋਂ ਵੱਖ-ਵੱਖ ਤਰੀਕਾਂ ਨੂੰ ਫਾਰ ਯੂਅਰ ਇਨਫਾਰਮੇਸ਼ਨ ਮੀਡੀਆ ਪ੍ਰਾਈਵੇਟ ਲਿਮਟਿਡ ਦੇ ਆਈ. ਸੀ. ਆਈ. ਸੀ. ਆਈ. ਬੈਂਕ ਦੇ ਖਾਤੇ ਵਿਚੋਂ 1 ਕਰੋੜ 30 ਲੱਖ ਰੁਪਏ ਕਢਵਾ ਕੇ ਆਪਣੇ ਨਿੱਜੀ ਖਾਤਿਆਂ ਵਿਚ ਪਵਾ ਕੇ ਕੰਪਨੀ ਨਾਲ ਠੱਗੀ ਮਾਰੀ।

ਇਨ੍ਹਾਂ ਟ੍ਰਾਂਜੈਕਸ਼ਨਜ਼ ਨੂੰ ਜਦੋਂ ਬੈਂਕ ਤੋਂ ਚੈੱਕ ਕਰਵਾਇਆ ਗਿਆ ਤਾਂ ਸੁਰਿੰਦਰਪਾਲ ਸਿੰਘ ਨੇ ਆਪਣੇ ਖਾਤੇ ਵਿਚ 1 ਕਰੋੜ 8 ਲੱਖ 39 ਹਜ਼ਾਰ ਰੁਪਏ ਅਤੇ 22 ਲੱਖ 48 ਹਜ਼ਾਰ ਰੁਪਏ ਕਢਵਾ ਕੇ ਆਪਣੇ ਖਾਤੇ ਵਿਚ ਟਰਾਂਸਫਰ ਕੀਤੇ। ਜਦੋਂ ਆਈ.ਜੀ. ਐੱਨ. ਆਰ. ਆਈ. ਦੀ ਸਿਫਾਰਸ਼ 'ਤੇ ਡੀ. ਐੱਸ. ਪੀ. ਐੱਨ. ਆਰ. ਆਈ. ਵੱਲੋਂ ਜਾਂਚ ਕੀਤੀ ਗਈ ਤਾਂ ਬੈਂਕ ਤੋਂ ਮਿਲੇ ਸਬੂਤਾਂ ਮੁਤਾਬਕ ਉਕਤ ਮੁਲਜ਼ਮ ਸੁਰਿੰਦਰਪਾਲ ਸਿੰਘ ਵੱਲੋਂ ਖੁਦ ਨੂੰ ਕੈਨੇਡਾ ਦੀ ਕੰਪਨੀ ਦਾ ਡਾਇਰੈਕਟਰ ਦੱਸ ਕੇ ਫੰਡ ਕਢਵਾ ਕੇ ਠੱਗੀ ਮਾਰਨ ਦੇ ਦੋਸ਼ ਸਹੀ ਪਾਏ ਗਏ, ਜਿਸ ਤੋਂ ਬਾਅਦ ਪੁਲਸ ਨੇ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਅਣਪਛਾਤਿਆਂ ਨੇ 'ਆਪ' ਆਗੂ ਸੋਨੂੰ ਨੂੰ ਬੰਦੀ ਬਣਾਇਆ

## ✪ ਸੁੰਨਸਾਨ ਥਾਂ 'ਤੇ ਛੱਡ ਕੇ ਭੱਜੇ ਅਗਵਾਕਾਰ

**ਲੁਧਿਆਣਾ**-ਲੁਧਿਆਣਾ ਵਿਚ ਆਮ ਆਦਮੀ ਪਾਰਟੀ ਦੇ ਜ਼ਿਲਾ ਯੂਥ ਪ੍ਰਧਾਨ ਸੋਨੂੰ ਕਲਿਆਣ ਨੂੰ ਪਿਸਤੌਲ ਦੀ ਨੋਕ 'ਤੇ ਢਾਈ ਘੰਟੇ ਤੱਕ ਬੰਧਕ ਬਣਾਏ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਘਟਨਾ ਹੈਬੋਵਾਲ ਦੇ ਗੋਪਾਲ ਨਗਰ ਦੀ ਹੈ। ਸੋਨੂੰ ਕਲਿਆਣ ਨੇ ਮੁਲਜ਼ਮਾਂ ਖ਼ਿਲਾਫ਼ ਥਾਣਾ ਹੈਬੋਵਾਲ ਵਿੱਚ ਸ਼ਿਕਾਇਤ ਦਰਜ ਕਰਵਾਈ ਹੈ। ਸੋਨੂੰ ਕਲਿਆਣ ਨੇ ਦੱਸਿਆ ਕਿ 10 ਅਕਤੂਬਰ ਦੀ ਰਾਤ ਨੂੰ ਉਹ ਕਿਸੇ ਨਿੱਜੀ ਕੰਮ ਲਈ ਜਾਣ ਲਈ ਆਪਣੇ ਪਾਰਟੀ ਦਫ਼ਤਰ ਦੇ ਬਾਹਰ ਕਿਸੇ ਦੋਸਤ ਦੀ ਉਡੀਕ ਕਰ ਰਿਹਾ ਸੀ। ਉਦੋਂ 25 ਤੋਂ 30 ਨੌਜਵਾਨ ਉਥੇ ਆ ਗਏ। ਆਉਂਦਿਆਂ ਹੀ ਉਨ੍ਹਾਂ ਨੇ ਪਿਸਤੌਲ ਤਾਣ ਲਈ ਅਤੇ ਉਸਨੂੰ ਜ਼ਬਰਦਸਤੀ ਕਾਰ ਵਿੱਚ ਬਿਠਾਇਆ। ਉਹ ਉਸਨੂੰ ਜ਼ਬਰਦਸਤੀ ਕਿਸੇ ਸਮਾਗਮ ਵਿੱਚ ਲੈ ਗਏ। ਉਨ੍ਹਾਂ ਨੇ ਉਸ ਦੇ ਪੱਟ 'ਤੇ ਪਿਸਤੌਲ ਰੱਖ ਕੇ ਕਿਹਾ ਕਿ ਉਹ ਜੋ ਵੀ ਕਹਿਣਗੇ, ਸਮਾਗਮ ਵਿਚ ਕਹਿਣਾ ਹੋਵੇਗਾ।

ਉੱਥੇ ਉਨ੍ਹਾਂ ਨੇ ਉਸ ਨੂੰ ਜੂਠੇ ਗਲਾਸ ਵਿੱਚ ਸ਼ਰਾਬ ਪਿਲਾਈ। ਉਨ੍ਹਾਂ ਨੇ ਪਿਸਤੌਲ ਦੇ ਬੱਟ ਨਾਲ ਉਸ ਦੇ ਸਿਰ 'ਤੇ ਵੀ ਵਾਰ ਕੀਤਾ। ਸੋਨੂੰ ਕਲਿਆਣ ਨੇ ਕਿਹਾ ਕਿ ਉਨ੍ਹਾਂ ਨੇ ਉਨ੍ਹਾਂ ਨੂੰ ਰਾਜਨੀਤੀ ਤੋਂ ਦੂਰ ਰਹਿਣ ਲਈ ਕਿਹਾ ਹੈ। ਇਸ ਸਬੰਧੀ ਥਾਣਾ ਹੈਬੋਵਾਲ ਦੇ ਐਸਐਚਓ ਅੰਮ੍ਰਿਤਪਾਲ ਸਿੰਘ ਦਾ ਕਹਿਣਾ ਹੈ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।



ਸੋਨੂੰ ਕਲਿਆਣ ਨੇ ਸ਼ਿਕਾਇਤ ਦਰਜ ਕਰਵਾਈ ਹੈ ਪਰ ਅਜੇ ਤੱਕ ਆਪਣਾ ਬਿਆਨ ਦਰਜ ਕਰਵਾਉਣ ਨਹੀਂ ਆਇਆ। ਸੀਸੀਟੀਵੀ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਉਸ ਤੋਂ ਬਾਅਦ ਪੁਲਿਸ ਅਗਲੀ ਕਾਰਵਾਈ ਕਰੇਗੀ।

# ਜਾਇਦਾਦ ਨੂੰ ਲੈ ਕੇ 2 ਭਰਾਵਾਂ ਵਿਚ ਹੋਈ ਲੜਾਈ, ਭਰਜਾਈ ਦੇ ਕਪੜੇ ਪਾੜੇ

## ✪ ਪੁਲਸ ਨੇ 5 ਰਿਸ਼ਤੇਦਾਰਾਂ ਖਿਲਾਫ ਪਰਚਾ ਦਰਜ ਕੀਤਾ

**ਤਰਨਤਾਰਨ**-ਜਾਇਦਾਦ ਨੂੰ ਲੈ ਕੇ ਪਰਿਵਾਰਕ ਮੈਂਬਰਾਂ ਵਿਚ ਹੋਏ ਝਗੜੇ ਦੌਰਾਨ ਇਕ ਔਰਤ ਦੇ ਕੱਪੜੇ ਪਾੜਨ ਦੇ ਮਾਮਲੇ ਵਿਚ ਥਾਣਾ ਸਦਰ ਤਰਨਤਾਰਨ ਦੀ ਪੁਲਸ ਨੇ 5 ਰਿਸ਼ਤੇਦਾਰਾਂ ਖਿਲਾਫ ਪਰਚਾ ਦਰਜ ਕਰ ਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਮਹਿੰਦਰ ਪਾਲ ਸ਼ਬਾਜਪੁਰ ਨੇ ਥਾਣਾ ਸਦਰ ਤਰਨਤਾਰਨ ਅਧੀਨ ਆਉਂਦੀ ਪੁਲਸ ਚੌਕੀ ਮਾਣੋਚਾਹਲ ਦੀ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਦੱਸਿਆ ਕਿ ਉਹ ਅਤੇ ਉਸ ਦਾ ਭਰਾ ਸੁਖਜਿੰਦਰ ਪਾਲ ਇਕੋ ਮਕਾਨ ਵਿਚ ਹੇਠਾਂ ਉੱਪਰ ਰਹਿੰਦੇ ਹਨ, ਜਦੋਂਕਿ ਉਸ ਦੀਆਂ ਦੋਵੇਂ ਭੈਣਾਂ ਵਿਆਹੀਆਂ ਹੋਈਆਂ ਹਨ ਅਤੇ ਉਸ ਦੇ ਪਿਤਾ ਮਾਰਕੀਟ ਕਮੇਟੀ ਤਰਨਤਾਰਨ ਤੋਂ ਸੇਵਾ ਮੁਕਤ ਹੋ ਚੁੱਕੇ ਹਨ ਅਤੇ ਉਨ੍ਹਾਂ ਦੀ ਕਰੀਬ 7 ਮਹੀਨੇ ਪਹਿਲਾਂ ਮੌਤ ਹੋ ਚੁੱਕੀ ਹੈ। ਮੁੱਦਈ ਨੇ ਦੱਸਿਆ ਕਿ ਬੀਤੀ 24 ਅਗਸਤ ਨੂੰ ਉਸ ਦੇ ਵੱਡੇ ਭਰਾ ਸੁਖਜਿੰਦਰ ਪਾਲ, ਭਰਜਾਈ ਰਵਿੰਦਰ ਕੌਰ, ਭੈਣ ਰੇਨੂ ਬਾਲਾ ਪਤਨੀ ਨਰੇਸ਼ ਕੁਮਾਰ ਵਾਸੀ ਭਿੰਡਰ ਕਲਾਂ, ਭੈਣ ਗੁਰਵਿੰਦਰ ਕੌਰ ਪਤਨੀ ਮਨਜੀਤ ਸਿੰਘ ਵਾਸੀ ਚੀਮਾ ਬਾਠ ਅਤੇ ਮਨਜੀਤ ਸਿੰਘ ਵਾਸੀ ਚੀਮਾ ਬਾਠ ਵੱਲੋਂ ਹਮਸਲਾਹ ਹੋ ਕੇ ਉਨ੍ਹਾਂ ਉੱਪਰ ਹਮਲਾ ਕਰ ਦਿੱਤਾ ਗਿਆ, ਸੱਟਾਂ ਮਾਰੀਆਂ ਅਤੇ ਉਸ ਦੀ ਪਤਨੀ ਗੀਤਾ ਰਾਣੀ ਦੇ ਕੱਪੜੇ ਪਾੜ ਦਿੱਤੇ। ਇਸ ਹਮਲੇ ਪਿੱਛੇ ਵਜ੍ਹਾ ਰੰਜਿਸ਼ ਇਹ ਹੈ ਕਿ ਉਸ ਦੇ ਵੱਡੇ ਭਰਾ ਸੁਖਜਿੰਦਰ ਪਾਲ ਨੇ ਪਿਤਾ ਦੀ ਮੌਤ ਤੋਂ ਬਾਅਦ ਸਾਰੇ ਗਹਿਣੇ ਅਤੇ ਸਰਕਾਰੀ ਪੈਸੇ ਆਦਿ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ ਹੈ ਅਤੇ ਉਸ ਨੂੰ ਉਸ ਦਾ ਬਣਦਾ ਹੱਕ ਨਹੀਂ ਦੇ ਰਿਹਾ। ਜਦੋਂ ਉਹ ਆਪਣਾ ਹੱਕ ਮੰਗਦਾ ਹੈ ਤਾਂ ਉਹ ਉਸ ਨੂੰ ਗਾਲੀ ਗਲੋਚ ਕਰਨਾ ਸ਼ੁਰੂ ਕਰ ਦਿੰਦਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪੁਲਸ ਚੌਕੀ ਮਾਣੋਚਾਹਲ ਦੇ ਇੰਚਾਰਜ ਏ. ਐੱਸ. ਆਈ. ਕੰਵਲਜੀਤ ਸਿੰਘ ਨੇ ਦੱਸਿਆ ਕਿ ਇਸ ਮਾਮਲੇ 'ਚ ਸੁਖਜਿੰਦਰ ਪਾਲ, ਰਵਿੰਦਰ ਕੌਰ, ਰੇਨੂ ਬਾਲਾ, ਗੁਰਵਿੰਦਰ ਕੌਰ ਅਤੇ ਮਨਜੀਤ ਸਿੰਘ ਖਿਲਾਫ ਪਰਚਾ ਦਰਜ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਸਹੁਰੇ ਪਰਿਵਾਰ ਤੋਂ ਤੰਗ 30 ਸਾਲਾ ਵਿਆਹੁਤਾ ਨੇ ਕੀਤੀ ਆਤਮ ਹੱਤਿਆ

## ✪ ਪੱਖੇ ਨਾਲ ਲਟਕਦੀ ਮਿਲੀ ਲਾਸ਼
## ✪ ਲੜਕੀ ਦੇ ਪਰਿਵਾਰ ਦੇ ਬਿਆਨਾਂ ਦੇ ਉੱਪਰ ਕਾਰਵਾਈ ਕਰੇਗੀ ਪੁਲਿਸ



**ਮੋਗਾ**-ਪਿੰਡ ਰਾਮਾ ਦੀ ਰਹਿਣ ਵਾਲੀ ਇੱਕ 30 ਸਾਲਾਂ ਨੌਜਵਾਨ ਲੜਕੀ ਵੱਲੋਂ ਸਹੁਰਾ ਪਰਿਵਾਰ ਤੋਂ ਤੰਗ ਹੋ ਕੇ ਪੱਖੇ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਲੜਕੀ ਦੇ ਪਰਿਵਾਰ ਨੇ ਕਿਹਾ ਕਿ ਲਵਪ੍ਰੀਤ ਕੌਰ 30 ਸਾਲ ਜਿਸਦਾ ਚਾਰ ਸਾਲ ਪਹਿਲਾਂ ਕੁਲਵਿੰਦਰ ਸਿੰਘ ਨਾਮ ਦੇ ਵਿਅਕਤੀ ਨਾਲ ਵਿਆਹ ਹੋਇਆ ਸੀ। ਕੁਲਵਿੰਦਰ ਸਿੰਘ ਅਤੇ ਲਵਪ੍ਰੀਤ ਦੋਨਾਂ ਦਾ ਦੂਸਰਾ ਵਿਆਹ ਹੋਇਆ ਸੀ। ਲੜਕੀ ਲਵਪ੍ਰੀਤ ਕੌਰ ਕੋਲੇ ਇੱਕ 6 ਸਾਲ ਦੀ ਬੇਟੀ ਸੀ, ਜੋ ਕਿ ਪੇਕੇ ਪਰਿਵਾਰ ਕੋਲੇ ਰਹਿੰਦੀ ਸੀ ਅਤੇ ਕੁਲਵਿੰਦਰ ਸਿੰਘ ਦਾ ਇੱਕ ਬੇਟਾ ਸੱਤ ਸਾਲ ਦਾ ਹੈ, ਜੋ ਇਨ੍ਹਾਂ ਕੋਲੇ ਰਹਿੰਦਾ ਸੀ।

ਪਰਿਵਾਰ ਨੇ ਕਿਹਾ ਕਿ ਸੁਹਰਾ ਪਰਿਵਾਰ ਵੱਲੋਂ ਲਵਪ੍ਰੀਤ ਕੌਰ ਨੂੰ ਦਾਜ ਲਈ ਤੰਗ ਪਰੇਸ਼ਾਨ ਕੀਤਾ ਜਾਂਦਾ ਸੀ ਅਤੇ ਉਨ੍ਹਾਂ ਵੱਲੋਂ ਕਈ ਵਾਰ ਪੰਚਾਇਤਾਂ ਵੀ ਬਿਠਾਈਆਂ ਗਈਆਂ ਅਤੇ ਪਿੰਡ ਵਾਸੀਆਂ ਨੇ ਜ਼ਿੰਮੇਵਾਰੀ ਨਾਲ ਲਵਪ੍ਰੀਤ ਨੂੰ ਸੁਹਰਾ ਪਰਿਵਾਰ ਲੈ ਕੇ ਆਉਂਦਾ ਸੀ। ਕਈ ਵਾਰ ਲਵਪ੍ਰੀਤ ਕੌਰ ਨੇ ਜ਼ਿੰਮੇਵਾਰ ਵਿਅਕਤੀਆਂ ਨੂੰ ਫੋਨ ਵੀ ਕੀਤਾ ਪਰ ਕੁਲਵਿੰਦਰ ਸਿੰਘ ਵੱਲੋਂ ਅਤੇ ਉਸਦੇ ਪਰਿਵਾਰ ਵੱਲੋਂ ਉਸ ਨਾਲ ਕੁੱਟਮਾਰ ਕੀਤੀ ਜਾਂਦੀ ਸੀ। ਸਹੁਰਾ ਪਰਿਵਾਰ ਵੱਲੋਂ ਉਸ ਨੂੰ ਕਤਲ ਕਰ ਕੇ ਪੱਖੇ ਨਾਲ ਲਟਕਾ ਦਿੱਤਾ।

ਇਸ ਸਾਰੇ ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਥਾਣਾ ਮੁਖੀ ਹਰਵਿੰਦਰ ਸਿੰਘ ਨੇ ਕਿਹਾ ਕਿ ਰਾਮਾ ਪਿੰਡ ਦੀ ਰਹਿਣ ਵਾਲੀ ਇਕ 30 ਸਾਲਾ ਲੜਕੀ ਲਵਪ੍ਰੀਤ ਕੌਰ ਵੱਲੋਂ ਫਾਹਾ ਲਗਾ ਕੇ ਖੁਦਕੁਸ਼ੀ ਕੀਤੀ ਗਈ। ਇਸ ਦਾ ਚਾਰ ਸਾਲ ਪਹਿਲਾਂ ਰਾਮਾ ਪਿੰਡ ਦੇ ਰਹਿਣ ਵਾਲੇ ਕੁਲਵਿੰਦਰ ਸਿੰਘ ਨਾਲ ਵਿਆਹ ਹੋਇਆ ਸੀ। ਇਨ੍ਹਾਂ ਦੀ ਲੜਾਈ ਝਗੜੇ ਦੀ ਸੀਸੀਟੀਵੀਵੀ ਸਾਡੇ ਕੋਲ ਆਈ ਹੈ। ਲੜਕੀ ਦੇ ਪਰਿਵਾਰ ਦੇ ਬਿਆਨਾਂ ਦੇ ਉੱਪਰ ਕਾਰਵਾਈ ਕੀਤੀ ਜਾ ਰਹੀ ਹੈ।

# ਪਰਾਲੀ ਤੇ ਰਾਵਣ ਫੂਕਣ ਦੇ ਧੂੰਏਂ ਨਾਲ ਹਵਾ ਪ੍ਰਦੂਸ਼ਿਤ ਹੋਈ

## ✪ ਹਰੇ ਤੋਂ ਲਾਲ ਨਿਸ਼ਾਨ ਵੱਲ ਵਧਣ ਲੱਗਿਆ ਏ ਕਿਊ ਆਈ





### ਏ ਕਿਊ ਆਈ

| ਜ਼ਿਲ੍ਹਾ | 10 ਅਕਤੂਬਰ | 11 ਅਕਤੂਬਰ | 12 ਅਕਤੂਬਰ |
|---|---|---|---|
| ਅੰਮ੍ਰਿਤਸਰ | 60 | 94 | 142 |
| ਬਠਿੰਡਾ | 108 | 154 | 189 |
| ਜਲੰਧਰ | 78 | 94 | 71 |
| ਖੰਨਾ | 81 | 100 | 116 |
| ਲੁਧਿਆਣਾ | 115 | 80 | 115 |
| ਗੋਬਿੰਦਗੜ੍ਹ | 131 | 96 | 104 |
| ਪਟਿਆਲਾ | 87 | 88 | 96 |
| ਰੂਪ ਨਗਰ | 107 | - | 109 |

**ਪਟਿਆਲਾ**-ਪਰਾਲੀ ਨੂੰ ਸਾੜਨ ਦੇ ਮਾਮਲੇ ਵਧਣ ਦੇ ਨਾਲ ਹਵਾ ਦਾ ਪ੍ਰਦੂਸ਼ਿਤ ਹੋਣ ਲੱਗੀ ਹੈ। ਪਿਛਲੇ ਕੁਝ ਦਿਨਾਂ ਵਿਚ ਰਾਵਣ ਫੂਕਣ ਤੇ ਪਰਾਲੀ ਸਾੜਨ ਦੇ ਮਾਮਲਿਆਂ ਵਿਚ ਲਗਾਤਾਰ ਵਾਧਾ ਹੋਇਆ ਹੈ। ਇਸਦੇ ਨਾਲ ਹੀ ਹਵਾ ਦਾ ਪੱਧਰ ਹਰੇ ਤੋਂ ਲਾਲ ਨਿਸ਼ਾਨ ਵੱਲ ਵੱਧਣ ਲੱਗਿਆ ਹੈ। ਪਿਛਲੇ ਦਿਨਾਂ ਵਿਚ 300 ਦੇ ਕਰੀਬ ਪਰਾਲੀ ਸੜਣ ਦੇ ਮਾਮਲੇ ਦਰਜ ਕੀਤੇ ਗਏ ਹਨ ਜੋਕਿ ਇਸ ਸੀਜ਼ਨ ਵਿਚ ਹੁਣ ਤੱਕ ਦਾ ਸਭ ਤੋਂ ਵੱਧ ਅੰਕੜਾ ਹੈ। ਜਦੋਂਕਿ ਇਨ੍ਹਾਂ ਦਿਨਾਂ ਦੌਰਾਨ ਕੁਝ ਜ਼ਿਲ੍ਹਿਆਂ ਵਿਚ ਹਵਾ ਦੇ ਪੱਧਰ ਨੇ ਸਾਹ ਦੀ ਬਿਮਾਰੀ ਤੋਂ ਪੀੜਤ ਲੋਕਾਂ ਦੀ ਸਿਹਤ 'ਤੇ ਅਸਰ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ।

#### ਮਰੀਜ਼ਾਂ ਦੀ ਸਿਹਤ 'ਤੇ ਪੈ ਰਿਹਾ ਬੁਰਾ ਪ੍ਰਭਾਵ

0-50 ਤੱਕ ਦੇ ਏਅਰ ਕੁਆਲਟੀ ਇੰਡੈਕਸ ਵਾਲੀ ਹਵਾ ਨੂੰ ਚੰਗਾ ਮੰਨਿਆ ਜਾਂਦਾ ਹੈ ਜਿਸਦਾ ਮਨੁੱਖ 'ਤੇ ਘੱਟ ਪ੍ਰਭਾਵ ਹੁੰਦਾ ਹੈ। 51-100 ਤੱਕ ਏ ਕਿਊ ਆਈ ਸੰਤੁਸ਼ਟੀਜਨਕ ਹੈ ਸੰਵੇਦਨਸ਼ੀਲ ਲੋਕਾਂ ਲਈ ਸਾਹ ਲੈਣ ਵਿੱਚ ਔਖ ਹੁੰਦੀ ਹੈ। 101-200 ਤੱਕ ਦੇ ਏ ਕਿਊ ਵਿਚ ਫੇਫੜਿਆਂ, ਦਮਾ ਅਤੇ ਦਿਲ ਦੀਆਂ ਬਿਮਾਰੀਆਂ ਵਾਲੇ ਲੋਕਾਂ ਲਈ ਨੂੰ ਸਾਹ ਲੈਣ ਵਿੱਚ ਤਕਲੀਫ਼ ਹੋ ਸਕਦੀ ਹੈ। 201-300 ਏਕਿਊਆਈ ਮਨੁੱਖ ਸਿਹਤ ਲਈ ਮਾੜਾ ਹੈ, ਲੰਬੇ ਸਮੇਂ ਤੱਕ ਇਸ ਹਵਾ ਦੇ ਸੰਪਰਕ ਵਿੱਚ ਰਹਿਣ 'ਤੇ ਜ਼ਿਆਦਾਤਰ ਲੋਕਾਂ ਨੂੰ ਸਾਹ ਲੈਣ ਵਿੱਚ ਤਕਲੀਫ਼ ਹੁੰਦੀ ਹੈ।

301-400 ਏਕਿਊਆਈ ਵਾਲੀ ਹਵਾ ਮਨੁੱਖ ਲਈ ਬਹੁਤ ਮਾੜੀ ਹੈ, ਲੰਬੇ ਸਮੇਂ ਤੱਕ ਸੰਪਰਕ ਵਿੱਚ ਰਹਿਣ 'ਤੇ ਸਾਹ ਦੀ ਬਿਮਾਰੀ ਹੋ ਸਕਦੀ ਹੈ। 401-500 ਏਕਿਊਆਈ ਵਾਲੀ ਹਵਾ ਸਿਹਤਮੰਦ ਲੋਕਾਂ ਨੂੰ ਵੀ ਪ੍ਰਭਾਵਿਤ ਕਰਦੀ ਹੈ ਅਤੇ ਮੌਜੂਦਾ ਬਿਮਾਰੀਆਂ ਵਾਲੇ ਲੋਕਾਂ ਨੂੰ ਗੰਭੀਰਤਾ ਨਾਲ ਪ੍ਰਭਾਵਿਤ ਕਰਦਾ ਹੈ।

ਦੱਸਣਯੋਗ ਹੈ ਕਿ ਏਅਰ ਕੁਆਲਿਟੀ ਇੰਡੈਕਸ ਰਾਹੀਂ ਹਵਾ ਦੀ ਗੁਣਵੱਤਾ ਦਾ ਰੋਜ਼ਾਨਾ ਮਾਪਿਆ ਜਾਂਦਾ ਹੈ, ਜੋਕਿ ਦਰਸਾਉਂਦਾ ਹੈ ਕਿ ਹਵਾ ਕਿੰਨੀ ਸਾਫ਼ ਜਾਂ ਪ੍ਰਦੂਸ਼ਿਤ ਹੈ ਅਤੇ ਸਿਹਤ 'ਤੇ ਸੰਭਾਵੀ ਸਿਹਤ ਪ੍ਰਭਾਵਾਂ ਬਾਰੇ ਦੱਸਦਾ ਹੈ।


# ਮਹਾਰਾਸ਼ਟਰ ਸਰਕਾਰ ਨੇ ਮੰਨੀਆਂ ਸਿੱਖਾਂ ਦੀਆਂ ਮੁੱਖ ਮੰਗਾਂ

## ✪ ਸਿੱਖ ਨੁਮਾਇੰਦਗੀ ਕਮੇਟੀ ਤੇ ਪੰਜਾਬੀ ਸਾਹਿਤ ਅਕਾਦਮੀ ਦੀ ਕੀਤੀ ਸਥਾਪਨਾ



**ਮੁੰਬਈ**-ਮਹਾਰਾਸ਼ਟਰ ਸਰਕਾਰ ਨੇ ਸਿੱਖ ਭਾਈਚਾਰੇ ਦੀਆਂ ਕਈ ਮੁੱਖ ਮੰਗਾਂ ਨੂੰ ਮੰਨ ਲਿਆ ਹੈ ਅਤੇ ਉਨ੍ਹਾਂ ਦੀ ਸਫਲ ਪੂਰੀ ਹੋਣ ਦੀ ਸੂਚਨਾ ਆਧਿਕਾਰਕ ਤੌਰ 'ਤੇ ਘੋਸ਼ਿਤ ਕੀਤੀ ਹੈ। ਸਰਕਾਰ ਵੱਲੋਂ ਪੰਜਾਬੀ ਸਾਹਿਤ ਅਕਾਦਮੀ ਦੀ ਸਥਾਪਨਾ ਕਰਦੇ ਹੋਏ ਮਹਾਰਾਸ਼ਟਰ ਦੇ ਪ੍ਰਮੁੱਖ ਚਿਹਰੇ ਬਲਮਲਕੀਤ ਸਿੰਘ ਨੂੰ ਇਸ ਦਾ ਮੁਖੀ ਨਿਯੁਕਤ ਕੀਤਾ ਹੈ। ਇਸ ਦੇ ਨਾਲ ਹੀ ਚਰਨਦੀਪ ਸਿੰਘ ਨੂੰ ਮਹਾਰਾਸ਼ਟਰ ਰਾਜ ਘੱਟ ਗਿਣਤੀ ਵਿਕਾਸ ਕਮਿਸ਼ਨ ਵਿਚ ਭਾਈਚਾਰੇ ਦਾ ਪ੍ਰਤੀਨਿਧੀ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਜਸਪਾਲ ਸਿੰਘੂ ਨੂੰ 11 ਮੈਂਬਰੀ ਸਿੱਖ ਪ੍ਰਤੀਨਿਧ ਕਮੇਟੀ ਦੀ ਅਗਵਾਈ ਕਰਨਗੇ। ਕਮੇਟੀ ਵਿੱਚ 11 ਮੈਂਬਰਾਂ ਵਿੱਚ ਜਸਪਾਲ ਸਿੰਘ, ਗੁਰਮੀਤ ਸਿੰਘ, ਗੁਰਮੀਤ ਸਿੰਘ ਕੋਕਰ, ਰਣਜੀਤ ਸਿੰਘ, ਅਮਰਜੀਤ ਸਿੰਘ, ਗੁਰਮੁੱਖ ਸਿੰਘ, ਬਲਬੀਰ ਸਿੰਘ, ਹਰਪ੍ਰੀਤ ਸਿੰਘ, ਸਰਬਜੀਤ ਸਿੰਘ ਸੈਣੀ, ਚਰਨਦੀਪ ਸਿੰਘ, ਭੁਪਿੰਦਰ ਸਿੰਘ, ਰਮੇਸ਼ਵਰ ਨਾਇਕ ਸ਼ਾਮਲ ਹਨ।

# ਫ਼ਿਲਮ 'ਭਈਆ ਜੀ' ਤੋਂ ਸਟਾਰ ਬਣ ਗਈ ਹੈ ਜ਼ੋਇਆ ਹੁਸੈਨ



ਅਨੁਰਾਗ ਕਸ਼ਿਅਪ ਵਲੋਂ ਨਿਰਦੇਸ਼ਿਤ ਫ਼ਿਲਮ 'ਮੁੱਕਾਬਾਜ਼' (2018) ਵਿਚ ਵਿਨੀਤ ਕੁਮਾਰ ਨਾਲ ਫ਼ਿਲਮ ਕਰਕੇ ਕਰੀਅਰ ਦੀ ਸ਼ੁਰੂਆਤ ਕਰਨ ਵਾਲੀ ਅਦਾਕਾਰਾ ਜ਼ੋਇਆ ਹੁਸੈਨ ਥੀਏਟਰ ਤੋਂ ਹੁੰਦੇ ਹੋਏ ਫ਼ਿਲਮਾਂ ਵਿਚ ਆਈ ਸੀ। ਜ਼ੋਇਆ ਹੁਸੈਨ 'ਲਾਲ ਕਪਤਾਨ' (2019), ਤਾਮਿਲ, ਤੇਲਗੂ ਅਤੇ ਹਿੰਦੀ ਵਰਗੀਆਂ ਤਿੰਨ ਭਾਸ਼ਾਵਾਂ ਵਿਚ ਬਣੀ 'ਕਾਦਾਨ' (2020), 'ਅਨਕਹੀ ਕਹਾਨੀਆਂ' (2021) ਫ਼ਿਲਮਾਂ ਤੋਂ ਇਲਾਵਾ ਡਿਜ਼ਨੀ ਹਾਟ ਦੀ ਵੈੱਬ ਸੀਰੀਜ਼ 'ਗ੍ਰਹਿਣ' (2021) ਅਤੇ ਪ੍ਰਾਈਮ ਵੀਡੀਓ ਦੀ ਵੈੱਬ ਸੀਰੀਜ਼ 'ਬਿੱਗ ਗਰਲਜ਼ ਡੋਂਟ ਕ੍ਰਾਈ' (2024) ਲਈ ਜਾਣੀ ਜਾਂਦੀ ਹੈ। ਪਿਛਲੇ ਸਾਲ ਬੁਸਾਨ ਫ਼ਿਲਮ ਮੇਲੇ ਵਿਚ ਉਸ ਦੀ ਫ਼ਿਲਮ 'ਮਾਘ : ਦ ਵਿੰਟਰ ਵਿਦਿਨ' (2023) ਦਾ ਪ੍ਰੀਮੀਅਰ ਹੋਇਆ ਅਤੇ ਇਸ ਫ਼ਿਲਮ ਨੇ ਬੈਸਟ ਫ਼ਿਲਮ ਦਾ ਪੁਰਸਕਾਰ ਵੀ ਜਿੱਤਿਆ। ਜ਼ੋਇਆ ਹੁਸੈਨ ਹਾਲ ਹੀ ਵਿਚ ਮਨੋਜ ਵਾਜਪਾਈ ਦੇ ਨਾਲ ਫ਼ਿਲਮ 'ਭਈਆ ਜੀ' ਵਿਚ ਨਜ਼ਰ ਆਈ ਸੀ। ਇਸ ਫ਼ਿਲਮ ਤੋਂ ਬਾਅਦ ਉਹ ਸਟਾਰ ਬਣ ਚੁੱਕੀ ਹੈ।

## - ਪਲੇ ਨੀ ਧੇਲਾ ਕਰਦੀ ਮੇਲਾ ਮੇਲਾ -

# ਬਸਪਾ ਨੇ ਸ਼੍ਰੋਮਣੀ ਅਕਾਲੀ ਦਲ ਤੇ ਇਨੈਲੋ ਨਾਲੋਂ ਕੀਤਾ ਤੋੜ-ਵਿਛੋੜਾ



**ਜਲੰਧਰ**-ਬਹੁਜਨ ਸਮਾਜ ਪਾਰਟੀ ਦੀ ਕੌਮੀ ਪ੍ਰਧਾਨ ਕੁਮਾਰੀ ਮਾਇਆਵਤੀ ਨੇ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਹਰਿਆਣਾ ਵਿੱਚ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਨਾਲ ਗੱਠਜੋੜ ਤੋੜਨ ਦਾ ਐਲਾਨ ਕਰ ਦਿੱਤਾ ਹੈ। ਇਹ ਐਲਾਨ ਹਰਿਆਣਾ ਵਿੱਚ ਵਿਧਾਨ ਸਭਾ ਦੀਆਂ ਚੋਣਾਂ ਦੇ ਤਿੰਨ ਦਿਨ ਬਾਅਦ ਆਇਆ ਹੈ। ਪੰਜਾਬ ਦੀ ਲੀਡਰਸ਼ਿਪ ਨੇ ਵੀ ਬਸਪਾ ਦੀ ਕੌਮੀ ਪ੍ਰਧਾਨ ਮਾਇਆਵਤੀ ਨਾਲ ਮੀਟਿੰਗ ਕੀਤੀ ਹੈ। ਇਸ ਮੌਕੇ ਬਸਪਾ ਪੰਜਾਬ ਮਾਮਲਿਆਂ ਦੀ ਜ਼ਿੰਮੇਵਾਰੀ ਹੁਣ ਬਸਪਾ ਦੇ ਕੌਮੀ ਉਪ ਪ੍ਰਧਾਨ ਅਕਾਸ਼ ਆਨੰਦ ਨੂੰ ਸੌਂਪੀ ਗਈ ਹੈ ਅਤੇ ਇਸ ਦੇ ਨਾਲ ਰਣਧੀਰ ਸਿੰਘ ਬੈਨੀਪਾਲ ਤੇ ਵਿਪੁਲ ਕੁਮਾਰ ਵੀ ਪੰਜਾਬ ਮਾਮਲਿਆਂ ਦੇ ਇੰਚਾਰਜ ਬਣੇ ਰਹਿਣਗੇ।

ਬਸਪਾ ਦੇ ਸੂਬਾਈ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਬਿਆਨ ਜਾਰੀ ਕਰ ਕੇ ਕਿਹਾ ਕਿ ਬਸਪਾ ਦੀ ਸੁਪਰੀਮੋ ਨੇ ਸਪੱਸ਼ਟ ਕੀਤਾ ਕਿ ਬਸਪਾ ਤਾਂ ਗੱਠਜੋੜ ਦੌਰਾਨ ਆਪਣੀਆਂ ਸਾਥੀ ਪਾਰਟੀਆਂ ਨੂੰ ਵੋਟ ਤਬਦੀਲ ਕਰਦੀ ਹੈ ਪਰ ਗੱਠਜੋੜ ਵਿੱਚ ਸ਼ਾਮਲ ਦੂਜੀਆਂ ਪਾਰਟੀਆਂ ਆਪਣਾ ਵੋਟ ਬਸਪਾ ਉਮੀਦਵਾਰਾਂ ਨੂੰ ਟਰਾਂਸਫ਼ਰ ਨਹੀਂ ਕਰਵਾਉਂਦੀਆਂ, ਜਿਸ ਨਾਲ ਬਸਪਾ ਦੇ ਕੈਡਰ ਵਿੱਚ ਨਿਰਾਸ਼ਾ ਫ਼ੈਲਦੀ ਹੈ ਅਤੇ ਨੁਕਸਾਨ ਹੁੰਦਾ ਹੈ। ਉਨ੍ਹਾਂ ਕਿਹਾ ਕਿ ਉੱਤਰ ਪ੍ਰਦੇਸ਼ ਤੋਂ ਬਾਅਦ ਹੁਣ ਹਰਿਆਣਾ ਦੇ ਚੋਣ ਨਤੀਜਿਆਂ ਦੌਰਾਨ ਵੀ ਇਹੀ ਗੱਲ ਸਾਹਮਣੇ ਆਈ ਹੈ ਜਦਕਿ ਪੰਜਾਬ ਵਿੱਚ ਵੀ ਪਾਰਟੀ ਦੇ ਸ਼੍ਰੋਮਣੀ ਅਕਾਲੀ ਦਲ ਨਾਲ ਤਜਰਬੇ ਕੌੜੇ ਹੀ ਰਹੇ ਹਨ। ਇਸ ਲਈ ਹੁਣ ਬਸਪਾ ਨੇ ਫ਼ੈਸਲਾ ਲਿਆ ਹੈ ਕਿ ਖੇਤਰੀ ਪਾਰਟੀਆਂ ਨਾਲ ਵੀ ਕੋਈ ਗਠਜੋੜ ਨਹੀਂ ਕੀਤਾ ਜਾਵੇਗਾ।

ਸਿਆਸੀ ਮਾਹਿਰਾਂ ਦਾ ਕਹਿਣਾ ਕਿ ਬਸਪਾ ਦਾ ਪੰਜਾਬ ਵਿਚ ਕੋਈ ਆਧਾਰ ਤੇ ਨੀਤੀ ਨਹੀਂ। ਇਸ ਦੇ ਹਾਲਾਤ ਇਹੀ ਹਨ ਕਿ ਪਲੇ ਨੀ ਧੇਲਾ ਕਰਦੀ ਮੇਲਾ ਮੇਲਾ।

ਬਸਪਾ ਨੂੰ ਹਮੇਸ਼ਾ ਅਕਾਲੀ ਦਲ ਦਾ ਫਾਇਦਾ ਹੋਇਆ ਹੈ। ਉਸ ਤੋਂ ਬਿਨਾਂ ਕੋਈ ਖਾਸ ਪ੍ਰਾਪਤੀ ਨਹੀਂ ਕਰ ਸਕੇ।

## ਕਰਾਈਮ ਨਿਊਜ਼

### ਮਕਾਨ ਦੀਆਂ ਕਿਸ਼ਤਾਂ ਭਰਨ ਲਈ ਕਿਹਾ ਤਾਂ ਘੋਟਣਾ ਮਾਰ ਕੇ ਵੱਡੇ ਭਰਾ ਦੀ ਕੀਤੀ ਹੱਤਿਆ

**ਮਾਨਸਾ**-ਇੱਥੋਂ ਨੇੜਲੇ ਪਿੰਡ ਭੰਮੇ ਕਲਾਂ ਵਿੱਚ ਛੋਟੇ ਭਰਾ ਜਸਪ੍ਰੀਤ ਸਿੰਘ ਵੱਲੋਂ ਵੱਡੇ ਭਰਾ ਗੁਰਪ੍ਰੀਤ ਸਿੰਘ ਦੀ ਹੱਤਿਆ ਕਰ ਦਿੱਤੀ ਗਈ। ਪੁਲੀਸ ਵੱਲੋਂ ਹੱਤਿਆ ਕਰਨ ਦੇ ਦੋਸ਼ ਹੇਠ ਜਸਪ੍ਰੀਤ ਸਿੰਘ ਨੂੰ ਗ੍ਰਿਫਤਾਰ ਕਰਕੇ ਵਿਭਾਗੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਪੁਲੀਸ ਅਨੁਸਾਰ ਗੁਰਪ੍ਰੀਤ ਸਿੰਘ ਦੀ ਪਤਨੀ ਕਿਰਨਪਾਲ ਕੌਰ ਨੇ ਪੁਲੀਸ ਨੂੰ ਦਿੱਤੇ ਗਏ ਬਿਆਨਾਂ ਵਿੱਚ ਦੱਸਿਆ ਕਿ ਉਹ ਇੱਕੋ ਹੀ ਮਕਾਨ ਵਿੱਚ ਰਹਿੰਦੇ ਹਨ ਤੇ ਉਨ੍ਹਾਂ ਨੇ ਕਰਜ਼ਾ ਲੈ ਕੇ ਮਕਾਨ ਬਣਾਇਆ ਸੀ। ਗੁਰਪ੍ਰੀਤ ਨੇ ਆਪਣੇ ਛੋਟੇ ਭਰਾ ਨੂੰ ਕਿਹਾ ਕਿ ਪਹਿਲਾਂ ਮਕਾਨ ਦੇ ਕਰਜ਼ ਦੀਆਂ ਕਿਸ਼ਤਾਂ ਉਨ੍ਹਾਂ ਵੱਲੋਂ ਭਰੀਆਂ ਗਈਆਂ ਹਨ ਅਤੇ ਹੁਣ ਜਸਪ੍ਰੀਤ ਕਿਸ਼ਤਾਂ ਭਰੇ। ਇਸ 'ਤੇ ਉਨ੍ਹਾਂ ਵਿੱਚ ਤਕਰਾਰ ਹੋ ਗਈ, ਜਿਸ ਕਾਰਨ ਜਸਪ੍ਰੀਤ ਨੇ ਆਪਣੇ ਵੱਡੇ ਭਰਾ ਗੁਰਪ੍ਰੀਤ ਦੇ ਸਿਰ ਵਿੱਚ ਘੋਟਣਾ ਮਾਰ ਕੇ ਹੱਤਿਆ ਕਰ ਦਿੱਤੀ। ਥਾਣਾ ਝੁਨੀਰ ਦੇ ਮੁੱਖ ਅਫ਼ਸਰ ਬਲਦੇਵ ਸਿੰਘ ਨੇ ਦੱਸਿਆ ਕਿ ਪੁਲੀਸ ਜਸਪ੍ਰੀਤ ਸਿੰਘ ਕਾਲਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।




# ਐੱਨ ਸੀ ਪੀ ਨੇਤਾ ਬਾਬਾ ਸਿੱਦੀਕੀ ਦੀ ਮੁੰਬਈ ਵਿੱਚ ਗੋਲੀ ਮਾਰ ਕੇ ਹੱਤਿਆ

**✪ ਪਟਾਕਿਆਂ ਦੇ ਰੌਲੇ ਵਿਚ ਨਕਾਬਪੋਸ਼ ਸ਼ੂਟਰ ਨੇ ਕੀਤੀ ਵਾਰਦਾਤ ✪ ਇਸ ਕਤਲ ਦੇ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ, ਤੀਜਾ ਫਰਾਰ**

**ਨਵੀਂ ਦਿੱਲੀ**-ਐੱਨਸੀਪੀ ਨੇਤਾ ਬਾਬਾ ਸਿੱਦੀਕੀ ਦੀ ਮੁੰਬਈ ਦੇ ਬਾਂਦਰਾ ਵਿੱਚ ਪਟਾਕਿਆਂ ਦੀ ਜ਼ੋਰਦਾਰ ਆਵਾਜ਼ ਦੇ ਵਿਚਕਾਰ ਤਿੰਨ ਵਿਅਕਤੀਆਂ ਨੇ ਉਸ 'ਤੇ ਗੋਲੀਆਂ ਚਲਾ ਦਿੱਤੀਆਂ। ਤਿੰਨਾਂ ਬਦਮਾਸ਼ਾਂ ਨੇ ਆਪਣੇ ਮੂੰਹ ਰੁਮਾਲਾਂ ਨਾਲ ਢੱਕੇ ਹੋਏ ਸਨ।



ਦੁਸਿਹਰੇ ਦੀ ਸ਼ਾਮ ਨੂੰ ਤਿੰਨੋਂ ਮੁਲਜ਼ਮ ਬਾਬਾ ਸਿੱਦੀਕੀ ਦੀ ਉਡੀਕ ਵਿੱਚ ਪੂਰੀ ਯੋਜਨਾਬੰਦੀ ਨਾਲ ਪਟਾਕੇ ਚਲਾ ਰਹੇ ਸਨ। ਜਿਵੇਂ ਹੀ ਬਾਬਾ ਸਿੱਦੀਕੀ ਦਫ਼ਤਰ ਤੋਂ ਬਾਹਰ ਆਏ ਤਾਂ ਦੋਸ਼ੀ ਨੇ ਮੌਕਾ ਦੇਖ ਕੇ ਉਨ੍ਹਾਂ 'ਤੇ 6 ਰਾਊਂਡ ਫਾਇਰ ਕਰ ਦਿੱਤੇ, ਜਿਸ ਵਿਚ ਬਾਬਾ ਸਿੱਦੀਕੀ ਨੂੰ ਤਿੰਨ ਗੋਲੀਆਂ ਲੱਗੀਆਂ। ਗੋਲੀ ਲੱਗਦੇ ਹੀ ਬਾਬਾ ਸਿੱਦੀਕੀ ਜ਼ਮੀਨ 'ਤੇ ਡਿੱਗ ਪਿਆ। ਇਸ ਤੋਂ ਬਾਅਦ ਉਸ ਨੂੰ ਲੀਲਾਵਤੀ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ, ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

### ਤੀਜਾ ਸ਼ੂਟਰ ਫਰਾਰ

ਪੁਲਿਸ ਮੁਤਾਬਕ ਇਸ ਕਤਲ ਦੇ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਜਦਕਿ ਤੀਜਾ ਫ਼ਰਾਰ ਹੈ। ਇੱਕ ਵਿਅਕਤੀ ਯੂਪੀ ਅਤੇ ਦੂਜਾ ਹਰਿਆਣਾ ਦਾ ਰਹਿਣ ਵਾਲਾ ਹੈ। ਸੂਤਰ ਮੁਤਾਬਕ ਗੋਲੀਬਾਰੀ ਵਿਚ 9.9 ਐੱਮਐੱਮ ਦੀ ਪਿਸਤੌਲ ਦੀ ਵਰਤੋਂ ਕੀਤੀ ਗਈ ਸੀ, ਜਿਸ ਕਾਰਨ ਇਹ ਅਟਕਲਾਂ ਲਗਾਈਆਂ ਜਾ ਰਹੀਆਂ ਸਨ ਕਿ ਇਹ ਇਕ ਕਾਂਟਰੈਕਟ ਕਿਲਿੰਗ ਸੀ। ਤੁਹਾਨੂੰ ਜ਼ਿਕਰਯੋਗ ਹੈ ਕਿ 15 ਦਿਨ ਪਹਿਲਾਂ ਉਸ ਨੂੰ ਜਾਨੋਂ ਮਾਰਨ ਦੀ ਧਮਕੀ ਮਿਲੀ ਸੀ, ਜਿਸ ਦੇ ਮੱਦੇਨਜ਼ਰ ਉਸ ਨੂੰ 'ਵਾਈ' ਸ਼੍ਰੇਣੀ ਦੀ ਸੁਰੱਖਿਆ ਦਿੱਤੀ ਗਈ ਸੀ।

### ਲਾਰੈਂਸ ਬਿਸ਼ਨੋਈ ਗੈਂਗ 'ਤੇ ਕਤਲ ਦਾ ਸ਼ੱਕ

ਪੁਲਿਸ ਇਸ ਕਤਲ ਨਾਲ ਸਬੰਧਤ ਹਰ ਪਹਿਲੂ ਤੋਂ ਜਾਂਚ ਕਰ ਰਹੀ ਹੈ। ਪੁਲਿਸ ਨੂੰ ਸ਼ੱਕ ਹੈ ਕਿ ਇਸ ਕਤਲ ਵਿੱਚ ਲਾਰੈਂਸ ਬਿਸ਼ਨੋਈ ਗੈਂਗ ਦਾ ਵੀ ਹੱਥ ਹੋ ਸਕਦਾ ਹੈ। ਜ਼ਿਕਰਯੋਗ ਹੈ ਕਿ ਅਭਿਨੇਤਾ ਸਲਮਾਨ ਖਾਨ ਅਤੇ ਬਾਬਾ ਸਿੱਦੀਕੀ ਵਿਚਕਾਰ ਬਹੁਤ ਹੀ ਗੂੜ੍ਹੇ ਰਿਸ਼ਤੇ ਸਨ।

ਸ਼ਨੀਵਾਰ ਦੇਰ ਰਾਤ ਸਲਮਾਨ ਖ਼ਾਨ, ਸ਼ਿਲਪਾ ਸ਼ੈੱਟੀ, ਜ਼ਹੀਰ ਇਕਬਾਲ ਸਮੇਤ ਕਈ ਬਾਲੀਵੁੱਡ ਅਦਾਕਾਰ ਬਾਬਾ ਸਿੱਦੀਕੀ ਦੇ ਪਰਿਵਾਰ ਨੂੰ ਮਿਲਣ ਲਈ ਲੀਲਾਵਤੀ ਹਸਪਤਾਲ ਪਹੁੰਚੇ ਸਨ।

### ਸੀਐੱਮ ਸ਼ਿੰਦੇ ਨੇ ਕੀ ਕਿਹਾ

ਦੇਵੇਂਦਰ ਫੜਨਵੀਸ ਖੁਦ ਲੀਲਾਵਤੀ ਹਸਪਤਾਲ ਪਹੁੰਚੇ ਅਤੇ ਬਾਬਾ ਸਿੱਦੀਕੀ ਦੇ ਬੇਟੇ ਜੀਸ਼ਾਨ ਸਿੱਦੀਕੀ ਨਾਲ ਮੁਲਾਕਾਤ ਕੀਤੀ ਅਤੇ ਪੁਲਿਸ ਤੋਂ ਘਟਨਾ ਦੀ ਜਾਣਕਾਰੀ ਲਈ। ਘਟਨਾ 'ਤੇ ਚਿੰਤਾ ਪ੍ਰਗਟ ਕਰਦੇ ਹੋਏ ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੇ ਕਿਹਾ ਕਿ ਇਹ ਬਹੁਤ ਮੰਦਭਾਗੀ ਘਟਨਾ ਹੈ ਅਤੇ ਮੈਂ ਡਾਕਟਰਾਂ ਅਤੇ ਪੁਲਿਸ ਨਾਲ ਗੱਲ ਕੀਤੀ ਹੈ। ਸੀਐੱਮ ਸ਼ਿੰਦੇ ਨੇ ਕਿਹਾ, 'ਦੋ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਦੋਸ਼ੀ ਯੂਪੀ ਅਤੇ ਹਰਿਆਣਾ ਦੇ ਰਹਿਣ ਵਾਲੇ ਹਨ। ਤੀਜਾ ਦੋਸ਼ੀ ਫਰਾਰ ਹੈ। ਅਸੀਂ ਮੁੰਬਈ ਪੁਲਿਸ ਨੂੰ ਨਿਰਦੇਸ਼ ਦਿੱਤੇ ਹਨ ਕਿ ਕਾਨੂੰਨ ਵਿਵਸਥਾ ਨੂੰ ਆਪਣੇ ਹੱਥਾਂ 'ਚ ਲੈਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ।'

## ਭਾਜਪਾ ਦੇ ਸਾਬਕਾ ਪ੍ਰਧਾਨ ਜਤਿੰਦਰ ਮਿੱਤਲ 'ਤੇ ਕਾਤਲਾਨਾ ਹਮਲਾ

### ✪ ਪੁਲਿਸ ਕਰ ਰਹੀ ਹੈ ਮਾਮਲੇ ਦੀ ਜਾਂਚ

**ਲੁਧਿਆਣਾ**-ਕੁਝ ਹਮਲਾਵਰਾਂ ਵੱਲੋਂ ਭਾਰਤੀ ਜਨਤਾ ਪਾਰਟੀ ਦੇ ਸਾਬਕਾ ਪ੍ਰਧਾਨ ਜਤਿੰਦਰ ਮਿੱਤਲ 'ਤੇ ਗੰਡਾਸੇ ਨਾਲ ਵਾਰ ਕਰਨ ਦੀ ਕੋਸ਼ਿਸ਼ ਕੀਤੀ ਗਈ। ਜਾਣਕਾਰੀ ਦਿੰਦਿਆਂ ਜਤਿੰਦਰ ਮਿੱਤਲ ਨੇ ਦੱਸਿਆ ਕਿ ਉਹ ਰਾਤ ਵੇਲੇ ਆਪਣੀ ਫੈਕਟਰੀ ਵਿਚ ਮੌਜੂਦ ਸਨਲ ਇਸੇ ਦੌਰਾਨ ਰੌਲੇ ਦੀ ਆਵਾਜ਼ ਸੁਣ ਕੇ ਉਹ ਜਦੋਂ ਫੈਕਟਰੀ 'ਚੋਂ ਬਾਹਰ ਆਏ ਤਾਂ ਉਨ੍ਹਾਂ ਦੇਖਿਆ ਕਿ ਦੋ ਗੁੱਟ ਆਪਸ ਵਿੱਚ ਝਗੜ ਰਹੇ ਸਨ। ਮਿੱਤਲ ਨੇ ਜਦ ਉਨ੍ਹਾਂ ਨੂੰ ਲੜਾਈ ਕਰਨ ਤੋਂ ਰੋਕਿਆ ਤਾਂ ਮੁਲਜ਼ਮਾਂ ਨੇ ਜਤਿੰਦਰ ਮਿੱਤਲ ਨਾਲ ਧੱਕਾ ਮੁੱਕੀ ਕਰਨੀ ਸ਼ੁਰੂ ਕਰ ਦਿੱਤੀ। ਮਿੱਤਲ ਆਪਣੇ ਫੈਕਟਰੀ ਦੇ ਮੁਲਾਜ਼ਮ ਨਾਲ ਅੰਦਰ ਚਲੇ ਗਏ ਤੇ ਗੇਟ ਬੰਦ ਕਰ ਲਿਆਲ ਇਸੇ ਦੌਰਾਨ ਹਮਲਾਵਰਾਂ ਨੇ ਫੈਕਟਰੀ 'ਤੇ ਪੱਥਰ ਚਲਾਉਣੇ ਸ਼ੁਰੂ ਕਰ ਦਿੱਤੇ। ਮਿੱਤਲ ਨੇ ਦੱਸਿਆ ਕਿ ਉਨ੍ਹਾਂ ਨੇ ਕਈ ਵਾਰ ਪੁਲਿਸ ਨੂੰ ਫੋਨ ਕੀਤਾ ਪਰ ਥਾਣਾ ਮੁਖੀ ਨੇ ਫੋਨ ਨਹੀਂ ਚੁੱਕਿਆ। ਕਿਸੇ ਤਰੀਕੇ ਨਾਲ ਉਨ੍ਹਾਂ ਨੇ ਥਾਣੇ ਸੰਪਰਕ ਕਰਕੇ ਸੂਚਨਾ ਦਿੱਤੀਲ ਮੌਕੇ 'ਤੇ ਪਹੁੰਚੀ ਪੁਲਿਸ ਨੇ ਕੁਝ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ। ਜਤਿੰਦਰ ਮਿੱਤਲ ਨੇ ਦੱਸਿਆ ਕਿ ਹਮਲਾਵਰਾਂ ਦੇ ਚਲੇ ਜਾਣ ਤੋਂ ਬਾਅਦ ਉਹ ਫੈਕਟਰੀ 'ਚੋਂ ਬਾਹਰ ਨਿਕਲੇਲ ਇਸੇ ਦੌਰਾਨ ਟਰੱਕ ਦੇ ਪਿੱਛੇ ਖੜ੍ਹੇ ਇੱਕ ਵਿਅਕਤੀ ਨੇ ਉਨ੍ਹਾਂ ਉੱਪਰ ਗੰਡਾਸੇ ਨਾਲ ਵਾਰ ਕਰਨ ਦੀ ਕੋਸ਼ਿਸ਼ ਕੀਤੀ। ਮਿੱਤਲ ਨਾਲ ਮੌਜੂਦ ਉਨ੍ਹਾਂ ਦੇ ਦੋਸਤ ਦੇ ਬੇਟੇ ਨੇ ਗੰਡਾਸਾ ਫੜ ਕੇ ਮਿੱਤਲ ਦੀ ਜਾਨ ਬਚਾਈ। ਜਤਿੰਦਰ ਮਿੱਤਲ ਦੀ ਸ਼ਿਕਾਇਤ ਲੈ ਕੇ ਪੁਲਿਸ ਮਾਮਲੇ ਦੀ ਪੜਤਾਲ ਕਰ ਰਹੀ ਹੈ।



## ਡੇਢ ਲੱਖ ਰੁਪਏ ਰਿਸ਼ਵਤ ਲੈਣ ਦੇ ਦੋਸ਼ ਵਿਚ ਐੱਸਐੱਚਓ ਵਿਜੀਲੈਂਸ ਵੱਲੋਂ ਗ੍ਰਿਫ਼ਤਾਰ

**ਫਗਵਾੜਾ**-ਫਗਵਾੜਾ ਵਿਖੇ ਵਿਜੀਲੈਂਸ ਦੀ ਟੀਮ ਵੱਲੋਂ ਫਗਵਾੜਾ ਸਿਟੀ ਦੇ ਐੱਸ. ਐੱਚ. ਓ. ਜਤਿੰਦਰ ਕੁਮਾਰ ਤੇ ਉਸ ਦੇ ਗੰਨਮੈਨ ਨੂੰ ਗ੍ਰਿਫ਼ਤਾਰ ਕਰ ਲਿਆ। ਇਨ੍ਹਾਂ ਦੋਹਾਂ 'ਤੇ ਡੇਢ ਲੱਖ ਰੁਪਏ ਰਿਸ਼ਵਤ ਲੈਣ ਦਾ ਦੋਸ਼ ਹੈ। ਦਰਅਸਲ ਨਸ਼ਾ ਤਸਕਰੀ ਦੇ ਮਾਮਲੇ ਵਿਚ ਐੱਸ. ਐੱਚ. ਓ. ਇਕ ਵਿਅਕਤੀ ਕੋਲੋਂ ਪੈਸਿਆਂ ਦੀ ਮੰਗ ਕਰ ਰਿਹਾ ਹੈ। ਉਸ ਦੇ ਚਲਦਿਆਂ ਵਿਜੀਲੈਂਸ ਨੇ ਰੇਡ ਕਰਕੇ ਦੋਹਾਂ ਨੂੰ ਗ੍ਰਿਫ਼ਤਾਰ ਕੀਤਾ ਹੈ।



**ਭਾਰਤੀ ਮੂਲ ਦੇ ਫਿਰਕੂ ਵਿਧਾਇਕ ਚੰਦਰ ਆਰੀਆ ਨੇ ਛਡੀ ਗੱਪ**

## ਅਖੇ ਕੈਨੇਡਾ ਵਿਚ ਖ਼ਾਲਿਸਤਾਨੀ ਗਰੁੱਪਾਂ ਖ਼ਿਲਾਫ਼ ਰਿਪੋਰਟਿੰਗ ਕਰਨ ਵਾਲੇ ਪੱਤਰਕਾਰਾਂ 'ਤੇ ਕੀਤੇ ਗਏ ਹਮਲੇ !

**ਟਰਾਂਟੋ**-ਕੈਨੇਡਾ ਦੇ ਸੰਸਦ ਮੈਂਬਰ ਚੰਦਰਕਾਂਤ ਚੰਦਰ ਆਰੀਆ ਨੇ ਕੁਫਰ ਤੋਲਿਆ ਹੈ ਕਿ ਕੈਨੇਡਾ ਵਿੱਚ ਖ਼ਾਲਿਸਤਾਨ ਦੇ ਮੁੱਦੇ ਦੀ ਰਿਪੋਰਟਿੰਗ ਕਰਨ ਵਾਲੇ ਪੱਤਰਕਾਰਾਂ 'ਤੇ ਹਮਲੇ ਹੋ ਰਹੇ ਹਨ। ਚੰਦਰ ਆਰੀਆ, ਇੱਕ ਲਿਬਰਲ ਹਨ ਜਿਨ੍ਹਾਂ ਨੇ ਪਹਿਲਾਂ ਹਰਦੀਪ ਸਿੰਘ ਨਿੱਝਰ ਦੇ ਕਤਲ ਤੋਂ ਬਾਅਦ ਕੈਨੇਡਾ ਵਿੱਚ ਵੱਸਣ ਵਾਲੇ ਹਿੰਦੂਆਂ ਵਿੱਚ ਡਰ ਦੀ ਚਿੰਤਾ ਜ਼ਾਹਰ ਕੀਤੀ ਸੀ। ਜਦ ਕਿ ਉਥੇ ਹਿੰਦੂ ਸੁਰਖਿਅਤ ਹਨ। ਪਰ ਫਿਰਕੂ ਆਰੀਆ ਆਪਣੀਆਂ ਫਿਰਕੂ ਟਿੱਪਣੀਆਂ ਲਈ ਸੁਰਖੀਆਂ ਵਿੱਚ ਰਹਿੰਦੇ ਹਨ।

ਆਰੀਆ ਨੇ ਕਿਹਾ, "ਮੈਂ ਕਾਨੂੰਨ ਐੱਫੋਰਸਮੈਂਟ ਏਜੰਸੀਆਂ ਨੂੰ ਕਹਿੰਦਾ ਹਾਂ ਕਿ ਉਹ ਖਾਲਿਸਤਾਨੀ ਖਾੜਕੂਵਾਦ ਦੀ ਗੰਭੀਰਤਾ ਨੂੰ ਧਿਆਨ ਵਿੱਚ ਰੱਖਣ।" ਉਨ੍ਹਾਂ ਨੇ ਪੱਤਰਕਾਰਾਂ 'ਤੇ ਹਮਲਿਆਂ ਦੀਆਂ ਘਟਨਾਵਾਂ ਦਾ ਹਵਾਲਾ ਦਿੱਤਾ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਸਿਰਫ ਭਾਰਤੀ ਮੂਲ ਦੇ ਸਨ।

ਆਰੀਆ ਨੇ ਦਾਅਵਾ ਕੀਤਾ ਹੈ ਕਿ ਕੁਝ ਦਿਨ ਪਹਿਲਾਂ ਰੈੱਡ ਐਫਐਮ ਕੈਲਗਰੀ ਦੇ ਰਿਸ਼ੀ ਨਾਗਰ 'ਤੇ ਗੰਭੀਰ ਹਮਲਾ ਹੋਇਆ ਸੀ। ਇਸ ਤੋਂ ਪਹਿਲਾਂ, ਮਾਰਚ 2023 ਵਿੱਚ ਰੇਡੀਓ ਅੰ600, ਰਿਚਮੰਡ, ਬੀਸੀ ਦੇ ਸਮੀਰ ਕੌਸ਼ਲ 'ਤੇ ਖਾਲਿਸਤਾਨੀ ਪ੍ਰਦਰਸ਼ਨ ਨੂੰ ਕਵਰ ਕਰਨ ਲਈ ਹਮਲਾ ਕੀਤਾ ਗਿਆ ਸੀ। ਜਦਕਿ ਪੱਤਰਕਾਰ ਨਾਗਰ ਦਾ ਇਸ ਬਾਰੇ ਕੋਈ ਬਿਆਨ ਨਹੀਂ ਆਇਆ।



ਹੋਰ ਘਟਨਾਵਾਂ ਦਾ ਦਾਅਵਾ ਕਰਦਿਆਂ, ਆਰੀਆ ਨੇ ਕਿਹਾ ਕਿ ਫਰਵਰੀ 2022 ਵਿੱਚ, ਬਰੈਂਪਟਨ ਦੇ ਰੇਡੀਓ ਹੋਸਟ ਦੀਪਕ 'ਤੇ ਖਾਲਿਸਤਾਨ ਨਾਲ ਸਬੰਧਿਤ ਹਿੰਸਾ ਦੀ ਆਲੋਚਨਾ ਕਰਨ ਲਈ ਉਸਦੇ ਸਟੂਡੀਓ ਵਿੱਚ ਹਮਲਾ ਕੀਤਾ ਗਿਆ ਸੀ। ਉਸ ਤੋਂ ਇਲਾਵਾ, ਖਾੜਕੂ ਵਾਦ ਵਿਰੋਧੀ ਖੋਜੀ ਪੱਤਰਕਾਰ ਮੋਚਾ ਬੇਜ਼ੀਰਗਨ ਨੂੰ ਵੀ ਖ਼ਾਲਿਸਤਾਨ 'ਤੇ ਰਿਪੋਰਟਿੰਗ ਕਰਨ ਲਈ ਜਾਨੋਂ ਮਾਰਨ ਦੀਆਂ ਧਮਕੀਆਂ ਮਿਲੀਆਂ ਹਨ।

# ਕੀ ਅਮਰੀਕਾ ਇਜ਼ਰਾਈਲ-ਈਰਾਨ ਵਿਚਾਲੇ ਸ਼ਾਂਤੀ ਕਰਵਾ ਰਿਹਾ ਹੈ ਜਾਂ ਅੱਗ ਵਿਚ ਤੇਲ ਪਾ ਰਿਹਾ ਹੈ ?

**✪ ਈਰਾਨ ਨੂੰ ਰੂਸ ਦਾ ਮਿਲਿਆ ਸਮਰਥਨ, ਇਜਰਾਈਲ ਨੂੰ ਦਿੱਤੀ ਧਮਕੀ ✪ ਫਲਸਤੀਨੀ ਖੇਤਰ ਤਬਾਹ ਹੋਇਆ ਅਤੇ 42 ਹਜ਼ਾਰ ਤੋਂ ਵੱਧ ਲੋਕ ਮਾਰੇ ਗਏ ✪ ਇਜਰਾਈਲ ਦਾ ਈਰਾਨ ਉਪਰ ਸਾਈਬਰ ਹਮਲਾ, ਪ੍ਰਮਾਣੂ ਪਲਾਟਾਂ ਨੂੰ ਬਣਾਇਆ ਨਿਸ਼ਾਨਾ**

## ਵਿਸ਼ੇਸ਼ ਰਿਪੋਟ

**ਪ੍ਰੋਫੈਸਰ ਬਲਵਿੰਦਰ ਪਾਲ ਸਿੰਘ**



ਅਮਰੀਕੀ ਰਾਸ਼ਟਰਪਤੀ ਜੋ ਬਿਡੇਨ ਨੇ ਇਸ ਸਾਲ ਫਰਵਰੀ ਵਿਚ ਐਲਾਨ ਕੀਤਾ ਸੀ ਕਿ ਗਾਜ਼ਾ ਵਿਚ ਜੰਗ ਦਾ ਅੰਤ ਇੰਨਾ ਨੇੜੇ ਹੈ ਕਿ ਕੁਝ ਦਿਨਾਂ ਵਿਚ 'ਸ਼ਾਂਤੀ' ਸਥਾਪਤ ਹੋ ਸਕਦੀ ਹੈ। ਪਰ ਉਸ ਦੇ ਬਿਆਨ ਤੋਂ ਸੱਤ ਮਹੀਨਿਆਂ ਤੋਂ ਵੱਧ ਸਮੇਂ ਬਾਅਦ, ਇਜ਼ਰਾਈਲ ਦੀ ਬੰਬਾਰੀ ਨਾ ਸਿਰਫ ਗਾਜ਼ਾ ਪੱਟੀ ਵਿੱਚ ਜਾਰੀ ਹੈ, ਸਗੋਂ ਹੁਣ ਲੇਬਨਾਨ, ਸੀਰੀਆ ਅਤੇ ਯਮਨ ਤੱਕ ਫੈਲ ਗਈ ਹੈ ਅਤੇ ਇਹ ਡਰ ਹੈ ਕਿ ਜੇਕਰ ਇਰਾਨ ਅਤੇ ਇਜ਼ਰਾਈਲ ਵਿਚਕਾਰ ਜੰਗ ਹੋ ਜਾਂਦੀ ਹੈ ਤਾਂ ਪੂਰਾ ਮੱਧ ਪੂਰਬ ਖ਼ਤਰੇ ਵਿੱਚ ਹੋ ਸਕਦਾ ਹੈ ਅਤੇ ਵੱਡੀ ਤਬਾਹੀ ਦਾ ਕਾਰਨ ਬਣ ਸਕਦਾ ਹੈ।

ਬਿਡੇਨ ਪ੍ਰਸ਼ਾਸਨ ਨੇ ਯੁੱਧ ਨੂੰ ਜਾਰੀ ਰੱਖਣ ਲਈ ਇਜ਼ਰਾਈਲ ਨੂੰ ਲਗਾਤਾਰ ਸਿਆਸੀ ਸਮਰਥਨ ਅਤੇ ਬੰਬਾਂ ਦੀ ਸਪਲਾਈ ਕੀਤੀ ਹੈ, ਹਾਲਾਂਕਿ ਜ਼ੁਬਾਨੀ ਤੌਰ 'ਤੇ, ਰਾਸ਼ਟਰਪਤੀ ਬਿਡੇਨ ਅਤੇ ਉਨ੍ਹਾਂ ਦੇ ਅਧਿਕਾਰੀਆਂ ਨੇ ਵਾਰ-ਵਾਰ ਤਣਾਅ ਨੂੰ ਖਤਮ ਕਰਨ ਲਈ ਕਿਹਾ ਹੈ, ਜਿਸਦਾ ਇਜ਼ਰਾਈਲ 'ਤੇ ਕੋਈ ਅਸਰ ਨਹੀਂ ਹੋਇਆ ਹੈ।

ਵਾਸ਼ਿੰਗਟਨ ਨੇ ਇਸ ਸਾਲ ਇਜ਼ਰਾਈਲ ਵਲੋਂ ਚੁੱਕੇ ਗਏ ਲਗਭਗ ਹਰ ਕਦਮ ਦਾ ਸਵਾਗਤ ਕੀਤਾ ਹੈ,ਜਿਸ ਵਿਚ ਬੇਰੂਤ ਅਤੇ ਤਹਿਰਾਨ ਵਿੱਚ ਹਮਾਸ ਦੇ ਨੇਤਾਵਾਂ ਦੀ ਹੱਤਿਆ, ਹਿਜ਼ਬੁੱਲਾ ਦੇ ਮੁਖੀ ਹਸਨ ਨਸਰੱਲਾਹ ਦੀ ਹੱਤਿਆ ਅਤੇ ਦੱਖਣੀ ਲੇਬਨਾਨ ਉਪਰ ਹਮਲਾ ਸ਼ਾਮਲ ਹੈ।ਗਾਜ਼ਾ ਵਿੱਚ ਜੰਗ ਸ਼ੁਰੂ ਹੋਣ ਦੇ ਇੱਕ ਸਾਲ ਤੋਂ ਜ਼ਿਆਦਾ ਸਮਾਂ ਬੀਤਣ ਬਾਅਦ ਹੁਣ ਫਲਸਤੀਨੀ ਖੇਤਰ ਤਬਾਹ ਹੋ ਚੁਕਾ ਹੈ ਅਤੇ 42 ਹਜ਼ਾਰ ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ, ਜਦੋਂ ਕਿ ਹੁਣ ਲੇਬਨਾਨ ਦੀ ਰਾਜਧਾਨੀ ਬੇਰੂਤ ਉੱਤੇ ਇਜ਼ਰਾਈਲ ਬੰਬਾਂ ਦੀ ਵਰਖਾ ਕਰ ਰਿਹਾ ਹੈ ਅਤੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਹਿਜ਼ਬੁੱਲਾ ਨੂੰ ਤਬਾਹ ਕਰਨ ਦਾ ਅਲਟੀਮੇਟਮ ਦਿਤਾ ਹੈ। ਪਰ, ਇੱਕ ਗੱਲ ਜੋ ਲਗਾਤਾਰ ਦੇਖੀ ਗਈ ਹੈ ਕਿ ਜਿਵੇਂ-ਜਿਵੇਂ ਮੱਧ ਪੂਰਬ ਵਿੱਚ ਸੰਘਰਸ਼ ਵਧਦਾ ਜਾ ਰਿਹਾ ਹੈ, ਬਿਡੇਨ ਪ੍ਰਸ਼ਾਸਨ ਦੀ ਕਹਿਣੀ ਅਤੇ ਕਰਨੀ ਵਿੱਚ ਪਾੜਾ ਵਧਦਾ ਜਾ ਰਿਹਾ ਹੈ।

ਇਸ ਲਈ ਇਹ ਸਵਾਲ ਉਠਾਉਣਾ ਸਭ ਤੋਂ ਜ਼ਰੂਰੀ ਹੋ ਗਿਆ ਹੈ ਕਿ ਕੀ ਬਾਈਡੇਨ ਪ੍ਰਸ਼ਾਸਨ ਇਜ਼ਰਾਈਲ ਨੂੰ ਕਾਬੂ ਕਰਨ ਵਿਚ ਨਾਕਾਮ ਰਿਹਾ ਹੈ, ਕੀ ਬਾਈਡੇਨ ਪ੍ਰਸ਼ਾਸਨ ਸੱਚਮੁੱਚ ਮੱਧ ਪੂਰਬ ਦੀ ਜੰਗ ਨੂੰ ਬੁਝਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਜਾਂ ਕੀ ਇਹ ਅਮਰੀਕਾ ਖੁਦ ਲਗਾਤਾਰ ਇਸ ਜੰਗ ਦੀ ਅੱਗ ਵਿਚ ਤੇਲ ਪਾ ਰਿਹਾ ਹੈ ?



ਕਈ ਮਾਹਿਰ ਇਹ ਸਵਾਲ ਵੀ ਉਠਾ ਰਹੇ ਹਨ ਕਿ ਕੀ ਅਮਰੀਕਾ ਈਰਾਨ, ਹਮਾਸ ਅਤੇ ਹਿਜ਼ਬੁੱਲਾ ਖਿਲਾਫ ਇਕ ਹਮਲਾਵਰ ਏਜੰਡੇ ਨੂੰ ਅਗੇ ਵਧਾਉਣ ਦੇ ਲਈ ਇਸ ਜੰਗ ਦਾ ਫਾਇਦਾ ਉਠਾ ਰਿਹਾ ਹੈ ?

ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਅਮਰੀਕਾ ਇਜ਼ਰਾਈਲ ਨੂੰ ਲਗਾਤਾਰ ਹਥਿਆਰਾਂ ਦੀ ਸਪਲਾਈ ਦੇ ਨਾਲ-ਨਾਲ ਕੂਟਨੀਤਕ ਸਮਰਥਨ ਵੀ ਦੇ ਰਿਹਾ ਹੈ ਅਤੇ ਬਿਡੇਨ ਪ੍ਰਸ਼ਾਸਨ ਮੱਧ ਪੂਰਬ ਵਿਚ ਲਗਾਤਾਰ ਤਣਾਅ ਨੂੰ ਭੜਕਾ ਰਿਹਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਬਿਡੇਨ ਪ੍ਰਸ਼ਾਸਨ ਦੇ ਇਰਾਦਿਆਂ ਦਾ ਅੰਦਾਜ਼ਾ ਲਗਾਉਣਾ ਮੁਸ਼ਕਲ ਹੈ, ਪਰ ਸਬੂਤ ਦਰਸਾਉਂਦੇ ਹਨ ਕਿ ਬਿਡੇਨ ਪ੍ਰਸ਼ਾਸਨ ਇਜ਼ਰਾਈਲ ਨਾਲ ਤਾਲਮੇਲ ਬਣਾ ਰਿਹਾ ਹੈ।

ਗਾਜ਼ਾ ਵਿੱਚ ਜੰਗਬੰਦੀ ਖਤਮ ਕਰਨ ਲਈ ਮਹੀਨਿਆਂ ਦੇ ਜਨਤਕ ਯਤਨਾਂ ਤੋਂ ਬਾਅਦ, ਅਮਰੀਕਾ ਨੇ ਲੇਬਨਾਨ ਵਿੱਚ ਇਜ਼ਰਾਈਲੀ ਹਮਲੇ ਦਾ ਸਮਰਥਨ ਕਰਕੇ ਦਰਸਾ ਦਿਤਾ ਕਿ ਉਹ ਇਜਰਾਈਲ ਦੀਆਂ ਭੜਕਾਊ ਤੇ ਜੰਗਜੂ ਨੀਤੀਆਂ ਨਾਲ ਸਹਿਮਤ ਹੈ। ਅਮਰੀਕੀ ਰੱਖਿਆ ਸਕੱਤਰ ਲੋਇਡ ਆਸਟਿਨ ਨੇ ਪਿਛਲੇ ਹਫਤੇ ਦੱਖਣੀ ਲੇਬਨਾਨ ਵਿੱਚ ਇਜ਼ਰਾਈਲ ਦੀ ਜ਼ਮੀਨੀ ਜੰਗਜੂ ਮੁਹਿੰਮ ਦਾ ਸਮਰਥਨ ਕੀਤਾ ਸੀ, ਜਿਸ ਤੋਂ ਬਾਅਦ ਇਹ ਡਰ ਹੈ ਕਿ ਇਜ਼ਰਾਈਲ ਹੁਣ ਪੂਰੇ ਲੇਬਨਾਨ ਵਿੱਚ ਜ਼ਮੀਨੀ ਫੌਜੀ ਮੁਹਿੰਮ ਚਲਾ ਸਕਦਾ ਹੈ।

ਔਸਟਿਨ ਨੇ ਹੁਣੇ ਜਿਹੇ ਆਪਣੇ ਇਜ਼ਰਾਈਲੀ ਹਮਰੁਤਬਾ ਯੋਵ ਗੈਲੈਂਟ ਨਾਲ ਗੱਲਬਾਤ ਤੋਂ ਬਾਅਦ ਕਿਹਾ ਸੀ ਕਿ ਸੰਯੁਕਤ ਰਾਜ ਅਮਰੀਕਾ ਇਜ਼ਰਾਈਲ ਦੇ ਸਵੈ-ਰੱਖਿਆ ਦੇ ਅਧਿਕਾਰ ਦਾ ਸਮਰਥਨ ਕਰਦਾ ਹੈ ਤਾਂ ਜੋ ਜਿਹਾਦੀ ਹਿੰਸਕ ਤੱਤ ਇਜਰਾਈਲ ਨੂੰ ਨੁਕਸਾਨ ਨਾ ਪਹੁੰਚਾ ਸਕਣ।ਉਨ੍ਹਾਂ ਨੇ ਦੱਖਣੀ ਇਜ਼ਰਾਈਲ 'ਤੇ ਫਲਸਤੀਨੀ ਖਾੜਕੂ ਸੰਗਠਨ ਹਮਾਸ ਦੇ ਹਮਲੇ ਦਾ ਜ਼ਿਕਰ ਕੀਤਾ, ਜਿਸ ਵਿਚ 1200 ਲੋਕਾਂ ਦੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਗਈ ਸੀ। ਅਤੇ ਇਸ ਤੋਂ ਬਾਅਦ ਇਜ਼ਰਾਈਲ ਨੇ ਗਾਜ਼ਾ ਵਿੱਚ ਕਾਰਵਾਈ ਸ਼ੁਰੂ ਕੀਤੀ ਅਤੇ ਉਸੇ ਦਿਨ ਤੋਂ ਹਿਜ਼ਬੁੱਲਾ ਨੇ ਵੀ ਇਜ਼ਰਾਈਲ 'ਤੇ ਹਮਲੇ ਸ਼ੁਰੂ ਕਰ ਦਿੱਤੇ। ਇਸ ਸੰਘਰਸ਼ ਨੇ ਹਜ਼ਾਰਾਂ ਲੋਕਾਂ ਨੂੰ ਆਪਣੇ ਘਰ ਛੱਡਣ ਲਈ ਮਜ਼ਬੂਰ ਕੀਤਾ ਹੈ ਅਤੇ ਲੇਬਨਾਨ ਅਤੇ ਇਜ਼ਰਾਈਲ ਦੋਵਾਂ ਦੇ ਸਰਹੱਦੀ ਖੇਤਰਾਂ ਵਿੱਚ ਇੱਕ ਮਿਲੀਅਨ ਤੋਂ ਵੱਧ ਇਜ਼ਰਾਈਲੀ ਤੇ ਲੇਬਨਾਨੀ ਨਾਗਰਿਕਾਂ ਨੂੰ ਬੇਘਰ ਕਰ ਦਿੱਤਾ ਹੈ।

ਹਿਜ਼ਬੁੱਲਾ ਨੇ ਵਾਰ-ਵਾਰ ਇਜ਼ਰਾਈਲ 'ਤੇ ਹਮਲੇ ਜਾਰੀ ਰੱਖਣ ਦੀ ਧਮਕੀ ਦਿੱਤੀ ਹੈ ਤੇ ਚਿਤਾਵਨੀ ਦਿੱਤੀ ਕਿ ਜਦੋਂ ਤੱਕ ਗਾਜ਼ਾ ਵਿਚ ਇਜ਼ਰਾਈਲੀ ਹਮਲੇ ਬੰਦ ਨਹੀਂ ਹੁੰਦੇ, ਉਦੋਂ ਤੱਕ ਉਹ ਇਜਰਾਈਲ ਉਪਰ ਹਮਲੇ ਕਰਨਾ ਜਾਰੀ ਰਖੇਗਾ। ਜਦ ਕਿ ਇਜ਼ਰਾਈਲ ਸਰਕਾਰ 'ਤੇ ਦਬਾਅ ਇਸ ਗਲ ਨੂੰ ਲੈਕੇ ਹੈ ਕਿ ਉਹ ਵਿਸਥਾਪਿਤ ਇਜ਼ਰਾਈਲੀ ਨਾਗਰਿਕਾਂ ਨੂੰ ਛੇਤੀ ਤੋਂ ਛੇਤੀ ਉਨ੍ਹਾਂ ਦੇ ਘਰ ਵਾਪਸ ਪਰਤਣ ਲਈ ਮਾਹੌਲ ਤਿਆਰ ਕਰੇ। ਪਰ, ਅਜਿਹਾ ਨਹੀਂ ਹੋ ਸਕਿਆ। ਇਸ ਦੇ ਨਾਲ ਹੀ, ਇਜ਼ਰਾਈਲ ਨੇ ਹੁਣ ਤੇਜ਼ੀ ਨਾਲ ਹਿਜ਼ਬੁੱਲਾ ਦੀ ਚੋਟੀ ਦੀ ਲੀਡਰਸ਼ਿਪ ਨੂੰ ਖਤਮ ਕਰਨਾ ਸ਼ੁਰੂ ਕਰ ਦਿੱਤਾ ਹੈ।

ਲੇਬਨਾਨ ਵਿੱਚ ਇਜ਼ਰਾਈਲੀ ਹਮਲੇ ਸ਼ੁਰੂ ਹੋਣ ਤੋਂ ਪਹਿਲਾਂ, ਵ੍ਹਾਈਟ ਹਾਊਸ ਮਹੀਨਿਆਂ ਤੋਂ ਕਹਿ ਰਿਹਾ ਸੀ ਕਿ ਉਹ ਲੇਬਨਾਨ-ਇਜ਼ਰਾਈਲ ਸਰਹੱਦ 'ਤੇ ਸੰਕਟ ਦਾ ਕੂਟਨੀਤਕ ਹੱਲ ਲੱਭਣ ਲਈ ਕੰਮ ਕਰ ਰਿਹਾ ਹੈ। ਅਮਰੀਕੀ ਰਾਜਦੂਤ ਅਮੋਸ ਹੋਚਸਟੀਨ ਨੇ ਵਾਰ-ਵਾਰ ਖੇਤਰ ਦਾ ਦੌਰਾ ਕੀਤਾ ਅਤੇ ਵਧਦੇ ਤਣਾਅ ਦੇ ਵਿਰੁੱਧ ਚੇਤਾਵਨੀ ਦਿੱਤੀ, ਪਰ ਕੋਈ ਫਾਇਦਾ ਨਹੀਂ ਹੋਇਆ।

ਲੇਬਨਾਨ ਅਤੇ ਇਜ਼ਰਾਈਲ ਵਿੱਚ ਵਿਗੜਦੀ ਸਥਿਤੀ ਦੇ ਵਿਚਕਾਰ, ਬਿਡੇਨ ਪ੍ਰਸ਼ਾਸਨ ਨੇ ਅਰਬ ਅਤੇ ਯੂਰਪੀਅਨ ਦੇਸ਼ਾਂ ਨੂੰ ਇੱਕਜੁੱਟ ਕੀਤਾ ਅਤੇ ਲੜਾਈ ਨੂੰ ਰੋਕਣ ਲਈ 25 ਸਤੰਬਰ ਨੂੰ "ਤੁਰੰਤ" 21 ਦਿਨਾਂ ਦੀ ਜੰਗਬੰਦੀ ਦਾ ਪ੍ਰਸਤਾਵ ਦਿੱਤਾ ਸੀ।

ਫਿਰ ਵੀ ਦੋ ਦਿਨ ਬਾਅਦ, ਜਦੋਂ ਇਜ਼ਰਾਈਲ ਨੇ ਬੇਰੂਤ ਵਿੱਚ ਕਈ ਰਿਹਾਇਸ਼ੀ ਇਮਾਰਤਾਂ 'ਤੇ ਇੱਕ ਵੱਡੇ ਬੰਬ ਹਮਲੇ ਵਿੱਚ ਨਸਰੁੱਲਾ ਨੂੰ ਮਾਰਿਆ, ਜਿਸ ਨਾਲ ਜੰਗਬੰਦੀ ਦੀ ਕਿਸੇ ਵੀ ਸੰਭਾਵਨਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਖਤਮ ਕੀਤਾ ਗਿਆ, ਵ੍ਹਾਈਟ ਹਾਊਸ ਨੇ ਇਸ ਹਮਲੇ ਦੀ "ਨਿਆਂ ਦੇ ਉਪਾਅ" ਵਜੋਂ ਸ਼ਲਾਘਾ ਕੀਤੀ ਗਈ ਸੀ। ਨਸਰੱਲਾ ਦੀ ਹੱਤਿਆ ਦਾ ਹੁਕਮ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਅਮਰੀਕੀ ਧਰਤੀ ਤੋਂ ਉਸ ਸਮੇਂ ਦਿੱਤਾ ਸੀ ਜਦੋਂ ਉਹ ਨਿਊਯਾਰਕ ਵਿੱਚ ਸੰਯੁਕਤ ਰਾਸ਼ਟਰ ਮਹਾਸਭਾ ਵਿੱਚ ਹਿੱਸਾ ਲੈ ਰਹੇ ਸਨ।

ਅਮਰੀਕਾ ਗਾਜ਼ਾ ਅਤੇ ਬਾਕੀ ਖੇਤਰ ਵਿੱਚ ਇਜ਼ਰਾਈਲ ਦੀਆਂ ਕਾਰਵਾਈਆਂ ਦਾ ਸਿੱਧਾ ਭਾਈਵਾਲ ਅਤੇ ਸਮਰਥਕ ਰਿਹਾ ਹੈ, ਪਰ ਬਿਡੇਨ ਪ੍ਰਸ਼ਾਸਨ ਨੇ ਘਰੇਲੂ ਆਲੋਚਨਾ ਤੋਂ ਆਪਣੇ ਆਪ ਨੂੰ ਬਚਾਉਣ ਲਈ ਜੰਗਬੰਦੀ ਦੀ ਗੱਲਬਾਤ ਨੂੰ "ਘਰੇਲੂ ਰਾਜਨੀਤੀ" ਦੀ ਚਾਲ ਵਜੋਂ ਵਰਤਿਆ। ਮਾਹਿਰਾਂ ਦਾ ਕਹਿਣਾ ਹੈ ਕਿ ਅਸਲ ਵਿਚ ਅਮਰੀਕਾ ਜੰਗ ਖਤਮ ਨਹੀਂ ਕਰਨਾ ਚਾਹੁੰਦਾ।ਉਹ ਇਜਰਾਈਲ ਰਾਹੀਂ ਇਸਲਾਮੀ ਖਾੜਕੂਵਾਦ ਨੂੰ ਦਬਾਅ ਕੇ ਤੇਲ ਭੰਡਾਰਾਂ ਉਪਰ ਕਬਜਾ ਕਰਨਾ ਚਾਹੁੰਦਾ ਹੈ। ਅਸਲੀਅਤ ਇਹ ਹੈ ਕਿ ਗਾਜ਼ਾ ਵਿਚ ਹਜ਼ਾਰਾਂ ਨਾਗਰਿਕ ਮਾਰੇ ਗਏ ਹਨ, ਜਿਨ੍ਹਾਂ ਲਈ ਜਵਾਬਦੇਹ ਲੈਣ ਵਾਲਾ ਕੋਈ ਨਹੀਂ ਹੈ।

### ਰੂਸ ਈਰਾਨ ਦੇ ਹੱਕ ਵਿਚ

ਇਜ਼ਰਾਈਲ ਤੇ ਈਰਾਨ ਵਿਚਕਾਰ ਤਣਾਅ ਸਿਖਰ 'ਤੇ ਹੈ। ਇਸ ਦੌਰਾਨ ਰੂਸ ਇਜ਼ਰਾਈਲ ਅਤੇ ਈਰਾਨ ਦੇ ਨਾਲ ਖੁੱਲ੍ਹ ਕੇ ਸਾਹਮਣੇ ਆ ਗਿਆ ਹੈ। ਰੂਸ ਨੇ ਇਜ਼ਰਾਈਲ ਨੂੰ ਭੜਕਾਉਣ ਲਈ ਪੱਛਮੀ ਦੇਸ਼ਾਂ ਤੇ ਖਾਸ ਕਰਕੇ ਅਮਰੀਕਾ ਦੀ ਆਲੋਚਨਾ ਕੀਤੀ। ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਕਿਹਾ ਕਿ ਇਰਾਨ ਉਪਰ ਇਜ਼ਰਾਇਲੀ ਹਮਲੇ ਨਾਲ ਖੇਤਰ ਵਿਚ ਤਣਾਅ ਵਧਣ ਦੀ ਸੰਭਾਵਨਾ ਹੈ ਤੇ ਜੇਕਰ ਈਰਾਨ ਦੇ ਨਾਗਰਿਕ ਪਰਮਾਣੂ ਟਿਕਾਣਿਆਂ 'ਤੇ ਹਮਲਾ ਕਰਨ ਦੀ ਕੋਈ ਧਮਕੀ ਦਿੱਤੀ ਗਈ ਤਾਂ ਇਸ ਨੂੰ ਅੰਤਰਰਾਸ਼ਟਰੀ ਭਾਈਚਾਰਾ ਗੰਭੀਰ ਉਕਸਾਉਣ ਦੇ ਤੌਰ 'ਤੇ ਦੇਖੇਗਾ।ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਖੁੱਲ ਕੇ ਈਰਾਨ ਦਾ ਸਮਰਥਨ ਕੀਤਾ ਤੇ ਇਜ਼ਰਾਈਲ ਨੂੰ ਚਿਤਾਵਨੀ ਦਿੰਦੇ ਹੋਏ ਪੁਤਿਨ ਨੇ ਤਾੜਨਾ ਕੀਤੀ ਕਿ ਜੇ ਈਰਾਨ 'ਤੇ ਹਮਲਾ ਕੀਤਾ ਤਾਂ ਭਿਅੰਕਰ ਸਿਟੇ ਨਿਕਲਣਗੇ।

ਯਾਦ ਰਹੇ 1 ਅਕਤੂਬਰ ਨੂੰ ਈਰਾਨ ਨੇ ਇਜ਼ਰਾਈਲ 'ਤੇ ਕਰੀਬ 180 ਤੋਂ ਵੱਧ ਬੈਲਿਸਟਿਕ ਮਿਜ਼ਾਈਲਾਂ ਨਾਲ ਹਮਲਾ ਕੀਤਾ ਸੀ। ਹਮਲੇ ਤੋਂ ਬਾਅਦ ਈਰਾਨ ਨੇ ਕਿਹਾ ਸੀ ਕਿ ਇਹ ਹਮਾਸ ਦਾ ਨੇਤਾ ਇਸਮਾਈਲ ਹਾਨੀਆ, ਹਿਜ਼ਬੁੱਲਾ ਮੁੱਖ ਹਸਨ ਨਸਰੁੱਲਾ ਤੇ ਆਈਆਰਜੀਸੀ ਜਨਰਲ ਅਬਾਸ ਨੀਲਫਰੋਸ਼ਨ ਦੀ ਮੌਤ ਦਾ ਬਦਲਾ ਲਿਆ ਹੈ। ਇਨ੍ਹਾਂ ਸਾਰਿਆਂ ਦੀ ਜਾਨ ਇਜ਼ਰਾਇਲੀ ਹਮਲੇ ਵਿਚ ਗਈ ਸੀ।ਦੂਜੇ ਪਾਸੇ ਇਜ਼ਰਾਈਲ ਨੇ ਈਰਾਨ ਤੋਂ ਬਦਲਾ ਲੈਣ ਦੀ ਕਾਰਵਾਈ ਦੀ ਸਹੁੰ ਖਾਧੀ ਸੀ। ਕਿਹਾ ਜਾ ਰਿਹਾ ਹੈ ਕਿ ਇਜ਼ਰਾਈਲ ਈਰਾਨ ਦੇ ਪਰਮਾਣੂ ਪ੍ਰੋਗਰਾਮ ਤੇ ਤੇਲ ਪਲਾਂਟਾਂ 'ਤੇ ਹਮਲਾ ਕਰਨ ਦੀ ਯੋਜਨਾ

'ਤੇ ਕੰਮ ਕਰ ਰਿਹਾ ਹੈ।

ਯੂਏਈ, ਬਹਿਰੀਨ ਅਤੇ ਕਤਰ ਵਰਗੇ ਖਾੜੀ ਦੇਸ਼ਾਂ ਦੇ ਰੁਖ ਕਾਰਨ ਕੂਟਨੀਤਕ ਸਥਿਤੀ ਕਾਫੀ ਪੇਚੀਦਾ ਹੋ ਗਈ ਹੈ। ਇਹ ਦੇਸ਼ ਈਰਾਨ ਦੇ ਤੇਲ ਪਲਾਂਟਾਂ 'ਤੇ ਹਮਲਿਆਂ ਦੇ ਨਤੀਜੇ ਵਜੋਂ ਹੋਣ ਵਾਲੇ ਆਰਥਿਕ ਨੁਕਸਾਨ ਅਤੇ ਵਾਤਾਵਰਣ ਦੇ ਨੁਕਸਾਨ ਨੂੰ ਲੈ ਕੇ ਚਿੰਤਤ ਹਨ। ਇਸ ਕਾਰਨ ਉਹ ਇਜਰਾਈਲੀ ਹਮਲੇ ਦੇ ਵਿਰੁੱਧ ਹਨ। ਸਭ ਤੋਂ ਵੱਡਾ ਡਰ ਇਹ ਹੈ ਕਿ ਈਰਾਨ ਅਤੇ ਇਜ਼ਰਾਈਲ ਵਿਚਕਾਰ ਤਣਾਅ ਵਧਣ ਨਾਲ ਇੱਕ ਮਹੱਤਵਪੂਰਨ ਵਿਸ਼ਵ ਪੱਧਰ ਉਪਰ ਸੰਘਰਸ਼ ਸ਼ੁਰੂ ਹੋ ਸਕਦਾ ਹੈ, ਜਿਸ ਵਿੱਚ ਸੰਭਾਵੀ ਤੌਰ 'ਤੇ ਸੰਯੁਕਤ ਰਾਜ ਅਮਰੀਕਾ ਤੇ ਰੂਸ ਵੀ ਸ਼ਾਮਲ ਹਨ।

ਅਮਰੀਕਾ ਮੁਤਾਬਕ ਈਰਾਨ ਨੂੰ ਇਜ਼ਰਾਈਲ ਨਾਲ ਟਕਰਾਅ ਵਿਚ ਉਲਝਣ ਦਾ ਡਰ ਹੈ, ਕਿਉਂਕਿ ਇਸ ਨਾਲ ਉਸ ਦੀ ਪਹਿਲਾਂ ਤੋਂ ਹੀ ਵਿਗੜ ਚੁੱਕੀ ਆਰਥਿਕ ਸਥਿਤੀ ਹੋਰ ਵਿਗੜ ਜਾਵੇਗੀ ਅਤੇ ਦੇਸ਼ ਵਿਚ ਅਨਾਜ ਦੀ ਕਮੀ ਪੈਦਾ ਹੋ ਜਾਵੇਗੀ। ਈਰਾਨ ਨੇ ਹਮਲੇ ਨੂੰ ਰੋਕਣ ਲਈ ਸਾਊਦੀ ਅਰਬ ਨਾਲ ਸੰਪਰਕ ਕੀਤਾ ਹੈ ਅਤੇ ਵਾਸ਼ਿੰਗਟਨ ਨਾਲ ਕੂਟਨੀਤਕ ਹੱਲ ਕੱਢਣ ਲਈ ਸਾਊਦੀ ਪ੍ਰਭਾਵ ਦੀ ਵਰਤੋਂ ਕੀਤੀ ਹੈ।

ਹੁਣੇ ਜਿਹੇ ਇਜ਼ਰਾਈਲ ਨਾਲ ਤਣਾਅ ਦਰਮਿਆਨ ਈਰਾਨ 'ਤੇ ਬੀਤੇ ਸ਼ਨੀਵਾਰ ਨੂੰ ਵੱਡਾ ਸਾਈਬਰ ਹਮਲਾ ਕੀਤਾ ਹੈ। ਈਰਾਨ ਇੰਟਰਨੈਸ਼ਨਲ ਦੀ ਰਿਪੋਰਟ ਮੁਤਾਬਕ ਦੇਸ਼ ਦੀ ਸੁਪਰੀਮ ਕੌਂਸਲ ਆਫ ਸਾਈਬਰਸਪੇਸ ਦੇ ਸਾਬਕਾ ਸਕੱਤਰ ਫਿਰੋਜ਼ਾਬਾਦੀ ਨੇ ਇਨ੍ਹਾਂ ਹਮਲਿਆਂ ਦੀ ਪੁਸ਼ਟੀ ਕਰਦਿਆਂ ਕਿਹਾ ਸੀ ਕਿ ਇਰਾਨ ਦੀ ਸਰਕਾਰ ਦੀਆਂ ਲਗਭਗ ਤਿੰਨੋਂ ਸ਼ਾਖਾਵਾਂ - ਨਿਆਂਪਾਲਿਕਾ, ਵਿਧਾਨ ਸਭਾ ਅਤੇ ਕਾਰਜਕਾਰੀ ਸ਼ਾਖਾ - ਵੱਡੇ ਸਾਈਬਰ ਹਮਲੇ ਦੀ ਮਾਰ ਹੇਠ ਹਨ। ਉਨ੍ਹਾਂ ਦੀ ਜਾਣਕਾਰੀ ਚੁਰਾ ਲਈ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਸਾਡੇ ਪਰਮਾਣੂ ਪਲਾਂਟਾਂ ਨੂੰ ਵੀ ਸਾਈਬਰ ਹਮਲਿਆਂ ਦਾ ਨਿਸ਼ਾਨਾ ਬਣਾਇਆ ਗਿਆ ਹੈ। ਨਾਲ ਹੀ, ਈਂਧਨ ਵੰਡ, ਸਿਟੀ ਨੈਟਵਰਕ, ਆਵਾਜਾਈ ਨੈਟਵਰਕ, ਪੋਰਟ ਨੈਟਵਰਕ ਅਤੇ ਹੋਰ ਸਮਾਨ ਨੈਟਵਰਕ ਨੂੰ ਨਿਸ਼ਾਨਾ ਬਣਾਇਆ ਗਿਆ ਹੈ।

ਦੂਜੇ ਪਾਸੇ ਈਰਾਨ ਨੇ ਧਮਕੀ ਦਿੱਤੀ ਹੈ ਕਿ ਇਸ ਵਾਰ ਉਹ ਹੋਰ ਤਾਕਤ ਨਾਲ ਜਵਾਬ ਦੇਣਗੇ। ਅਹਿਮ ਸਵਾਲ ਇਹ ਹੈ ਕਿ ਕੀ ਇਜ਼ਰਾਈਲ ਵਾਕਈ ਈਰਾਨ ਨੂੰ ਨਿਸ਼ਾਨਾ ਬਣਾਉਣ ਅਤੇ ਉਸ ਨੂੰ ਵਿਆਪਕ ਯੁੱਧ ਵਿੱਚ ਘਸੀਟਣ ਦਾ ਇਰਾਦਾ ਰੱਖਦਾ ਹੈ ਜਾਂ ਸ਼ਾਇਦ ਸਥਿਤੀ ਦਾ ਫਾਇਦਾ ਚੁੱਕ ਕੇ ਈਰਾਨ ਦੇ ਪਰਮਾਣੂ ਟਿਕਾਣਿਆਂ ਉੱਤੇ ਹਮਲਾ ਕਰਨਾ ਚਾਹੁੰਦਾ ਹੈ। ਇਹ ਸੱਚ ਹੈ ਕਿ ਈਰਾਨ ਦੇ ਪਰਮਾਣੂ ਪ੍ਰੋਗਰਾਮ ਨੂੰ ਤਬਾਹ ਕਰਨਾ ਇਜ਼ਰਾਈਲ ਦਾ ਚਿਰੋਕਣਾ ਮਕਸਦ ਰਿਹਾ ਹੈ। ਸੰਭਾਵਨਾ ਇਹ ਹੈ ਕਿ ਇਜ਼ਰਾਈਲ ਈਰਾਨ ਦੇ ਖਿਲਾਫ਼ ਵੱਡੇ ਕਦਮ ਚੁੱਕ ਸਕਦਾ ਹੈ, ਜਿਨ੍ਹਾਂ ਨੂੰ ਰੋਕਣਾ ਸੰਭਵ ਨਹੀਂ ਹੋਵੇਗਾ। ਬੇਸ਼ੱਕ ਇਸ ਨਾਲ ਇੱਕ ਖੇਤਰੀ ਯੁੱਧ ਛਿੜ ਸਕਦਾ ਹੈ ਅਤੇ ਜੇ ਈਰਾਨ ਨੂੰ ਖ਼ਾਸ ਤੌਰ ਉੱਤੇ ਨਿਸ਼ਾਨਾ ਬਣਾਇਆ ਜਾਂਦਾ ਹੈ ਤਾਂ ਇਸ ਵਿੱਚ ਰੂਸ ਤੇ ਚੀਨ ਵੀ ਸ਼ਾਮਲ ਹੋ ਸਕਦੇ ਹਨ। ਇਸ ਨਾਲ ਸੰਭਾਵਿਤ ਰੂਪ ਨਾਲ ਆਲਮੀ ਸੰਘਰਸ਼ ਦਾ ਖ਼ਤਰਾ ਹੋ ਸਕਦਾ ਹੈ।

## -ਮਾਮਲਾ ਵਿਕਾਸ ਬੱਗਾ ਦੀ ਹੱਤਿਆ ਦਾ-

# ਭਾਈ ਵਧਾਵਾ ਸਿੰਘ ਬੱਬਰ ਸਣੇ 5 ਹੋਰ ਖਿਲਾਫ਼ ਚਾਰਜਸ਼ੀਟ ਦਾਇਰ, ਤਿੰਨ ਗ੍ਰਿਫ਼ਤਾਰ



**ਚੰਡੀਗੜ੍ਹ**-ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਗੂ ਵਿਕਾਸ ਪ੍ਰਭਾਕਰ ਉਰਫ ਵਿਕਾਸ ਬੱਗਾ ਦੀ ਹੱਤਿਆ ਦੇ ਮਾਮਲੇ ਵਿਚ ਰਾਸ਼ਟਰੀ ਜਾਂਚ ਏਜੰਸੀ ਨੇ ਚਾਰਜਸ਼ੀਟ ਦਾਇਰ ਕਰ ਦਿੱਤੀ ਹੈ। ਇਸ ਚਾਰਜਸ਼ੀਟ ਵਿਚ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਮੁਖੀ ਵਧਾਵਾ ਸਿੰਘ ਬੱਬਰ ਤੇ 5 ਹੋਰ ਖਾੜਕੂਆਂ ਦੇ ਨਾਂ ਸ਼ਾਮਲ ਕੀਤੇ ਗਏ ਹਨ। ਇਨ੍ਹਾਂ ਵਿਚੋਂ ਤਿੰਨਾਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਇਸੇ ਸਾਲ ਬੀਤੇ ਅਪ੍ਰੈਲ ਮਹੀਨੇ 'ਚ ਬੱਗਾ ਦੀ ਨੰਗਲ ਵਿਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ, ਜਿਸ ਸਮੇਂ ਹੱਤਿਆ ਕੀਤੀ ਗਈ ਸੀ ਉਹ ਆਪਣੀ ਦੁਕਾਨ 'ਤੇ ਬੈਠਾ ਸੀ। ਬੀਤੀ 9 ਮਈ ਨੂੰ ਐੱਨਆਈਏ ਨੇ ਮਾਮਲਾ ਦਰਜ ਕੀਤਾ ਸੀ।

ਐੱਨਆਈਏ ਦੀ ਜਾਂਚ ਵਿਚ ਪਤਾ ਲੱਗਾ ਸੀ ਕਿ ਘਟਨਾ ਨੂੰ ਨਵਾਂਸ਼ਹਿਰ ਦੇ ਸ਼ੂਟਰ ਮਨਦੀਪ ਸਿੰਘ ਤੇ ਸੁਰਿੰਦਰ ਅਤੇ ਗੁਰਪ੍ਰੀਤ ਰਾਮ ਨੇ ਅੰਜਾਮ ਦਿਤਾ ਸੀ। ਤਿੰਨਾਂ ਨੂੰ ਗਿਰਫਤਾਰ ਕੀਤਾ ਜਾ ਚੁਕਾ ਹੈ। ਬੱਬਰ ਖਾਲਸਾ ਦੇ ਖਾੜਕੂ ਨਵਾਂਸ਼ਹਿਰ ਵਾਸੀ ਹਰਜੀਤ ਸਿੰਘ ਅਤੇ ਹਰਿਆਣਾ ਦੇ ਯਮੁਨਾਨਗਰ ਵਾਸੀ ਕੁਲਬੀਰ ਸਿੰਘ ਨੇ ਇਨ੍ਹਾਂ ਨੂੰ ਹੱਤਿਆ ਲਈ ਹਥਿਆਰ ਵਧਾਵਾ ਸਿੰਘ ਕੇ ਕਹਿਣ ਤੇ ਮੁਹੱਈਆ ਕਰਵਾਏ ਸਨ।

ਐੱਨਆਈਏ ਨੇ 2 ਫਰਾਰ ਤੇ 2 ਗ੍ਰਿਫਤਾਰ ਦੋਸ਼ੀਆਂ ਨੂੰ ਇਸ ਹੱਤਿਆ ਕਾਂਡ ਦਾ ਮੁੱਖ ਦੋਸ਼ੀ ਮੰਨਿਆ ਹੈ। ਕਾਬੂ ਕੀਤੇ ਗਏ 3 ਦੋਸ਼ੀਆਂ ਦੀ ਪਛਾਣ ਨਵਾਂਸ਼ਹਿਰ ਵਾਸੀ ਸ਼ੂਟਰ ਮਨਦੀਪ ਸਿੰਘ ਮੰਗਲੀ ਤੇ ਸੁਰਿੰਦਰ ਕੁਮਾਰ ਰਿੰਕਾ ਤੇ ਗੁਰਪ੍ਰੀਤ ਰਾਮ ਗੋਰਾ ਵਜੋਂ ਹੋਈ ਸੀ।

ਦੋਸ਼ੀ ਧਰਮਿੰਦਰ ਨੇ ਹੱਤਿਆ ਨੂੰ ਅੰਜਾਮ ਦੇਣ ਲਈ ਮੱਧ ਪ੍ਰਦੇਸ਼ ਤੋਂ ਹਥਿਆਰ ਖਰੀਦੇ ਸਨ। ਵਿਦੇਸ਼ ਵਿਚ ਰਹਿਣ ਵਾਲੇ ਖਾੜਕੂ ਹਰਵਿੰਦਰ ਸਿੰਘ ਸੋਨੂੰ ਨੇ ਹੱਤਿਆਰਿਆਂ ਨੂੰ ਹਥਿਆਰ ਪਹੁੰਚਾਏ ਸਨ। ਉੱਥੇ ਹੀ ਇਸ ਮਾਮਲੇ ਵਿਚ 2 ਦੋਸ਼ੀਆਂ ਹਰਜੀਤ ਲਾਧੀ ਤੇ ਕੁਲਬੀਰ ਸਿੰਘ ਜੀਰਾ ਦੀ ਭਾਲ ਜਾਰੀ ਹੈ। ਦੋਵਾਂ ਦੋਸ਼ੀਆਂ 'ਤੇ 10 ਲੱਖ ਦਾ ਇਨਾਮ ਹੈ

# ਲੁਧਿਆਣਾ ਵਿਚ 3 ਬੈਂਕਾਂ ਨੂੰ ਲੁੱਟਣ ਦੀ ਕੋਸ਼ਿਸ਼ ਕਰਦੇ ਹਥਿਆਰਾਂ ਸਮੇਤ 5 ਲੁਟੇਰੇ ਕਾਬੂ



**ਲੁਧਿਆਣਾ**-ਲੁਧਿਆਣਾ ਪੁਲਿਸ ਨੇ ਸ਼ਹਿਰ ਵਿੱਚ 3 ਏਟੀਐਮ ਲੁੱਟਣ ਦੀ ਯੋਜਨਾ ਬਣਾਉਂਦੇ ਹੋਏ 5 ਅਪਰਾਧੀਆਂ ਨੂੰ ਰੰਗੇ ਹੱਥੀਂ ਕਾਬੂ ਕੀਤਾ ਹੈ। ਪੁਲਿਸ ਨੇ ਇਨ੍ਹਾਂ ਦੇ ਕਬਜ਼ੇ ਵਿੱਚੋਂ ਤੇਜ਼ਧਾਰ ਹਥਿਆਰ ਵੀ ਬਰਾਮਦ ਕੀਤੇ ਹਨ। ਡੀਸੀਪੀ ਸ਼ੁਭਮ ਅਗਰਵਾਲ ਨੇ ਦੱਸਿਆ ਕਿ ਪੁਲਿਸ ਨੂੰ ਕਿਸੇ ਨੇ ਸੂਚਨਾ ਦਿੱਤੀ ਕਿ ਆਰਐਨਡੀ ਕਾਲਜ ਦੇ ਪਿੱਛੇ ਖਾਲੀ ਪਲਾਟ ਵਿੱਚ ਬੈਠੇ ਕੁਝ ਵਿਅਕਤੀ ਸ਼ਹਿਰ ਦੇ ਬਿੰਦਰਾ ਕੰਪਲੈਕਸ ਵਿੱਚ ਸਥਿਤ ਆਈਸੀਆਈਸੀਆਈ ਬੈਂਕ, ਸੈਂਟਰਲ ਬੈਂਕ ਆਫ਼ ਇੰਡੀਆ ਅਤੇ ਇੰਡਸੈਂਡ ਬੈਂਕ ਦੇ ਏਟੀਐਮ ਤੋੜਨ ਅਤੇ ਲੁੱਟਣ ਦੀ ਯੋਜਨਾ ਬਣਾ ਰਹੇ ਹਨ ਤੇ ਉਨ੍ਹਾਂ ਕੋਲ ਤੇਜ਼ਧਾਰ ਹਥਿਆਰ ਵੀ ਹਨ।

ਡੀਸੀਪੀ ਸ਼ੁਭਮ ਅਗਰਵਾਲ ਨੇ ਦੱਸਿਆ ਕਿ ਏਡੀਸੀਪੀ ਪਰਭਜੋਤ ਸਿੰਘ ਵਿਰਕ ਦੀ ਟੀਮ ਨੇ ਮੌਕੇ 'ਤੇ ਪਹੁੰਚ ਕੇ 5 ਬਦਮਾਸ਼ਾਂ ਨੂੰ ਰੰਗੇ ਹੱਥੀਂ ਕਾਬੂ ਕੀਤਾ। ਪੁਲਿਸ ਨੇ ਇਨ੍ਹਾਂ ਦੇ ਕਬਜ਼ੇ 'ਚੋਂ 1 ਖਿਡੌਣਾ ਪਿਸਤੌਲ, 3 ਮੋਬਾਇਲ ਫੋਨ, 2 ਲੋਹੇ ਦੇ ਦੰਦ, ਇਕ ਲੋਹੇ ਦੀ ਰਾਡ, 2 ਚੋਰੀ ਦੇ ਮੋਟਰਸਾਈਕਲ ਅਤੇ ਇੱਕ ਐਕਟਿਵਾ ਬਰਾਮਦ ਕੀਤੀ ਹੈ।

ਡੀਸੀਪੀ ਸ਼ੁਭਮ ਅਗਰਵਾਲ ਨੇ ਦੱਸਿਆ ਕਿ ਮੁਲਜ਼ਮਾਂ ਦੀ ਪਛਾਣ ਮੰਗਾ ਸਿੰਘ ਫੋਕਲ ਪੁਆਇੰਟ ਲੁਧਿਆਣਾ, ਮੰਟੂ ਕੁਮਾਰ ਵਾਸੀ ਜਮਾਲਪੁਰ, ਦੇਵ ਕੁਮਾਰ ਫੋਕਲ ਪੁਆਇੰਟ ਲੁਧਿਆਣਾ, ਸੰਦੀਪ ਜੀਵਨ ਨਗਰ ਲੁਧਿਆਣਾ ਅਤੇ ਵਿਕਾਸ ਕੁਮਾਰ ਨੇਪਾਲੀ ਵਾਸੀ ਫੋਕਲ ਪੁਆਇੰਟ ਵਜੋਂ ਹੋਈ ਹੈ, ਜਿਨ੍ਹਾਂ ਖ਼ਿਲਾਫ਼ ਪਹਿਲਾਂ ਤੋਂ ਹੀ ਵੱਖ-ਵੱਖ ਥਾਣਿਆਂ ਵਿੱਚ ਅਪਰਾਧਿਕ ਮਾਮਲੇ ਦਰਜ ਹਨ।

# ਕੈਦੀਆਂ ਨੂੰ ਹੈਰੋਇਨ ਸਪਲਾਈ ਕਰਨ ਵਾਲਾ ਜੇਲ੍ਹ ਵਾਰਡਨ ਦੋ ਦੋਸ਼ੀਆਂ ਸਮੇਤ ਗ੍ਰਿਫਤਾਰ

### ✪ 4.5 ਕਿਲੋ ਹੈਰੋਇਨ ਤੇ 4.32 ਲੱਖ ਡਰੱਗ ਮਨੀ ਸਮੇਤ ਗ੍ਰਿਫ਼ਤਾਰ



**ਅੰਮ੍ਰਿਤਸਰ**-ਸਰਹੱਦ ਪਾਰ ਤੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਨੈਟਵਰਕ ਦੇ ਖਿਲਾਫ ਇਕ ਵੱਡੀ ਸਫਲਤਾ ਪ੍ਰਾਪਤ ਕਰਦੇ ਹੋਏ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਵੱਲੋਂ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿਚੋਂ 4.5 ਕਿਲੋਗ੍ਰਾਮ ਹੈਰੋਇਨ ਅਤੇ 4.32 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ। ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਫੜੇ ਗਏ ਮੁਲਜ਼ਮਾਂ ਦੀ ਪਛਾਣ ਆਕਾਸ਼ਦੀਪ ਸਿੰਘ ਆਕਾਸ਼, ਸਤਵਿੰਦਰਪਾਲ ਸਿੰਘ ਸੱਤੀ ਤੇ ਗੁਰਮੇਜ ਸਿੰਘ ਵਜੋਂ ਹੋਈ ਹੈ। ਗੁਰਮੇਜ ਸਿੰਘ ਜੇਲ੍ਹ ਵਾਰਡਨ ਹੈ ਅਤੇ ਕੇਂਦਰੀ ਜੇਲ੍ਹ ਅੰਮ੍ਰਿਤਸਰ ਵਿਖੇ ਤਾਇਨਾਤ ਹੈ। ਗੁਰਮੇਜ ਜੇਲ੍ਹ ਵਿਚ ਬੰਦ ਕੈਦੀਆਂ ਨੂੰ ਹੈਰੋਇਨ ਸਪਲਾਈ ਕਰਦਾ ਸੀ। ਉਨ੍ਹਾਂ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਅਕਾਸ਼ਦੀਪ ਸਿੰਘ ਅਤੇ ਸਤਿੰਦਰਪਾਲ ਸਿੰਘ ਪਾਕਿਸਤਾਨ ਸਥਿਤ ਨਸ਼ਾ ਤਸਕਰਾਂ ਦੇ ਸਿੱਧੇ ਸੰਪਰਕ ਵਿਚ ਸਨ, ਜੋ ਕਿ ਸਰਹੱਦ ਪਾਰ ਤੋਂ ਨਸ਼ਿਆਂ ਦੀ ਢੋਆ-ਢੁਆਈ ਲਈ ਡਰੋਨ ਦੀ ਵਰਤੋਂ ਕਰ ਰਹੇ ਸਨ।

# ਸਾਬਕਾ ਰਾਸ਼ਟਰਪਤੀ ਟਰੰਪ ਐਰੀਜ਼ੋਨਾ ਤੇ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਪੈਨਸਿਲਵਾਨੀਆ ਵਿਚ ਅੱਗੇ-ਸਰਵੇ

**ਅਮਰੀਕੀ ਰਾਸ਼ਟਰਪਤੀ ਚੋਣਾਂ**

## ✪ ਦੋਨਾਂ ਉਮੀਦਵਾਰਾਂ ਨੇ ਚੋਣ ਪ੍ਰਚਾਰ 'ਤੇ ਲਾਇਆ ਅੱਡੀ ਚੋਟੀ ਦਾ ਜੋਰ





**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਜਿਉਂ ਜਿਉਂ ਵੋਟਾਂ ਪੈਣ ਦਾ ਦਿਨ ਨੇੜੇ ਆ ਰਿਹਾ ਹੈ ਤਿਉਂ ਤਿਉਂ ਰਿਪਬਲੀਕਨ ਉਮੀਦਵਾਰ ਡੋਨਾਲਡ ਟਰੰਪ ਤੇ ਡੈਮੋਕਰੈਟਿਕ ਉਮੀਦਵਾਰ ਕਮਲਾ ਹੈਰਿਸ ਚੋਣ ਪ੍ਰਚਾਰ ਲਈ ਅੱਡੀ ਚੋਟੀ ਦਾ ਜੋਰ ਲਾ ਰਹੇ ਹਨ। ਦੋਨੋਂ ਉਮੀਦਵਾਰ ਅਹਿਮ ਰਾਜ ਪੈਨਸਿਲਵਾਨੀਆ ਵੱਲ ਵਿਸ਼ੇਸ਼ ਤਵਜੋਂ ਦੇ ਰਹੇ ਹਨ। ਪੈਨਸਿਲਵਾਨੀਆ ਵਿਚ ਹੈਰਿਸ ਤੇ ਟਰੰਪ ਅਤੇ ਉਨਾਂ ਨਾਲ ਸਬੰਧਿਤ ਧੜਿਆਂ ਨੇ ਟੈਲੀਵੀਜ਼ਨ 'ਤੇ ਇਸ਼ਤਿਹਾਰਬਾਜੀ ਉਪਰ 350 ਲੱਖ ਡਾਲਰ ਖਰਚ ਕੀਤੇ ਹਨ। ਇਸ ਤੋਂ ਇਲਾਵਾ ਦੋਨੋਂ ਉਮੀਦਵਾਰ ਰਾਜ ਵਿਚ ਨਿਰੰਤਰ ਰੈਲੀਆਂ ਕਰ ਰਹੇ ਹਨ ਤੇ ਆਪੋ ਆਪਣੇ ਢੰਗ-ਤਰੀਕੇ ਨਾਲ ਮੱਤਦਾਤਾਵਾਂ ਨੂੰ ਪ੍ਰਭਾਵਿਤ ਕਰਨ ਦਾ ਯਤਨ ਕਰ ਰਹੇ ਹਨ। ਇਸੇ ਦੌਰਾਨ ਇਕ ਤਾਜ਼ਾ ਸਰਵੇ ਵਿਚ ਸਪੱਸ਼ਟ ਹੋਇਆ ਹੈ ਕਿ ਟਰੰਪ ਐਰੀਜ਼ੋਨਾ ਵਿਚ 6 % ਅੰਕਾਂ ਨਾਲ ਅਗੇ ਹਨ ਜਦ ਕਿ ਕਮਲਾ ਹੈਰਿਸ ਪੈਨਸਿਲਵਾਨੀਆ ਵਿਚ 4% ਅੰਕਾਂ ਨਾਲ ਅੱਗੇ ਹਨ। ਇਹ ਸਰਵੇ ਨਿਊਯਾਰਕ ਟਾਈਮਜ਼, ਫਿਲਾਡੈਲਫੀਆ ਇੰਕੁਆਇਰਰ ਤੇ ਸੀਨਾ ਕਾਲਜ ਦੁਆਰਾ ਕੀਤਾ ਗਿਆ ਹੈ। ਇਹ ਦੋਨੋਂ ਰਾਜ ਇਸ ਲਈ ਅਹਿਮ ਹਨ ਕਿਉਂਕਿ ਇਹ ਕਦੀ ਵੀ ਕਿਸੇ ਇਕ ਪਾਰਟੀ ਦੇ ਹੱਕ ਵਿਚ ਨਹੀਂ ਰਹੇ ਤੇ ਹਰ ਵਾਰ ਆਪਣੀ ਪਸੰਦ ਬਦਲਦੇ ਰਹਿੰਦੇ ਹਨ। ਸਰਵੇ ਅਨੁਸਾਰ ਦੋਨਾਂ ਰਾਜਾਂ ਵਿਚ 1600 ਤੋਂ ਵਧ ਮੱਤਦਾਤਾਵਾਂ ਦੀ ਰਾਏ ਪੁੱਛੀ ਗਈ। ਐਰੀਜ਼ੋਨਾ ਵਿਚ ਮੱਤਦਾਤਾ ਦੇਸ਼ ਦੀ ਅਰਥ ਵਿਵਸਥਾ ਨੂੰ ਲੈ ਕੇ ਚਿੰਤਤ ਹਨ। ਇਸ ਲਈ ਉਹ ਟਰੰਪ ਨੂੰ ਸਮਰਥਨ ਦੇ ਰਹੇ ਹਨ ਜਦ ਕਿ ਪੈਨਸਿਲਵਾਨੀਆ ਵਿਚ ਗਰਭਪਾਤ ਦਾ ਮੁੱਦਾ ਅਹਿਮ ਬਣ ਗਿਆ ਹੈ ਤੇ ਇਸ ਮੁੱਦੇ ਨੂੰ ਲੈ ਕੇ ਉਹ ਹੈਰਿਸ ਦਾ ਸਮਰਥਨ ਕਰ ਰਹੇ ਹਨ। ਹਾਲਾਂ ਕਿ ਇਨਾਂ ਰਾਜਾਂ ਵਿਚ ਕੁਝ ਅਜਿਹੇ ਮੱਤਦਾਵਾ ਵੀ ਹਨ ਜੋ ਅਜੇ ਜਕੋਤਕੀ ਵਿਚ ਹਨ। ਇਹ ਮੱਤਦਾਤਾ ਕਿਸੇ ਵੀ ਉਮੀਦਵਾਰ ਦੇ ਹੱਕ ਵਿਚ ਭੁੱਗਤ ਸਕਦੇ ਹਨ। ਪੈਨਸਿਲਵਾਨੀਆ ਵਿਚ ਮੱਤਦਾਤਾਵਾਂ ਨੇ ਕਿਹਾ ਹੈ ਕਿ ਉਹ 20% ਅੰਕਾਂ ਨਾਲ ਟਰੰਪ ਦੀ ਤੁਲਨਾ ਵਿਚ ਹੈਰਿਸ ਉਪਰ ਭਰੋਸਾ ਰਖਦੇ ਹਨ। ਇਨਾਂ ਮੱਤਦਾਤਾਵਾਂ ਦੀ ਨਜਰ ਵਿਚ ਹੈਰਿਸ ਵਧੀਆ ਢੰਗ ਨਾਲ ਗਰਭਪਾਤ ਦੇ ਮੁੱਦੇ ਨੂੰ ਨਜਿੱਠ ਸਕਦੇ ਹਨ। ਪੈਨਸਿਲਵਾਨੀਆ ਵਿਚ ਅਰਥ ਵਿਵਸਥਾ ਦੇ ਮੁੱਦੇ 'ਤੇ ਟਰੰਪ 11ਅੰਕਾਂ ਨਾਲ ਅੱਗੇ ਹਨ ਜਦ ਕਿ ਸਤੰਬਰ ਵਿਚ ਕੀਤੇ ਸਰਵੇ ਵਿਚ ਟਰੰਪ 4 ਅੰਕਾਂ ਨਾਲ ਅੱਗੇ ਸਨ। ਐਰੀਜ਼ੋਨਾ ਵਿਚ ਟਰੰਪ ਪਹਿਲਾਂ ਕੀਤੇ ਸਰਵੇ ਵਿਚ ਵੀ 6 ਅੰਕਾਂ ਨਾਲ ਅੱਗੇ ਸਨ। ਅਰਥ ਵਿਵਸਥਾ ਦੇ ਮੁੱਦੇ 'ਤੇ ਟਰੰਪ ਐਰੀਜ਼ੋਨਾ ਵਿਚ ਹੈਰਿਸ ਨਾਲੋਂ 15 ਅੰਕਾਂ ਨਾਲ ਅੱਗੇ ਹਨ।

## ਓਕਲਾਹੋਮਾ ਵਿਚ ਦੋ ਧੜਿਆਂ ਵਿਚਾਲੇ ਹੋਈ ਗੋਲੀਬਾਰੀ ਵਿਚ 1 ਮੌਤ ਤੇ 12 ਹੋਰ ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਅਮਰੀਕਾ ਦੇ ਓਕਲਾਹੋਮਾ ਸ਼ਹਿਰ ਵਿਚ ਇਕ ਪਾਰਟੀ ਦੌਰਾਨ ਦੋ ਧੜਿਆਂ ਵਿਚਾਲੇ ਕਿਸੇ ਗਲ ਨੂੰ ਲੈ ਕੇ ਹੋਈ ਗੋਲੀਬਾਰੀ ਵਿਚ ਇਕ ਵਿਅਕਤੀ ਦੇ ਮਾਰੇ ਜਾਣ ਤੇ ਘੱਟੋ ਘੱਟ 12 ਲੋਕਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਪੁਲਿਸ ਅਨੁਸਾਰ ਇਕ ਸਮਾਗਮ ਵਿਚ ਸਥਾਨਕ ਸਮੇ ਅਨੁਸਾਰ ਅੱਧੀ ਰਾਤ ਤੋਂ ਬਾਅਦ 12.30 ਵਜੇ ਦੋ ਧੜਿਆਂ ਵਿਚਾਲੇ ਪਹਿਲਾਂ ਕਿਸੇ ਗਲ 'ਤੇ ਤਕਰਾਰ ਹੋਈ ਤੇ ਗਲ ਏਨੀ ਵਧ ਗਈ ਕਿ ਗੋਲੀਆਂ ਚੱਲ ਗਈਆਂ। ਓਕਲਾਹੋਮਾ ਪੁਲਿਸ ਵਿਭਾਗ ਦੇ ਸਾਰਜੈਂਟ ਜੋਨ ਸਕੂਟਾ ਅਨੁਸਾਰ ਦੋਨੋਂ ਧੜੇ ਪਾਰਟੀ ਵਾਲੇ ਕੇਂਦਰ ਦੇ ਪਿਛਵਾੜੇ ਚਲੇ ਗਏ ਜਿਥੇ ਗੋਲੀਆਂ ਦਾ ਵਟਾਂਦਰਾ ਹੋਇਆ। ਇਕ ਵਿਅਕਤੀ ਦੀ ਗੋਲੀਆਂ ਵੱਜਣ ਕਾਰਨ ਮੌਕੇ ਉਪਰ ਹੀ ਮੌਤ ਹੋ ਗਈ ਜਦ ਕਿ 12 ਹੋਰ ਜਖਮੀ ਹੋ ਗਏ। ਜਿਨਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਸਕੂਟਾ ਅਨੁਸਾਰ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਕੁਝ ਲੋਕਾਂ ਨੂੰ ਪੁੱਛਗਿੱਛ ਲਈ ਹਿਰਾਸਤ ਵਿਚ ਲਿਆ ਹੈ ਪਰੰਤੂ ਅਜੇ ਤਕ ਕਿਸੇ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ।

# ਜੋ ਵੀ ਪ੍ਰਵਾਸੀ ਕਿਸੇ ਅਮਰੀਕੀ ਦੀ ਹੱਤਿਆ ਕਰੇਗਾ ਉਸ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇਗੀ-ਟਰੰਪ

## ✪ ਇਕ ਵਾਰ ਫਿਰ ਰਿਪਬਲੀਕਨ ਉਮੀਦਵਾਰ ਨੇ ਪ੍ਰਵਾਸੀਆਂ ਵਿਰੁੱਧ ਕੱਢੀ ਭੜਾਸ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਸਾਬਕਾ ਰਾਸ਼ਟਰਪਤੀ ਤੇ ਰਾਸ਼ਟਰਪਤੀ ਦੇ ਅਹੁੱਦੇ ਲਈ ਰਿਪਬਲੀਕਨ ਉਮੀਦਵਾਰ ਡੋਨਾਲਡ ਟਰੰਪ ਨੇ ਪ੍ਰਵਾਸੀਆਂ ਵਿਰੋਧੀ ਪ੍ਰਚਾਰ ਨੂੰ ਜਾਰੀ ਰਖਦਿਆਂ ਔਰੋਰਾ, ਕੋਲੋਰਾਡੋ ਵਿਚ ਇਕ ਰੈਲੀ ਨੂੰ ਸੰਬੋਧਨ ਕਰਦਿਆਂ ਦਾਅਵਾ ਕੀਤਾ ਕਿ ਇਹ ਸ਼ਹਿਰ ਵੈਨੇਜ਼ੂਏਲੀਅਨ ਲੋਕਾਂ ਦੇ ਗਿਰੋਹ ਕਾਰਨ 'ਵਾਰ ਜ਼ੋਨ' ਬਣ ਚੁੱਕਾ ਹੈ। ਉਨਾਂ ਐਲਾਨ ਕੀਤਾ ਕਿ ਜੋ ਵੀ ਪ੍ਰਵਾਸੀ ਕਿਸੇ ਅਮਰੀਕੀ ਜਾਂ ਪੁਲਿਸ ਅਫਸਰ ਦੀ ਹੱਤਿਆ ਕਰੇਗਾ ਉਸ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇਗੀ। ਬਹੁਤ ਹੀ ਐਸ਼ੋ ਆਰਾਮ ਵਾਲੇ ਗੇਲਾਰਡ ਰੌਕੀਜ ਰਿਜ਼ਾਰਟ ਐਂਡ ਕਨਵੈਨਸ਼ਨ ਸੈਂਟਰ ਜਿਥੇ ਇਕ ਕਮਰੇ ਦਾ ਕਿਰਾਇਆ ਪ੍ਰਤੀ ਰਾਤ 400 ਡਾਲਰ ਹੈ, ਵਿਖੇ ਬੋਲਦਿਆਂ ਟਰੰਪ ਨੇ ਕਿਹਾ ਕਿ ਔਰੋਰਾ ਵਿਚਲਾ ਵੈਨੇਜ਼ੁਏਲੀਅਨ ਭਾਈਚਾਰਾ ਅਪਰਾਧੀ ਹੈ। ਉਨਾਂ ਦੋਸ਼ ਲਾਇਆ ਕਿ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀਆਂ ਇਮੀਗ੍ਰੇਸ਼ਨ ਨੀਤੀਆਂ ਕਾਰਨ ਇਹ ਸਮੱਸਿਆ ਪੈਦਾ ਹੋਈ ਹੈ। ਟਰੰਪ ਨੇ ਦੋਸ਼ ਲਾਇਆ ਕਿ ਹੈਰਿਸ ਨੇ ਤੀਸਰੀ ਦੁਨੀਆਂ ਦੀ ਕਾਲ ਕੋਠੜੀ ਵਿਚੋਂ ਬਿਨਾਂ ਦਸਤਾਵੇਜ਼ ਪ੍ਰਵਾਸੀ ਲਿਆਂਦੇ ਹਨ। ਟਰੰਪ ਨੇ ਜੁੜੀ ਭੀੜ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੈ ਔਰੋਰਾ ਤੇ ਹਰ ਕਸਬੇ ਨੂੰ ਸੁਰੱਖਿਅਤ ਕਰਾਂਗਾ। ਉਨਾਂ ਕਿਹਾ "ਅਸੀਂ ਇਨਾਂ ਖਤਰਨਾਕ ਤੇ ਖੂਨ ਦੇ ਪਿਆਸੇ ਅਪਰਾਧੀਆਂ ਨੂੰ ਜੇਲਾਂ ਵਿਚ ਬੰਦ ਕਰਾਂਗੇ ਜਾਂ ਦੇਸ਼ ਵਿਚੋਂ ਹੀ ਕੱਢ ਦੇਵਾਂਗੇ।" ਟਰੰਪ ਨੇ ਆਪਣੀ ਨਵੀਂ ਯੋਜਨਾ ਦਾ ਐਲਾਨ ਕਰਦਿਆਂ ਕਿਹਾ ਕਿ ਉਹ "ਆਪਰੇਸ਼ਨ ਔਰੋਰਾ" ਕਰਨਗੇ ਤੇ ਵਿਦੇਸ਼ੀ ਦੁਸ਼ਮਣ ਐਕਟ 1978 ਦੀ ਵਰਤੋਂ ਕਰਕੇ ਗਿਰੋਹ ਨਾਲ ਸਬੰਧਿਤ ਗੈਰਦਸਤਾਵੇਜੀ ਪ੍ਰਵਾਸੀਆਂ ਨੂੰ ਬਾਹਰ ਦਾ ਰਸਤਾ ਵਿਖਾਉਣਗੇ। ਉਨਾਂ ਕਿਹਾ ਕਿ 'ਅਸੀਂ ਯੂ ਐਸ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ, ਸਰਹੱਦੀ ਗਸ਼ਤੀ ਦਲ ਤੇ ਸੰਘੀ ਲਾਅ ਇਨਫੋਰਸਮੈਂਟ ਅਫਸਰਾਂ ਨੂੰ ਗੈਰ ਕਾਨੂੰਨੀ ਵਿਦੇਸ਼ੀ ਗਿਰੋਹ ਮੈਂਬਰਾਂ ਨੂੰ ਗ੍ਰਿਫਤਾਰ ਕਰਕੇ ਉਨਾਂ ਨੂੰ ਦੇਸ਼ ਵਿਚੋਂ ਬਾਹਰ ਕੱਢਣ ਲਈ ਭੇਜਾਂਗੇ ਤੇ ਇਹ ਮੁਹਿੰਮ ਓਦੋਂ ਤਕ ਜਾਰੀ ਰਹੇਗੀ ਜਦੋਂ ਤਕ ਹਰ ਗੈਰ ਕਾਨੂੰਨੀ ਵਿਦੇਸ਼ੀ ਬਾਹਰ ਨਹੀਂ ਕੱਢ ਦਿੱਤਾ ਜਾਂਦਾ।" ਇਥੇ ਜਿਕਰਯੋਗ ਹੈ ਕਿ ਟਰੰਪ ਨੇ ਇਸ ਤੋਂ ਪਹਿਲਾਂ ਦੋਸ਼ ਲਾਇਆ ਸੀ ਕਿ ਸਪਰਿੰਗਫੀਲਡ, ਓਹੀਓ ਵਿਚ ਹੈਤੀਅਨ ਲੋਕ ਸਥਾਨਕ ਲੋਕਾਂ ਦੇ ਪਾਲਤੂ ਜਾਨਵਰ ਚੋਰੀ ਕਰਕੇ ਖਾਂਦੇ ਹਨ। ਟਰੰਪ ਦੇ ਇਨਾਂ ਦੋਸ਼ਾਂ ਨੂੰ ਉਪ ਰਾਸ਼ਟਰਪਤੀ ਦੇ ਅਹੁੱਦੇ ਲਈ ਰਿਪਬਲੀਕਨ ਉਮੀਦਵਾਰ ਜੇ ਡੀ ਵੈਂਸ ਨੇ ਵੀ ਵਾਰ ਵਾਰ ਦੁਹਰਾਇਆ ਸੀ। ਜਦ ਕਿ ਸਥਾਨਕ ਪੁਲਿਸ ਨੇ ਇਨਾਂ ਦੋਸ਼ਾਂ ਨੂੰ ਮੁਲੋਂ ਹੀ ਰੱਦ ਕਰ ਦਿੱਤਾ ਸੀ। ਔਰੋਰਾ ਵਿਚ ਵੀ ਪੁਲਿਸ ਤੇ ਰਿਪਬਲੀਕਨ ਮੇਅਰ ਮਾਈਕ ਕੌਫਮੈਨ ਨੇ ਟਰੰਪ ਦੇ ਦਾਅਵਿਆਂ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਸ਼ਹਿਰ ਵਿਚ ਕਿਸੇ ਗਿਰੋਹ ਜਾਂ ਹੋਰ ਪ੍ਰਵਾਸੀਆਂ ਵੱਲੋਂ ਵੱਡੀ ਪੱਧਰ 'ਤੇ ਅਪਰਾਧਾਂ ਵਿਚ ਸ਼ਾਮਿਲ ਹੋਣ ਵਰਗੀ ਕੋਈ ਗੱਲ ਨਹੀਂ ਹੈ।

## ਹਾਸੇ ਦੀ ਪਟਾਰੀ

**ਅਧਿਆਪਕ,** ਕੱਲ੍ਹ ਹੋਮਵਰਕ ਨਹੀਂ ਕੀਤਾ ਤਾਂ ਮੁਰਗਾ ਬਣਾਵਾਂਗਾ।

ਪੱਪੂ, ਸਰ ਮੈਂ ਸ਼ਾਕਾਹਾਰੀ ਹਾਂ, ਮੁਰਗਾ ਨਹੀਂ ਖਾਂਦਾ, ਮਟਰ-ਪਨੀਰ ਬਣਾ ਲੈਣਾ।

*---*---*

**ਗਰਲਫ੍ਰੈਂਡ** ਨੇ ਡਰਦੇ ਹੋਏ ਬੁਆਏਫ੍ਰੈਂਡ ਨੂੰ ਕਿਹਾ, ਜਾਨੂੰ, ਮੈਂ ਤੇਰੇ ਕੋਲੋਂ ਇਕ ਗੱਲ ਲੁਕੋਈ ਹੈ। ਪਿਛਲੇ ਮਹੀਨੇ ਮੇਰੀ ਮੰਗਣੀ ਹੋ ਗਈ ਹੈ, ਮੈਨੂੰ ਮੁਆਫ ਕਰੀਂ।

ਬੁਆਏਫ੍ਰੈਂਡ, ਓ ਪਾਗਲ, ਇੰਨੀ ਛੋਟੀ ਜਿਹੀ ਗੱਲ, ਅੱਜ ਮੇਰੇ ਘਰ ਚੱਲ, ਤੈਨੂੰ ਮੈਂ ਆਪਣੀ ਘਰਵਾਲੀ ਤੇ ਬੱਚਿਆਂ ਨਾਲ ਮਿਲਵਾਉਂਦਾ ਹਾਂ।

*---*---*

**ਪ੍ਰੇਮਿਕਾ,** ਅੱਜ ਮੇਰਾ ਜਨਮ ਦਿਨ ਹੈ, ਮੇਰਾ ਤੋਹਫਾ ਕਿਥੇ ਹੈ?

ਪ੍ਰੇਮੀ, ਉਥੇ ਦੇਖ, ਸੜਕ 'ਤੇ ਲਾਲ ਰੰਗ ਦੀ ਕਾਰ ਨਜ਼ਰ ਆ ਰਹੀ ਹੈ?

ਪ੍ਰੇਮਿਕਾ ਖੁਸ਼ੀ ਨਾਲ ਚੀਕ ਪਈ।

ਪ੍ਰੇਮੀ, ਬਸ ਉਸੇ ਰੰਗ ਦੀ ਨੇਲਪਾਲਿਸ਼ ਲਿਆਇਆ ਹਾਂ।

*---*---*

**ਕੰਜੂਸ,** ਡਾ: ਸਾਹਿਬ, ਪਲਾਸਟਿਕ ਸਰਜਰੀ 'ਤੇ ਕਿੰਨਾ ਕੁ ਖਰਚਾ ਆਵੇਗਾ?

ਡਾਕਟਰ, 50 ਹਜ਼ਾਰ ਰੁਪਏ।

ਕੰਜੂਸ, ਜੇ ਪਲਾਸਟਿਕ ਅਸੀਂ ਦੇ ਦੇਈਏ ਤਾਂ ਕਿੰਨੇ ਪੈਸੇ ਲਓਗੇ?

**ਡਾਕਟਰ** (ਗੁੱਸੇ ਵਿਚ), ਤਾਂ ਪਿਘਲਾ ਕੇ ਚਿਪਕਾ ਵੀ ਲਵੀਂ।

*---*---*

# ਸਿੰਗਿੰਗ ਬੱਸ ਡਰਾਈਵਰ ਵਜੋਂ ਪ੍ਰਸਿੱਧ ਰਣਜੀਤ ਸਿੰਘ ਵੀਰ ਨੇ ਮੁੜ "ਬੱਸ ਰੂਟ" ਗੀਤ ਨਾਲ ਤਹਿਲਕਾ ਮਚਾਇਆ

## ✪ ਬੱਸ ਡਰਾਈਵਰ ਗੀਤ ਦੀ ਹੋਈ ਸੀ ਅੰਤਰਰਾਸ਼ਟਰੀ ਮੀਡੀਆ 'ਚ ਚਰਚਾ




**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)**-ਸਿਆਣੇ ਕਹਿੰਦੇ ਹਨ ਕਿ ਨਿਰੰਤਰ ਕੀਤੀ ਮਿਹਨਤ ਇੱਕ ਨਾ ਇੱਕ ਦਿਨ ਰੰਗ ਜ਼ਰੂਰ ਲਿਆਉਂਦੀ ਹੈ। ਇਸ ਦਾ ਪ੍ਰਤੱਖ ਪ੍ਰਮਾਣ ਇੰਗਲੈਂਡ ਦੀ ਧਰਤੀ 'ਤੇ ਵਸਦੇ ਰਣਜੀਤ ਸਿੰਘ ਵੀਰ ਦੀ ਮਿਹਨਤ ਤੋਂ ਲਿਆ ਜਾ ਸਕਦਾ ਹੈ। ਆਪਣੇ ਮਨ ਦੇ ਸਕੂਨ ਲਈ ਉਹ ਨਿੱਤਨੇਮੀ ਕੀਰਤਨੀਏ ਵਜੋਂ ਮਿਹਨਤ ਕਰਦੇ ਹਨ ਤੇ ਪਰਿਵਾਰ ਦਾ ਪੇਟ ਪਾਲਣ ਲਈ ਬੱਸ ਕੰਪਨੀ ਨੈਸ਼ਨਲ ਐਕਸਪ੍ਰੈੱਸ ਵਿੱਚ ਬੱਸ ਡਰਾਈਵਰ ਵਜੋਂ ਨੌਕਰੀ ਕਰਦੇ ਹਨ। ਉਹਨਾਂ ਆਪਣੇ ਗਾਉਣ ਦੇ ਸ਼ੌਕ ਨੂੰ ਵੀ ਜਿਉਂਦਾ ਰੱਖਿਆ ਹੋਇਆ ਹੈ। ਬੀਤੇ ਦਿਨ ਰਣਜੀਤ ਸਿੰਘ ਵੀਰ ਆਪਣੇ ਨਵੇਂ ਗੀਤ "ਬੱਸ ਰੂਟ" ਨਾਲ ਮੁੜ ਸੰਗੀਤ ਜਗਤ ਵਿੱਚ ਦਸਤਕ ਦੇਣ ਪਹੁੰਚੇ ਹਨ। ਇਸ ਗੀਤ ਦੀ ਖਾਸੀਅਤ ਇਹ ਹੈ ਕਿ ਬਰਮਿੰਘਮ ਇਲਾਕੇ ਦੇ ਬੱਸ ਰੂਟਾਂ 'ਤੇ ਚਲਦੀਆਂ ਬੱਸਾਂ ਦਾ ਬਹੁਤ ਬਰੀਕੀ ਨਾਲ ਵਿਖਿਆਨ ਕੀਤਾ ਗਿਆ ਹੈ। ਇਸ ਗੀਤ ਨੂੰ ਲਿਖਿਆ ਵੀ ਰਣਜੀਤ ਸਿੰਘ ਵੀਰ ਨੇ ਹੈ ਤੇ ਸੰਗੀਤ ਹਰਜਿੰਦਰ ਸਿੰਘ ਧੀਮਾਨ ਨੇ ਤਿਆਰ ਕੀਤਾ ਹੈ। ਨਮਨ ਫਿਲਮਜ਼ ਵੱਲੋਂ ਪਨਮ ਵਰਮਾ ਨੇ ਗੀਤ ਦੀ ਵੀਡੀਓ ਨੂੰ ਪੂਰੀ ਰੂਹ ਨਾਲ ਫਿਲਮਾ ਕੇ ਆਪਣੇ ਆਪ ਨੂੰ ਉੱਚ ਕੋਟੀ ਦੇ ਫਿਲਮਕਾਰਾਂ ਵਿੱਚ ਸ਼ੁਮਾਰ ਕਰਵਾਉਣ ਦੀ ਕੋਈ ਕਸਰ ਨਹੀਂ ਛੱਡੀ। ਇੱਥੇ ਇਹ ਵੀ ਵਰਨਣਯੋਗ ਹੈ ਕਿ ਇਸ ਤੋਂ ਪਹਿਲਾਂ ਰਣਜੀਤ ਸਿੰਘ ਵੀਰ ਬੱਸ ਡਰਾਈਵਰ ਦੇ ਰੋਜ਼ਾਨਾ ਕੰਮ ਦੀ ਭੱਜਦੌੜ ਤੇ ਜ਼ਿੰਮੇਵਾਰੀ ਨੂੰ ਦਰਸਾਉਂਦਾ ਗੀਤ "ਬੱਸ ਡਰਾਈਵਰ" ਗਾ ਕੇ ਲਗਭਗ ਹਰ ਘਰ ਤੱਕ ਆਪਣੀ ਪਹੁੰਚ ਤੇ ਪਛਾਣ ਬਣਾ ਚੁੱਕੇ ਹਨ। ਜਦੋਂ ਬੱਸ ਡਰਾਈਵਰ ਗੀਤ ਲੋਕ ਅਰਪਣ ਹੋਇਆ ਸੀ ਤਾਂ ਐਨਾ ਵੱਡਾ ਧਮਾਕਾ ਹੋਇਆ ਕਿ ਇੰਟਰਨੈਸ਼ਨਲ ਮੀਡੀਆ ਨੇ ਰਣਜੀਤ ਸਿੰਘ ਵੀਰ ਦੇ ਇਸ ਗੀਤ ਦੀ ਚਰਚਾ ਆਪ ਮੁਹਾਰੇ ਹੀ ਕੀਤੀ। ਰਣਜੀਤ ਸਿੰਘ ਵੀਰ ਲਗਭਗ ਹਰ ਅੰਗਰੇਜ਼ੀ ਚੈਨਲ 'ਤੇ ਇੰਟਰਵਿਊ ਦਿੰਦੇ ਦਿਖਾਈ ਦਿੱਤੇ। ਉਹਨਾਂ ਦੇ ਇਸ ਗੀਤ ਦਾ ਵਧੀਆ ਪਹਿਲੂ ਇਹ ਰਿਹਾ ਸੀ ਕਿ ਉਹ ਪੰਜਾਬੀ ਜ਼ੁਬਾਨ, ਦਸਤਾਰ ਤੇ ਸਿੱਖ ਪਹਿਚਾਣ ਨੂੰ ਘਰ ਘਰ ਲੈ ਕੇ ਜਾਣ 'ਚ ਕਾਮਯਾਬ ਹੋਏ ਹਨ। ਬੇਸ਼ੱਕ ਉਹਨਾਂ ਦੀਆਂ ਦਰਜਨਾਂ ਮੁਲਾਕਾਤਾਂ ਅੰਗਰੇਜ਼ੀ ਚੈਨਲਾਂ 'ਤੇ ਹੋਈਆਂ ਪਰ ਰਣਜੀਤ ਸਿੰਘ ਵੀਰ ਦੀ ਸ਼ਰਤ ਇਹੀ ਹੁੰਦੀ ਸੀ ਕਿ ਉਹ ਜਵਾਬ ਸਿਰਫ ਪੰਜਾਬੀ ਵਿੱਚ ਹੀ ਦੇਣਗੇ। ਜਿਸ ਕਾਰਨ ਹਰ ਇੰਟਰਵਿਊ ਦੌਰਾਨ ਚੈਨਲਾਂ ਵੱਲੋਂ ਦੁਭਾਸ਼ੀਏ ਦਾ ਇੰਤਜਾਮ ਕੀਤਾ ਜਾਂਦਾ ਰਿਹਾ ਸੀ। ਅੱਜ ਜਦੋਂ ਮੁੜ ਰਣਜੀਤ ਸਿੰਘ ਵੀਰ ਦੇ ਗਈ "ਬੱਸ ਰੂਟ" ਨੇ ਤਹਿਲਕਾ ਮਚਾਇਆ ਹੋਇਆ ਹੈ ਤਾਂ ਰਣਜੀਤ ਸਿੰਘ ਵੀਰ ਬੇਹੱਦ ਉਤਸ਼ਾਹਿਤ ਨਜ਼ਰ ਆ ਰਹੇ ਹਨ। ਇਸ ਪ੍ਰਤੀਨਿਧ ਨਾਲ ਗੱਲਬਾਤ ਕਰਦਿਆਂ ਉਹਨਾਂ ਕਿਹਾ ਕਿ "ਇਨਸਾਨ ਨੂੰ ਨੇਕਦਿਲੀ ਨਾਲ ਮਿਹਨਤ ਕਰਦੇ ਰਹਿਣਾ ਚਾਹੀਦਾ ਹੈ, ਮਾਲਕ ਆਪੇ ਫਲ ਦਿੰਦਾ ਹੈ।"

# ਟੋਰਾਂਟੋ ਤੋਂ ਪੰਜਾਬ ਦਾ ਹਵਾਈ ਸਫਰ ਹੋਵੇਗਾ ਸੁਖਾਲਾ, ਕਤਰ ਏਅਰਵੇਜ਼ ਵਿੱਚ ਦੋਹਾ ਰਾਹੀਂ ਜਾਓ ਸਿੱਧਾ ਅੰਮ੍ਰਿਤਸਰ

## ✪ ਨਿਓਸ ਏਅਰ ਵਲੋਂ ਵੀ ਉਡਾਨਾਂ ਦੀ ਗਿਣਤੀ 'ਚ ਵਾਧਾ, ਪ੍ਰਵਾਸੀ ਪੰਜਾਬੀ ਭਾਈਚਾਰੇ ਲਈ ਚੰਗੀ ਖਬਰ

ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਨੇ ਕਤਰ ਏਅਰਵੇਜ਼ ਦੀ ਟੋਰਾਂਟੋ ਤੋਂ ਦੋਹਾ ਵਾਸਤੇ 11 ਦਸੰਬਰ, 2024 ਤੋਂ ਸ਼ੁਰੂ ਹੋਣ ਵਾਲੀ ਸਿੱਧੀ ਉਡਾਣ ਸੇਵਾ ਦੇ ਐਲਾਨ ਦਾ ਸਵਾਗਤ ਕੀਤਾ ਹੈ। ਕੈਨੇਡਾ ਤੋਂ ਪ੍ਰੈਸ ਨੂੰ ਜਾਰੀ ਇੱਕ ਸਾਂਝੇ ਬਿਆਨ ਵਿੱਚ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਉੱਤਰੀ ਅਮਰੀਕਾ ਵਿੱਚ ਕਨਵੀਨਰ ਅਨੰਤਦੀਪ ਸਿੰਘ ਢਿੱਲੋਂ ਅਤੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਹੈ ਕਿ ਕਤਰ ਏਅਰਵੇਜ਼ ਦੀ ਇਹ ਨਵੀਂ ਉਡਾਣ ਟੋਰਾਂਟੋ ਨੂੰ ਦੋਹਾ ਰਾਹੀਂ ਸਿੱਧਾ ਅੰਮ੍ਰਿਤਸਰ ਨਾਲ ਸਿੱਧਾ ਜੋੜੇਗੀ, ਇਸ ਨਾਲ ਪੰਜਾਬੀਆਂ ਦਾ ਹਵਾਈ ਸਫਰ ਸੁਖਾਲਾ ਹੋ ਜਾਵੇਗਾ।

ਢਿੱਲੋਂ ਅਨੁਸਾਰ ਅੰਮ੍ਰਿਤਸਰ ਤੋਂ ਕਤਰ ਏਅਰਵੇਜ਼ ਦੀ ਉਡਾਣ ਰੋਜ਼ਾਨਾ ਸਵੇਰੇ 4:10 ਵਜੇ ਰਵਾਨਾ ਹੋ ਕੇ ਸਵੇਰੇ 6:05 ਵਜੇ ਦੋਹਾ ਪਹੁੰਚਦੀ ਹੈ। ਦੋਹਾ ਪਹੁੰਚ ਕੇ 3 ਘੰਟੇ 45 ਮਿੰਟ ਬਾਅਦ, ਯਾਤਰੀ ਹਫਤੇ ਵਿਚ ਤਿੰਨ ਦਿਨ ਬੁੱਧਵਾਰ, ਸ਼ੁੱਕਰਵਾਰ ਅਤੇ ਐਤਵਾਰ ਸਵੇਰੇ 9:50 ਵਜੇ ਦੋਹਾ ਤੋਂ ਉਡਾਣ ਲੈ ਕੇ ਉਸੇ ਦਿਨ ਦੁਪਹਿਰ ਨੂੰ 3:55 ਵਜੇ ਟੋਰਾਂਟੋ ਪੁੱਜਣਗੇ। ਟੋਰਾਂਟੋ ਤੋਂ ਇਹ ਉਡਾਣ ਉਸੇ ਦਿਨ ਸ਼ਾਮ ਨੂੰ 8:00 ਵਜੇ ਰਵਾਨਾ ਹੋ ਕੇ ਅਗਲੇ ਦਿਨ ਸ਼ਾਮ ਨੂੰ 4:30 ਵਜੇ ਦੋਹਾ ਪਹੁੰਚੇਗੀ। ਇਸ ਉਪਰੰਤ ਯਾਤਰੀ ਰਾਤ ਦੇ 8:40 ਵਜੇ ਉਡਾਣ ਲੈ ਕੇ ਅਗਲੇ ਦਿਨ ਦੀ ਸਵੇਰ ਨੂੰ 2:40 ਵਜੇ ਅੰਮ੍ਰਿਤਸਰ ਪਹੁੰਚ ਜਾਣਗੇ। ਇੰਜ ਅੰਮ੍ਰਿਤਸਰ-ਟੋਰਾਂਟੋ ਵਿਚਕਾਰ ਹਵਾਈ ਯਾਤਰਾ ਸਿਰਫ 20 ਘੰਟਿਆ ਵਿਚ ਪੂਰੀ ਹੋ ਜਾਏਗੀ, ਨਾਲ ਹੀ ਸਮਾਨ ਜਮਾ ਕਰਾਉਣਾ ਤੇ ਲੈਣਾ ਅਤੇ ਇਮੀਗਰੇਸ਼ਨ ਸਿਰਫ ਅੰਮ੍ਰਿਤਸਰ ਅਤੇ ਟੋਰਾਂਟੋ 'ਚ ਹੀ ਹੋਵੇਗੀ।



ਉਹਨਾਂ ਅੱਗੇ ਦੱਸਿਆ, "ਕਤਰ ਏਅਰਵੇਜ਼ ਅੰਮ੍ਰਿਤਸਰ ਤੋਂ ਰੋਜ਼ਾਨਾ ਸਿੱਧੀਆਂ ਉਡਾਨਾਂ ਦਾ ਸੰਚਾਲਨ ਪਿਛਲੇ ਕਈ ਸਾਲਾਂ ਤੋਂ ਕਰ ਰਹੀ ਹੈ, ਜੋ ਕਿ ਦੋਹਾ ਰਾਹੀਂ ਅਮਰੀਕਾ ਦੇ 9 ਹਵਾਈ ਅੱਡਿਆਂ ਅਤੇ ਕੈਨੇਡਾ ਦੇ ਮਾਂਟਰੀਅਲ ਹਵਾਈ ਅੱਡੇ ਨਾਲ ਜੋੜਦੀਆਂ ਹਨ।

ਇਸ ਨਵੀਂ ਉਡਾਣ ਦੇ ਸ਼ੁਰੂ ਹੋਣ ਨਾਲ, ਅੰਮ੍ਰਿਤਸਰ ਤੋਂ ਹੁਣ ਦੋਹਾ ਰਾਹੀਂ ਕੈਨੇਡਾ ਵਿੱਚ ਮਾਂਟਰੀਅਲ ਅਤੇ ਟੋਰਾਂਟੋ ਲਈ ਹਫਤੇ ਵਿਚ 10 ਹੋ ਜਾਣਗੀਆਂ। ਕਤਰ ਏਅਰਵੇਜ਼ ਇੱਥੋਂ ਫਿਰ ਏਅਰ ਕੈਨੇਡਾ ਰਾਹੀਂ ਕੈਨੇਡਾ ਦੇ ਬਾਕੀ ਸ਼ਹਿਰਾਂ ਨਾਲ ਜੋੜਦੀ ਹੈ।"

ਪੰਜਾਬੀਆਂ ਲਈ ਇਸ ਵੇਲੇ ਦਿੱਲੀ ਦੀ ਖੱਜਲ-ਖੁਆਰੀ ਤੋਂ ਬਚਣ ਲਈ ਇੱਕੋ-ਇੱਕ ਵਿਕਲਪ ਅੰਮ੍ਰਿਤਸਰ ਤੋਂ ਮਿਲਾਨ ਰਾਹੀਂ ਇਟਲੀ ਦੀ ਨਿਓਸ ਏਅਰ ਦੀ ਟੋਰਾਂਟੋ ਲਈ ਉਡਾਣ ਹੈ। ਗੁਮਟਾਲਾ ਨੇ ਇਸ ਸੰਬੰਧੀ ਦੱਸਿਆ ਕਿ ਨਿਓਸ ਏਅਰ ਨੇ ਵੀ ਸਰਦੀਆਂ ਦੀਆਂ ਛੁੱਟੀਆਂ ਨੂੰ ਧਿਆਨ ਵਿਚ ਰੱਖਦੇ ਹੋਏ ਦਸੰਬਰ ਮਹੀਨੇ ਵਾਸਤੇ ਟੋਰਾਂਟੋ ਲਈ ਆਪਣੀਆਂ ਉਡਾਨਾਂ ਦੀ ਗਿਣਤੀ ਨੂੰ ਹਫਤੇ ਵਿਚ ਦੋ ਤੋਂ ਵਧਾ ਕੇ ਚਾਰ ਕਰ ਦਿੱਤੀਆਂ ਹਨ। ਹੁਣ ਟੋਰਾਂਟੋ ਤੋਂ ਕਤਰ ਏਅਰਵੇਜ਼ ਦੀ ਉਡਾਣ ਸ਼ੁਰੂ ਹੋਣ ਨਾਲ ਪੰਜਾਬੀਆਂ ਲਈ ਟੋਰਾਂਟੋ ਵਾਸਤੇ ਇੱਕ ਹੋਰ ਵਿਕਲਪ ਜੁੜ ਗਿਆ ਹੈ।"



ਗੁਮਟਾਲਾ ਨੇ ਕਿਹਾ, "ਗੌਰਤਲਬ ਹੈ ਕਿ ਏਅਰ ਇੰਡੀਆ ਪੰਜਾਬੀਆਂ ਦੀ ਲੰਮੇ ਸਮੇਂ ਤੋਂ ਕੈਨੇਡਾ ਲਈ ਸਿੱਧੀਆਂ ਉਡਾਨਾਂ ਦੀ ਮੰਗ ਨੂੰ ਨਜ਼ਰਅੰਦਾਜ਼ ਕਰ ਦਿੱਲੀ ਤੋਂ ਇਹਨਾਂ ਉਡਾਨਾਂ ਦੀ ਗਿਣਤੀ ਨੂੰ ਵਧਾ ਰਹੀ ਹੈ। ਏਅਰ ਇੰਡੀਆ ਸਭ ਅੰਕੜਿਆਂ ਤੋਂ ਭਲੀ-ਭਾਂਤ ਜਾਣੂ ਹੈ ਕਿ ਦਿੱਲੀ ਤੋਂ ਕੈਨੇਡਾ ਦੀਆਂ ਸਿੱਧੀਆਂ ਉਡਾਨਾਂ ਵਿਚ 65 ਤੋਂ 75 ਫੀਸਦੀ ਸਵਾਰੀਆਂ ਦੀ ਗਿਣਤੀ ਪੰਜਾਬੀਆਂ ਦੀ ਹੁੰਦੀ ਹੈ। ਇਸ ਦੇ ਬਾਵਜੂਦ ਪੰਜਾਬੀਆਂ ਨੂੰ ਦਿੱਲੀ ਤੋਂ ਹੀ ਉਡਾਨਾਂ ਲੈਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਪੰਜਾਬ ਆਉਣ ਜਾਣ ਵਾਲੇ ਯਾਤਰੀਆਂ ਨੂੰ ਦਿੱਲੀ ਦੇ ਰਸਤੇ ਯਾਤਰਾ ਕਰਨ ਵਿੱਚ ਬਹੁਤ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਸ ਵਿੱਚ ਲੰਬੀਆਂ ਇਮੀਗ੍ਰੇਸ਼ਨ ਲਾਈਨਾਂ, ਸਮਾਨ ਲੈਣਾ ਤੇ ਮੁੜ ਜਮਾਂ ਕਰਾਉਣਾ ਅਤੇ ਲੰਮਾ ਸਮਾਂ ਅੰਮ੍ਰਿਤਸਰ ਲਈ ਉਡਾਣ ਦਾ ਇੰਤਜ਼ਾਰ ਯਾਂ ਦਿੱਲੀ ਤੋਂ ਪੰਜਾਬ ਤੱਕ ਸੜਕ ਯਾਂ ਰੇਲ ਰਾਹੀਂ 8 ਤੋਂ 12 ਘੰਟਿਆ ਦਾ ਲੰਮਾ ਸਮਾਂ ਲੱਗਦਾ ਹੈ।"

ਢਿੱਲੋਂ ਅਤੇ ਗੁਮਟਾਲਾ ਨੇ ਸਾਂਝੇ ਤੌਰ 'ਤੇ ਪੰਜਾਬ ਦੇ ਅੰਤਰਰਾਸ਼ਟਰੀ ਹਵਾਈ ਸੰਪਰਕ ਨੂੰ ਬਿਹਤਰ ਬਣਾਉਣ ਲਈ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੀ ਵਚਨਬੱਧਤਾ ਨੂੰ ਦੁਹਰਾਂਦਿਆਂ ਕਿਹਾ, "ਸਾਡੀਆਂ ਕੋਸ਼ਿਸ਼ਾਂ ਇੱਥੇ ਹੀ ਖਤਮ ਨਹੀਂ ਹੁੰਦੀਆਂ। ਅਸੀਂ ਅੰਮ੍ਰਿਤਸਰ ਤੋਂ ਵਧੇਰੇ ਸਿੱਧੀਆਂ ਉਡਾਨਾਂ ਲਈ ਏਅਰ ਇੰਡੀਆ ਸਣੇ ਹੋਰਨਾਂ ਏਅਰਲਾਈਨ ਕੰਪਨੀਆਂ ਤੱਕ ਪਹੁੰਚ ਕਰ ਉਹਨਾਂ ਨੂੰ ਅੰਕੜੇ ਅਤੇ ਹੋਰ ਜਾਣਕਾਰੀ ਦੇ ਕੇ ਉਡਾਨਾਂ ਦੀ ਮੰਗ ਕਰਦੇ ਰਹਿੰਦੇ ਹਾਂ। ਨਾਲ ਹੀ ਅਸੀਂ ਪੰਜਾਬੀ ਭਾਈਚਾਰੇ ਨੂੰ ਵੀ ਬੇਨਤੀ ਕਰਦੇ ਹਾਂ ਕਿ ਉਹ ਹਮੇਸ਼ਾ ਅੰਮ੍ਰਿਤਸਰ ਤੋਂ ਹੀ ਉਡਾਨਾਂ ਲੈਣ ਨੂੰ ਤਰਜੀਹ ਦੇਣ ਜਿਸ ਨਾਲ ਅਸੀਂ ਏਅਰਲਾਈਨ ਕੰਪਨੀਆਂ ਤੱਕ ਉਡਾਨਾਂ ਸ਼ੁਰੂ ਕਰਾਉਣ ਲਈ ਮਜਬੂਤ ਅੰਕੜੇ ਸਾਂਝੇ ਕਰਕੇ ਵਕਾਲਤ ਕਰ ਸਕੀਏ।"

# ਜਥੇਬੰਦੀ ਐਸ. ਸੀ. ਸੀ. ਈ. ਸੀ. ਅਤੇ ਏ. ਜੀ. ਪੀ. ਸੀ. ਵੱਲੋਂ ਹਿੰਦੂ ਅਮਰੀਕਨ ਫਾਊਂਡੇਸ਼ਨ ਦੀ ਨਿਖੇਧੀ




**ਨਿਊਯਾਰਕ**-ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (ਐਸ. ਸੀ. ਸੀ. ਈ. ਸੀ.) ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏ. ਜੀ. ਪੀ. ਸੀ.), ਜੋ ਕਿ ਅਮਰੀਕਾ ਦੀਆਂ ਸਿੱਖ ਸੰਗਤਾਂ, ਅਮਰੀਕੀ ਸਿੱਖ ਸੰਸਥਾਵਾਂ ਅਤੇ ਗੁਰਦੁਆਰਿਆਂ ਦੀ ਨੁਮਾਇੰਦਗੀ ਕਰਨ ਵਾਲੀਆਂ ਸਿਰਮੌਰ ਸੰਸਥਾਵਾਂ ਹਨ, ਇੰਨਾਂ ਸਿੱਖ ਸੰਸਥਾਵਾਂ ਨੇ ਹਿੰਦੂ ਅਮਰੀਕਨ ਫਾਉਂਡੇਸ਼ਨ ਦੀ ਭਰਪੂਰ ਨਿਖੇਧੀ ਕਰਦਿਆਂ ਇਕ ਸਾਂਝਾ ਬਿਆਨ ਜਾਰੀ ਕੀਤਾ। ਕਿਉਂਕਿ ਹਿੰਦੂ ਜਥੇਬੰਦੀ ਐਚ.ਏ.ਐਫ. ਨੇ ਸਿੱਖਾਂ ਅਤੇ ਗੁਰਦੁਆਰਾ ਸਾਹਿਬਾਨ ਦੇ ਖਿਲਾਫ ਨਫਰਤੀ ਪ੍ਰਚਾਰ ਕਰਦੇ ਹੋਏ ਬਿਆਨ ਜਾਰੀ ਕੀਤੇ ਸਨ ਜਿਵੇ?

1) ਖਾਲਿਸਤਾਨ ਦੀ ਪ੍ਰਾਪਤੀ ਲਈ ਸੰਘਰਸ਼ ਕਰ ਰਹੇ ਕਾਰਕੁੰਨਾਂ ਨੂੰ ਅੱਤਵਾਦੀ ਦੱਸਣਾ ; ਅਤੇ

2) ਵੈਸਟ ਕੋਸਟ 'ਤੇ ਸਥਿਤ ਗੁਰਦੁਆਰਾ ਸਾਹਿਬ ਫਰੀਮਾਂਟ 'ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਅਤੇ ਗੈਰ-ਕਾਨੂੰਨੀ ਹਥਿਆਰਾਂ ਨੂੰ ਇਕੱਤਰ ਕਰਨ ਦਾ ਦੋਸ਼ ਲਗਾਉਣਾ, ਉਪਰੋਕਤ ਤੱਥਾਂ ਨੂੰ ਕੈਲੀਫੋਰਨੀਆ ਦੇ ਅਖਬਾਰ 'ਸੈਕਰਾਮੈਂਟੋ ਬੀ' ਦੁਆਰਾ ਰਿਪੋਰਟ ਕੀਤਾ ਗਿਆ ਸੀ।

ਜਾਰੀ ਕੀਤੇ ਬਿਆਨ ਅਨੁਸਾਰ? "ਅਸੀਂ ਐਚ.ਏ.ਐਫ. ਦੇ ਇਨ੍ਹਾਂ ਬੇਬੁਨਿਆਦ ਅਤੇ ਘਟੀਆ ਦੋਸ਼ਾਂ ਤੋਂ ਬਹੁਤ ਹੈਰਾਨ ਹਾਂ ਕਿਉਂਕਿ ਇਹ ਬਿਆਨ ਤਾਂ "ਉਲਟਾ ਚੋਰ ਵੱਲੋਂ ਕੋਤਵਾਲ ਨੂੰ ਘੂਰਨ ਸਮਾਨ ਹੈ"। ਇਹ ਅਨੈਤਿਕਤਾ ਅਤੇ ਘੋਰ ਪਾਖੰਡ ਦੀ ਇੱਕ ਸਿਰੇ ਦੀ ਉਦਾਹਰਣ ਹੈ। ਹਿੰਦੂ ਮੰਦਰ ਦੀਆਂ ਕੰਧਾਂ 'ਤੇ ਲਿਖੀਆਂ ਗਾਲਾਂ ਤੇ ਨਾਹਰੇ ਅਤੇ ਸੈਨ ਫਰਾਂਸਿਸਕੋ ਵਿੱਚ ਭਾਰਤੀ ਦੂਤਾਵਾਸ ਨੂੰ ਅੱਗ ਲੱਗਣ ਵਾਲੀ ਗੱਲ (ਜਿਸ ਦਾ ਇਹ ਸਿੱਖਾਂ ਉੱਤੇ ਇਲਜ਼ਾਮ ਲਗਾ ਰਹੇ ਹਨ) ਅਸਲ ਵਿਚ ਸਿੱਖਾਂ ਨੂੰ ਬਦਨਾਮ ਕਰਨ ਲਈ ਉਹਨਾਂ ਵੱਲੋਂ ਆਪਣੇ ਆਪ ਹੀ ਕੀਤੇ ਗਏ ਕਾਰੇ ਸਨ। ਮੰਦਿਰ ਤੇ ਗੰਦੀਆਂ ਗਾਲ੍ਹਾਂ ਵੀ ਇਸੇ ਤਰ੍ਹਾਂ ਦੇ ਅਪਰਾਧ ਹਨ ਜਿਵੇਂ ਕਿ ਪਿਛਲੇ ਦੋ ਸਾਲਾਂ ਵਿੱਚ ਆਸਟ੍ਰੇਲੀਆ ਅਤੇ ਕੈਨੇਡਾ ਵਿੱਚ ਹਿੰਦੂ ਸਮੂਹਾਂ ਨੇ ਕੀਤਾ ਸੀ। (ਮੰਦਿਰ ਦੀ ਗ੍ਰੈਫਿਟੀ : ਓਜ਼ ਪੁਲਿਸ ਨੇ ਮੰਦਰ ਦੀ ਗ੍ਰੈਫਿਟੀ ਵਿੱਚ 'ਹਿੰਦੂ ਹੱਥ' ਹੋਣ ਦੀ ਗੱਲ ਕਹੀ- ਸਬੂਤ ਵਜੋਂ ਵੇਖੋ, ਟਾਈਮਜ਼ ਆਫ਼ ਇੰਡੀਆ ਦੀ ਇੱਕ ਖ਼ਬਰ)।

ਐਚ.ਏ.ਐਫ. ਅਮਰੀਕਾ ਵਿੱਚ ਇੱਕ ਗੈਰ-ਮੁਨਾਫ਼ਾ ਸੰਸਥਾ ਦੇ ਰੂਪ ਚੱਲ ਰਹੀ, ਸ਼ਸ਼-ਭਝਫ ਦੀ ਇੱਕ ਲੁਕਵੀਂ ਵਿਦੇਸ਼ੀ ਸ਼ਾਖਾ ਹੈ। ਇਸ ਦੀਆਂ ਨੀਤੀਆਂ ਅਤੇ ਫੰਡਿੰਗ ਨਾਗਪੁਰ, ਭਾਰਤ ਵਿੱਚ ਆਰਐਸਐਸ ਹੈੱਡਕੁਆਰਟਰ ਤੋਂ ਨਿਰਦੇਸ਼ਿਤ ਹੁੰਦੀਆਂ ਹਨ ਅਤੇ ਕੈਲੀਫੋਰਨੀਆ ਵਿੱਚ ਸਿਲੀਕੋਨ ਵੈਲੀ ਦੇ ਬਹੁਤ ਸਾਰੇ ਕੱਟੜ 'ਹਿੰਦੂਤਵ' ਤੋਂ ਪ੍ਰੇਰਿਤ ਲੋਕ ਇਸਦੇ ਪਿੱਛੇ ਕੰਮ ਕਰਦੇ ਹਨ। ਆਰਐਸਐਸ ਭਾਰਤ ਦੀ ਸੱਤਾਧਾਰੀ ਪਾਰਟੀ ਭਾਜਪਾ ਦੀ ਮਾਂ ਹੈ ਅਤੇ ਦੁਨੀਆ ਦਾ ਸਭ ਤੋਂ ਵੱਡਾ ਅੱਤਵਾਦੀ ਸੰਗਠਨ ਹੈ। ਇਸ ਦਾ ਐਲਾਨੀਆ ਟੀਚਾ, ਆਪਣੇ ਪਹਿਲੇ ਸ਼ਤਾਬਦੀ ਸਾਲ 2025 ਤੱਕ ਭਾਰਤ ਨੂੰ ਹਿੰਦੂ ਦੇਸ਼ ਬਣਾਉਣਾ ਹੈ। ਸ਼ਸ਼ ਦੇ ਕੁਝ ਸਹਿਯੋਗੀ ਜਿਵੇਂ ਬਜਰੰਗ ਦਲ, ਅਤੇ ਵੀ.ਐਚ.ਪੀ. ਅਦਿਕ ਛੀਅ (ਸੀਆਈਏ) ਵੱਲੋਂ ਜਾਰੀ ਧਾਰਮਿਕ ਅੱਤਵਾਦੀ ਸੰਗਠਨਾਂ ਦੀ ਸੂਚੀ ਵਿੱਚ ਸ਼ਾਮਲ ਹਨ। (ਸੀਆਈਏ ਨੇ ਵਰਲਡ ਫੈਕਟਬੁੱਕ ਵਿੱਚ ਵੀਐਚਪੀ, ਬਜਰੰਗ ਦਲ ਨੂੰ 'ਧਾਰਮਿਕ ਅੱਤਵਾਦੀ ਸੰਗਠਨਾਂ' ਵਜੋਂ ਨਾਮ ਦਿੱਤਾ ਹੈ। -ਦਿ ਇੰਡੀਅਨ ਐਕਸਪ੍ਰੈਸ ਦੀ ਇੱਕ ਖ਼ਬਰ)

ਔਡਰੀ ਟਰਸਕੇ, ਜੋ ਕਿ ਨਿਊ ਜਰਸੀ ਵਿੱਚ ਰਟਗਰਜ਼ ਯੂਨੀਵਰਸਿਟੀ ਵਿੱਚ ਇੱਕ ਪ੍ਰੋਫੈਸਰ ਤੇ ਇੱਕ ਅਕਾਦਮਿਕ ਆਲੋਚਨਾਤਮਕ ਹਨ, ਉੱਨਾਂ ਨੂੰ ਅਮਰੀਕਾ ਵਿੱਚ ਹਿੰਦੂ ਕੱਟੜਪੰਥੀ ਹਿੰਦੂਆਂ ਵੱਲੋਂ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ। (ਹਿੰਦੂ ਸਰਵਉੱਚਤਾ ਦਾ ਅਭਿਮਾਨ, ਅਮਰੀਕਾ ਵਿੱਚ ਅਕਾਦਮਿਕ ਆਜ਼ਾਦੀ ਲਈ ਇੱਕ ਖ਼ਤਰਾ।

ACADEME BLOG ਭਾਰਤ ਦਹਾਕਿਆਂ ਤੋਂ ਭਾਰਤ ਵਿੱਚ ਸਿੱਖਾਂ ਅਤੇ ਹੋਰ ਘੱਟ ਗਿਣਤੀਆਂ ਦਾ ਕਤਲੇਆਮ ਕਰ ਰਿਹਾ ਹੈ। ਭਾਰਤੀ ਫੌਜ ਜੂਨ 1984 ਵਿੱਚ ਸਿੱਖ ਧਰਮ ਦੇ ਸਭ ਤੋਂ ਪਵਿੱਤਰ ਅਸਥਾਨ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਉੱਤੇ ਹਮਲਾ ਕਰਨ ਅਤੇ ਨਵੰਬਰ 1984 ਵਿੱਚ ਪੂਰੇ ਭਾਰਤ ਵਿੱਚ ਸਿੱਖ ਨਸਲਕੁਸ਼ੀ ਕਰਨ ਤੋ ਬਾਅਦ, ਸਿੱਖਾਂ ਦੀ ਇੱਕ ਪੂਰੀ ਪੀੜ੍ਹੀ ਨੂੰ 1990 ਦੇ ਦਹਾਕੇ ਵਿੱਚ ਕੀਤੇ ਗਏ ਝੂਠੇ ਪੁਲਸ ਮੁਕਾਬਲਿਆਂ ਵਿੱਚ ਮਾਰ ਦਿੱਤਾ ਗਿਆ ਸੀ।

ਭਾਰਤ ਵੱਲੋਂ ਸਿੱਖਾਂ ਦੇ ਕਤਲੇਆਮ ਦਾ ਇਹ ਸਿਲਸਿਲਾ ਹੁਣ ਉੱਤਰੀ ਅਮਰੀਕਾ ਸਮੇਤ ਵਿਦੇਸ਼ਾਂ ਵਿੱਚ ਵੀ ਪਹੁੰਚ ਚੁੱਕਿਆ ਹੈ। ਭਾਰਤੀ ਰਾਸ਼ਟਰੀ ਇਨਵੈਸਟੀਗੇਟਿਵ ਏਜੰਸੀ ਨੇ 20 ਡਾਇਸਪੋਰਾ ਸਿੱਖ ਕੌਮ ਦੀ ਅਜ਼ਾਦੀ ਲਈ ਸਰਗਰਮ ਨੇਤਾਵਾਂ ਦੀ ਇਕ ਵੱਡੇ ਪੱਧਰ ਤੇ ਭਾਰਤ ਵਿੱਚ ਪ੍ਰਚਾਰ ਕਰਕੇ ਹਿੱਟ ਲਿਸਟ ਜਾਰੀ ਕੀਤੀ ਹੈ। ਇਨ੍ਹਾਂ 'ਚੋਂ ਚਾਰ ਸਿੱਖ ਆਗੂਆਂ ਨੂੰ ਭਾਰਤੀ ਖੁਫੀਆ ਏਜੰਸੀ ਹੁਣ ਤੱਕ ਭਾੜੇ ਦੇ ਕਾਤਲਾਂ ਹੱਥੋਂ ਕਤਲ ਕਰਵਾ ਕੇ ਖਤਮ ਕਰ ਚੁੱਕੀ ਹੈ। (ਭਾਰਤ ਦੀ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਭਾਰਤੀ ਟੀਵੀ 'ਤੇ ਡਾਇਸਪੋਰਾ 20 ਸਿੱਖਾਂ ਦੀ ਹਿੱਟ ਲਿਸਟ ਜਾਰੀ ਕਰਨ ਕਰਕੇ, ਅੰਤਰਰਾਸ਼ਟਰੀ ਜਾਂਚ ਅਤੇ ਆਲੋਚਨਾ ਦਾ ਸਾਹਮਣਾ ਕਰ ਰਹੀ ਹੈ - ਸਿੱਖ ਫੈਡਰੇਸ਼ਨ ਯੂਕੇ)

ਸਿੱਖ ਕੌਮ ਦੇ ਅਜ਼ਾਦੀ ਸੰਘਰਸ਼ ਦੇ ਆਗੂ ਹਰਦੀਪ ਸਿੰਘ ਨਿੱਝਰ ਦੀ ਭਾਰਤ ਦੁਆਰਾ ਭਾੜੇ 'ਤੇ ਲਏ ਅੱਤਵਾਦੀ ਕਾਤਲਾਂ ਦੁਆਰਾ ਕੀਤੀ ਗਈ ਹੱਤਿਆ, ਅਤੇ ਇਸੇ ਤਰ੍ਹਾਂ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਵਕੀਲ ਗੁਰਪਤਵੰਤ ਸਿੰਘ ਪੰਨੂੰ ਦੇ ਕਤਲ ਦੀ ਕੋਸ਼ਿਸ਼ ਵੀ ਇਹਨਾਂ ਕਤਲਾਂ ਦੀ ਲਗਾਤਾਰਤਾ, ਅਤੇ ਭਾਰਤ ਸਰਕਾਰ ਦੁਆਰਾ ਅੰਤਰ ਰਾਸ਼ਟਰੀ ਦਮਨ ਤਹਿਤ ਕੀਤੀਆਂ ਕਾਰਵਾਈਆਂ ਦੀਆਂ ਦੋ ਪ੍ਰਤੱਖ ਉਦਾਹਰਣਾਂ ਹਨ। ਕੈਲੀਫੋਰਨੀਆ ਹਾਈਵੇਅ 'ਤੇ ਸਿੱਖ ਕਾਰਕੁਨ ਸਤਿੰਦਰ ਪਾਲ ਸਿੰਘ ਰਾਜੂ ਤੇ ਹੋਇਆ ਜਾਨਲੇਵਾ ਹਮਲਾ ਵੀ ਭਾਰਤੀ ਏਜੰਟਾਂ ਦੁਆਰਾ ਟੀ.ਐਨ.ਆਰ. ਤਹਿਤ ਕੀਤੀ ਕਾਰਵਾਈ ਹੈ ਅਤੇ ਇਸ ਦੀ ਵੀ ਜਾਂਚ ਹੋਣੀ ਚਾਹੀਦੀ ਹੈ। ਐਚ.ਏ.ਐਫ. ਇਸ ਤਰਾਂ ਦੀਆਂ ਦਹਿਸ਼ਤਗਰਦੀ ਕਾਰਵਾਈਆਂ ਦੀ ਰਣਨੀਤੀ ਦਾ ਇੱਕ ਵੱਡਾ ਸਮਰਥਕ ਹੈ, ਜੋ ਕਿ ਮੋਦੀ ਦੇ ਭਾਰਤ ਵਿੱਚ ਇਸਦੀ ਮਾਂ ਸੰਸਥਾ ਵੱਲੋਂ ਚਲਾਈਆਂ ਜਾਂਦੀਆਂ ਹਨ।

ਅਮਰੀਕੀ ਸੈਨੇਟ ਅਤੇ ਸਦਨ ਵਿੱਚ ਭਾਰਤ ਦੇ ਇਸ ਬਦਮਾਸ਼ੀ ਭਰੇ ਵਤੀਰੇ ਨੂੰ ਨਿਸ਼ਾਨਾ ਬਣਾਉਣ ਵਾਲੇ ਨੂੰ ਬਿੱਲ ਪੇਸ਼ ਕੀਤੇ ਗਏ ਹਨ। ਐਫਬੀਆਈ, ਸੀਆਈਏ ਅਤੇ ਅਮਰੀਕੀ ਨਿਆਂਪਾਲਿਕਾ ਚੋਟੀ ਦੇ ਭਾਰਤੀ ਖੁਫੀਆ ਅਧਿਕਾਰੀਆਂ ਅਤੇ ਏਜੰਟਾਂ ਵਿਰੁੱਧ ਕਤਲ ਦੇ ਦੋਸ਼ਾਂ ਦੀ ਪੈਰਵੀ ਕਰ ਰਹੀ ਹੈ। ਜਿਸ ਸੇ ਨਤੀਜੇ ਆਉਣ ਵਾਲੇ ਦਿਨਾਂ ਵਿਚ ਸਾਹਮਣੇ ਹੋਣਗੇ।

ਐਚ.ਏ.ਐਫ. ਸਿੱਖ ਗੁਰਦੁਆਰਾ ਫਰੀਮਾਂਟ 'ਤੇ ਦੋਸ਼ ਲਗਾਉਣ ਲਈ ਇੰਦਰਾ ਗਾਂਧੀ ਦੇ ਸਮੇਂ ਦੇ ਢੰਗ ਤਰੀਕਿਆਂ ਦੀ ਵਰਤੋਂ ਕਰ ਰਹੀ ਹੈ। ਸੈਕਰਾਮੈਂਟੋ ਬੀ ਦੁਆਰਾ ਰਿਪੋਰਟ ਕੀਤੇ ਮੁਤਾਬਿਕ, ਐਚ.ਏ.ਐਫ. ਵੱਲੋਂ ਕਥਿਤ ਨਸ਼ੀਲੇ ਪਦਾਰਥਾਂ ਨੂੰ ਚਲਾਉਣ ਅਤੇ ਗੈਰ-ਕਾਨੂੰਨੀ ਹਥਿਆਰਾਂ ਦਾ ਭੰਡਾਰ ਕਰਨ ਲਈ ਗੁਰਦੁਆਰਾ ਫਰੀਮਾਂਟ ਦੇ ਨਾਲ ਨਾਲ, ਹੋਰ ਅਣ-ਨਿਰਧਾਰਤ ਸੰਖਿਆ ਵਿੱਚ ਗੁਰਦੁਆਰਿਆਂ ਨੂੰ ਸ਼ਾਮਲ ਕਰਨ ਦੀ ਘਿਨਾਉਣੀ ਕੋਸ਼ਿਸ਼ ਕੀਤੀ ਗਈ ਹੈ। ਸਿੱਖ ਕੌਮ ਇਨ੍ਹਾਂ ਅਪਮਾਨਜਨਕ ਅਤੇ ਬੇਬੁਨਿਆਦ ਦੋਸ਼ਾਂ ਨੂੰ ਕਦਾਚਿੱਤ ਬਰਦਾਸ਼ਤ ਨਹੀਂ ਕਰੇਗੀ ਅਤੇ ਅਜਿਹੇ ਲਈ ਕਾਨੂੰਨੀ ਅਤੇ ਅਪਰਾਧਿਕ ਸਜ਼ਾਵਾਂ ਦੀ ਚਾਰਾਜੋਈ ਵੀ ਕਰੇਗੀ।

ਐਚ.ਏ.ਐਫ, ਕਾਨੂੰਨ ਅਧਾਰਤ ਵਿਸ਼ਵ ਵਿਵਸਥਾ ਦੇ ਦੁਸ਼ਮਣ ਮੋਦੀ ਦੀ ਖਾਸ ਹਿਤੈਸ਼ੀ ਹੈ। ਇੱਕ ਅਮਰੀਕੀ ਨਾਗਰਿਕ ਦੀ ਹੱਤਿਆ ਦੀ ਕੋਸ਼ਿਸ਼ ਲਈ ਅਮਰੀਕਾ ਵਿੱਚ ਮੋਦੀ ਦੇ ਭਾੜੇ ਦੇ ਕਾਤਲਾਂ 'ਤੇ ਕਾਨੂੰਨੀ ਦੋਸ਼ ਆਇਦ ਹੋ ਚੁੱਕੇ ਹਨ।

ਮੋਦੀ ਸਰਕਾਰ ਦੇ ਗੁੰਡਿਆਂ ਨੇ ਪਿਛਲੇ ਸਾਲ ਇੱਕ ਕੈਨੇਡੀਅਨ ਸਿੱਖ ਆਗੂ ਦੀ ਹੱਤਿਆ ਕਰ ਦਿੱਤੀ ਸੀ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੈਨੇਡੀਅਨ ਸੰਸਦ ਵਿੱਚ ਇਸ ਬਾਰੇ ਖੁੱਲ ਕੇ ਗੱਲ ਕੀਤੀ ਸੀ। ਭਾਰਤ ਦੇ ਅੰਤਰ-ਰਾਸ਼ਟਰੀ ਜਬਰ ਤੋਂ ਹੁਣ ਪੂਰੀ ਦੁਨੀਆ ਜਾਣੂ ਹੋ ਚੁੱਕੀ ਹੈ।

ਪੰਜਾਬ ਨੂੰ ਭਾਰਤੀ ਕਬਜੇ ਤੋਂ ਮੁਕਤ ਕਰਵਾ ਕੇ, ਸਿੱਖ ਹੋਮਲੈਂਡ (ਖਾਲਿਸਤਾਨ) ਨੂੰ ਹਾਸਲ ਕਰਨ ਲਈ ਸਿੱਖ ਅਤੇ ਸ਼ਢਝ ਪੂਰੀ ਦੁਨੀਆ ਵਿੱਚ ਸ਼ਾਂਤੀਪੂਰਵਕ ਰਾਏਸ਼ੁਮਾਰੀ ਕਰਵਾ ਰਹੇ ਹਨ। ਇਹ ਰਾਏਸ਼ੁਮਾਰੀ ਸੰਯੁਕਤ ਰਾਸ਼ਟਰ ਚਾਰਟਰ ਦੇ ਅਧੀਨ ਉਨ੍ਹਾਂ ਦਾ ਬੁਨਿਆਦੀ ਮਨੁੱਖੀ ਅਧਿਕਾਰ ਹੈ। ਅਸਲ ਵਿੱਚ ਇਹ ਗੱਲ ਚਿੱਟੇ ਦਿਨ ਵਾਂਗ ਸਪੱਸ਼ਟ ਹੈ ਕਿ ਅਸਲ ਵਿਚ ਅੱਤਵਾਦੀ ਐਚਏਐਫ ਵਰਗੀਆਂ ਕੱਟੜਪੰਥੀ ਜਥੇਬੰਦੀਆਂ ਹਨ, ਨਾ ਕਿ ਸਿੱਖ।

## ਤੁਰਕਿਸ਼ ਏਅਰਲਾਈਨਜ ਦੇ ਜਹਾਜ਼ ਦੇ ਪਾਇਲਟ ਦੀ ਉਡਾਣ ਦੌਰਾਨ ਹੋਈ ਮੌਤ

**○ ਜਹਾਜ਼ ਨੂੰ ਸਹਿ ਪਾਇਲਟ ਨੇ ਹੰਗਾਮੀ ਹਾਲਤ ਵਿਚ ਨਿਊਯਾਰਕ ਹਵਾਈ ਅੱਡੇ 'ਤੇ ਉਤਾਰਿਆ**

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਤੁਰਕਿਸ਼ ਏਅਰਲਾਈਨਜ਼ ਦੇ ਜਹਾਜ਼ ਦੇ ਪਾਇਲਟ ਦੀ ਉਡਾਣ ਦੌਰਾਨ ਅਚਾਨਕ ਮੌਤ ਹੋ ਜਾਣ ਕਾਰਨ ਜਹਾਜ਼ ਨੂੰ ਹੰਗਾਮੀ ਹਾਲਤ ਵਿਚ ਸਹਿ ਪਾਇਲਟ ਵੱਲੋਂ ਨਿਊਯਾਰਕ ਦੇ ਹਵਾਈ ਅੱਡੇ 'ਤੇ ਉਤਾਰੇ ਜਾਣ ਦੀ ਖਬਰ ਹੈ। ਤੁਰਕਿਸ਼ ਏਅਰਲਾਈਨਜ ਦੇ ਬੁਲਾਰੇ ਯਾਹੀਆ ਉਸਤੁਨ ਨੇ ਕਿਹਾ ਹੈ ਕਿ ਜਹਾਜ਼ ਸਿਆਟਲ ਤੋਂ ਇਸਤੰਬੁਲ ਜਾ ਰਿਹਾ ਸੀ ਕਿ 59 ਸਾਲਾ ਪਾਇਲਟ ਲਈਸਹਿਨ ਪੇਹਲੀਵਨ ਅਚਾਨਕ ਬੇਸੁੱਧ ਹੋ ਗਿਆ। ਉਸਤੁਨ ਅਨੁਸਾਰ ਪਾਇਲਟ ਨੂੰ ਡਾਕਟਰੀ ਸਹਾਇਤਾ ਦਿੱਤੀ ਗਈ। ਜਹਾਜ਼ ਦੇ ਸਹਿ ਪਾਇਲਟ ਵੱਲੋ ਜਹਾਜ਼ ਨੂੰ ਹੰਗਾਮੀ ਹਾਲਤ ਵਿਚ ਉਤਾਰਨ ਦਾ ਫੈਸਲਾ ਲਿਆ ਗਿਆ ਪਰੰਤੂ ਪਾਇਲਟ ਪਹਿਲਾਂ ਹੀ ਦਮ ਤੋੜ ਚੁੱਕਾ ਸੀ। ਬੁਲਾਰੇ ਅਨੁਸਾਰ ਪਾਇਲਟ 2007 ਤੋਂ ਤੁਰਕਿਸ਼ ਏਅਰਲਾਈਨ ਵਿਚ ਕੰਮ ਕਰ ਰਿਹਾ ਸੀ ਤੇ ਇਸ ਸਾਲ ਮਾਰਚ ਵਿਚ ਉਸ ਦੀ ਆਮ ਵਾਂਗ ਹੋਈ ਮੈਡੀਕਲ ਜਾਂਚ ਵਿੱਚ ਉਸ ਨੂੰ ਕੋਈ ਵੀ ਸਿਹਤ ਸਮੱਸਿਆ ਨਹੀਂ ਸੀ ਤੇ ਉਹ ਪੂਰੀ ਤਰਾਂ ਤੰਦਰੁਸਤ ਸੀ। ਤੁਰਕਿਸ਼ ਏਅਰਲਾਈਨ ਨੇ ਕੈਪਟਨ ਦੀ ਮੌਤ ਨੂੰ ਵੱਡਾ ਘਾਟਾ ਦੱਸਿਆ ਹੈ ਤੇ ਪੀੜਤ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਹੈ।

# ਪੰਚਾਂ ਦਾ ਕਿਹਾ ਸਿਰ ਮੱਥੇ

**ਸੁਖਪਾਲ ਸਿੰਘ ਗਿੱਲ**
**ਆਬਿਆਣਾ ਕਲਾਂ**
9878111445

ਪੰਚ ਪਰਮੇਸ਼ਵਰੀ ਦੇ ਸਿਧਾਂਤ ਉੱਤੇ ਪੰਚਾਇਤੀ ਸਿਸਟਮ ਖੜ੍ਹਾ ਹੈ। ਪੰਜਾਬ ਵਿੱਚ ਪੰਚਾਇਤੀ ਚੋਣਾਂ ਦੀ ਕਾਂਵਾਰੌਲੀ ਸ਼ੁਰੂ ਹੋ ਚੁੱਕੀ ਹੈ। ਮਹਾਰਾਜੇ ਅਸ਼ੋਕ ਦੇ ਸਮੇਂ ਤੋਂ ਅੱਜ ਤੱਕ ਵੱਖ ਵੱਖ ਪੈਂਡੇ ਤੈਅ ਕਰਦਾ ਪੰਚਾਇਤੀ ਰਾਜ ਲੋਕਤੰਤਰ ਦੀ ਮੂਲ ਇਕਾਈ ਬਣਿਆ ਹੈ। ਸਥਾਨਿਕ ਸਰਕਾਰ ਦੇ ਤੌਰ ਤੇ ਪੰਚਾਇਤਾਂ ਸਵੈ ਸਰਕਾਰ ਅਤੇ ਸਵੈ ਵਿਕਾਸ ਕਰਦੀਆਂ ਲੋਕਾਂ ਦੀ ਭਾਗੇਦਾਰੀ ਨੂੰ ਯਕੀਨੀ ਬਣਾਉਂਦੀਆਂ ਹਨ। ਉਂਗਲ ਲਾਊ ਮਹਿਕਮਾਂ, ਅਸਲੇਟੀ ਸੁਭਾਅ ਅਤੇ ਸ਼ਰਾਬ ਦੀ ਹੋੜ ਪਰਮੇਸ਼ਵਰੀ ਸੁਭਾਅ ਦੀ ਬਜਾਏ ਪਿੰਡਾਂ ਦੀਆਂ ਪੰਚਾਇਤਾਂ ਨੂੰ ਉਦੇਸ਼ ਤੋ ਭਟਕਾ ਦਿੰਦੀਆਂ ਹਨ। ਪਿੰਡ ਦੀ ਸੇਵਾ ਦੀ ਬਜਾਏ ਹਊਮੈ, ਸਰਪੰਚ ਸਾਹਿਬ ਅਤੇ ਚੌਧਰ ਦੀ ਭੁੱਖ ਇਹਨਾ ਚੋਣਾਂ ਤੇ ਭਾਰੂ ਹੁੰਦੀਆਂ ਹਨ।



73 ਵੀਂ ਸੰਵਿਧਾਨਿਕ ਸੋਧ ਨੇ ਪੰਚਾਇਤੀ ਸਿਸਟਮ ਨੂੰ ਪਾਰਦਰਸ਼ਤਾ ਦਿੱਤੀ ਹੈ। ਇਸ ਤੋਂ ਪਹਿਲਾ ਸਰਕਾਰ ਦੀ ਰਹਿਮੋ ਕਰਮ ਵਾਲੇ ਵੀ ਸਰਪੰਚ ਬਣ ਜਾਂਦੇ ਸਨ। ਇਸ ਸਿਸਟਮ ਦਾ ਨਾਂਹ ਪੱਖੀ ਪਰਭਾਵ ਧੜੇਬੰਦੀ ਹੁੰਦੀ ਹੈ। ਸਰਕਾਰ ਕੋਲ ਸਰਬਸੰਮਤੀ ਨੂੰ ਉਤਸਾ ਕਰਨ ਲਈ ਨਾਲ ਚੁਣੀਆਂ ਪੰਚਾਇਤਾਂ ਨੂੰ ਵਿਸੇਸ਼ ਗਰਾਟ ਦੇਣ ਦਾ ਫਾਰਮੂਲਾ ਹੁੰਦਾ ਹੈ, ਪਰ ਖੜਪੰਚ ਇਸ ਨੂੰ ਸਿਰੇ ਨਹੀਂ ਲੱਗਣ ਦਿੰਦੇ। ਜਦੋਂ ਚੋਣਾਂ ਸਮੇਂ ਪਿੰਡ ਵਿੱਚ ਵਰ -ਵਰੀਆ ਪੈਦਾ ਹੋ ਜਾਦੀਆਂ ਹਨ ਤਾਂ ਪੰਜ ਸਾਲ ਇਹਨਾਂ ਨੂੰ ਢੱਕਣ ਲਈ ਲੱਗ ਜਾਂਦੇ ਹਨ ਵਿਕਾਸ ਦਾ ਫੁਰਨਾ ਹੀ ਮਧੋਲਿਆ ਜਾਂਦਾ ਹੈ। ਧੜਿਆਂ ਦੇ ਪੰਚ ਵੀ ਰੁਕਾਵਟ ਪਾ ਦਿੰਦੇ ਹਨ। 2008 ਦੀਆਂ ਪੰਚਾਇਤੀ ਚੋਣਾਂਦੇ ਝਗੜੇ ਸਮੇਂ 41 ਵਿਅਕਤੀ ਜ਼ਖਮੀ ਹੋਏ। ਇਸੇ ਤਰਜ਼ ਤੇ 2013 ਦੀਆਂ ਪੰਚਾਇਤੀ ਚੋਣਾਂ ਸਮੇਂ 30 ਵਿਅਕਤੀ ਜ਼ਖਮੀ ਹੋਏ। ਅਠਾਰਾਂ ਵਿੱਚ ਵੀ ਲੜਾਈਆਂ ਝਗੜਿਆਂ ਦਾ ਵਰਤਾਰਾ ਚੱਲਿਆ। ਪਹਿਲੇ ਕਿਤੇ ਕਿਤੇ ਆਪਣੇ ਬੰਦੇ ਅਡਜਸਟ ਕਰਨ ਲਈ ਨਵੀਆਂ ਪੰਚਾਇਤਾਂ ਵੀ ਬਣਵਾ ਦਿੰਦੇ ਸਨ, ਇਸ ਵਾਰ ਸਰਕਾਰ ਨੇ ਕੋਈ ਨਵੀਂ ਪੰਚਾਇਤ ਨਹੀਂ ਬਣਾਈ। ਰਾਖਵਾਂਕਰਨ ਵੀ ਚਰਚਾਵਾਂ ਵਿੱਚ ਹੈ।

ਪੰਚਾਇਤੀ ਰਾਜ ਨੂੰ ਪੰਚ ਪਰਵਾਨਗੀ ਵੀ ਸੋਝੀ ਮਾਨਸਿਕਤਾ ਨਹੀਂ ਦੇਣ ਦਿੰਦੀ। ਲੋਕ ਮਾਨਸਿਕਤਾ ਲੋਕਤੰਤਰ ਦੀਆਂ ਜੜ੍ਹਾਂ ਨੂੰ ਖੋਖਲਾ ਕਰਨ ਵਲ ਤੁਰੀ ਜਾਦੀ ਹੈ। ਸਰਕਾਰ ਦੀਆਂ ਸਕੀਮਾਂ ਥੱਲੇ ਤੱਕ ਪਹੁੰਚਾਉਂਣ ਦਾ ਜ਼ਰੀਆ ਸਿਰਫ਼ ਪੰਚਾਇਤਾਂ ਹੀ ਹਨ। ਇਹਨਾਂ ਦੀ ਪਾਰਦਰਸ਼ਤਾ ਰੱਖਣ ਲਈ ਹਾੜ੍ਹੀ ਸਾਉਣੀ ਆਮ ਅਜਲਾਸ ਦਾ ਚੈੱਕ ਨਟ ਹੁੰਦਾ ਹੈ। ਜਾਗਰੂਕਤਾ ਦੀ ਕਮੀ ਅਤੇ ਭਾਈ ਭਤੀਜਾਵਾਦ ਇਹਨਾਂ ਦੇ ਪੈਰ ਨੂੰ ਪੈਖੜ ਪਾ ਦਿੰਦਾ ਹੈ। ਪੰਜ ਸਾਲ ਬਾਅਦ ਬਦਲਾਓ ਜ਼ਰੂਰੀ ਹੈ, ਪਰ ਇਹ ਸਮਾਂ ਅਜਾਈਂ ਗੁਆ ਲਿਆ ਜਾਂਦਾ ਹੈ। ਅਗਲੇ ਪੰਜ ਸਾਲ ਸੁਰੱਖਿਤ ਰੱਖਣ ਦੀ ਆੜ ਅਤੇ ਹੋੜ ਹੇਠ ਵੀ ਪਰਨਾਲਾ ਉੱਥੇ ਹੀ ਟਿਕ ਜਾਂਦਾ ਹੈ।

ਪੰਚਾਇਤ ਦੀ ਅਵਾਜ਼ ਪਰਮੇਸ਼ਵਰੀ ਸੁਨੇਹਾ ਹੁੰਦੀ ਹੈ। ਸਰਕਾਰ ਵਲੋਂ ਸਮੇਂ ਸਮੇਂ ਤੇ ਸਿੱਖਿਆ ਵੀ ਦਿੱਤੀ ਜਾਂਦੀ ਹੈ। ਪੰਚਾਇਤੀ ਚੋਣ ਜਿੱਤਣ ਲਈ ਹਰ ਹਰਵਾ ਜ਼ਰਬਾ ਵਰਤਿਆ ਜਾਂਦਾ ਹੈ। ਸਵੇਰੇ ਪਿੰਡ ਸਰਬਸੰਮਤੀ ਕਰਦਾ ਹੈ, ਸਾਮ ਨੂੰ ਉਹੀ ਸਰਬਸੰਮਤੀ ਤੋੜ ਦਿੰਦੇ ਹਨ। ਪੰਚਾਇਤੀ ਫੈਸਲੇ ਕਰਨ ਤੋਂ ਬਾਅਦ ਤੋੜ ਦਿੱਤੇ ਜਾਂਦੇ ਹਨ। ਪੰਚਾਇਤ ਦੇ ਹੁਕਮ ਦੀ ਪਰਵਾਹ ਵੀ ਨਹੀਂ ਕੀਤੀ ਜਾਂਦੀ।

ਸਰਕਾਰ ਨੇ ਲੰਬੀ ਪਰੀਕਿਰਿਆ ਤੋਂ ਬਾਅਦ ਪੰਚਾਇਤੀ ਸਿਸਟਮ ਨੂੰ ਸਮੇਂ ਦਾ ਹਾਣੀ ਬਣਾ ਕੇ ਲੋਕਾਂ ਨੂੰ ਦਿੱਤਾ ਤਾਂ ਜੋ ਆਪਣੀ ਸਰਕਾਰ ਖੁਦ ਚਲਵਾ ਕੇ ਪਿੰਡ ਆਪਣੀਆਂ ਔਕੜਾ ਦੂਰ ਕਰਕੇ ਆਪਣਾ ਵਿਕਾਸ ਆਪ ਕਰੇ। ਇਸੇ ਲਈ ਪੰਚ ਪਰਮੇਸਵਰੀ ਨੂੰ ਸਵੈ ਸਰਕਾਰਾਂ ਰਾਹੀਂ ਅਮਲੀ ਜਾਮਾ ਦੇਣ ਲਈ ਪੰਚਾਇਤ ਐਕਟ ਘੜਿਆ। ਸਭ ਕੁੱਝ ਕਰਨ ਦੇ ਬਾਵਜੂਦ ਵੀ ਉਦੇਸ਼ ਦੀ ਪੂਰਤੀ ਸਹੀ ਅਤੇ ਜਿਆਦਾ ਨਹੀਂ ਹੋ ਸਕੀ। ਅੱਜ ਵੀ ਪੰਚਾਇਤੀ ਬਰੂਹਾਂ ਤੇ ਕਹਾਵਤ ਤਰੋਤਾਜਾ ਲੱਗਦੀ ਹੈ, "ਪੰਚਾਂ ਦਾ ਕਿਹਾ ਸਿਰ ਮੱਥੇ, ਪਰਨਾਲਾ ਉੱਥੇ ਦਾ ਉੱਥੇ"

## ਮਿੰਨੀ ਕਹਾਣੀ / ਦਰਦ ਦੀ ਦਵਾ

ਗਰਮੀਆਂ ਦੇ ਦਿਨ ਸਨ। ਰਾਤ ਦੇ ਦਸ ਕੁ ਵੱਜਣ ਵਾਲੇ ਸਨ। ਪਿੰਡ ਨੂੰ ਆਉਂਦੀ ਲਿੰਕ ਰੋਡ ਤੇ ਪਿੰਡ ਵਿੱਚ ਦਾਖਲ ਹੋਣ ਲੱਗਿਆਂ ਸਭ ਤੋਂ ਪਹਿਲਾਂ ਮੱਖਣ ਸਿੰਘ ਦਾ ਘਰ ਹੀ ਆਉਂਦਾ ਹੈ। ਅਚਾਨਕ ਉਸ ਦੇ ਘਰ ਦਾ ਗੇਟ ਕਿਸੇ ਨੇ ਖੜਕਾਇਆ। ਉਸ ਨੇ ਆਪਣੇ ਕਮਰੇ ਤੋਂ ਬਾਹਰ ਆ ਕੇ ਗੇਟ ਖੋਲ੍ਹਿਆ। ਇੱਕ 25 ਕੁ ਸਾਲ ਦਾ ਨੌਜਵਾਨ ਗੇਟ ਵਿੱਚ ਖੜ੍ਹਾ ਸੀ। ਸੜਕ ਤੇ ਖੜ੍ਹੀ ਕਾਰ ਵਿੱਚ ਕੋਈ ਔਰਤ ਦਰਦ ਨਾਲ ਕੁਰਲਾ ਰਹੀ ਸੀ। ਨੌਜਵਾਨ ਨੇ ਉਸ ਨੂੰ ਆਖਿਆ," ਇੱਥੇ ਡਾਕਟਰ ਰਵੀ ਦਾ ਘਰ ਕਿੱਥੇ ਕੁ ਆ ? ਉਸ ਨੇ ਸਾਡੇ ਪਿੰਡ ਕਲੀਨਿਕ ਖੋਲ੍ਹਿਆ ਹੋਇਐ। ਕਾਰ 'ਚ ਬੈਠੀ ਮੇਰੀ ਛੋਟੀ ਭੈਣ ਦੇ ਦਿਲ ਤੇ ਬਹੁਤ ਦਰਦ ਹੋ ਰਿਹੈ। ਅਸੀਂ ਉਸ ਨੂੰ ਫੋਨ ਕਰਨ ਦਾ ਬਹੁਤ ਯਤਨ ਕੀਤਾ, ਪਰ ਉਸ ਦਾ ਫੋਨ ਬੰਦ ਆ ਰਿਹੈ। ਮੇਰੀ ਛੋਟੀ ਭੈਣ ਪਹਿਲਾਂ ਵੀ ਉਸ ਤੋਂ ਦਵਾਈ ਲੈਂਦੀ ਆ।" "ਉਸ ਦਾ ਘਰ ਪਿੰਡ 'ਚ ਤੰਗ ਗਲੀ 'ਚ ਆ। ਤੁਹਾਨੂੰ ਲੱਭਣ 'ਚ ਔਖ ਆਵੇਗੀ। ਇਸ ਕਰਕੇ ਮੈਂ ਤੁਹਾਡੇ ਨਾਲ ਚੱਲਦਾਂ," ਕੁੜੀ ਨੂੰ ਦਰਦ ਨਾਲ ਕੁਰਲਾਂਦੇ ਵੇਖ ਕੇ ਮੱਖਣ ਸਿੰਘ ਨੇ ਆਖਿਆ।

ਨੌਜਵਾਨ ਨੇ ਮੱਖਣ ਸਿੰਘ ਨੂੰ ਕਾਰ ਵਿੱਚ ਬਿਠਾ ਕੇ ਕਾਰ ਸਟਾਰਟ ਕੀਤੀ। ਅੱਧਾ ਕੁ ਕਿਲੋਮੀਟਰ ਜਾ ਕੇ ਮੱਖਣ ਸਿੰਘ ਨੇ ਨੌਜਵਾਨ ਨੂੰ ਕਾਰ ਰੋਕਣ ਲਈ ਕਿਹਾ। ਮੱਖਣ ਸਿੰਘ, ਨੌਜਵਾਨ ਤੇ ਉਸ ਦੀ ਛੋਟੀ ਭੈਣ ਕਾਰ ਚੋਂ ਉਤਰ ਕੇ ਡਾਕਟਰ ਰਵੀ ਦੇ ਘਰ ਵੱਲ ਨੂੰ ਤੁਰ ਪਏ। ਉਸ ਦੇ ਘਰ ਪਹੁੰਚ ਕੇ ਮੱਖਣ ਸਿੰਘ ਨੇ ਉਸ ਦੇ ਘਰ ਦਾ ਗੇਟ ਖੜਕਾਇਆ। ਉਸ ਦੇ ਡੈਡੀ ਨੇ ਗੇਟ ਖੋਲ੍ਹਿਆ ਤੇ ਉਹ ਕੁਰਸੀਆਂ ਤੇ ਬੈਠ ਕੇ ਉਸ ਦਾ ਇੰਤਜ਼ਾਰ ਕਰਨ ਲੱਗੇ। ਉਸ ਨੇ ਆਉਂਦੇ ਸਾਰ ਕੁੜੀ ਦਾ ਬਲੱਡ ਪ੍ਰੈਸ਼ਰ ਵੇਖਿਆ, ਜੋ ਕਿ ਨਾਰਮਲ ਤੋਂ ਕੁੱਝ ਵੱਧ ਸੀ। ਫੇਰ ਉਸ ਨੇ ਕੁੜੀ ਦੇ ਦਰਦ ਦਾ ਟੀਕਾ ਲਾਇਆ ਤੇ ਖਾਣ ਨੂੰ ਦੋ ਗੋਲੀਆਂ ਦਿੱਤੀਆਂ। ਦਸ ਕੁ ਮਿੰਟਾਂ ਵਿੱਚ ਉਸ ਨੂੰ ਦਰਦ ਤੋਂ ਕਾਫੀ ਰਾਹਤ ਮਿਲ ਗਈ। ਡਾਕਟਰ ਰਵੀ ਦਾ ਹਾਲੇ ਵਿਆਹ ਨਹੀਂ ਸੀ ਹੋਇਆ। ਉਹ ਵੇਖਣ ਨੂੰ ਬੜਾ ਸੋਹਣਾ ਲੱਗਦਾ ਸੀ। ਉਸ ਦੇ ਡੈਡੀ ਨੇ ਸੋਚਿਆ, ਕਿਤੇ ਉਸ ਦਾ ਮੁੰਡਾ ਇਸੇ ਕੁੜੀ ਨਾਲ ਵਿਆਹ ਨਾ ਕਰਵਾ ਲਵੇ। ਆਣ ਵਾਲੇ ਖਤਰੇ ਨੂੰ ਭਾਂਪਦੇ ਹੋਏ ਉਸ ਨੇ ਕੁੜੀ ਦੇ ਵੱਡੇ ਭਰਾ ਨੂੰ ਆਖਿਆ, "ਵੇਖ ਪੁੱਤ, ਮੇਰੀ ਗੱਲ ਦਾ ਗੁੱਸਾ ਨਾ ਕਰੀਂ। ਇਸ ਵੇਲੇ ਤੇਰੀ ਭੈਣ ਵਿਆਹੇ ਜਾਣ ਦੇ ਯੋਗ ਆ। ਇਦ੍ਹੇ ਲਈ ਚੰਗਾ ਜਿਹਾ ਮੁੰਡਾ ਲੱਭੋ। ਇਸ ਦੇ ਦਿਲ ਤੇ ਜਿਹੜਾ ਦਰਦ ਹੁੰਦਾ ਆ, ਇਹ ਟੈਂਪਰੇਰੀ ਆ। ਇਹ ਕੋਈ ਗੰਭੀਰ ਬੀਮਾਰੀ ਨਹੀਂ। ਇਸ ਦਾ ਵਿਆਹ ਹੋਣ ਨਾਲ ਸਭ ਕੁੱਝ ਠੀਕ ਹੋ ਜਾਵੇਗਾ।" ਇਸ ਤੋਂ ਪਹਿਲਾਂ ਕਿ ਉਹ ਹੋਰ ਕੁੱਝ ਬੋਲਦਾ, ਉਹ ਡਾਕਟਰ ਰਵੀ ਦੇ ਘਰ ਤੋਂ ਬਾਹਰ ਆ ਗਏ।



**ਮਹਿੰਦਰ ਸਿੰਘ ਮਾਨ, ਕੈਨਾਲ ਰੋਡ, ਸਾਮ੍ਹਣੇ ਅੰਗਦ ਸਿੰਘ ਐੱਮ ਐੱਲ ਏ ਹਾਊਸ ਨਵਾਂ ਸ਼ਹਿਰ-144514, ਫੋਨ 9915803554**

## ਡਾ. ਚਰਨਜੀਤ ਸਿੰਘ ਗੁਮਟਾਲਾ ਵੱਲੋਂ ਚੋਣਾਂ ਵੋਟਿੰਗ ਮਸ਼ੀਨਾਂ ਦੀ ਥਾਂ 'ਤੇ ਬੈਲਟ ਪੇਪਰਾਂ ਰਾਹੀਂ ਕਰਵਾਉਣ ਦੀ ਮੰਗ

ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਸਾਰੀਆਂ ਰਾਜਨੀਤਕ ਪਾਰਟੀਆਂ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਨੂੰ ਰਾਜਨੀਤੀ ਤੋਂ ਉਪਰ ਉੱਠਕੇ ਚੋਣਾਂ ਵੋਟਿੰਗ ਮਸ਼ੀਨਾਂ ਦੀ ਥਾਂ 'ਤੇ ਪਰਚੀਆਂ ਰਾਹੀਂ ਕਰਵਾਉਣ ਲਈ ਅੱਗੇ ਆਉਣਾ ਚਾਹੀਦਾ ਹੈ। ਪ੍ਰੈਸ ਨੂੰ ਜਾਰੀ ਇੱਕ ਨਿੱਜੀ ਬਿਆਨ ਵਿੱਚ ਮੰਚ ਆਗੂ ਨੇ ਕਿਹਾ ਕਿ ਅਮਰੀਕਾ, ਇੰਗਲੈਂਡ, ਕਨੇਡਾ, ਜਰਮਨ, ਫ਼ਰਾਂਸ, ਨੀਦਰਲੈਂਡ, ਅਸਟਰੇਲੀਆ ਆਦਿ ਮੁਲਕਾਂ ਵਿਚ ਚੋਣਾਂ ਵਿੱਚ ਵੋਟਾਂ ਪਰਚੀਆਂ ਰਾਹੀਂ ਪਾਈਆਂ ਜਾਂਦੀਆਂ ਹਨ। ਇਨ੍ਹਾਂ ਮੁਲਕਾਂ ਵਿਚ ਵੋਟਿੰਗ ਮਸ਼ੀਨਾਂ ਦੀ ਵਰਤੋਂ 'ਤੇ ਪਾਬੰਦੀ ਹੈ ਜਦ ਕਿ ਭਾਰਤ ਤੇ ਕੁਝ ਕੁ ਦੇਸ਼ ਹੀ ਇਨ੍ਹਾਂ ਦੀ ਵਰਤੋਂ ਕਰ ਰਹੇ ਹਨ।



ਭਾਰਤ ਵਿਚ ਵੀ ਪਿਛਲੇ ਕਈ ਸਾਲਾਂ ਤੋਂ ਚੋਣਾਂ ਵੋਟਿੰਗ ਮਸ਼ੀਨਾਂ ਦੀ ਥਾਂ 'ਤੇ ਪਰਚੀਆਂ ਰਾਹੀਂ ਪਵਾਉਣ ਦੀ ਮੰਗ ਹੋ ਰਹੀ ਹੈ ਕਿਉਂਕਿ ਇਨ੍ਹਾਂ ਦੀ ਵਰਤੋਂ 'ਤੇ ਕਈ ਤਰ੍ਹਾਂ ਦੇ ਇਤਰਾਜ਼ ਉੱਠ ਦੇ ਰਹਿ ਹਨ। ਅੰਮ੍ਰਿਤਸਰ ਅਕਾਲੀ ਦਲ ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੇ 31 ਦਸੰਬਰ 2002 ਵਿੱਚ ਇੱਕ ਪ੍ਰੈਸ ਸਟੇਟਮੈਂਟ ਵਿੱਚ ਚੋਣਾਂ ਵੋਟਿੰਗ ਮਸ਼ੀਨਾਂ ਦੀ ਥਾਂ 'ਤੇ ਪਰਚੀਆਂ ਰਾਹੀਂ ਪਵਾਉਣ ਦੀ ਮੰਗ ਕੀਤੀ ਸੀ। ਉਨ੍ਹਾਂ ਇਹ ਵੀ ਕਿਹਾ ਸੀ ਕਿ ਬਹੁਜਨ ਸਮਾਜ ਪਾਰਟੀ ਦੇ ਸੁਪਰੀਮੋ ਕਾਂਸ਼ੀ ਰਾਮ ਅਤੇ ਉਸ ਸਮੇਂ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਵੀ ਇਨ੍ਹਾਂ ਮਸ਼ੀਨਾਂ ਦੀ ਵਿਰੋਧਤਾ ਕਰ ਰਹੇ ਹਨ। ਆਮ ਪਾਰਟੀ ਦੇ ਪ੍ਰਧਾਨ ਅਰਵਿੰਦ ਕੇਜਰੀਵਾਲ ਨੇ 13 ਅਪ੍ਰੈਲ 2017 ਨੂੰ ਕਿਹਾ ਸੀ ਕਿ ਇਨ੍ਹਾਂ ਮਸ਼ੀਨਾਂ ਵਿੱਚ ਹੇਰਾ ਫੇਰੀ ਹੋ ਸਕਦੀ ਹੈ। ਸਭ ਤੋਂ ਵੱਡਾ ਸੁਆਲ ਜੋ ਕਿ ਪ੍ਰਧਾਨ ਮੰਤਰੀ ਤੇ ਚੋਣ ਕਮਿਸ਼ਨ ਕੋਲੋਂ ਪੁਛਣਾਂ ਬਣਦਾ ਹੈ ਕਿ ਅਮਰੀਕਾ, ਕਨੇਡਾ, ਇੰਗਲੈਂਡ, ਫਰਾਂਸ ਵਰਗੇ ਅਗਾਂਹ ਵਧੂ ਮੁਲਕ ਜਿਨ੍ਹਾਂ ਨੇ ਇਹ ਮਸ਼ੀਨਾਂ ਬਣਾਈਆਂ ਹਨ, ਉਹ ਇਨ੍ਹਾਂ ਦੀ ਵਰਤੋਂ ਕਿਉਂ ਨਹੀਂ ਕਰਦੇ, ਤੁਸੀਂ ਕਿਉਂ ਕਰ ਰਹੇ ਹੋ ? ਸਾਰੀਆਂ ਪਾਰਟੀਆਂ ਨੂੰ ਫੋਕੀ ਬਿਆਨਬਾਜੀ ਕਰਨ ਦੀ ਥਾਂ'ਤੇ ਇਸ ਸਬੰਧੀ ਰਲ ਕੇ ਸਾਂਝੀ ਮੁਹਿੰਮ ਚਲਾਉਣੀ ਚਾਹੀਦੀ ਹੈ ਤੇ ਆਉਂਦੇ ਪਾਰਲੀਮੈਂਟ ਅਜਲਾਸ ਵਿਚ ਇਸ ਸਬੰਧੀ ਮਤਾ ਲਿਆ ਕੇ ਪਾਸ ਕਰਵਾਉਣਾ ਚਾਹੀਦਾ ਹੈ ਤਾਂ ਜੁ ਨਿਰਪੱਖ ਚੋਣਾਂ ਹੋ ਸਕਣ।

# ਤਿਤਲੀ ਦੇ ਖੰਭ ਅਤੇ ਜਿੰਦਗੀ ਦੇ ਰੰਗ

**ਜਸਵਿੰਦਰ ਸਿੰਘ ਰੁਪਾਲ**
9814715796



ਵਿਗਿਆਨ ਵਿਚ ਇਕ ਥਿਊਰੀ ਆਉਂਦੀ ਹੈ-ਕਿਐਸ ਥਿਊਰੀ ਇਸ ਦਾ ਇਕ ਸੰਕਲਪ ਹੈ ਬਟਰਫਲਾਈ ਇਫੈਕਟ। (Butterfly Effect) ਜਿਹੜਾ ਇਹ ਕਹਿੰਦਾ ਹੈ ਕਿ ਵੱਡੇ ਅਤੇ ਗੁੰਝਲਦਾਰ ਸਿਸਟਮ ਵਿਚ ਬਹੁਤ ਹੀ ਛੋਟੀ ਤਬਦੀਲੀ ਵੀ ਅਨੁਮਾਨ ਤੋਂ ਬਿਲਕੁਲ ਵੱਖਰੇ ਬਹੁਤ ਵੱਡੇ ਪਰੀਵਰਤਨ ਲਿਆ ਸਕਦੀ ਹੈ। ਇਸ ਥਿਊਰੀ ਦਾ ਖੋਜੀ ਸੀ, ਅਮਰੀਕਾ ਦਾ ਹਿਸਾਬਦਾਨ ਅਤੇ ਮੌਸਮ ਵਿਗਿਆਨੀ ਐਡਵਰਡ ਨੌਰਟਨ ਲੌਰੇਂਜ (23 ਮਈ 1917-16 ਅਪ੍ਰੈਲ 2008) ਜਿਸ ਨੇ 1960 ਵਿਚ ਆਪਣੀਆਂ ਖੋਜਾਂ ਅਤੇ ਤਜਰਬਿਆਂ ਤੋਂ ਬਾਅਦ ਇਹ ਵਿਚਾਰ ਦਿੱਤਾ ਸੀ। ਉਸ ਨੇ ਦੱਸਿਆ ਕਿ ਮੌਸਮ ਦੇ ਮੁੱਢਲੇ ਨਮੂਨੇ ਵਿਚ ਬਹੁਤ ਹੀ ਛੋਟੀ ਤਬਦੀਲੀ, ਲੰਮੇ ਸਮੇਂ ਵਿਚ ਬਹੁਤ ਜਿਆਦਾ ਵੱਡੀਆਂ ਅਤੇ ਅਨੁਮਾਨ ਤੋਂ ਉਲਟ ਤਬਦੀਲੀਆਂ ਲਿਆ ਸਕਦੀ ਹੈ। ਅਲੰਕਾਰਕ ਭਾਸ਼ਾ ਵਿਚ ਆਖੇ ਗਏ ਵਾਕ ਤੋਂ ਇਸਦਾ ਨਾਮ ਬਟਰਫਲਾਈ ਇਫੈਕਟ ਰੱਖਿਆ ਗਿਆ ਸੀ। ਇਹ ਵਾਕ ਸੀ, "ਬਰਾਜ਼ੀਲ ਵਿਚ ਇੱਕ ਛੋਟੀ ਤਿਤਲੀ ਦੇ ਖੰਭਾਂ ਵਿਚ ਹੋਈ ਛੋਟੀ ਜਿਹੀ ਹਿਲਜੁਲ, ਤਬਦੀਲੀਆਂ ਦੀ ਇਕ ਅਜਿਹੀ ਲੰਮੀ ਲੜੀ ਸੈੱਟ ਕਰ ਸਕਦੀ ਹੈ ਜਿਸ ਨਾਲ ਟੈਕਸਾਸ (ਅਮਰੀਕਾ) ਵਿਚ ਬਹੁਤ ਜਬਰਦਸਤ ਤੂਫ਼ਾਨ ਆ ਸਕਦਾ ਹੈ।" ਥਿਊਰੀ ਨੂੰ ਸਮਝਣ ਦਾ ਯਤਨ ਕਰੀਏ-

1. **ਵਾਤਾਵਰਣ ਵਿਚ ਛੋਟੀ ਤਬਦੀਲੀ**:- ਮੰਨ ਲਵੋ ਬ੍ਰਾਜ਼ੀਲ ਵਿੱਚ ਇੱਕ ਤਿਤਲੀ ਨੇ ਹਲਕੇ ਜਿਹੇ ਖੰਭ ਹਿਲਾਏ ਹਨ। ਇਸ ਨਾਲ ਵਾਤਾਵਰਣ ਵਿਚ ਲਾਗਲੇ ਹਵਾ ਦੇ ਕਣਾਂ ਵਿੱਚ ਕੁਝ ਹਿਲਜੁਲ ਹੋਏਗੀ। ਉਹ ਪਹਿਲਾਂ ਵਾਲੀ ਥਾਂ ਤੋਂ ਹੋਰ ਪਰ੍ਹੇ ਸਰਕ ਜਾਣਗੇ।

2. **ਤਬਦੀਲੀਆਂ ਦੀ ਚੇਨ ਕਿਰਿਆ**:- ਇਸ ਛੋਟੀ ਹਿਲਜੁਲ ਨੇ ਹਵਾ ਦੇ ਕਣਾਂ ਨੂੰ ਹਿਲਾ ਦਿੱਤਾ ਹੈ, ਅਤੇ ਇਸ ਹਿਲਜੁਲ ਨੇ ਅਗਲੇ ਕਣਾਂ ਨੂੰ। ਹਵਾ ਦੇ ਕਣਾਂ ਦੀ ਇਹ ਗਤੀ, ਹਵਾ ਦੀ ਪੂਰੀ ਚਾਲ ਨੂੰ ਪ੍ਰਭਾਵਿਤ ਕਰੇਗੀ ਜਿਸ ਨਾਲ ਮੌਸਮ ਦੇ ਬਾਕੀ ਅੰਸ਼ ਵੀ ਅਸਰ ਕਬੂਲਣਗੇ ਅਤੇ ਇਸ ਤੋਂ ਇਕ ਲੰਮੀ ਚੇਨ ਕਿਰਿਆ ਆਰੰਭ ਹੋ ਜਾਏਗੀ। ਕਿਉਂਕਿ ਵਾਤਾਵਰਣ ਇਕ ਜੁੜਿਆ ਹੋਇਆ ਸਿਸਟਮ ਹੈ, ਉਸ ਦੇ ਸਾਰੇ ਤੇ ਅਸਰ ਪਵੇਗਾ।

3. **ਅਸਰ ਦਾ ਕਈ ਗੁਣਾ ਵੱਡਾ ਹੋਣਾ**:- ਸਮਾਂ ਪਾ ਕੇ ਛੋਟੀ ਤਬਦੀਲੀ (ਜਿਹੜੀ ਤਿਤਲੀ ਦੇ ਖੰਭ ਦੀ ਹਿਲਜੁਲ ਤੋਂ ਪੈਦਾ ਹੋਈ ਸੀ), ਦੂਜੇ ਬਲਾਂ ਦੇ ਸੰਪਰਕ ਵਿਚ ਆਉਣ ਤੇ ਕਈ ਗੁਣਾ ਵੱਡੀ ਹੋ ਜਾਏਗੀ। ਇਕ ਉਦਾਹਰਣ ਲਈਏ ਬਰਫ ਦੀ ਛੋਟੀ ਗੇਂਦ ਨੂੰ ਦੇਖ ਸਕਦੇ ਹਾਂ। ਛੋਟੀਆਂ ਤਬਦੀਲੀਆਂ ਜੁੜਦੀਆਂ ਜਾਂਦੀਆਂ ਹਨ, ਅਤੇ ਹਵਾਵਾਂ ਦੀ ਗਤੀ ਦੂਜੇ ਸਿਸਟਮ ਦੇ ਸੰਪਰਕ ਵਿਚ ਆ ਕੇ ਹੋਰ ਪ੍ਰਬਲ ਹੋ ਜਾਂਦੀ ਹੈ। ਅਤੇ ਇਹ ਵੱਡੀ ਗਤੀ ਹੋਰ ਬਹੁਤ ਕੁਝ ਤੇ ਵੀ ਅਸਰ ਪਾਏਗੀ।

4. **ਵੱਡੇ ਤੂਫ਼ਾਨ ਦਾ ਆਉਣਾ** :- ਬਰਾਜ਼ੀਲ ਵਿੱਚ ਤਿਤਲੀ ਦੇ ਖੰਭਾਂ ਦੀ ਹਿਲਜੁਲ ਟੈਕਸਾਸ ਵਿੱਚ ਭਾਰੀ ਤੂਫ਼ਾਨ ਲੈ ਆਏਗੀ। ਅਸਲ ਵਿਚ ਇਹ ਇਕ ਅਲੰਕਾਰ ਹੈ, ਸੰਕੇਤ ਹੈ ਸਿਰਫ ਇਹ ਸਮਝਾਉਣ ਲਈ ਕਿ ਬਹੁਤ ਛੋਟੀ ਕਿਰਿਆ ,ਬਹੁਤ ਵੱਡੀ ਤਬਦੀਲੀ ਦੀ ਸਿਰਜਣਾ ਦਾ ਆਧਾਰ ਬਣਦੀ ਹੈ।



**ਜੀਵਨ ਦੀ ਹਫੜਾ ਦਫੜੀ ਵਿੱਚ ਤੁਹਾਡੇ ਵਲੋਂ ਹਿਲਾਏ ਗਏ ਖੰਭ, ਜੀਵਨ ਵਿਚ ਤੂਫ਼ਾਨੀ ਤਬਦੀਲੀ ਲਿਆ ਸਕਦੇ ਹਨ। ਇਹ ਹਲਚਲ ਕਿੰਨੀ ਛੋਟੀ ਵੀ ਕਿਉਂ ਨਾ ਹੋਵੇ। ਤੁਹਾਡੇ ਇਹ ਛੋਟੇ ਛੋਟੇ ਕਦਮ ਹੀ ਭਵਿੱਖ ਦੀ ਹਕੀਕਤ ਦੇ ਬੀਜ ਹਨ। ਇਸਲਈ ਇਕ ਮਕਸਦ ਸਾਹਮਣੇ ਰੱਖੋ ਅਤੇ ਆਪਣੇ ਖੰਭ ਹਿਲਾਉਂਦੇ ਜਾਓ। ਵੱਡੇ ਇਨਕਲਾਬ ਵੀ ਆ ਸਕਦੇ ਹਨ। ਜਦੋਂ ਮੈਂ ਬਟਰਫਲਾਈ ਇਫੈਕਟ ਨੂੰ ਪੜ੍ਹਿਆ ਅਤੇ ਸਮਝਿਆ, ਤਾਂ ਇਸ ਬਾਰੇ ਕੁਝ ਲਿਖ ਕੇ ਆਪ ਸਭ ਤੱਕ ਪੁਚਾਉਣਾ ਸੱਚਮੁੱਚ ਹੀ ਇਕ ਬਹੁਤ ਛੋਟਾ ਜਿਹਾ ਕਦਮ ਹੈ, ਪਰ ਕੌਣ ਕਹਿ ਸਕਦਾ ਹੈ, ਕਿ ਇਸ ਵਿਚ ਕਿੰਨੇ ਨੌਜਵਾਨ ਹਿਰਦਿਆਂ ਨੂੰ ਝੰਜੋੜਨ ਅਤੇ ਉਹਨਾਂ ਦੇ ਸਾਂਝੇ ਅਤੇ ਮਜਬੂਤ ਕਦਮਾਂ ਦੀ ਚੇਨ ਕਿਰਿਆ ਵਿਚ ਕਿੱਡੀ ਵੱਡੀ ਤਬਦੀਲੀ ਛੁਪੀ ਹੋਈ ਹੋਵੇ।**

**ਇਹ ਕਿਵੇਂ ਵਾਪਰਦਾ ਹੈ**:- ਅਸਲ ਵਿਚ ਇਕ ਸਿਸਟਮ ਜੁੜਿਆ ਹੋਇਆ ਹੁੰਦਾ ਹੈ। ਉਸਦੇ ਇਕ ਵੀ ਹਿੱਸੇ ਵਿਚ ਆਈ ਛੋਟੀ ਜਿਹੀ ਤਬਦੀਲੀ,ਦੂਜੇ ਹਿੱਸਿਆਂ ਨੂੰ ਵੀ ਪ੍ਰਭਾਵਿਤ ਕਰਦੀ ਹੈ। ਵਾਤਾਵਰਣ ਇੱਕ ਹਫੜਾ ਦਫੜੀ ਵਾਲੇ ਸਿਸਟਮ ਦੀ ਆਦਰਸ਼ ਉਦਾਹਰਣ ਹੈ, ਜਿਹੜਾ ਆਪਣੀਆਂ ਮੁਢਲੀਆਂ ਹਾਲਾਤਾਂ ਪ੍ਰਤੀ ਬਹੁਤ ਸੰਵੇਦਨਾ ਰੱਖਦਾ ਹੈ। ਤਾਪਮਾਨ, ਵਾਯੂ ਦਬਾਅ, ਜਾਂ ਹਵਾ ਦੀ ਗਤੀ ਵਿਚ ਆਇਆ ਹਲਕਾ ਜਿਹਾ ਬਦਲਾਵ ਵੀ ਇਕ ਵੱਖਰੇ ਮੌਸਮ ਨੂੰ ਜਨਮ ਦੇ ਸਕਦਾ ਹੈ। ਤਿਤਲੀ ਨੇ ਅਸਲ ਵਿਚ ਤੂਫ਼ਾਨ ਨਹੀਂ ਲਿਆਂਦਾ, ਇਹ ਤਾਂ ਗੱਲ ਸਮਝਾਉਣ ਲਈ ਰਹੱਸਮਈ ਅਲੰਕਾਰ ਵਰਤਿਆ ਗਿਆ ਹੈ। ਇਸ ਦਾ ਇਕ ਕਾਰਨ ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਮੌਸਮ ਵਰਗੇ ਵੱਡੇ ਸਿਸਟਮ ਸਰਲ ਰੇਖੀ ਨਹੀਂ ਹਨ, (not linear, but they are non-linear), ਹੋ ਰਹੀਆਂ ਤਬਦੀਲੀਆਂ ਕਿਸੇ ਖਾਸ ਤਰਤੀਬ ਅਤੇ ਅਨੁਪਾਤ ਵਿਚ ਨਹੀਂ ਹੁੰਦੀਆਂ, ਸਗੋਂ ਉਹਨਾਂ ਵਿੱਚ ਬੇਤਰਤੀਬੀ ਅਤੇ ਅਨਿਸ਼ਚਿਤਤਾ ਦੀ ਭਰਮਾਰ ਹੁੰਦੀ ਹੈ।

ਹੋਰ ਵਧੇਰੇ ਸਮਝਣ ਲਈ ਇਸਦੇ ਹੇਠ ਲਿਖੇ ਤੱਤ ਵੀ ਜਾਣ ਲੈਣੇ ਚਾਹੀਦੇ ਹਨ...

1. **ਛੋਟੇ ਕਾਰਨ, ਵੱਡੇ ਪ੍ਰਭਾਵ** :- ਬਹੁਤ ਵੱਡੇ ਅਤੇ ਗੁੰਝਲਦਾਰ ਸਿਸਟਮ ਜਿਵੇਂ ਮੌਸਮ, ਈਕੋ ਸਿਸਟਮ ਅਤੇ ਮਨੁੱਖੀ ਜੀਵਨ, ਵਿਚ ਕਿਰਿਆ ਵਿਚ ਬਹੁਤ ਛੋਟਾ ਪਰੀਵਰਤਨ ,ਤਬਦੀਲੀਆਂ ਦੀ ਇੱਕ ਅਟੁੱਟ ਲੜੀ ਨੂੰ ਜਨਮ ਦਿੰਦਾ ਹੈ, ਜਿਸਦਾ ਅਸਰ ਕੁਝ ਸਮੇਂ ਬਾਅਦ ਨਜਰ ਆਉਂਦਾ ਹੈ ਅਤੇ ਇਹ ਅਸਰ ਬਹੁਤ ਜਿਆਦਾ ਵੱਡਾ ਅਤੇ ਸੋਚ ਤੋਂ ਬਿਲਕੁਲ ਵੱਖਰਾ ਹੋ ਸਕਦਾ ਹੈ।

2. **ਭਵਿੱਖਬਾਣੀ ਸੰਭਵ ਨਹੀਂ**:- ਕਿਉਂਕਿ ਸਿਸਟਮ ਬਹੁਤ ਛੋਟੀ ਤਬਦੀਲੀ ਪ੍ਰਤੀ ਵੀ ਬਹੁਤ ਜਿਆਦਾ ਸੰਵੇਦਨਸ਼ੀਲ ਹਨ, ਇਸ ਲਈ ਆਉਣ ਵਾਲੇ ਸਮੇਂ ਬਾਰੇ ਭਰੋਸੇ ਨਾਲ ਕੁਝ ਵੀ ਕਹਿ ਸਕਣਾ ਲੱਗਭੱਗ ਅਸੰਭਵ ਹੀ ਹੈ। ਇਸ ਤੋਂ ਇਹ ਸਮਝ ਆਉਂਦੀ ਹੈ ਕਿ ਭਵਿੱਖ ਅਨਿਸ਼ਚਿਤ ਹੈ। ਉਸ ਬਾਰੇ ਕੋਈ ਵੀ ਕਿਆਸ ਅਰਾਈ ਲਗਾਉਣੀ ਠੀਕ ਨਹੀਂ ਹੋਏਗੀ। ਇਹ ਮੂਲੋਂ ਹੀ ਨਵੇਂ, ਵੱਖਰੇ ਤੱਤਾਂ ਅਤੇ ਤੱਥਾਂ ਤੇ ਟਿਕਿਆ ਹੋਇਆ ਹੈ, ਜਿਸ ਨੂੰ ਅਸੀਂ ਪਕੜ ਨਹੀਂ ਸਕਦੇ।

3. **ਆਪਸੀ ਨਿਰਭਰਤਾ** :- ਬਟਰਫਲਾਈ ਇਫੈਕਟ ਦਰਸਾਉਂਦਾ ਹੈ ਕਿ ਸਾਰੀਆਂ ਵਸਤੂਆਂ ਅਤੇ ਘਟਨਾਵਾਂ ਇਕ ਦੂਸਰੇ ਨਾਲ ਕਿੰਨਾ ਜਿਆਦਾ ਜੁੜੀਆਂ ਹੋਈਆਂ ਹਨ । ਇੱਕ ਬਹੁਤ ਹੀ ਛੋਟੀ ਜਿਹੀ ਕਿਰਿਆ ਜਾਂ ਘਟਨਾ , ਸਮੇਂ ਅਤੇ ਸਥਾਨ ਦੇ ਪਾਰ ਜਾ ਕੇ ਆਪਣੇ ਮੂਲ ਤੋਂ ਬਿਲਕੁਲ ਵੱਖਰੇ ਪ੍ਰਭਾਵ ਪਾ ਸਕਣ ਦੇ ਸਮਰੱਥ ਹੈ।

**ਜੀਵਨ ਲਈ ਸੰਦੇਸ਼** :- ਇਸ ਵਿਗਿਆਨਕ ਸਿਧਾਂਤ ਤੋਂ ਸਾਡੀ ਜ਼ਿੰਦਗੀ ਲਈ ਇਕ ਸਬਕ ਮਿਲਦਾ ਹੈ, ਕਿ ਸਾਡੇ ਵੱਲੋਂ ਪੁੱਟਿਆ ਗਿਆ ਹਰ ਛੋਟੇ ਤੋਂ ਛੋਟਾ ਕਦਮ, ਸੰਸਾਰ ਤੇ ਬਹੁਤ ਵੱਡਾ ਅਸਰ ਪਾਉਣ ਦੇ ਸਮਰੱਥ ਹੈ। ਜਦੋ ਅਸੀਂ ਆਪਣੇ ਆਪ ਨੂੰ ਮਹੱਤਵਹੀਣ ਸਮਝੀ ਬੈਠੇ ਹੁੰਦੇ ਹਾਂ, ਉਦੋਂ ਵੀ ਸਾਡੀ ਚੋਣ ਅਤੇ ਸਾਡੇ ਯਤਨ ਅਜਿਹੀ ਚੇਨ-ਪ੍ਰਤੀਕਿਰਿਆ ਸ਼ੁਰੂ ਕਰ ਸਕਣ ਦੇ ਸਮਰੱਥ ਹਨ, ਜਿਹੜੀ ਭਵਿੱਖ ਵਿਚ ਭਾਵੇਂ ਅਸੀਂ ਮਹਿਸੂਸ ਨਾ ਵੀ ਕਰ ਸਕੀਏ, ਪਰ ਉਹ ਬਹੁਤ ਵੱਡਾ ਮਾਰਮਿਕ ਇਨਕਲਾਬ ਲਿਆ ਸਕਦੇ ਹਨ।

1. **ਆਪਣੀ ਸਮਰੱਥਾ ਵਿੱਚ ਯਕੀਨ ਰੱਖੋ**:- ਜਿਵੇਂ ਇਕ ਛੋਟੀ ਜਿਹੀ ਤਿਤਲੀ ਦੇ ਖੰਭਾਂ ਦੀ ਫੜਫੜਾਹਟ ਵੱਡੇ ਤੂਫ਼ਾਨਾਂ ਨੂੰ ਸੱਦਾ ਦੇ ਸਕਦੀ ਹੈ, ਉਸੇ ਤਰਾਂ ਤੁਹਾਡੇ ਵਲੋਂ ਹਮਦਰਦੀ ਲਈ, ਇਨਸਾਨੀਅਤ ਲਈ ਕੀਤਾ ਗਿਆ ਛੋਟਾ ਜਿਹਾ ਯਤਨ, ਹਿੰਮਤ, ਬਹਾਦਰੀ ਅਤੇ ਸਿਰਜਣਾਤਮਕਤਾ ਲਈ ਚੁੱਕਿਆ ਬਹੁਤ ਛੋਟਾ ਕਦਮ ਮਹਾਨ ਤਬਦੀਲੀਆਂ ਦਾ ਕਾਰਨ ਬਣ ਸਕਦਾ ਹੈ। ਆਪਣੀ ਸਮਰੱਥਾ ਤੇ ਕਦੀ ਵੀ ਸ਼ੱਕ ਨਾ ਕਰੋ ਅਤੇ ਆਪਣੇ ਯਤਨਾਂ ਨੂੰ ਕਦੀ ਵੀ ਛੋਟਾ ਨਾ ਸਮਝੋ।


2. **ਤਬਦੀਲੀ ਨੂੰ ਗਲ਼ੇ ਲਗਾਓ**:- ਜਿੰਦਗੀ ਵਿਚ ਭਵਿੱਖ ਦੀ ਅਨਿਸ਼ਚਿਤਤਾ ਆਪਣੇ ਆਪ ਵਿਚ ਇਕ ਵੱਡੀ ਚੁਣੌਤੀ ਵੀ ਹੈ ਅਤੇ ਜੀਵਨ ਦੀ ਖੂਬਸੂਰਤੀ ਵੀ। ਬਹੁਤ ਛੋਟੀ ਤਬਦੀਲੀ ਵੀ ਬਹੁਤ ਵੱਡੇ ਦਰਵਾਜੇ ਖੋਲ੍ਹ ਦਿੰਦੀ ਹੈ। ਇਸ ਵਿਚਾਰ ਦੇ ਕਾਇਲ ਹੋ ਜਾਓ ਕਿ ਤਬਦੀਲੀ ਤਾਂ ਇਕ ਸਦੀਵੀ ਕਿਰਿਆ ਹੈ। ਪਰੀਵਰਤਨ ਦਾ ਨਿਯਮ ਯਾਦ ਰੱਖੋ, "ਸਭ ਕੁਝ ਬਦਲਦਾ ਹੈ, ਬਸ ਇੱਕੋ ਚੀਜ ਨਹੀਂ ਬਦਲਦੀ ਕਿ ਸਭ ਕੁਝ ਬਦਲ ਜਾਣਾ ਹੈ" (Everything changes, but changes not the law of change)। ਯਾਦ ਰੱਖੋ, ਬਹੁਤ ਵੱਡੇ ਵੱਡੇ ਇਨਕਲਾਬ ਅਤੇ ਤਬਦੀਲੀਆਂ ਇਕ ਛੋਟੇ ਜਿਹੇ ਕਦਮ ਤੋਂ ਹੀ ਆਰੰਭ ਹੁੰਦੀਆਂ ਹਨ।

3. **ਹਰ ਪਲ ਨੂੰ ਸਾਂਭਣਯੋਗ ਅਤੇ ਯਾਦਗਾਰੀ ਬਣਾਓ** :- ਜਦੋ ਇਕ ਬਹੁਤ ਛੋਟਾ ਜਿਹਾ ਪਲ ਸਿਰਜਣਾ ਦੀਆਂ ਵੱਡੀਆਂ ਲਹਿਰਾਂ ਉਤਪਨ ਕਰਨ ਦੇ ਯੋਗ ਹੈ, ਤਾਂ ਹਰ ਪਲ ਨੂੰ ਇੱਕ ਮੌਕਾ ਬਣਾ ਲਵੋ। ਤੁਹਾਡੇ ਯਤਨ ਅਤੇ ਕਾਰਜ ਦੀ ਚੋਣ ਦੂਜਿਆਂ ਦੀ ਜਿੰਦਗੀ ਵਿਚ ਖੂਬਸੂਰਤ ਤਬਦੀਲੀ ਲਿਆ ਸਕਦੀ ਹੈ। ਪਿਆਰ, ਆਸ ਅਤੇ ਸਕਾਰਮਤਕਤਾ ਫੈਲਾਂਦੇ ਰਹੋ।

ਯਾਦ ਰੱਖੋ ਜੀਵਨ ਦੀ ਹਫੜਾ ਦਫੜੀ ਵਿੱਚ ਤੁਹਾਡੇ ਵਲੋਂ ਹਿਲਾਏ ਗਏ ਖੰਭ, ਜੀਵਨ ਵਿਚ ਤੂਫ਼ਾਨੀ ਤਬਦੀਲੀ ਲਿਆ ਸਕਦੇ ਹਨ। ਇਹ ਹਲਚਲ ਕਿੰਨੀ ਛੋਟੀ ਵੀ ਕਿਉਂ ਨਾ ਹੋਵੇ। ਤੁਹਾਡੇ ਇਹ ਛੋਟੇ ਛੋਟੇ ਕਦਮ ਹੀ ਭਵਿੱਖ ਦੀ ਹਕੀਕਤ ਦੇ ਬੀਜ ਹਨ। ਇਸਲਈ ਇਕ ਮਕਸਦ ਸਾਹਮਣੇ ਰੱਖੋ ਅਤੇ ਆਪਣੇ ਖੰਭ ਹਿਲਾਉਂਦੇ ਜਾਓ। ਵੱਡੇ ਇਨਕਲਾਬ ਵੀ ਆ ਸਕਦੇ ਹਨ। ਜਦੋਂ ਮੈਂ ਬਟਰਫਲਾਈ ਇਫੈਕਟ ਨੂੰ ਪੜ੍ਹਿਆ ਅਤੇ ਸਮਝਿਆ, ਤਾਂ ਇਸ ਬਾਰੇ ਕੁਝ ਲਿਖ ਕੇ ਆਪ ਸਭ ਤੱਕ ਪੁਚਾਉਣਾ ਸੱਚਮੁੱਚ ਹੀ ਇਕ ਬਹੁਤ ਛੋਟਾ ਜਿਹਾ ਕਦਮ ਹੈ, ਪਰ ਕੌਣ ਕਹਿ ਸਕਦਾ ਹੈ, ਕਿ ਇਸ ਵਿਚ ਕਿੰਨੇ ਨੌਜਵਾਨ ਹਿਰਦਿਆਂ ਨੂੰ ਝੰਜੋੜਨ ਅਤੇ ਉਹਨਾਂ ਦੇ ਸਾਂਝੇ ਅਤੇ ਮਜਬੂਤ ਕਦਮਾਂ ਦੀ ਚੇਨ ਕਿਰਿਆ ਵਿਚ ਕਿੱਡੀ ਵੱਡੀ ਤਬਦੀਲੀ ਛੁਪੀ ਹੋਈ ਹੋਵੇ। ਇਸੇ ਲਈ ਇਹ ਸ਼ਬਦ ਆਪ ਜੀ ਅੱਗੇ ਪੇਸ਼ ਕਰਨ ਦੀ ਹਿੰਮਤ ਕੀਤੀ ਹੈ।

# ਕਿਨੀ ਜਾਇਜ਼ ਹੈ ਪੰਚਾਇਤ ਚੋਣਾਂ ਵਿੱਚ ਸਰਕਾਰੀ ਤੰਤਰ ਦੀ ਦਖਲ ਅੰਦਾਜ਼ੀ ?

**ਇਕਬਾਲ ਸਿੰਘ ਲਾਲਪੁਰਾ**
9780003333





ਲੋਕ ਤੰਤਰ ਦੀ ਮੁਢਲੀ ਇਕਾਈ ਪਿੰਡ ਤੇ ਕਸਬੇ ਹਨ। ਲੋਕ ਅਜ਼ਾਦ ਰੂਪ ਵਿੱਚ ਆਪਣੇ ਨੁਮਾਇੰਦੇ ਚੁਣਨ, ਇਸ ਨਾਲ ਲੋਕ ਤੰਤਰ ਮਜ਼ਬੂਤ ਹੁੰਦਾ ਹੈ। ਪੰਚਾਇਤ ਮੁੱਢ ਕਦੀਮ ਤੋਂ ਹੀ, ਇੱਕ ਅਦਾਲਤ ਦਾ ਕੰਮ ਵੀ ਕਰਦੀ ਰਹੀ ਹੈ ਤੇ ਪਿੰਡ ਦੇ ਛੋਟੇ ਝਗੜੇ ਪਿੰਡ ਵਿੱਚ ਹੀ ਖਤਮ ਹੋ ਜਾਣ,ਇਸ ਵੱਲ ਉੱਦਮ ਵੀ ਕਰਦੀ ਰਹੀ ਹੈ।

ਪਿੰਡ ਵਿੱਚ ਅਮਨ ਕਾਨੂੰਨ ਬਹਾਲ ਰਹੇ, ਇਸ ਲਈ ਪੁਲਿਸ ਨੂੰ ਕਾਬਲੇ ਦਸਤਅੰਦਾਜੀ ਪੁਲਿਸ ਜੁਰਮਾਂ ਦੀ, ਖਬਰ ਵੀ ਪੁਲਿਸ ਨੂੰ ਦੇਣ ਦੀ ਜ਼ੁੰਮੇਵਾਰੀ ਵੀ ਪਿੰਡ ਦੇ ਅਹਿਲਕਾਰਾਂ ਦੀ ਹੈ। ਅੰਗਰੇਜ਼ ਨੇ ਤਾਂ ਪਿੰਡ ਦੇ ਆਮ ਨਿਜ਼ਾਮ ਵਿੱਚ ਸਰਕਾਰੀ ਤੰਤਰ ਦੇ ਦਖਲ ਦੇਣ ਤੇ ਰੋਕ ਲਾ ਕੇ, ਪਿੰਡ ਦੇ ਸਰਕਾਰੀ ਅਹਿਲਕਾਰਾਂ ਦੀ ਸੰਸਥਾ ਨੂੰ ਮਜ਼ਬੂਤ ਤੇ ਜੁਆਬ ਦੇਹ ਬਣਾਉਣ ਲਈ ਹੁਕਮ ਜਾਰੀ ਕੀਤੇ ਸਨ ਜੋ ਅੱਜ ਵੀ ਰਿਕਾਰਡ ਦਾ ਹਿੱਸਾ ਹਨ।

ਆਜ਼ਾਦ ਭਾਰਤ ਵਿੱਚ ਇਹ ਲੋਕਲ ਸੇਲਫ ਗੋਰਮਿੰਟ ਦੀ ਸੰਸਥਾ ਹੋਰ ਮਜ਼ਬੂਤ ਹੋਣੀ ਚਾਹੀਦੀ ਸੀ। ਛੋਟੇ ਤੇ ਰਾਜ਼ੀ ਨਾਮੇ ਜੋਗ ਕੇਸਾਂ ਦਾ,ਨਿਪਟਾਰਾ ਪਿੰਡ ਵਿੱਚ ਹੋ ਜਾਵੇ, ਤਾਂ ਥਾਨਾਂ ਤੇ ਅਦਾਲਤਾਂ ਦਾ ਕੰਮ ਬਹੁਤ ਘੱਟ ਸਕਦਾ ਹੈ। ਜੇਕਰ ਪਿੰਡ ਦੇ ਲੋਕ ਇਕੱਠੇ ਹੋਣ ਤੇ ਸਰਕਾਰੀ ਤੰਤਰ ਮਦਦ ਕਰਨ ਵਾਲਾ ਹੋਵੇ, ਤਾਂ ਅਪਰਾਧੀ ਵੀ ਡਰਨਗੇ ਤੇ ਜੁਰਮ ਕਰਨ ਦੀ ਕੋਈ ਹਿੰਮਤ ਵੀ ਨਹੀਂ ਕਰ ਸਕਦਾ। ਪਿੰਡ ਦੇ ਵਿਕਾਸ ਲਈ ਸਰਕਾਰੀ ਪੈਸੇ ਦੀ ਫਜ਼ੂਲ ਖ਼ਰਚੀ ਵੀ ਨਹੀਂ ਹੋਵੇਗੀ।

ਭਾਰਤ ਦੀ ਵੱਡੀ ਗਿਣਤੀ ਵਿੱਚ ਵੱਸੋਂ ਪਿੰਡਾਂ ਵਿੱਚ ਹੈ। ਵਿਅਕਤੀ ਦੇ ਵਿਕਾਸ ਲਈ ਸਭ ਤੋਂ ਪਹਿਲੀ ਜ਼ਰੂਰਤ ਵਿੱਦਿਆ ਦੀ ਹੁੰਦੀ ਹੈ। ਪੰਜਾਬ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਵਿੱਦਿਆ ਦੀ ਪ੍ਰਤੀਸ਼ਤ 85 ਫੀਸਦੀ ਤੇ ਸ਼ਹਿਰਾਂ ਵਿੱਚ 87 ਫੀਸਦੀ ਸੀ। ਇੱਕ ਨਾਨਕ ਸ਼ਾਹੀ ਰੁਪਈਆ ਤੇਰਾਂ ਪੌਂਡ ਦੇ ਬਰਾਬਰ ਸੀ। ਫੇਰ ਗੁਰਮੁਖੀ ਤੇ ਫਾਰਸੀ ਦੀ ਪੜਾਈ ਬੰਦ ਕਰ, ਅੰਗਰੇਜ਼ ਨੇ "ਪੜੇ ਫ਼ਾਰਸੀ ਵੇਚੇ ਤੇਲ" ਵਾਲੀ ਅਖਾਵਤ ਬਣਾ ਦਿੱਤੀ, ਪੜੇ ਲਿਖੇ ਅਨਪੜ੍ਹ ਬਣ ਗਏ ਤੇ ਕਾਇਦਾ-ਏ - ਨੂਰ ਪੰਜਾਬੀ ਵਿੱਚੋਂ ਇਕੱਠਾ ਕਰ ਸਾੜ ਦਿੱਤਾ ਗਿਆ। ਇਸ ਨਾਲ ਗਿਆਨ ਦਾ ਨੂਰ ਵੀ ਗੁੱਲ ਹੋ ਗਿਆ। ਪੰਜਾਬੀ ਦੇਸ਼ਾਂ ਵਿਦੇਸ਼ਾਂ ਵਿਚ ਅੰਗਰੇਜ ਹਕੂਮਤ ਲਈ ਲੜਨ ਮਰਨ ਤੱਕ ਸੀਮਿਤ ਰਹਿ ਗਏ।

ਆਜ਼ਾਦੀ ਦੇ ਸਤੱਤਰ ਸਾਲ ਵਾਦ ਵੀ ਪੰਜਾਬ ਦੀ ਸਿੱਖਿਆ ਦਰ 76 ਫੀਸਦੀ ਹੀ ਹੈ।ਚੰਗੀ ਤੇ ਮਿਆਰੀ ਵਿੱਦਿਆ ਲਈ,ਬੱਚੇ ਜਾ ਤਾਂ ਪਿੰਡ ਛੱਡ ਕੇ ਸ਼ਹਿਰ ਵਲ ਜਾ ਰਹੇ ਹਨ ਜਾਂ ਮੁਫ਼ਤ ਵਿੱਦਿਆ ਦੀ ਥਾਂ ਅੰਗਰੇਜ਼ੀ ਸਿੱਖਿਆ ਦੇ ਨਾਂ ਤੇ ਕਾਰੋਬਾਰ ਹੋ ਰਿਹਾ ਹੈ।

ਪਿੰਡ ਦਾ ਸਰਬ ਪੱਖੀ ਵਿਕਾਸ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਕੋਈ ਲੰਬੇ ਸਮੇਂ ਲਈ ਪਿੰਡ ਦਾ ਮਾਸਟਰ ਪਲਾਨ ਬਣੇ,ਜਿਸ ਵਿੱਚ ਵਿੱਦਿਆ, ਸੇਹਤ, ਖੇਤੀ ਬਾੜੀ ਤੇ ਪੇਂਡੂ ਕਾਰੋਬਾਰ ਨੂੰ ਉਤਸਾਹਿਤ ਕਰਨ ਦੀ ਨੀਤੀ ਹੋਵੇ। ਪਿੰਡ ਦੇ ਕਾਰੀਗਰਾਂ ਪਾਸੋਂ ਸ਼ਹਿਰੀ ਕਾਰਖਾਨੇਦਾਰ ਤੇ ਕਾਰੋਬਾਰੀ ਜਾਇਜ਼ ਉਜਰਤ ਦੇ ਕੇ ਕੰਮ ਕਰਵਾਉਣ, ਪਰ ਹੋਇਆ ਇਸ ਦੇ ਉਲਟ ਨਜ਼ਰ ਆਉਂਦਾ ਹੈ, ਪਿੰਡ ਦੇ ਕਾਰੀਗਰ ਪਿੰਡ ਤਾਂ ਪਿੰਡ ਵਿੱਚੋਂ ਪਲਾਇਨ ਕਰਨ ਲਈ ਮਜਬੂਰ ਹੋ ਗਏ ਹਨ।, ਪਿੰਡ ਨੂੰ ਸੁੰਦਰ ਬਣਾਉਣ ਦੇ ਨਾਂ ਤੇ ਵਾਟਰ ਚਾਰਜਿੰਗ ਦੇ ਸਰੋਤ ਪਿੰਡ ਦੇ ਟੋਬੇ ਤੇ ਛੱਪੜ ਹੀ ਪੂਰ ਦਿੱਤੇ ਗਏ ਹਨ ਤੇ ਪਾਨੀ ਦਾ ਪੱਧਰ ਹੋਰ ਥੱਲੇ ਚਲਾ ਗਿਆ ਹੈ।

ਅੱਜ ਤੋਂ ਅੱਧੀ ਸਦੀ ਤੋਂ ਪਹਿਲਾਂ ਪੰਜਾਬ ਦੇ ਪਿੰਡਾਂ ਵਿੱਚ ਸ਼ਰਾਬ ਤੇ ਨਸ਼ਿਆਂ ਦਾ ਚਲਨ ਬਿਲਕੁਲ ਨਾ ਦੇ ਬਰਾਬਰ ਹੀ ਸੀ। ਅਮਲੀ ਕਿਸੇ ਕਿਸੇ ਪਿੰਡ ਵਿੱਚ ਹੀ ਸਨ। ਕੀ ਅੱਜ ਇਹ ਸਥਿਤੀ ਹੈ ? ਇਸ ਦੇ ਕਾਰਨ ਕੀ ਹਨ, ਕਿ ਕਿਸੇ ਪੰਚਾਇਤ ਨੇ ਬਹਿ ਕੇ ਸੋਚਿਆ ਹੈ।

1983 ਤੱਕ ਪੰਜਾਬ ਵਿੱਚ ਪੰਚਾਇਤ ਚੋਣਾਂ ਵਿੱਚ ਰਾਜਨੀਤਿਕ ਦਖਲ ਬਹੁਤ ਘੱਟ ਜਾਂ ਨਾ ਦੇ ਬਰਾਬਰ ਸੀ, ਇਹ ਵੀ ਇਤਿਹਾਸ ਦਾ ਹਿੱਸਾ ਹੋਵੇਗਾ ਕਿ ਇਸ ਸਮੇਂ ਤੱਕ ਧਰਮ ਯੁੱਧ ਮੋਰਚੇ ਦੇ ਨਾਂ ਤੇ ਚੱਲ ਰਿਹਾ ਅੰਦੋਲਨ ਪੂਰੇ ਜੋਬਨ ਤੇ ਸੀ,ਪਰ ਮਹਿਤਾ ਚੌਕ ਦਾ ਸਰਪੰਚ ਅਜੀਤ ਸਿੰਘ ਬਿਨਾ ਡਰ ਦੇ ਚੁਣਿਆ ਗਿਆ ਉਸ ਨੂੰ ਕਿਸੇ ਨੇ ਨਹੀ ਧਮਕਾਇਆਂ ਤੇ ਨਾ ਹੀ ਕਾਗਜ਼ ਰੱਦ ਕਰਵਾਏ। ਬਾਕੀ ਪੰਜਾਬ ਵਿੱਚ ਤਾਂ ਕੀ ਡਰ ਭੈ ਹੋਣਾ ਸੀ। ਫੇਰ ਰਾਸ਼ਟਰਪਤੀ ਰਾਜ ਦਾ ਲੰਬਾ ਦੌਰ ਚੱਲਿਆ।

1992 ਦੀ ਸਰਕਾਰ ਬਨਣ ਤੋਂ ਵਾਦ ਹੋਈਆਂ ਚੌਣਾ ਵਿੱਚ ਤਾਂ ਸਭ ਕੁਝ ਬਦਲ ਚੁੱਕਾ ਸੀ। ਪੁਲਿਸ ਸੰਭਾਵਿਤ ਉਮੀਦਵਾਰ ਨੂੰ, ਚੰਗੇ ਆਚਰਣ ਦਾ ਸਰਟੀਫੀਕੇਟ ਜਾਰੀ ਕਰਨ ਦੇ ਨਾਂ ਤੇ ਪ੍ਰੇਸ਼ਾਨ ਕਰਦੀ ਵੇਖੀ ਗਈ। ਸਰਟੀਫਕੇਟ ਲੈਣ ਲਈ ਮੁੱਠੀ ਵੀ ਗਰਮ ਕਰਨ ਦੇ ਦੋਸ਼ ਲਗਦੇ ਵੇਖੇ ਗਏ। ਮਾਝੇ ਦੀ ਇੱਕ ਥਾਨੇਦਾਰਨੀ ਨੇ ਤਾਂ ਆਪਣੇ ਰਿਸ਼ਤੇਦਾਰ ਨੂੰ ਜਤਾਉਣ ਲਈ ਡੱਬੇ ਹੀ ਬਦਲ ਦਿੱਤੇ। ਬਾਕੀ ਸਰਕਾਰੀ ਤੰਤਰ ਬਾਰੇ ਵੀ ਬਹੁਤਾ ਚੰਗਾ ਨਹੀਂ ਵੇਖਿਆ ਗਿਆ। ਇਹ ਸਰਕਾਰੀ ਤੇ ਰਾਜਸੀ ਤੰਤਰ ਦੀ ਪੰਚਾਇਤ ਤੇ ਲੋਕਲ ਸੇਲਫ ਗੋਰਮਿੰਟ ਚੋਣਾਂ ਵਿੱਚ ਵੱਡੇ ਪੱਧਰ ਤੇ ਦਖਲ ਅੰਦਾਜ਼ੀ ਦੀ ਆਰੰਭਤਾ ਸੀ,ਭਾਵੇਂ ਅਗਲੀਆਂ ਚੌਣਾ ਵਿੱਚ ਬਹੁਮਤ ਦੀ ਮਰਜ਼ੀ ਵਿਰੁੱਧ ਬਣੇ ਸਰਪੰਚ ਵਿਧਾਨ ਤੇ ਲੋਕ ਸਭਾ ਚੌਣਾ ਵਿੱਚ ਵਕਤ ਦੀ ਸਰਕਾਰ ਲਈ ਲਾਹੇਵੰਦ ਨਹੀਂ ਰਹੇ। ਪਰ ਇੱਕ ਨਵੀਂ ਪਿਰਤ ਦੀ ਸ਼ੁਰੂਆਤ ਜ਼ਰੂਰ ਹੋ ਗਈ। ਅੱਜ ਦੀਆਂ ਚੌਣਾ ਇਸ ਤੋਂ ਕਿੰਨੀਆਂ ਮੁਕਤ ਹਨ ? ਮਾਨਯੋਗ ਅਦਾਲਤਾਂ ਨੂੰ ਕਿਉਂ ਦਖਲ ਦੇਣਾ ਪੈ ਰਿਹਾ ਹੈ ? ਕੀ ਇਸ ਤੇ ਪੰਜਾਬੀਆਂ ਨੂੰ ਵਿਚਾਰ ਨਹੀਂ ਕਰਨਾ ਚਾਹੀਦਾ ?

ਹੁਣ ਤਾਂ ਸਰਪੰਚ ਚੁਣੇ ਜਾਣ ਲਈ ਵੀ ਬੋਲੀ ਲੱਗਣੀ ਸ਼ੁਰੂ ਹੋ ਗਈ ਹੈ, ਉਹ ਵੀ ਕਰੋੜਾਂ ਵਿੱਚ, ਇਸ ਪੈਸਾ ਖ਼ਰਚਣ ਪਿੱਛੇ ਮੰਤਵ ਕੀ ਹੈ। ਸਾਲ 1978 ਦੀਆਂ ਪੰਚਾਇਤ ਤਰਨ ਤਾਰਨ ਦੇ ਇੱਕ ਪਿੰਡ ਦੇ ਦੋ ਧੜੇ ਅਫੀਮ ਵੇਚਣ ਦਾ ਕੰਮ ਕਰਦੇ ਸਨ,ਦੋਵਾਂ ਧਿਰਾਂ ਨੇ 16/16 ਲੱਖ ਰੁਪਇਆ ਸਰਪੰਚ ਅਖਵਾਉਣ ਲਈ ਖਰਚ ਕਰ ਦਿੱਤਾ, ਜਿਸ ਰਾਹੀਂ ਅਦਾਲਤ ਸਾਮ੍ਹਣੇ ਆਪਣੇ ਆਪ ਨੂੰ ਇਜਤਦਾਰ ਪੇਸ਼ ਕਰ ਸਕਣ। ਵੱਡੀ ਗੱਲ ਸੀ ਦੋਵੇਂ ਵਿਰੋਧੀ ਨਸ਼ੇ ਵੇਚਣ ਵਾਰੇ ਇੱਕ ਦੂਜੇ ਦੇ ਭਾਈਵਾਲ ਵੀ ਸਨ।

ਜੇਕਰ ਲੋਕ ਰਾਜ ਦੀ ਪਹਿਲੀ ਪੌੜੀ ਪੰਚਾਇਤ ਹੀ ਸਰਕਾਰੀ ਤੰਤਰ ਤੇ ਲੋਕਾਂ ਵੱਲੋਂ ਚੁਣੇ ਨੁਮਾਇੰਦਿਆਂ ਦੇ ਪ੍ਰਭਾਵ ਤੇ ਡਰ ਵਿੱਚ ਚੁਣੀ ਜਾਵੇਗੀ ਤਾਂ ਲੋਕ ਤੰਤਰ ਕਿਵੇਂ ਬਚੇਗਾ ਤੇ ਮਜ਼ਬੂਤ ਹੋਵੇਗਾ ?

ਪੰਜਾਬ ਦੇਸ਼ ਦਾ ਸਰਹੱਦੀ ਸੂਬਾ ਹੀ ਨਹੀ ਗੁਰਾਂ ਦੇ ਨਾਂ ਤੇ ਵੱਸਦੀ ਧਰਤੀ, ਜਿੱਥੇ ਸਿਰ ਅਰਪਣ ਕਰਨ ਵਾਲਿਆਂ ਦਾ ਹੁਕਮ ਗੁਰੂ ਆਪ ਵੀ ਮਨੰਦੇ ਸਨ ਵੀ ਹੈ। ਪਰ ਕੀ ਅੱਜ ਇਹ ਵੀਰ ਤੇ ਭੈਣਾਂ ਕੀ ਪਿੰਡ ਵਿਚ ਅਮਨ ਸ਼ਾਂਤੀ, ਨਸ਼ਾ ਮੁਕਤੀ, ਸਰਬ ਪੱਖੀ ਵਿਕਾਸ, ਵਿੱਦਿਆ, ਖੇਤੀ ਨੂੰ ਲਾਹੇਵੰਦ ਬਣਾਉਣ, ਸਰਕਾਰੀ ਪੈਸੇ ਦੀ ਯੋਗ ਵਰਤੋਂ ਤੇ ਪਿੰਡ ਵਿੱਚ ਧੜੇਬੰਦੀ ਨੂੰ ਮੁੱਦਾ ਬਣਾ ਕੇ ਲੜ ਰਹੇ ਹਨ ? ਜੇਕਰ ਇਸ ਦਾ ਜਬਾਬ ਹਾਂ ਵਿੱਚ ਨਹੀਂ ਤਾਂ ਫੇਰ ਪੰਜਾਬ ਵਿਕਾਸ ਦੇ ਮਾਰਗ ਕਿਵੇਂ ਪਵੇਗਾ ?

ਲੋਕ ਤੰਤਰ ਦੀਆਂ ਸਾਰੀਆਂ ਸੰਸਥਾਵਾਂ ਮਜ਼ਬੂਤ ਹੋਣ, ਪਿੰਡ ਦਾ ਸਰਬ ਪੱਖੀ ਵਿਕਾਸ ਹੋਵੇ ਤੇ ਇਸ ਗੁਰੂਆਂ ਦੀ ਧਰਤੀ ਤੇ ਆਪਸੀ ਭਾਈਚਾਰਾ ਵਧੇ ਤੇ ਪੰਜਾਬ ਫੇਰ ਇਕ ਨੰਬਰ ਦਾ ਸੂਬਾ ਬਣੇ ਇਸ ਲਈ ਵਿਚਾਰਨ ਦਾ ਸਮਾਂ ਹੈ। ਪੰਜਾਬੀਆਂ ਲਈ ਜਾਗਣ ਦਾ ਸਮਾਂ ਹੈ।

***ਚੇਅਰਮੈਨ ਭਾਰਤੀ ਘੱਟ ਗਿਣਤੀ ਕਮਿਸ਼ਨ (ਨਵੀਂ ਦਿੱਲੀ)***

## ਕੋਲੋਰਾਡੋ ਰਾਜ ਵਿਚ 19 ਸਾਲ ਤੋਂ ਵਧ ਸਮਾਂ ਪਹਿਲਾਂ ਲਾਪਤਾ ਹੋਈ ਲੜਕੀ ਦੇ ਸਰੀਰ ਦੇ ਕੁਝ ਹਿੱਸੇ ਫਰੀਜ਼ਰ ਵਿਚੋਂ ਮਿਲੇ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਅਮਰੀਕਾ ਦੇ ਕੋਲੋਰਾਡੋ ਰਾਜ ਵਿਚ ਇਸ ਸਾਲ ਦੇ ਸ਼ੁਰੂ ਵਿਚ ਇਕ ਫਰੀਜ਼ਰ ਵਿਚੋਂ ਮਿਲੇ ਮਨੁੱਖੀ ਸਰੀਰ ਦੇ ਅੰਗਾਂ ਦੀ ਪਛਾਣ ਹੋ ਗਈ ਤੇ ਇਹ ਅੰਗ 19 ਸਾਲਾਂ ਦੇ ਵਧ ਸਮੇਂ ਤੋਂ ਲਾਪਤਾ ਹੋਈ ਲੜਕੀ ਦੇ ਹਨ। ਬਰਾਮਦ ਅੰਗਾਂ ਵਿਚ ਸਿਰ ਤੇ ਹੱਥ ਸ਼ਾਮਿਲ ਹਨ। ਮੈਸਾ ਕਾਊਂਟੀ ਦੇ ਸ਼ੈਰਿਫ ਦਫਤਰ ਨੇ ਐਲਾਨ ਕੀਤਾ ਹੈ ਕਿ ਜਨਵਰੀ ਵਿਚ ਇਕ ਫਰੀਜ਼ਰ ਵਿਚੋਂ ਮਿਲੇ ਮਨੁੱਖੀ ਅੰਗ ਅਮਾਂਡਾ ਲੀਈਏਲ ਓਵਰਸਟਰੀਟ ਨਾਮੀ ਲੜਕੀ ਦੇ ਹਨ ਜੋ ਅਪ੍ਰੈਲ 2005 ਤੋਂ ਲਾਪਤਾ ਹੈ। ਉਹ ਘਰ ਦੇ ਪਹਿਲੇ ਮਾਲਕ ਦੀ ਧੀ ਸੀ ਜਿਸ ਘਰ ਨੂੰ ਕੁਝ ਸਮਾਂ ਪਹਿਲਾਂ ਵੇਚ ਦਿੱਤਾ ਗਿਆ ਸੀ। ਸ਼ੈਰਿਫ ਦਫਤਰ ਅਨੁਸਾਰ ਸਰੀਰ ਦੇ ਅੰਗ ਉਸ ਸਮੇ ਮਿਲੇ ਜਦੋਂ ਘਰ ਦੇ ਨਵੇਂ ਮਾਲਕ ਨੇ ਫਰੀਜ਼ਰ ਨੂੰ ਕਿਸੇ ਹੋਰ ਵਿਅਕਤੀ ਨੂੰ ਦੇ ਦੇਣ ਦੀ ਕੋਸ਼ਿਸ਼ ਕੀਤੀ। ਸ਼ੈਰਿਫ ਦਫਤਰ ਨੇ ਕਿਹਾ ਹੈ ਕਿ ਘਰ ਦੇ ਨਵੇਂ ਮਾਲਕ ਦਾ ਇਸ ਮਾਮਲੇ ਨਾਲ ਕੋਈ ਸਬੰਧ ਨਹੀਂ ਹੈ। ਦਫਤਰ ਨੇ ਹੋਰ ਕਿਹਾ ਹੈ ਕਿ ਲੜਕੀ ਦੇ ਲਾਪਤਾ ਹੋਣ ਦਾ ਮਾਮਲਾ ਅਜੇ ਵੀ ਜਾਂਚ ਅਧੀਨ ਹੈ। ਇਹ ਘਰ ਰਾਜ ਦੇ ਪੱਛਮੀ ਖੇਤਰ ਵਿਚ ਡੈਨਵਰ ਦੇ ਪੱਛਮ ਵਿਚ ਤਕਰੀਬਨ 240 ਮੀਲ ਦੂਰ ਗਰੈਂਡ ਜੰਕਸ਼ਨ ਵਿਖੇ ਸਥਿੱਤ ਹੈ।



# ਸਿਦਕੀ ਸਿੱਖ ਸ਼ਹੀਦ ਸ: ਦਰਸ਼ਨ ਸਿੰਘ ਫੇਰੂਮਾਨ ਦੀ ਕੁਰਬਾਨੀ ਨੂੰ ਯਾਦ ਕਰਦਿਆਂ

**27 ਅਕਤੂਬਰ ਸ਼ਹੀਦੀ 'ਤੇ ਵਿਸ਼ੇਸ਼**




– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

ਸਿੱਖੀ ਸਿਦਕ, ਸਬਰ ਤੇ ਸਿਰੜ ਨੂੰ ਤੋੜ ਨਿਭਾਉਣ ਵਾਲੇ ਸਿੱਖ ਆਗੂ ਸ. ਦਰਸ਼ਨ ਸਿੰਘ ਫੇਰੂਮਾਨ ਆਪਣੇ ਕੀਤੇ ਪ੍ਰਣ ਨੂੰ ਨਿਭਾਉਣ ਵਾਲੇ ਮਰਜੀਵੜੇ ਸਨ। ਆਪ ਵੀਹਵੀਂ ਸਦੀ ਦੇ ਉਨ੍ਹਾਂ ਸਿੱਖ ਆਗੂਆਂ ਵਿੱਚੋਂ ਇਕ ਸਨ, ਜਿਨ੍ਹਾਂ ਜੋ ਕਿਹਾ, ਉਸ ਨੂੰ ਪੂਰਾ ਕੀਤਾ। ਸ. ਦਰਸ਼ਨ ਸਿੰਘ ਫੇਰੂਮਾਨ ਨੇ ਆਪਣੀ ਇਸ ਕਾਇਆ ਦਾ ਬਲੀਦਾਨ ਦੇ ਕੇ ਸਮੁੱਚੇ ਪੰਜਾਬੀਆਂ ਅਤੇ ਸਿੱਖ ਜਗਤ ਤੋਂ ਭਰਪੂਰ ਸਤਿਕਾਰ ਪ੍ਰਾਪਤ ਕੀਤਾ। ਇਸ ਮਹਾਨ ਬਲੀਦਾਨੀ ਦਾ ਜਨਮ ਪਹਿਲੀ ਅਗਸਤ 1885 ਈ: ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਫੇਰੂਮਾਨ ਵਿੱਚ ਸ. ਚੰਦਾ ਸਿੰਘ ਅਤੇ ਮਾਤਾ ਚੰਦ ਕੌਰ ਦੇ ਗ੍ਰਹਿ ਵਿਖੇ ਹੋਇਆ।

ਸ. ਦਰਸ਼ਨ ਸਿੰਘ ਦੱਸਵੀਂ ਦਾ ਇਮਤਿਹਾਨ ਪਾਸ ਕਰਨ ਪਿੱਛੋਂ 1912 ਈ: ਵਿੱਚ ਭਾਰਤੀ ਅੰਗ੍ਰੇਜ਼ੀ ਫੌਜ ਵਿੱਚ ਭਰਤੀ ਹੋ ਗਏ। ਪਰ ਫੌਜ ਦੀ ਨੌਕਰੀ ਕੇਵਲ 2 ਕੁ ਸਾਲ ਕਰਨ ਤੋਂ ਬਾਅਦ ਹਿਸਾਰ (ਮੌਜੂਦਾ ਹਰਿਆਣਾ) ਵਿਖੇ ਰਹਿ ਕੇ ਠੇਕੇਦਾਰੀ ਕਰਨੀ ਸ਼ੁਰੂ ਕੀਤੀ। ਜਦੋਂ 1920 ਵਿੱਚ ਸੰਪੂਰਨ ਰੂਪ ਵਿੱਚ ਗੁਰਦੁਆਰਾ ਸੁਧਾਰ ਲਹਿਰ ਦਾ ਸਿਖ਼ਰ ਸੀ, ਆਪ ਸਿੱਖ ਸੰਘਰਸ਼ ਵਿੱਚ ਕੁੱਦ ਪਏ। 1921 ਈ: ਵਿੱਚ ਚਾਬੀਆਂ ਦੇ ਮੋਰਚੇ ਦੌਰਾਨ ਗ੍ਰਿਫ਼ਤਾਰ ਕੀਤਾ ਗਿਆ। ਇਸ ਸੰਘਰਸ਼ ਦੌਰਾਨ ਉਨ੍ਹਾਂ ਨੂੰ ਇਕ ਸਾਲ ਦੀ ਕੈਦ ਕੱਟਣੀ ਪਈ। ਇਸ ਤੋਂ ਬਾਅਦ ਦਸੰਬਰ, 1924 ਈ: ਵਿੱਚ ਜਦੋਂ ਜੈਤੋਂ ਦਾ ਮੋਰਚਾ ਆਪਣੀ ਸਿਖਰ 'ਤੇ ਸੀ, ਸਿੱਖ ਧੜਾ ਧੜ ਗ੍ਰਿਫ਼ਤਾਰੀਆਂ ਦੇ ਰਹੇ ਸਨ ਤਾਂ ਸ. ਦਰਸ਼ਨ ਸਿੰਘ ਫੇਰੂਮਾਨ ਨੂੰ 14ਵੇਂ ਜਥੇਦਾਰ ਥਾਪਿਆ ਗਿਆ। ਜਥੇ ਦੀ ਗ੍ਰਿਫ਼ਤਾਰੀ ਤੋਂ ਪਿੱਛੋਂ ਉਨ੍ਹਾਂ ਨੂੰ 10 ਮਹੀਨੇ ਦੀ ਕੈਦ ਕੱਟਣੀ ਪਈ। ਇਸ ਤੋਂ ਬਾਅਦ ਦੇਸ਼ ਦੀ ਅਜ਼ਾਦੀ ਲਈ ਚੱਲ ਰਹੇ ਸੰਘਰਸ਼ ਦੇ ਦੌਰਾਨ ਨਾ ਮਿਲ–ਵਰਤਣ ਲਹਿਰ ਵਿੱਚ ਸ਼ਾਮਿਲ ਹੋ ਕੇ ਮੁੜ 14 ਮਹੀਨੇ ਸਖ਼ਤ ਕੈਦ ਕੱਟਣੀ ਪਈ।

1926 ਈ: ਵਿੱਚ ਆਪ ਮਲਾਇਆ ਚਲੇ ਗਏ, ਉਥੇ ਵੀ ਸੰਘਰਸ਼ ਨੂੰ ਮੱਠਾ ਨਹੀਂ ਪੈਣ ਦਿੱਤਾ। ਫਿਰ ਗ੍ਰਿਫ਼ਤਾਰ ਕਰ ਲਿਆ ਗਿਆ। ਜੇਲ੍ਹ ਵਿੱਚ ਸਿੱਖੀ ਦੇ ਕਕਾਰਾਂ ਦਾ ਅੰਗ ਕਛਹਿਰਾ ਪਹਿਨਣ ਦਾ ਹੱਕ ਪ੍ਰਾਪਤ ਕਰਨ ਲਈ 21 ਦਿਨ ਲਗਾਤਾਰ ਭੁੱਖ ਹੜਤਾਲ ਕੀਤੀ। ਆਪਣੀ ਗੱਲ ਨੂੰ ਮੰਨਵਾ ਕੇ ਹੀ ਭੁੱਖ ਹੜਤਾਲ ਖ਼ਤਮ ਕੀਤੀ। ਇਸ ਤੋਂ ਪਿੱਛੋਂ ਜਦੋਂ ਦੇਸ਼ ਪਰਤੇ, ਅਜ਼ਾਦੀ ਦੀ ਲਹਿਰ ਲਈ ਚੱਲ ਰਹੇ ਸੰਘਰਸ਼ ਤਹਿਤ ਕਾਂਗਰਸ ਵੱਲੋਂ ਚਲਾਈ ਸਿਵਲ–ਨਾ ਫੁਰਮਾਨੀ ਲਹਿਰ ਤੇ ਭਾਰਤ ਛੱਡੋ ਅੰਦੋਲਨ ਵਿੱਚ ਭਰਪੂਰ ਯੋਗਦਾਨ ਪਾਇਆ।



ਸ. ਦਰਸ਼ਨ ਸਿੰਘ ਫੇਰੂਮਾਨ

ਕਾਂਗਰਸ ਪਾਰਟੀ ਵੱਲੋਂ ਨਾਮਜ਼ਦਗੀ ਪ੍ਰਾਪਤ ਕਰਕੇ ਆਪ ਰਾਜ ਸਭਾ ਦੇ ਮੈਂਬਰ ਪਾਰਲੀਮੈਂਟ ਵੀ ਰਹੇ। ਪਰ ਕਾਂਗਰਸ ਪਾਰਟੀ ਨਾਲ ਮੱਤਭੇਦ ਹੋਣ ਕਰਕੇ ਕਾਂਗਰਸ ਛੱਡ ਕੇ ਸੁਤੰਤਰ ਪਾਰਟੀ ਵਿੱਚ ਸ਼ਾਮਿਲ ਹੋ ਗਏ। ਪੰਜਾਬ ਵਿੱਚ ਸੁਤੰਤਰ ਪਾਰਟੀ ਦੇ ਪ੍ਰਚਾਰ ਲਈ ਲਗਾਤਾਰ ਯਤਨਸ਼ੀਲ ਰਹੇ। ਇਸ ਪਾਰਟੀ ਦੇ ਮੋਢੀ ਆਗੂ ਵਜੋਂ ਰਾਤ–ਦਿਨ ਇਕ ਕਰਕੇ ਸਖਤ ਮਿਹਨਤ ਕੀਤੀ। ਜਦੋਂ ਭਾਰਤੀ ਸਰਕਾਰ ਵੱਲੋਂ ਪੰਜਾਬੀ ਸੂਬੇ ਦੀ ਮੰਗ ਮਨ ਲਈ ਗਈ, ਪਰ ਪੰਜਾਬੀ ਬੋਲਦੇ ਇਲਾਕੇ ਅਤੇ ਚੰਡੀਗੜ੍ਹ ਨੂੰ ਪੰਜਾਬ ਤੋਂ ਬਾਹਰ ਰਹਿਣ ਦਿੱਤਾ ਗਿਆ। ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿੱਚ ਸ਼ਾਮਿਲ ਕਰਵਾਉਣ ਲਈ ਉਸ ਸਮੇਂ ਦੇ ਅਕਾਲੀ ਆਗੂਆਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਕੀਤੀ ਅਰਦਾਸ ਤੋਂ ਵਾਰ–ਵਾਰ ਮੂੰਹ ਫੇਰਿ–ਆ ਗਿਆ ਤਾਂ ਇਨ੍ਹਾਂ ਘਟਨਾਵਾਂ ਨਾਲ ਇਸ ਸਿਦਕੀ ਅਤੇ ਕਹਿਣੀ ਤੇ ਕਰਣੀ ਦੇ ਸੂਰੇ ਤੇ ਪੂਰੇ ਸਿੱਖ ਦੇ ਹਿਰਦੇ ਨੂੰ ਡੂੰਘੀ ਸੱਟ ਵੱਜੀ। ਸਿੱਖ ਅਰਦਾਸ ਵਿੱਚ ਸ਼ਾਮਿਲ ਸਿਦਕ ਤੇ ਸਿਰੜ ਨੂੰ ਨਿਭਾਉਣ ਵਾਲੇ ਸਿੱਖਾਂ ਦੀ ਹੁੰਦੀ ਬੇਹੁਰਮਤੀ ਸਹਾਰੀ ਨਾ ਗਈ। ਇਸ ਸਿਦਕੀ ਸਿੱਖ ਨੇ 15 ਅਗਸਤ, 1969 ਈ: ਨੂੰ ਮਰਨ ਵਰਤ ਆਰੰਭ ਕਰ ਦਿੱਤਾ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿੱਚ ਸ਼ਾਮਿਲ ਕਰਨ ਦੀ ਮੰਗ ਪੂਰੀ ਹੋਣ ਤੱਕ ਭੁੱਖੇ ਰਹਿਣ ਦੇ ਸੰਕਲਪ ਲਈ ਕੀਤੀ ਅਰਦਾਸ ਨੂੰ ਅਤੇ ਕੀਤੇ ਪ੍ਰਣ ਨੂੰ ਜ਼ਿੰਦਗੀ ਦੀ ਡੋਰ ਟੁੱਟਣ ਤੱਕ ਨਿਭਾਵਾਂਗਾ।

ਇਸ ਮਹਾਨ ਸਿਦਕੀ ਸਿੱਖ ਨੇ ਆਪਣੇ ਪ੍ਰਣ ਨੂੰ ਨਿਭਾਉਣ ਲਈ ਅਤੇ ਕੀਤੀ ਅਰਦਾਸ 'ਤੇ ਕਾਇਮ ਰਹਿਣ ਲਈ ਲਗਾਤਾਰ 74 ਦਿਨ ਤੱਕ ਭੁੱਖੇ ਰਹਿ ਕੇ 27 ਅਕਤੂਬਰ, 1969 ਨੂੰ ਆਪਣਾ ਬਲੀਦਾਨ ਦਿੱਤਾ। ਅੱਜ ਅਧੀ ਸਦੀ ਬੀਤ ਜਾਣ ਤੋਂ ਬਾਅਦ ਵੀ ਪੰਜਾਬ, ਪੰਜਾਬੀ ਅਤੇ ਪੰਜਾਬੀ–ਅਤ ਨਾਲ ਕੀਤਾ ਧੱਕਾ ਹਕੂਮਤ ਨੂੰ ਪੁੱਛਦਾ ਹੈ, ਅਜੇ ਹੋਰ ਕਿੰਨੀਆਂ ਕੁ ਕੁਰਬਾਨੀਆਂ ਦੀ ਲੋੜ ਹੈ। ■

## ਨਾਨਕਸਰ ਗੁਰਦੁਆਰਾ, ਕਵੈਂਟਰੀ ਵਿਖੇ ਧਾਰਮਿਕ ਸੇਵਾਦਾਰ (ਲਾਂਗਰੀ) ਦੀ ਲੋੜ ਹੈ

ਨਾਨਕਸਰ ਗੁਰਦੁਆਰਾ ਗੁਰ ਸਿੱਖ ਟੈਂਪਲ ਕਵੈਂਟਰੀ ਵਿਖੇ ਧਾਰਮਿਕ ਸੇਵਾਦਾਰ ਇੱਕ ਲਾਂਗਰੀ ਦੀ ਤੁਰੰਤ ਲੋੜ ਹੈ।

**ਨੌਕਰੀ ਦਾ ਮਕਸਦ:** ਸਿੱਖ ਧਰਮ ਦੇ ਨਿਯਮਾਂ ਅਨੁਸਾਰ ਗੁਰਦੁਆਰਾ ਸਾਹਿਬ ਵਿਖੇ ਮੁੱਖ ਕੰਮ ਲਾਂਗਰੀ ਵਜੋਂ ਡਿਊਟੀ ਕਰਨਾ ਹੈ ਜਿਸ ਵਿੱਚ ਸ਼ਾਮਲ ਹੈ ਤਿੰਨ ਵਕਤ ਸ਼ਾਕਾਹਾਰੀ ਭੋਜਨ ਤਿਆਰ ਕਰਨਾ, ਨਿਤਨੇਮ, ਸੁਖਮਨੀ ਸਾਹਿਬ ਪਾਠ, ਅਰਦਾਸ ਅਤੇ ਸੁਖਾਸਨ ਕਰਨ ਦੀਆਂ ਡਿਊਟੀਆਂ ਦੇ ਨਾਲ ਨਾਲ ਗੁਰਦੁਆਰੇ ਦੀਆਂ ਹੋਰ ਆਮ ਡਿਊਟੀਆਂ। ਸਿੱਖ ਮਰਿਆਦਾ ਅਨੁਸਾਰ ਹੋਰ ਸਮਾਗਮਾਂ ਵਿੱਚ ਮੁੱਖ ਗ੍ਰੰਥੀ ਦੀ ਮਦਦ ਕਰਨਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਰੋਜ਼ਾਨਾ ਸਿੱਖ ਅਰਦਾਸ ਦਾ ਪਾਠ ਕਰਨਾ, ਹਫਤਾਵਾਰੀ ਦੀਵਾਨ ਦਾ ਆਯੋਜਨ ਕਰਨਾ ਅਤੇ ਸਿੱਖ ਧਰਮ ਦਾ ਪ੍ਰਚਾਰ ਕਰਨਾ। ਲੋੜ ਅਨੁਸਾਰ ਸੰਗਤ ਦੇ ਘਰ ਵਿੱਚ ਪਾਠ ਦੀ ਸੇਵਾ ਕਰਨਾ। ਗੁਰੂ ਘਰ ਦੇ ਅੰਦਰ ਸਾਰੇ ਵਿਭਾਗਾਂ ਅਤੇ ਸੰਸਥਾਵਾਂ ਨਾਲ ਮਿਲ ਕੇ ਕੰਮ ਕਰਨਾ। ਗੁਰਦੁਆਰਾ ਕਮੇਟੀ ਦੇ ਨਿਰਦੇਸ਼ਾਂ ਅਨੁਸਾਰ ਦਿੱਤੀਆਂ ਜਾਣ ਵਾਲੀਆਂ ਹੋਰ ਸੇਵਾਵਾਂ ਕਰਨਾ। ਗੁਰਦੁਆਰੇ ਦੀ ਇਮਾਰਤ ਨੂੰ ਜਿੰਦਰੇ ਲਾਉਣ ਤੇ ਖੋਲ੍ਹਣ ਦੀ ਜ਼ਿੰਮੇਵਾਰੀ ਅਤੇ ਇਹ ਸੇਵਾਦਾਰ ਮੁੱਖ ਗ੍ਰੰਥੀ ਦੀ ਸਿਰਫ ਮਦਦ ਕਰਨਗੇ ਪਰ ਖੁਦ ਸੰਗਤ ਦੀ ਅਗਵਾਈ ਨਹੀਂ ਕਰਨਗੇ।

**ਕੰਮ ਦਾ ਵੇਰਵਾ :** ਕੰਮ ਦੇ ਘੰਟੇ: ਪ੍ਰਤੀ ਹਫਤੇ 20 ਘੰਟੇ ਤੋਂ 30 ਘੰਟੇ

**ਤਨਖਾਹ:** ਸਰਕਾਰ ਦੁਆਰਾ ਨਿਯਤ ਕੀਤੀ ਪ੍ਰਤੀ ਘੰਟੇ ਲਈ ਘੱਟੋ ਘੱਟ ਤਨਖਾਹ

**ਲਾਭ:** ਰਿਹਾਇਸ਼ ਅਤੇ ਖਾਣਾ ਮੁਫਤ ਪ੍ਰਦਾਨ ਕੀਤਾ ਜਾਵੇਗਾ

**ਲੋੜਾਂ:** ਗੁਰਮੁਖੀ ਪੜ੍ਹਨ ਅਤੇ ਬੋਲਣ ਦੇ ਯੋਗ ਹੋਣਾ ਚਾਹੀਦਾ ਹੈ। ਕਾਫੀ ਤਜ਼ਰਬਾ ਅਤੇ ਅੰਮ੍ਰਿਤਧਾਰੀ ਹੋਣਾ ਲਾਜ਼ਮੀ ਹੈ। ਸਮਾਜਿਕ ਅਤੇ ਵਧੀਆ ਗੱਲਬਾਤ ਕਰਨ ਦੀ ਕਾਬਲੀਅਤ।

**ਹੋਰ ਵੇਰਵੇ:** ਬਿਨੈਕਾਰ ਯੂ ਕੇ ਦੇ ਵਸਨੀਕ ਹੋਣ ਜਾਂ ਉਨ੍ਹਾਂ ਕੋਲ ਕੰਮ ਕਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ।

ਚਾਹਵਾਨ ਬਿਨੈਕਾਰ ਵਧੇਰੇ ਜਾਣਕਾਰੀ ਲਈ ਹੇਠਾਂ ਲਿਖੇ ਸੇਵਾਦਾਰਾਂ ਨਾਲ ਸੰਪਰਕ ਕਰ ਸਕਦੇ ਹਨ
ਅਰਜ਼ੀਆਂ ਤੇ ਆਪਣੇ ਵੇਰਵੇ ਹੇਠਾਂ ਦਿੱਤੇ ਈਮੇਲ ਰਾਹੀਂ 15-11-2024 ਤਾਰੀਖ ਤੋਂ ਪਹਿਲਾਂ ਭੇਜੋ


ਵਧੇਰੇ ਜਾਣਕਾਰੀ ਲਈ: ਬਲਰਾਜ ਸਿੰਘ ਜੌਹਲ – 07899 937663 Tel: 024 7622 0434
or info@nanaksarglobal.com / www.nanaksarglobal.com

**Nanaksar Gurdwara Gursikh Temple**
*UK Registered Charity No. 512089*
224-226 Foleshill Road, Coventry, West Midlands CV1 4HW, U.K.

## ਪੰਜਾਬੀ ਸਿੱਖਣ ਲਈ ਕਿਤਾਬਾਂ

### ਜੀ ਸੀ ਐਸ ਈ ਦੀ ਤਿਆਰੀ ਲਈ ਬੱਚਿਆਂ ਨੂੰ ਤੋਹਫ਼ੇ GIFT ਵਜੋਂ ਇਹ ਕਿਤਾਬਾਂ ਦਿਓ ਤੇ ਪੰਜਾਬੀ ਨਾਲ ਜੋੜੋ

ਜੇ ਤੁਹਾਡੇ ਬੱਚੇ ਜਾਂ ਤੁਸੀਂ ਪੰਜਾਬੀ ਪੜ੍ਹਨੀ ਲਿਖਣੀ ਸਿੱਖਣੀ ਚਾਹੁੰਦੇ ਹੋ, ਤਾਂ ਇਸ ਵਾਸਤੇ ਪੰਜਾਬ ਟਾਈਮਜ਼ ਵੱਲੋਂ 1 ਤੋਂ 4 ਲੈਵਲ ਤੱਕ ਚਾਰ ਪੁਸਤਕਾਂ ਸਿੱਖ ਸਕੂਲ ਡੌਟ ਕੌਮ, ਕੈਲੇਫੋਰਨੀਆ ਦੀ ਆਗਿਆ ਨਾਲ ਛਾਪੀਆਂ ਗਈਆਂ ਹਨ । ਇਹਨਾਂ (Work Books) ਦੀ ਮਦਦ ਨਾਲ ਤੁਸੀਂ ਆਸਾਨੀ ਨਾਲ ਬੱਚਿਆਂ ਨੂੰ ਪੰਜਾਬੀ ਸਿਖਾ ਸਕਦੇ ਹੋ। ਇਹਨਾਂ ਪੁਸਤਕਾਂ ਨਾਲ ਅੰਗਰੇਜ਼ੀ ਰਾਹੀਂ ਪੰਜਾਬੀ ਸਿੱਖ ਸਕਦੇ ਹੋ। ਪੁਸਤਕਾਂ ਦੀ ਕੀਮਤ ਕੇਵਲ ਲਾਗਤ ਮਾਤਰ ਹੀ ਰੱਖੀ ਗਈ ਹੈ । ਇਹ ਪੁਸਤਕਾਂ ਮੁਨਾਫ਼ਾ ਕਮਾਉਣ ਲਈ ਨਹੀਂ ਬਲਕਿ ਪੰਜਾਬੀ ਦੇ ਪ੍ਰਚਾਰ ਹਿੱਤ ਬਹੁਤ ਹੀ ਸਸਤੀਆਂ ਦਿੱਤੀਆਂ ਜਾ ਰਹੀਆਂ ਹਨ ।




4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ
ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ਤੇ ਡਿਸਕਾਊਂਟ ਦਿੰਦੇ ਹਾਂ ।

ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

**Whats App (M) 07966 388388**

**PANJAB TIMES**
Bridle Gate Lane, Alvaston, Derby, DE24 0QW, U.K.
Email: panjabtimes@gmail.com,
www.panjabtimes.co.uk Tel: 01332 372 851

www.fb.com/punjabtimesuk

TAIL PIECE
Dalip Singh Wasan,
Advocatge
Email : dalipsinghwassan@yahoo.co.in

# NOT TO RULE AND OPPOSE BUT TO SERVE TOGETHER-ELECTIONS 2024

Repeated elections brought growth in our democracy and now there is none to rule, but all come in Parliament as Publicd Servants and shall serve the people togather. We had been suffering because of turning the House in two parts Supporters and oppositions and ofgten fights continue in the open and in the House too and people had been loo9king at the working like fights in the open.

Now governments are formed just on strength and not having absolute majorities and now they are compelled to work together and serve the nation together. None is now ruler because consent of all is required ansd for that purpose, we shall have to allow all members present in the House to work as per their conscience, wisdom, will and desire and even votes shall not be under whips.

The majority too shall not rule because there is no absolute majority now and even opposition has declared that they shall put up Bills,schemes, projects and policies and they too shall need support from the simple majority. No Bill, Scheme, Project and Policy could become law till it is passed by absolute majority. And now teh members are bound to work together and with this new system all are here to represent the people and no supporter and no opposition. When people cast their votes, they too are trying to elect representatives so that proper service could come to the people. House shall remain busy in hearing, considering, arguing and passing items utilizing their conscience, wisdom, will and desires and even discretions. We have taken a healthy step in 2024 and even now in Assembly Elections in J and K and in the State of Haryana, people continued and followed the rule established. Good sign and let the people and the people in politics may continue it in future too.



In a democracy members must represent the people and not represent the parties and the leaders. Members too must be free like other citizens and must be fololowing discipline and not leading life of followers.

## No problem can be solved in battle field-Prime Minister Modi

Our Prime Minister of India was speaking on wars between some neighbouring countries and even he tried personally and visited the countries inwars and tried to to stop wars. he has come out with this statement and still wants that wars should be stopped and countries must try to solve their problems through come chairs accross the tables. Very good advice because wars of today are very costly and full of losses because of arms and their use today. Distrutions and human killings are on higher side and because of distruction most of the people become homeless and destitutes. Even nmber of widows and orphans cannot be counted.

And today when we have come to establish UNO and its so many wings through which we can solve our problems coming of two or more countries in battle fields and fight to show strength are situations which had been tried in the past and because of losses, we could establish UNO and its agencies. When two countries themselves cannot come accross the table, UNO and its agencies must come forward and try to solve the problem. The countries today are just like administrative units and not kingdoms of kings having some personal interests. Time is coming when most of teh small countries shall have to join and form big units.

Efforts taken by our PM Mr. Modi are appreciable and even his personal visits too show that he want peace in the world and also desires thwere should be no war between the countries and all problems must be solved accross the tble, name of Mr. Modi, Prime minister of India may be recommended for Nobel Prize of this year because he deserves so. And because of his efforts made in India he is a fit person for award of Bharat Ratna too.

## Standard education canbe imparted by teachers having up-date knowledge---His Highness Governor of Punjab

Mr. Kataria, His Highness Governor of Punjab wished that there should beteachers, fully educated, trained and having update knowledge. Very good idea and direction issued by an authority. Here in India and even in other countries, compulsory education system has been adopted and therefore, large number of people have been recruited. And as per new situations of unemployment kmost of the unemployed have chosen this line and it has become impossible to have proper teachers for this line. Therefore, time has come when the department of education shall have to see that all the teachers may be having continuous information in their subject of teahing. Today all are having mobiles and most of the teachers are having net installations at home too and therefore, the department of education must have a wing having experts in each subject who should ensure that the teachers in each faculty must be given update informatin and even method of teaching and for that purpose once a week the teachers must be given guidancde to keep knowledge in his subject update. It dould be oral and written both so that the teachers desiring printed record, may use their net facility for this purpose. Supply of printed matters to all the teachers is difficult and only net system must come in aid.

We know most of the teachers are not keeping their knowledge update and new methods of teaching too are beyond them. The results shall show where the teachers stand and if need be disciplinary procedings too must be initiated against those teachers who are not using these facilities.

Subjects like history, languages and geography could be covered by the states themselves. To give proper education to the people is state responsibility and keeping teachers update, must also be duty of the state. Only then we could expect better and competwent teachers if they too are kept update.

# ਪੰਜਾਬੋਂ ਆਏ ਵਿੱਦਿਆਰਥੀ

– ਲੇਖਕ –
ਬਲਵਿੰਦਰ ਸਿੰਘ ਮੱਲ੍ਹੀ
ਐਮ ਏ (ਲੈਸਟਰ)
07886 056 970






ਇਕ ਆਮ ਪ੍ਰਚੱਲਤ ਰਾਏ ਪਾਈ ਜਾਂਦੀ ਹੈ ਕਿ ਇੰਗਲੈਂਡ ਇਕ ਅਮੀਰ ਮੁਲਕ ਇਸ ਲਈ ਹੈ, ਕਿਉਂਕਿ ਇਸ ਨੇ ਆਪਣੀ ਸਮਕਾਲੀ ਤਾਕਤ ਕਾਰਨ ਭਾਰਤ ਅਤੇ ਅਫ਼ਰੀਕਾ ਵਰਗੇ ਗੁਲਾਮ ਮੁਲਕਾਂ ਦੀ ਲੁੱਟ ਖਸੁੱਟ ਕੀਤੀ ਹੈ। ਇਹ ਅੱਜ ਕੱਲ੍ਹ ਭਾਰਤ ਤੋਂ ਬਾਅਦ ਦੁਨੀਆਂ ਦਾ ਛੇਵਾਂ ਅਮੀਰ ਮੁਲਕ ਹੈ। ਇੰਗਲੈਂਡ ਦੀ ਲੁੱਟ ਖਸੁੱਟ ਵਿੱਚ ਕਾਫੀ ਸੱਚਾਈ ਹੈ। ਪਰ ਇੰਗਲੈਂਡ ਦੇ ਪੱਖ ਵਿੱਚ ਇਕ ਸੱਚਾਈ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ ਕਿ ਇਸ ਨੇ ਭਾਰਤ ਨੂੰ United ਇਕੱਠਾ ਭਾਰਤ ਅਤੇ ਇਕ ਚੰਗਾ ਰੇਲਵੇ ਪ੍ਰਬੰਧ ਦਿੱਤਾ, ਭਾਵੇਂ ਇਕ ਚੰਗੇ ਰੇਲਵੇ ਪ੍ਰਬੰਧ ਵਿੱਚ ਉਸ ਦਾ ਜਾਤੀ ਹਿੱਤ ਸੀ ਕਿ ਇਸ ਤੋਂ ਬਗੈਰ ਫੌਜ ਦੀ ਤੁਰੰਤ ਆਵਾਜਾਈ ਨੂੰ ਲੈ ਕੇ ਭਾਰਤ ਨੂੰ ਲੰਮੇ ਸਮੇਂ ਲਈ ਗੁਲਾਮ ਨਹੀਂ ਸੀ ਰੱਖਿਆ ਜਾ ਸਕਦਾ। ਮੌਜੂਦਾ ਸਰਕਾਰ ਦੀਆਂ ਨੀਤੀਆਂ ਅਤੇ ਮਾਹੌਲ ਨੂੰ ਦੇਖਦਿਆਂ ਇਹ ਸੁਆਲ ਪੈਦਾ ਹੁੰਦਾ ਹੈ ਕਿ ਕੀ ਭਵਿੱਖ ਵਿੱਚ ਭਾਰਤ ਇਕਮੁੱਠ ਰਾਸ਼ਟਰ ਰਹਿ ਸਕੇਗਾ ਕਿ ਨਹੀਂ? ਇਸੇ ਤਰ੍ਹਾਂ ਰੇਲਵੇ ਦੇ ਪ੍ਰਬੰਧ ਨੂੰ ਲੈ ਕੇ ਵੀ ਕਿਹਾ ਜਾ ਸਕਦਾ ਹੈ ਕਿ 77 ਸਾਲ ਦਾ ਸਮਾ ਖ਼ਤਮ ਹੋਣ ਤੋਂ ਬਾਅਦ ਵੀ ਇਹ ਉਸੇ ਤਰ੍ਹਾਂ ਅੰਗ੍ਰੇਜ਼ਾਂ ਦੇ ਰਾਜ ਵੇਲੇ ਦੇ ਸਮਾਂ ਦਾ ਚੱਲਿ–ਆ ਆ ਰਿਹਾ ਹੈ, ਜਿਸ ਵਿੱਚ ਖਾਸ ਸੁਧਾਰ ਨਹੀਂ। ਅੱਜ ਹਰ ਰੋਜ਼ ਰੇਲਵੇ ਹਾਦਸੇ ਹੋ ਰਹੇ ਹਨ। ਇਕੋ ਦਿਨ ਤਿੰਨ ਤਿੰਨ ਨਵੇਂ ਬਣੇ ਪੁੱਲ ਢਹਿ ਢੇਰੀ ਹੋ ਰਹੇ ਹਨ। ਆਮ ਹਨੇਰੀ ਵਿੱਚ ਨਵੇਂ ਅਤੇ ਆਧੁਨਿਕ ਬਣੇ ਇੰਦਰਾ ਗਾਂਧੀ ਹਵਾਈ ਅੱਡੇ ਦੀ ਛੱਤ ਉੱਡ ਜਾਣਾ, ਇਕ ਅਚੰਭੇ ਦੀ ਗੱਲ ਹੈ। ਭਾਰਤ ਦੀ ਆਜ਼ਾਦੀ ਦੇ ਲੰਮੇ ਸਮੇਂ ਤੋਂ ਬਾਅਦ ਵੀ ਕੋਈ ਬਾਹਰੀ ਲੁੱਟ ਖਸੁੱਟ ਨਾ ਹੋਣ ਦੇ ਬਾਵਜੂਦ ਵੀ 84 ਕਰੋੜ ਰੋਟੀ ਤੋਂ ਆਤਰ ਲੋਕਾਂ ਨੂੰ ਸਰਕਾਰ ਮੁਫ਼ਤ ਰਾਸ਼ਨ ਦੇ ਰਹੀ ਹੈ।

ਬਹੁਤ ਸਾਰੇ ਮੁੱਢਲੇ ਇਤਿਹਾਸਕਾਰਾਂ ਦੇ ਮੁਤਾਬਕ ਦੁਨੀਆਂ ਦੇ ਸ਼ੁਰੂ ਵਿੱਚ ਸ਼ਕਤੀ ਦਾ ਕੇਂਦਰ (Balance of power) ਏਸ਼ੀਆ ਹੋਇਆ ਕਰਦਾ ਸੀ। ਮਨੁੱਖ ਦੀ ਖੁਰਾਕ ਦਾ ਮੁੱਖ ਪਦਾਰਥ ਕਣਕ ਦਾ ਉਤ–ਪਾਦਨ ਵੀ ਪਹਿਲਾਂ ਇਰਾਨ, ਅਫ਼ਰੀਕਾ, ਭਾਰਤ ਅਤੇ ਚੀਨ ਵਿੱਚ ਸ਼ੁਰੂ ਹੋਇਆ। ਚੀਨ ਕੋਲ ਇਕ ਵੱਡਾ ਸਮੁੰਦਰੀ ਬੇੜ੍ਹਾ ਹੋਇਆ ਕਰਦਾ ਸੀ। ਦੂਸਰੇ ਦੇਸ਼ਾਂ ਨੂੰ ਨਾ ਖੋਜਣ ਵਾਲੇ ਚੀਨੀ ਲੋਕ ਹੱਥ 'ਤੇ ਹੱਥ ਰੱਖਕੇ ਬੈਠੇ ਰਹੇ। ਦੂਰ ਦੁਰੇਡੇ ਦੇਸ਼ਾਂ ਨੂੰ ਢੂੰਡਣ ਵਾਲੇ ਚਾਹਵਾਨ ਲੋਕਾਂ ਨੇ ਇਸ ਦਾ ਲਾਭ ਉਠਾਇਆ। ਇਕ ਵੱਡੇ ਸਮੁੰਦਰੀ ਬੇੜ੍ਹੇ ਦੀ ਹੋਂਦ ਅਤੇ ਮਸ਼ੀਨਗੰਨ ਦੀ ਮਾਰੂ ਸ਼ਕਤੀ ਦੀ ਸਹਾਇਤਾ ਨਾਲ ਇੰਗਲੈਂਡ ਸਭ ਤੋਂ ਵੱਧ ਮੁਲਕਾਂ ਨੂੰ ਗੁਲਾਮ ਬਣਾ ਕੇ ਉਨ੍ਹਾਂ 'ਤੇ ਰਾਜ ਕਰਕੇ ਲੁੱਟ ਖਸੁੱਟ ਕਰ ਸਕਿਆ।

ਅੱਜ ਇੰਗਲੈਂਡ ਵਰਗੇ ਮੁਲਕਾਂ ਨੂੰ ਸਮੁੰਦਰੋਂ ਪਾਰ ਦੇਸ਼ਾਂ ਨੂੰ ਗੁਲਾਮ ਬਣਾਉਣ ਦੀ ਲੋੜ ਨਹੀਂ। ਗੁਲਾਮ ਰਹਿ ਚੁੱਕੇ ਮੁਲਕਾਂ ਦੇ ਲੋਕ ਧੜ੍ਹਾ ਧੱੜ੍ਹ ਇਥੇ ਆ ਕੇ ਗੁਲਾਮਾਂ ਵਾਂਗ ਕੰਮ ਕਰਨ ਦੇ ਚਾਹਵਾਨ ਹਨ। ਮਾੜੇ ਤੋਂ ਮਾੜਾ ਕੰਮ ਜੋ ਅੰਗ੍ਰੇਜ਼ ਲੋਕ ਕਰਕੇ ਰਾਜੀ ਨਹੀਂ ਸਨ, ਉਹ ਇਨ੍ਹਾਂ ਲੋਕਾਂ ਨੇ ਕੀਤਾ। ਲੰਡਨ ਦੀ ਅੰਡਰ ਗਰਾਂਊਂਡ ਨੂੰ ਬਨਾਉਣ ਵਿੱਚ 100 ਫ਼ੀਸਦੀ ਦੇਣ ਅਫ਼ਰੀਕਾ ਦੇ ਕਾਲੇ ਲੋਕਾਂ ਦੀ ਹੈ। ਇਸੇ ਦੇਣ ਦੀ ਬਦੌਲਤ ਦੁਨੀਆਂ ਦੇ ਦੋ ਵੱਡੇ ਮਹਾਂਯੁੱਧਾਂ ਵਿੱਚ ਲੰਡਨ ਦੇ ਵਸਨੀਕ ਵੱਡੇ ਹਮਲਿਆਂ ਦੇ ਦੌਰਾਨ ਅੰਡਰ ਗਰਾਊਂਡ ਵਿੱਚ ਬੰਕਰਾਂ ਦੇ ਤੌਰ 'ਤੇ ਛਿੱਪ ਕੇ ਜਾਨ ਬਚਾਉਂਦੇ ਰਹੇ।

ਇੰਗਲੈਂਡ ਦੀਆਂ ਬਹੁਤ ਸਾਰੀਆਂ ਘਾਟੇ ਵਿੱਚ ਜਾ ਰਹੀਆਂ ਯੂਨੀਵਰਸਿਟੀਆਂ ਨੂੰ ਭਾਰਤ ਅਤੇ ਬਾਹਰਲੇ ਦੇਸ਼ਾਂ ਵਿੱਚੋਂ ਆਏ ਵਿੱਦਿਆਰਥੀ ਫ਼ੀਸਾਂ ਰੂਪੀ ਮਾਇਆ ਦੀ ਮਦਦ ਨਾਲ ਚਲਾ ਰਹੇ ਹਨ। ਅੰਕੜਿਆਂ ਦੇ ਮੁਤਾਬਕ ਪਿਛਲੇ ਸਾਲ 2360 ਕਰੋੜ ਰੁਪਏ ਤੋਂ ਉੱਪਰ ਦੀ ਰਾਸ਼ੀ ਵਿੱਦਿਆਰਥੀਆਂ ਦੀ ਫ਼ੀਸ ਦੇ ਤੌਰ 'ਤੇ ਇੰਗਲੈਂਡ ਅਤੇ ਹੋਰ ਦੇਸ਼ਾਂ ਨੂੰ ਪੰਜਾਬ ਤੋਂ ਭੇਜੀ ਗਈ। ਇਸੇ ਤਰ੍ਹਾਂ ਅੰਕੜਿਆਂ ਦੇ ਮੁਤਾਬਕ ਕੁੱਝ ਸਾਲਾਂ ਵਿੱਚ ਕੈਨੇਡਾ 3 ਬਿਲੀਅਨ ਦੀ ਕਮਾਈ ਇਨ੍ਹਾਂ ਵਿੱਦਿਆਰਥੀਆਂ ਤੋਂ ਕਰ ਚੁੱਕਾ ਹੈ। 1973–74 ਵਿੱਚ ਮੇਰੇ ਯੂਨੀਵਰਸਿਟੀ ਦੇ ਦਿਨਾਂ ਵਿੱਚ ਉਸ ਵੇਲੇ ਦੇ ਮਸ਼ਹੂਰ ਅਰਥ ਸ਼ਾਸ਼ਤਰੀ ਕਰਮ ਸਿੰਘ ਗਿੱਲ ਮੁਤਾਬਕ ਭਾਰਤ ਦੀ ਕੁੱਲ ਮੁਦਰਾ ਦਾ 6 ਫ਼ੀਸਦੀ ਬਾਹਰ ਗਏ ਭਾਰਤੀਆਂ ਰਾਹੀਂ ਆਪਣੀ ਲਹੂ ਪਸੀਨੇ ਦੀ ਕਮਾਈ ਵਿੱਚੋਂ ਭੇਜਿਆ ਜਾਂਦਾ ਸੀ। ਅੱਜ ਗੰਗਾ ਉਲਟੀ ਬਹਿ ਰਹੀ ਹੈ। ਬਹੁਤ ਲੰਮੇ ਸਮੇਂ ਤੋਂ ਇਥੇ ਵੱਸ ਗਏ ਪੰਜਾਬੀ, ਭਾਰਤੀ ਨਿਜ਼ਾਮ ਦੀ ਬੇਰੁੱਖੀ ਕਾਰਨ ਆਪਣੀ ਜਾਇਦਾਦ ਨੂੰ ਭਾਰਤ ਵਿੱਚੋਂ ਵੇਚ ਵੱਟ ਕੇ ਇਥੇ ਲੈ ਆਉਣ ਲਈ ਕਾਹਲੀ ਵਿੱਚ ਇਛੁੱਕ ਹਨ। 1955 ਜਾਂ ਇਸ ਤੋਂ ਬਾਅਦ ਵਿੱਚ ਬਾਹਰਲੇ ਦੇਸ਼ਾਂ ਵਿੱਚ ਆਏ ਲੋਕਾਂ ਦੀ ਸੰਤਾਨ ਤੀਜੀ ਜਾਂ ਚੌਥੀ ਪੀੜ੍ਹੀ ਵਿੱਚ ਜਾ ਚੁੱਕੀ ਹੈ ਅਤੇ ਉਹ ਆਪਣੇ ਆਪ ਨੂੰ ਇਨ੍ਹਾਂ ਦੇਸ਼ਾਂ ਦੇ ਵਾਸੀ ਸਮਝਦੇ ਹਨ, ਜਿਸ ਕਰਕੇ ਉਨ੍ਹਾਂ ਦੀ ਪੰਜਾਬ ਜਾਂ ਭਾਰਤ ਬਾਰੇ ਕੋਈ ਰੁਚੀ ਨਹੀਂ।

ਪੰਜਾਬ ਤੋਂ ਵਿੱਦਿਆਰਥੀ ਦੇ ਰੂਪ ਵਿੱਚ ਆਏ ਬੱਚੇ 20 ਤੋਂ 25 ਲੱਖ ਰੁਪਏ ਸ਼ੁਰੂ ਵਿੱਚ ਹੀ ਫ਼ੀਸ ਦੇ ਰੂਪ ਵਿੱਚ ਕਾਲਜ ਜਾਂ ਯੂਨੀਵਰਸਿਟੀਆਂ ਨੂੰ ਭੁਗਤਾਨ ਕਰ ਰਹੇ ਹਨ, ਜੋ ਕਿ ਉਨ੍ਹਾਂ ਦਾ ਇਥੋਂ ਦੀ ਅਰਥਵਿਵਸਥਾ ਵਿੱਚ ਸਿੱਧਾ ਹੀ ਯੋਗਦਾਨ ਹੈ। ਉਸ ਤੋਂ ਬਾਅਦ ਹਰ ਸਾਲ ਫ਼ੀਸ ਅਤੇ ਮਹਿੰਗੇ ਰਹਿਣ ਸਹਿਣ ਨੂੰ ਲੈ ਕੇ ਉਨ੍ਹਾਂ ਨੂੰ ਲੱਕ ਤੋੜਵੀਂ ਮਿਹਨਤ ਕਰਨੀ ਪੈਂਦੀ ਹੈ। ਵਿੱਦਿਆਰਥੀਆਂ ਦੇ ਤੌਰ 'ਤੇ ਆਏ ਪਲੇ ਪਲਾਏ, ਰਿਸ਼ਟ–ਪੁਸ਼ਟ ਇਹ ਕਾਮੇ ਇੰਗਲੈਂਡ ਅਤੇ ਹੋਰ ਬਾਹਰਲੇ ਦੇਸ਼ਾਂ ਨੂੰ ਬਹੁਤ ਲਾਹੇਵੰਦ ਸਾਬਤ ਹੋ ਰਹੇ ਹਨ। ਬਰਿਕਸਿਟ (Brixit) ਦੇ ਸਮੇਂ ਵਿੱਚ ਜਦੋਂ ਇੰਗਲੈਂਡ ਯੂਰਪ ਦੇ ਸਾਂਝੇ ਖੇਤਰ ਤੋਂ ਅੱਡ ਹੋਇਆ ਤਾਂ ਬਹੁਤ ਸਾਰੇ ਯੂਰਪੀਅਨ ਕਾਮੇ ਇਥੋਂ ਵਾਪਸ ਆਪਣੇ ਮੁਲਕਾਂ ਨੂੰ ਪਰਤ ਗਏ। ਇਨ੍ਹਾਂ ਕਾਮਿਆਂ ਦੀ ਘਾਟ ਖ਼ਾਸ ਕਰਕੇ ਇਮਾਰਤੀ ਕੰਮਾਂ ਵਿੱਚ, ਨੂੰ ਵੀ ਵਿੱਦਿਆਰਥੀ ਕਾਮਿਆਂ ਰਾਹੀਂ ਪੂਰਾ ਕੀਤਾ ਜਾ ਰਿਹਾ ਹੈ, ਉਹ ਵੀ ਘੱਟ ਤੋਂ ਘੱਟ ਵੇਤਨ 'ਤੇ। ਚੰਗਾ ਰਹਿਣ ਸਹਿਣ ਅਤੇ ਸਿਹਤ ਸੇਵਾਵਾਂ ਕਾਰਨ ਬਜ਼ੁਰਗਾਂ ਦੀ ਜਨਸੰਖਿਆ ਵਿੱਚ ਕਾਫ਼ੀ ਵਾਧਾ ਹੋ ਰਿਹਾ ਹੈ। ਸਰਕਾਰ 'ਤੇ ਵੱਧਦੇ ਪੈਨਸ਼ਨ ਦੇ ਬੋਝ ਅਤੇ ਉਨ੍ਹਾਂ ਦੀ ਦੇਖ–ਰੇਖ ਨੂੰ ਲੈ ਕੇ ਸਰਕਾਰ ਚਿੰਤਤ ਹੈ। ਬਜ਼ੁਰਗਾਂ ਦੀ ਦੇਖ–ਰੇਖ ਵਿੱਚ ਕਾਮਿਆਂ ਦੀ ਘਾਟ ਨੂੰ ਵੀ ਵਿੱਦਿਆਰਥੀ ਪੂਰਾ ਕਰ ਰਹੇ ਹਨ। ਜਿਥੇ ਉਹ ਪ੍ਰਤੀ ਘੰਟਾ ਘੱਟ ਤਨਖਾਹ ਲੈ ਰਹੇ ਹਨ, ਉਥੇ ਹੀ ਬਜ਼ੁਰਗਾਂ ਦੀ ਸਾਫ਼–ਸਫਾਈ ਅਤੇ ਹੋਰ ਦੇਖ–ਰੇਖ ਦਾ ਕਈ ਵਾਰ ਨਾ ਪਸੰਦ ਕੰਮ।

ਸਮੇਂ–ਸਮੇਂ 'ਤੇ ਜਦੋਂ ਰਿਸ਼ਤੇਦਾਰ ਦੇ ਵਿਆਹ ਸ਼ਾਦੀ 'ਤੇ ਜਾਣ ਦਾ ਮੌਕਾ ਮਿਲਦਾ ਹੈ, ਤਾਂ ਵਿਆਹ ਹਾਲਾਂ, ਹੋਟਲਾਂ ਅਤੇ ਗੁਰ–ਦੁਆਰਾ ਸਾਹਿਬਾਂ ਵਿੱਚ ਇਹ ਵਿੱਦਿਆਰਥੀ ਕਾਮੇ, ਆਪਣੀਆਂ ਦੇਸੀ ਕੰਪਨੀਆਂ ਦੀਆਂ ਵਰਦੀਆਂ ਪਾਈ ਉਨ੍ਹਾਂ ਲਈ ਖਾਣੇ ਦੀ ਸਾਂਭੋ–ਸੰਭਾਲ ਅਤੇ ਵਰਤਾਉਣ ਦਾ ਕੰਮ ਕਰਦੇ ਦਿਖਾਈ ਦੇਂਦੇ ਹਨ। ਇਨ੍ਹਾਂ ਵਿੱਚੋਂ 100 ਫ਼ੀਸਦੀ ਹੀ ਪੰਜਾਬ ਤੋਂ ਆਏ ਨਵੇਂ ਬੱਚੇ ਹਨ, ਨਾ ਕੋਈ ਪੁਰਾਣਾ ਬੰਦਾ, ਨਾ ਕੋਈ ਗੋਰਾ ਅਤੇ ਨਾ ਹੀ ਕਾਲਾ ਅਫ਼ਰੀਕਨ। ਮੰਨ ਵਿੱਚ ਸ਼ੱਕ ਪੈਣਾ ਸੁਭਾਵਕ ਹੈ ਕਿ ਐਸਾ ਕਿਉਂ? ਕਿਤੇ ਇਨ੍ਹਾਂ ਦੀ ਮਜਬੂਰੀ ਦਾ ਫਾਇਦਾ ਤਾਂ ਨਹੀਂ ਉਠਾਇਆ ਜਾ ਰਿਹਾ? ਪੰਜਾਬੀ ਹੋਣ ਦੇ ਨਾਤੇ ਹਮਦਰਦੀ ਤੌਰ 'ਤੇ ਮੈਂ ਕੁਝ ਬੱਚਿਆਂ ਨਾਲ ਪੁੱਛ ਪੜਤਾਲ ਦੇ ਤੌਰ 'ਤੇ ਗੱਲਬਾਤ ਕਰਦਾ ਰਹਿੰਦਾ ਹਾਂ। ਮੇਰਾ ਉਨ੍ਹਾਂ ਨੂੰ ਪੁੱਛਣ 'ਤੇ ਕੀ ਉਨ੍ਹਾਂ ਨੂੰ ਇੰਗਲੈਂਡ ਵਿੱਚ ਨਿਸ਼ਚਿਤ ਘੱਟ ਤੋਂ ਘੱਟ ਪ੍ਰਤੀ ਘੰਟਾ ਤਨਖਾਹ ਮਿਲਦੀ ਹੈ? ਕੁਝ ਦਾ ਇਸ ਪ੍ਰਤੀ ਹਾਂ ਪੱਖੀ ਜਵਾਬ ਸੀ। ਪਰ ਮੇਰਾ ਉਨ੍ਹਾਂ ਨੂੰ ਪ੍ਰਤੀ ਘੰਟਾ ਰੇਟ ਪੁੱਛਣ 'ਤੇ ਕੋਈ ਜਵਾਬ ਨਹੀਂ ਸੀ, ਜੋ ਕਿ ਇਸ ਸਾਲ 21 ਸਾਲ ਅਤੇ ਇਸ ਤੋਂ ਵਧੇਰੀ ਉਮਰ ਦੇ ਬੱਚੇ ਨੂੰ ਰਹਿਣ ਯੋਗ £11.44 ਪ੍ਰਤੀ ਘੰਟਾ ਮਿਲਣੇ ਚਾਹੀਦੇ ਹਨ। ਹਰ ਸਾਲ ਇਸ ਦੀ ਦਰ ਵਿੱਚ ਵਾਧਾ ਹੁੰਦਾ ਹੈ। ਬਹੁਤ ਸਾਰੇ ਬੱਚਿਆਂ ਦਾ ਇਹ ਵੀ ਜਵਾਬ ਸੀ ਕਿ ਉਨ੍ਹਾਂ ਨੂੰ £6 ਤੋਂ £8 ਪ੍ਰਤੀ ਘੰਟਾ ਦਿੱਤਾ ਜਾਂਦਾ ਹੈ। ਇਸ ਬਾਰੇ ਉਹ ਕਾਫ਼ੀ ਸੰਤੁਸ਼ਟ ਸਨ ਕਿ ਉਨ੍ਹਾਂ ਨੂੰ ਕੈਸ਼ ਹੱਥ ਵਿੱਚ ਦਿੱਤਾ ਜਾਂਦਾ ਹੈ ਅਤੇ ਕੋਈ ਟੈਕਸ ਨਹੀਂ ਕੱਟਿਆ ਜਾਂਦਾ। ਖ਼ੈਰ, ਇਕ ਵਿੱਦਿਆਰਥੀ ਜਿਸ ਨੂੰ 20 ਘੰਟੇ ਹਰ ਹਫ਼ਤਾ ਕੰਮ ਕਰਨ ਦੀ ਇਜਾਜ਼ਤ ਤਾਂ ਉਸ ਨੂੰ ਪ੍ਰਤੀ ਘੰਟਾ ਘੱਟ ਤੋਂ ਘੱਟ ਤਨਖਾਹ ਲੈਂਦਿਆਂ ਟੈਕਸ ਦੇਣ ਦੀ ਜਰੂਰਤ ਹੀ ਨਹੀਂ, ਕਿਉਂਕਿ ਯੂ.ਕੇ. ਵਿੱਚ ਚੱਲਦੇ ਸਾਲ ਵਿੱਚ ਹਰ ਆਦਮੀ ਨੂੰ 12570 ਪੌਂਡ ਦਾ ਨਿੱਜੀ ਭੱਤਾ ਦਿੱਤਾ ਗਿਆ ਹੈ, ਜਿਸ ਨੂੰ ਲੈ ਕੇ ਇਸ ਰਕਮ 'ਤੇ ਸਲਾਨਾ ਟੈਕਸ ਰੇਟ ਸਿਫ਼ਰ ਹੈ। ਇਸ ਵਿੱਚ ਵੀ ਸਮੇਂ 'ਤੇ ਵਾਧਾ ਕੀਤਾ ਜਾਂਦਾ ਹੈ। ਯੂ.ਕੇ. ਵਿੱਚ ਇਕ ਕੰਪਨੀ ਮਾਲਕ ਨੂੰ ਆਪਣੇ ਕਾਮੇ ਵੱਲੋਂ ਉਸ ਦੀ ਤਨਖਾਹ ਦਾ 13.8 ਫ਼ੀਸਦੀ ਟੈਕਸ ਤੇ ਨੈਸ਼ਨਲ ਇਨਸ਼ੋਰੰਸ ਦੇ ਤੌਰ 'ਤੇ ਸਰਕਾਰ ਨੂੰ ਦੇਣਾ ਪੈਂਦਾ ਹੈ। ਹੱਥ ਵਿੱਚ ਕੈਸ਼ ਦੇ ਕੇ ਉਹ ਸਰਕਾਰ ਨੂੰ ਹਜ਼ਾਰਾਂ ਲੱਖਾਂ ਦਾ ਚੂਨਾ ਲਾ ਰਿਹਾ ਹੈ। ਦੇਸ਼ ਦੀ ਖੁਸ਼ਹਾਲੀ ਅਤੇ ਲੋਕ ਭਲਾਈ ਸੇਵਾਵਾਂ 'ਤੇ ਇਸ ਦਾ ਡੂੰਘਾ ਅਸਰ ਹੁੰਦਾ ਹੈ। ਭਾਰਤ ਦੀ ਖੁਸ਼ਹਾਲੀ ਵਿੱਚ ਰੁਕਾਵਟ ਦਾ ਵੱਡਾ ਕਾਰਨ ਵੀ ਉਥੇ ਦੇ ਅਮੀਰਾਂ ਕੋਲ ਬੇਸ਼ੁਮਾਰ ਕਾਲਾ ਧੰਨ ਹੈ।

ਸਮੇਂ–ਸਮੇਂ 'ਤੇ ਪੰਜਾਬੋਂ ਆਏ ਵਿੱਦਿਆਰਥੀਆਂ ਦੀ ਅਚਾਨਕ ਦਿਲ ਦਾ ਦੌਰਾ ਪੈਣ ਨਾਲ ਬਾਹਰਲੇ ਦੇਸ਼ਾਂ ਵਿੱਚ ਮੌਤ ਅਤੇ ਖ਼ਾਸ ਕਰਕੇ ਕੈਨੇਡਾ ਵਿੱਚ ਇਸ ਦੀ ਗਿਣਤੀ ਵੱਧ ਹੋਣ ਦੀਆਂ ਖ਼ਬਰਾਂ ਆਮ ਸੁਣੀਆਂ ਗਈਆਂ ਹਨ। ਇਸ ਦੇ ਕਈ ਕਾਰਨ ਹਨ, ਜਿਵੇਂ ਪਿੱਛੇ ਮਾਂ–ਬਾਪ 'ਤੇ ਵੱਡੇ ਕਰਜ਼ੇ ਦੇ ਬੋਝ ਦੇ ਕਾਰਨ ਕੰਮ ਦੀ ਭਾਲ ਦੇ ਨਾਲ ਵੱਧ ਤੋਂ ਵੱਧ ਘੰਟੇ ਕੰਮ ਕਰਨ ਦੀ ਮਜਬੂਰੀ, ਮਹਿੰਗਾ ਰਹਿਣ–ਸਹਿਣ, ਪੜ੍ਹਾਈ ਦਾ ਬੋਝ, ਗੈਰਜ਼ਿੰਮੇਵਾਰੀ ਤੋਂ ਜ਼ਿੰਮੇਵਾਰੀ ਦਾ ਬੋਝ, ਨਵੇਂ ਵਾਤਾਵਰਣ ਅਤੇ ਢਾਂਚੇ ਵਿੱਚ ਢੱਲਣ ਵਰਗੀਆਂ ਮੁਸ਼ਕਿਲਾਂ ਅਤੇ ਮਾਂ–ਬਾਪ ਦੇ ਪਿਆਰ ਤੋਂ ਵਾਂਝੇ ਇਕਾਂਤ ਵਿੱਚ ਇਹ ਤਣਾਅ ਅਤੇ ਮਾਨਸਿਕ ਪੀੜ੍ਹਾ ਨਿਭਾਅ ਰਹੇ ਹਨ। ਹਜ਼ਾਰਾਂ ਮੀਲ ਦੂਰ ਬੱਚੇ ਦੀ ਮੌਤ ਬਾਂ–ਬਾਪ ਲਈ ਅਸਹਿ ਹੋ ਜਾਂਦੀ ਹੈ। ਪੈਸੇ ਵੱਲੋਂ ਟੁੱਟੇ ਮਾਂ–ਬਾਪ ਨੂੰ ਬੱਚੇ ਦੀ ਮ੍ਰਿਤਕ ਦੇਹ ਨੂੰ ਵਾਪਸ ਪੰਜਾਬ ਲਿਆਉਣ ਲਈ ਸਰਕਾਰ ਅਤੇ ਸੰਸਥਾਵਾਂ ਨੂੰ ਪੁਕਾਰ ਕਰਨੀ ਪੈਂਦੀ ਹੈ।

ਮੇਰੇ ਜਾਤੀ ਤਜਰਬੇ ਤੋਂ ਪੰਜਾਬ ਵਿੱਚ ਇਹ ਬੱਚੇ ਇਕ ਕੱਖ ਵੀ ਦੋਹਰਾ ਨਹੀਂ ਕਰਦੇ। ਫਰਸ਼ ਤੋਂ ਗੰਦ ਨੂੰ ਚੁੱਕਣ ਨਾਲੋਂ ਹਰ ਚੀਜ਼ ਫਰਸ਼ 'ਤੇ ਕੂੜ੍ਹੇ ਕਰਕਟ ਨੂੰ ਸਾਂਭਣ ਵਿੱਚ ਇਨ੍ਹਾਂ ਦੀ ਕੋਈ ਦੇਣ ਨਹੀਂ। ਮਾਂ–ਪਿਉ ਨੂੰ ਹੀ ਸਾਫ਼–ਸਫ਼ਾਈ ਦਾ ਕੰਮ ਕਰਨਾ ਪੈਂਦਾ ਹੈ। ਪਾਣੀ ਦੇ ਗਲਾਸ ਲਈ ਵੀ ਮਾਂ ਨੂੰ ਆਵਾਜ਼ਾਂ ਪਤਾ ਨਹੀਂ ਫਿਰ ਬਾਹਰ ਆ ਕੇ ਇਨ੍ਹੇ ਕਾਮੇ ਅਤੇ ਜ਼ਿੰਮੇਵਾਰ ਕਿਉਂ ਬਣ ਜਾਂਦੇ ਹਨ? ਜਾਂ ਫਿਰ ਕੀ ਇਹ ਬਾਹਰਲੇ ਦੇਸ਼ਾਂ ਵਿੱਚ ਪਾਏ ਜਾਂਦੇ ਹਾਲਾਤਾਂ ਤੋਂ ਮਜਬੂਰ? ਭਾਰਤ ਵਿੱਚ ਲੋਕਾਂ ਨੇ ਬਾਹਰਲੇ ਦੇਸ਼ਾਂ ਵਾਂਗ ਡਿਗਨਿਟੀ ਆਫ਼ ਲੇਬਰ ਭਾਵ ਕੋਈ ਕਿੱਤਾ ਉੱਚਾ ਨੀਵਾਂ ਨਹੀਂ, ਨੂੰ ਸੰਕਲਪ ਹੀ ਨਹੀਂ ਬਣਾਇਆ। ਕੰਮ ਨੂੰ ਊਚ–ਨੀਚ ਨਾਲ ਜੋੜਿਆ ਜਾਂਦਾ ਹੈ। ਆਪਣੇ ਜਾਤੀ ਕਿੱਤੇ ਤੋਂ ਬਾਹਰ ਆ ਕੇ ਹੋਰ ਕਿੱਤੇ ਨੂੰ ਅਪਨਾਉਣ ਨੂੰ ਹੱਤਕ ਸਮਝਿਆ ਜਾਂਦਾ ਹੈ।

ਬਾਕੀ ਪੰਨਾ 32 'ਤੇ ਦੇਖੋ →

# ਪੰਜਾਬੀ ਫ਼ਿਲਮਾਂ ਦੀ ਲੇਖਿਕਾ/ਨਿਰਦੇਸ਼ਕ ਤੇ ਅਭਿਨੇਤਰੀ ਸਿਆਸਤ ਵਿੱਚ ਵੀ ਸ਼ਾਮਿਲ ਤੇਜੀ ਸੰਧੂ





ਇਹ ਗੱਲ ਪੱਕੀ ਹੋਊ ਕਿ ਚੜ੍ਹਦੀ ਜਵਾਨੀ ਜਦ ਤੇਜੀ ਸੰਧੂ ਰਾਹਵਾਂ ਤੇ ਨਿੱਕਲਦੀ ਹੋਏਗੀ 302 ਲੱਗ ਜੂ ਵਾਲੀ ਗੱਲ ਹੁੰਦੀ ਹੋਣੀ ਹੈ। ਖ਼ੈਰ ਪੰਜਾਬੀ ਫ਼ਿਲਮਾਂ ਦੀ ਸਟਾਰ ਅਭਿਨੇਤਰੀ ਤੇਜੀ ਸੰਧੂ ਫ਼ਿਲਮ ਲੇਖਕ ਵੀ ਹੈ ਤੇ ਡਾਇਰੈਕਟਰ ਵੀ ਹੈ। ਇਸ ਸਮੇਂ ਓਹ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਮਹਿਲਾ ਕਿਸਾਨ ਵਿੰਗ ਦੀ ਉੱਚ ਅਹੁਦੇਦਾਰ ਹੈ। ਬਿਲਕੁਲ ਸਾਊਥ ਫ਼ਿਲਮਾਂ ਦੇ ਕਲਾਕਾਰ ਲੋਕਾਂ ਦੀ ਤਰਾਂ ਨੇਤਾ ਅਭਿਨੇਤਾ ਵਾਲਾ ਕੰਮ ਓਹ ਕਰ ਦਿਖਾ ਰਹੀ ਹੈ। ਸਰੀਰਕ ਬਣਤਰ ਦਿਲ ਖਿੱਚ ਲੈਣ ਵਾਲੀ, ਰੰਗ ਦੁਧੀਆ ਤੇ ਕੱਦ ਸਰੂ ਜਿਹਾ ਉੱਚ ਤੇਜੀ ਦੀ ਦਿੱਖ ਨੂੰ ਆਕਰਸ਼ਕ ਬਣਾਉਂਦੇ ਹਨ। ਗਰੇਸੀ ਸਿੰਘ ਨਾਲ "ਆਪਾਂ ਫੇਰ ਮਿਲਾਂਗੇ" ਫ਼ਿਲਮ ਤੋ ਬਾਅਦ "ਐਵੇਂ ਰੌਲਾ ਪੈ ਗਿਆ" ਵਿੱਚ ਰਾਜਵੀਰ ਦੀ ਭਾਬੀ ਦਾ ਕਿਰਦਾਰ ਕਰ ਕਿ ਤੇਜੀ ਨੇ ਫ਼ਿਲਮ ਨਗਰੀ ਨੂੰ ਪ੍ਰਭਾਵਿਤ ਕੀਤਾ ਸੀ। "ਐਸ਼ ਕਰ ਲੈ" "ਪ੍ਰੋਪਰ ਪਟੋਲਾ ਯਾਰ ਮੇਰਾ ਰੱਬ ਵਰਗਾ" ਫ਼ਿਲਮਾਂ ਨਾਲ ਓਸ ਦਾ ਕੈਰੀਅਰ ਅੱਗੇ ਵਧਿਆ ਤੇ ਪਾਕਸਤਾਨੀ ਹੀਰੋਇਨ ਸਨਾ ਨਾਲ "ਦਿਲ ਪਰਦੇਸੀ ਹੋ ਗਿਆ" ਓਸ ਕੀਤੀ। "ਦਾ ਗ੍ਰੇਟ ਸਰਦਾਰ" ਵਿੱਚ ਓਸ ਅਭਿਨੈ ਵੀ ਕੀਤਾ ਤੇ ਇਸ ਫ਼ਿਲਮ ਦੀ ਲੇਖਿਕਾ ਵੀ ਤੇਜੀ ਸੰਧੂ ਹੀ ਸੀ।ਬਹੁਤ ਸਾਰੇ ਵੀਡਿਓ ਗੀਤਾਂ ਜਿਹਨਾਂ ਵਿੱਚ ਧੀਰੇ ਗਿੱਲ ਦਾ "ਮਿਹਨਤਾਂ ਦੇ ਫਲ" ਸ਼ਾਮਿਲ ਹੈ ਵਿੱਚ ਓਸ ਮਾਡਲਿੰਗ ਵੀ ਕੀਤੀ ਤੇ ਕਈ ਵੀਡਿਓ ਤੇਜੀ ਨੇ ਨਿਰਦੇਸ਼ਤ ਕੀਤੇ ਹਨ। ਇਸ ਵੇਲੇ ਓਹ "ਆਖਰੀ ਵਾਰਿਸ" ਫ਼ਿਲਮ ਡਾਇਰੈਕਟ ਕਰ ਰਹੀ ਹੈ। ਯੋਗਰਾਜ ਸਿੰਘ ਨੇ "ਦਾ ਗ੍ਰੇਟ ਸਰਦਾਰ" ਜਿਸ ਨੂੰ ਤੇਜੀ ਨੇ ਲਿਖਿਆ ਸੀ ਕਿਹਾ ਸੀ ਕਿ ਫ਼ਿਲਮ ਦੇ ਇੱਕ ਇੱਕ ਪੱਖ ਨੂੰ ਮਨੋਰੰਜਕ ਬਣਾਉਣ ਵਿੱਚ ਤੇਜੀ ਦੀ ਕਲਮ ਦਾਦ ਦੀ ਪਾਤਰ ਹੈ। ਗੁੱਗੂ ਗਿੱਲ, ਬੱਬੂ ਮਾਨ, ਇੰਦਰਜੀਤ ਨਿੱਕੂ ਨੇ ਓਸ ਨੂੰ ਬੇਮਿਸਾਲ ਅਭਿਨੇਤਰੀ ਕਿਹਾ ਜਦ ਕਿ ਫ਼ਿਲਮ ਨਾਇਕਾ ਲਾਲੀ ਵੁਡ ਦੀ ਸਨਾ ਤੇ ਹਯਾ ਨੇ ਕਿਹਾ ਕਿ ਤੇਜੀ ਆਪਣੀ ਬਣਤਰ ਮੁਤਾਬਿਕ ਜਵਾਨ ਦੀਦੀ, ਭਾਬੀ ਤੇ ਪਤਨੀ ਦੇ ਰੂਪ ਵਿੱਚ ਬਹੁਤ ਜਚਦੀ ਹੈ। ਖੁਦ ਤੇਜੀ ਨੇ ਕਿਹਾ ਕਿ ਓਹ ਐਕਸ਼ਨ ਕਿਰਦਾਰ ਪਸੰਦ ਕਰਦੀ ਹੈ ਤੇ ਮੌਕਾ ਮਿਲਣ ਤੇ ਓਹ "ਝਾਂਸੀ ਦੀ ਰਾਣੀ" ਜਿਹਾ ਕਿਰਦਾਰ ਕਰੇਗੀ। ਟੀਵੀ ਤੋਂ ਓਸ ਨੂੰ ਬਹੁਤ ਪੇਸ਼ਕਸ਼ਾਂ ਆਉਂਦੀਆਂ ਹਨ ਪਰ ਹੁਣ ਰਾਜਨੀਤੀ ਵਿੱਚ ਆਓਣ ਕਾਰਣ ਵਕਤ ਦੀ ਘਾਟ ਹੈ। ਓਸ ਨੇ ਐਡ ਫਿਲਮਾਂ ਵੀ ਕੀਤੀਆਂ ਹਨ। ਹੁਣ ਓਹ ਫ਼ਿਲਮ ਡਾਇਰੈਕਟਰ ਵੱਜੋਂ ਦੀਪਾ ਮਹਿਤਾ ਦੀ ਤਰਾਂ ਐਵਾਰਡ ਜੇਤੂ ਡਾਇਰੈਕਟਰ ਬਣਨ ਦੇ ਸੁਪਨੇ ਪੂਰੇ ਕਰੇਗੀ। ਤੇਜੀ ਨੇ ਪੰਜਾਬ ਦੀ ਰਾਜਨੀਤੀ ਵਿੱਚ ਆਓਣ ਬਾਬਤ ਕਿਹਾ ਕਿ ਦੱਖਣ ਵਿੱਚ ਨੇਤਾ ਅਭਿਨੇਤਾ ਹਨ ਤੇ ਓਹ ਜੈ ਲਲਿਤਾ ਤੋਂ ਪ੍ਰਭਾਵਿਤ ਹੈ। ਓਹ ਕਿਸਾਨ ਵਿੰਗ ਦੀ ਉੱਚ ਅਹੁਦੇਦਾਰ ਹੋਣ ਕਾਰਨ ਕਿਸਾਨੀ ਮਸਲੇ ਹੱਲ ਕਰਵਾਉਣ ਲਈ ਹਮੇਸ਼ਾ ਭਾਜਪਾ ਹਾਈ ਕਮਾਨ ਨੂੰ ਕਹਿੰਦੀ ਰਹਿੰਦੀ ਹੈ। ਬੇਬਾਕ ਹੈ ਤੇ ਕੰਗਨਾ ਰਣੌਤ ਦੀ ਓਹ ਰੱਜ ਕਿ ਆਲੋਚਨਾ ਕਰਦੀ ਹੈ। ਤੇਜੀ ਭਵਿੱਖ ਵਿੱਚ ਪੰਜਾਬ ਵਿਧਾਨ ਸਭਾ ਐਮ ਐਲ ਏ ਬਣ ਜਾਣਾ ਚਾਹੁੰਦੀ ਹੈ ਤੇ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦੀ ਚੋਣ ਵਕਤ ਓਸ ਬਹੁਤ ਮਿਹਨਤ ਕੀਤੀ। ਯੂ ਕੇ ਕਨੇਡਾ ਫਿਲਮੀ ਸ਼ੋ ਵੀ ਓਸ ਕੀਤੇ ਹਨ। ਅਭਿਨੈ ਤੇ ਫ਼ਿਲਮ ਨਿਰਦੇਸ਼ਨ ਜਾਰੀ ਰਹੇਗਾ ਤੇ ਰਾਜਨੀਤੀ ਵੀ ਆਖਣ ਵਾਲੀ ਤੇਜੀ ਸੰਧੂ ਜਿਸ ਕਦਰ ਚੁਸਤ ਤੇ ਫੁਰਤੀਲੀ ਹੈ ਲੱਗਦਾ ਹੈ ਕਿ ਓਹ ਆਪਣੇ ਮੰਤਵ ਆ ਰਹੇ ਤਿੰਨ ਚਾਰ ਸਾਲਾਂ ਤੱਕ ਪੂਰੇ ਕਰ ਪੰਜਾਬ ਦਾ ਚਰਚਿਤ ਚਿਹਰਾ ਅੰਤਰ ਰਾਸ਼ਟਰੀ ਪੱਧਰ ਤੇ ਹੋਏਗੀ।

-ਅੰਮ੍ਰਿਤ ਪਵਾਰ

# ਪੰਜਾਬੋਂ ਆਏ ਵਿੱਦਿਆਰਥੀ

31 ਪੰਨੇ ਦਾ ਬਾਕੀ ਹਿੱਸਾ

ਪੰਜਾਬੋਂ ਆਏ ਇਹ ਬੱਚੇ ਹਰ ਤਰ੍ਹਾਂ ਦਾ ਕੰਮ ਕਰ ਰਹੇ ਹਨ, ਇਮਾਰਤੀ ਕੰਮ ਤੋਂ ਲੈ ਕੇ ਸੜਕਾਂ 'ਤੇ ਕੰਮ। ਬਾਹਰਲੇ ਦੇਸ਼ਾਂ ਵਿੱਚ ਮਿਹਨਤ ਦਾ ਮੁੱਲ ਹੋਣ ਕਰਕੇ ਇਹ ਵੱਧ ਤੋਂ ਵੱਧ ਘੰਟੇ ਕੰਮ ਕਰ ਰਹੇ ਹਨ। ਅਗਰ ਪੰਜਾਬ ਵਿੱਚ ਵੀ ਡਿਗਨਿਟੀ ਆਫ਼ ਲੇਬਰ ਨੂੰ ਅਪਣਾਇਆ ਜਾਏ ਤਾਂ ਕੰਮ ਦੀ ਘਾਟ ਨਹੀਂ ਹੋ ਸਕਦੀ। ਸਰਕਾਰਾਂ ਵੀ ਆਪਣਾ ਯੋਗਦਾਨ ਪਾਉਣ ਤਾਂ ਕਿ ਇਹੋ ਜਿਹੇ ਕਾਨੂੰਨ ਬਣਾਏ ਜਾਣ ਤਾਂ ਜੋ ਹਰ ਇਕ ਨੂੰ ਰਹਿਣ ਯੋਗ ਭਰਵੀਂ ਤਨਖਾਹ ਮਿਲ ਸਕੇ।

ਕੀ ਪੰਜਾਬੋਂ ਜਾਂ ਭਾਰਤ ਤੋਂ ਆਏ ਬੱਚਿਆਂ ਨੂੰ Unsocial hour ਨੂੰ ਲੈ ਕੇ ਬਣਦੀ ਤਨਖਾਹ ਮਿਲਦੀ ਹੈ, ਜਿਵੇਂ ਕਿ ਸ਼ਨਿੱਚਰਵਾਰ ਡੇਢ ਗੁਣਾਂ, ਐਤਵਾਰ ਅਤੇ ਦੇਰ ਨਾਲ ਕੰਮ ਕਰਨ 'ਤੇ ਦੋ ਗੁਣਾਂ? ਇਹ ਵੀ ਇਕ ਸੁਆਲੀਆ ਵਿਸ਼ਾ ਹੈ। ਜਦੋਂ ਮੇਰੇ ਵਰਗੇ ਇਥੇ ਆਏ ਤਾਂ ਸਾਨੂੰ ਗੋਰਿਆਂ ਦੀਆਂ ਫੈਕਟਰੀਆਂ ਵਿੱਚ ਕੰਮ ਕਰਨ 'ਤੇ ਇਹ ਸਾਰੀਆਂ ਸਹੂਲਤਾਂ ਮਿਲਦੀਆਂ ਸਨ। ਮੇਰੇ ਮੁਤਾਬਕ ਲੁੱਟ-ਖਸੁੱਟ ਨੂੰ ਲੈ ਕੇ ਦੁਨੀਆਂ ਦੀ ਤੁਲਨਾ ਵਿੱਚ ਅਸੀਂ ਭਾਰਤੀ ਜਾਇਦਾਂ ਮਾਹਿਰ ਹਾਂ ਅਤੇ ਉਹ ਵੀ ਆਪਣਿਆਂ ਨੂੰ।

ਪੰਜਾਬ ਵਿੱਚ ਲੜਕਿਆਂ ਦੀ ਤੁਲਨਾ ਵਿੱਚ ਲੜਕੀਆਂ ਕਈ ਗੁਣਾ ਵੱਧ ਆਈ ਲੈਟਸ ILETS ਪਾਸ ਕਰ ਰਹੀਆਂ ਹਨ। ਇਸ ਕਰਕੇ ਬਹੁਤ ਸਾਰੇ ਲੜਕਿਆਂ ਦੇ ਮਾਂ-ਬਾਪ ਇਹੋ ਜਿਹੀਆਂ ਲੜਕੀਆਂ ਦੀ ਭਾਲ ਵਿੱਚ ਹਨ। ਲੜਕੇ ਵਾਲਿਆਂ ਵੱਲੋਂ ਲੜਕੀ ਵਾਲਿਆਂ ਨਾਲ ਸੌਦਾ ਕੀਤਾ ਜਾਂਦਾ ਹੈ ਕਿ ਅਗਰ ਲੜਕੀ ਵਿਵਾਹ ਕਰਕੇ ਲੜਕੇ ਨੂੰ ਨਾਲ ਬਾਹਰਲੇ ਦੇਸ਼ ਵਿੱਚ ਪੱਕੇ ਤੌਰ 'ਤੇ ਲੈ ਜਾਂਦੀ ਹੈ ਤਾਂ ਉਸ ਦੀ ਪੜ੍ਹਾਈ ਲਿਖਾਈ ਅਤੇ ਆਵਾਜਾਈ ਦਾ ਖਰਚਾ ਲੜਕੇ ਵਾਲਿਆਂ ਵੱਲੋਂ ਦਿੱਤਾ ਜਾਵੇਗਾ। ਇਸ ਨੂੰ Contract wedding ਦਾ ਨਾਮ ਦਿੱਤਾ ਗਿਆ, ਜਿਸ ਵਿੱਚ ਸ਼ਰਤਾਂ ਨੂੰ ਲਿਖਤੀ ਰੂਪ ਦਿੱਤਾ ਜਾਂਦਾ ਹੈ। ਜਜ਼ਬਾਤਾਂ ਅਤੇ ਆਪਸੀ ਪਿਆਰ ਮਿਲਾਪ ਤੋਂ ਸੱਖਣੇ ਇਹ ਵਿਵਾਹ ਬਹੁਤ ਚਿਰ ਟਿੱਕ ਨਾ ਸਕੇ। ਆਪਸ ਵਿੱਚ ਹੇਰਾਫੇਰੀ ਅਤੇ ਧੋਖੇ ਦੇ ਦੋਸ਼ਾਂ ਹੇਠ ਛੱਡ ਛਡਾ ਹੋਣ ਲੱਗਾ। ਬਹੁਤ ਸਾਰੇ ਲੜਕਿਆਂ ਨੂੰ ਲੜਕੀਆਂ ਰਾਹੀਂ ਬਾਹਰਲੇ ਦੇਸ਼ਾਂ ਵਿੱਚ ਨਾ ਬਲਾਉਣ ਕਰਕੇ ਆਪਸੀ ਵੈਰ ਵਿਰੋਧ ਕਾਰਨ ਲੜਕੀਆਂ ਨੂੰ ਕਤਲ ਕੀਤਾ ਗਿਆ।

ਮੋਦੀ ਜੀ ਦਾ ਨਾਅਰਾ ਕਿ ਭਾਰਤ ਵਿੱਚ 30 ਫ਼ੀਸਦੀ ਆਬਾਦੀ ਨੌਜਵਾਨਾਂ ਦੀ ਹੈ, ਜੋ ਦੇਸ਼ ਦੀ ਤਰੱਕੀ ਲਈ ਵਰਦਾਨ ਸਿੱਧ ਹੋ ਸਕਦੀ ਹੈ। ਪਰ ਮੌਕਿਆਂ ਦੀ ਘਾਟ ਅਤੇ ਰਹਿਣ-ਸਹਿਣ ਲਈ ਯੋਗ ਤਨਖਾਹਾਂ ਦੀ ਘਾਟ ਕਾਰਨ ਨੌਜਵਾਨ ਪੀੜ੍ਹੀ ਬਾਹਰ ਦਾ ਰੁੱਖ ਕਰ ਚੁੱਕੀ ਹੈ। ਜਿਥੇ ਪੰਜਾਬ ਵਿੱਚ ਮਾਂ ਬੋਲੀ ਪੰਜਾਬੀ ਨੂੰ ਢਾਹ ਲੱਗ ਰਹੀ ਹੈ, ਉਥੇ ਹੀ ਪ੍ਰਵਾਸ ਕਾਰਨ ਇਥੇ ਪੰਜਾਬੀਆਂ ਦੀ ਗਿਣਤੀ ਦਿਨੋ ਦਿਨ ਘੱਟ ਰਹੀ ਹੈ। ਮੇਰੇ ਮੁਤਾਬਕ ਭਾਰਤ ਦੇ ਲੋਕਾਂ ਦੀ ਗਰੀਬੀ ਦਾ ਮੁੱਖ ਕਾਰਨ ਉਥੋਂ ਦਾ ਮਾੜਾ ਪ੍ਰਬੰਧਕੀ ਢਾਂਚਾ ਅਤੇ ਇੰਗਲੈਂਡ ਦੇ ਲੋਕਾਂ ਦੀ ਅਮੀਰੀ ਦਾ ਇਥੋਂ ਦਾ ਸਾਫ਼-ਸੁਥਰਾ ਅਤੇ ਲੋਕਾਂ ਦੇ ਹਿੱਤ ਵਿੱਚ ਪ੍ਰਬੰਧਕੀ ਢਾਂਚਾ, ਜਿਸ ਕਾਰਨ ਵੀ ਲੋਕ ਇਧਰ ਦਾ ਰੁੱਖ ਕਰ ਰਹੇ ਹਨ।

-ਬਲਵਿੰਦਰ ਸਿੰਘ ਮੱਲ੍ਹੀ,
ਐਮ.ਏ.

# ਬਾਦਲ-ਕੇ ਹੁਣ ਗਿਆਨੀ ਰਘਬੀਰ ਸਿੰਘ ਨੂੰ ਵੀ 'ਗੁਰਬਚਨ ਸਿੰਘ' ਬਣਾਉਣਾ ਚਾਹੁੰਦੇ ਨੇ - ਦੁਪਾਲ ਪੁਰ



ਸੈਨਹੋਜ਼ੇ-ਜਿਵੇਂ ਆਪਣੇ ਰਾਜ-ਭਾਗ ਵੇਲੇ ਬਾਦਲ-ਕਿਆਂ ਨੇ ਵੋਟ-ਭੁੱਖ ਕਾਰਨ ਸ੍ਰੀ ਅਕਾਲ ਤਖਤ ਸਾਹਿਬ ਦੀ ਦੁਰਵਰਤੋਂ ਕਰਦਿਆਂ ਸਮਕਾਲੀ ਜਥੇਦਾਰ ਗਿਆਨੀ ਗੁਰਬਚਨ ਸਿੰਘ ਉੱਤੇ ਦਬਾਅ ਪਾ ਕੇ 'ਮਰ ਜਾਊ ਚਿੜੀਊ ਜੀਅ ਪਊ ਚਿੜੀਊ' ਵਾਂਗ ਮਨਮਰਜੀ ਦੇ ਹੁਕਮਨਾਮੇ ਜਾਰੀ ਕਰਵਾਏ ਅਤੇ ਫਿਰ ਵਾਪਸ ਕਰਵਾਏ ਸਨ, ਉਸੇ ਪੈਟਰਨ 'ਤੇ ਚੱਲਦਿਆਂ ਹੁਣ ਉਹ ਗਿਆਨੀ ਰਘਬੀਰ ਸਿੰਘ ਨੂੰ ਵੀ 'ਗੁਰਬਚਨ ਸਿੰਘ' ਬਣਾਉਣਾ ਲੋਚਦੇ ਹਨ।

ਮੌਜੂਦਾ ਪੰਥਕ ਹਾਲਾਤ ਉੱਤੇ ਇਨ੍ਹਾਂ ਸ਼ਬਦਾਂ ਰਾਹੀਂ ਟਿੱਪਣੀ ਕਰਦਿਆਂ ਪ੍ਰਵਾਸੀ ਪੰਜਾਬੀ ਲੇਖਕ ਭਾਈ ਤਰਲੋਚਨ ਸਿੰਘ ਦੁਪਾਲ ਪੁਰ ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ ਨੇ ਆਪਣੇ ਇਕ ਲਿਖਤੀ ਬਿਆਨ ਵਿਚ ਦੋਸ਼ ਲਾਇਆ ਕਿ ਬਾਦਲ-ਕਿਆਂ ਦੀ 'ਕੋਰ ਕਮੇਟੀ' ਅਤੇ ਸੁਖਬੀਰ ਸਿੰਘ ਬਾਦਲ ਲਈ ਚਮਚਾਗਿਰੀ ਦੇ ਹੱਦ-ਬੰਨੇ ਟੱਪਣ ਵਾਲੇ ਭਾਈ ਵਲਟੋਹਾ ਨੂੰ ਹੁਣ ਜਥੇਦਾਰ ਸ੍ਰੀ ਅਕਾਲ ਤਖਤ ਸਾਹਬ ਉੱਤੇ 'ਦਬਾਅ' ਦਿਸਣ ਲੱਗ ਪਿਆ ਐ!

ਈ-ਮੇਲ ਰਾਹੀਂ ਭੇਜੇ ਆਪਣੇ ਬਿਆਨ ਵਿਚ ਭਾਈ ਦੁਪਾਲ ਪੁਰ ਨੇ ਲਿਖਿਆ ਕਿ ਇਨ੍ਹਾਂ ਭਦਰ ਪੁਰਸ਼ਾਂ ਨੂੰ ਪੁੱਛਣਾ ਬਣਦਾ ਹੈ ਕਿ ਹੁਣ ਇਨ੍ਹਾਂ ਦਾ 'ਨਿਮਾਣਾ ਪਣ' ਕਿੱਥੇ ਚਲਾ ਗਿਆ ਹੈ ?ਅਸਲ ਵਿਚ ਇਹ ਲੋਕ ਚਾਹੁੰਦੇ ਨੇ ਕਿ ਜਥੇਦਾਰ ਜੀ ਸੁਖਬੀਰ ਬਾਦਲ ਵਾਲੇ ਮਸਲੇ 'ਤੇ ਜਲਦੀ ਜਲਦੀ 'ਗੋਂਗਲੂਆਂ ਤੋਂ ਮਿੱਟੀ ਝਾੜਨ' ਵਾਂਗ ਕੋਈ ਹਲਕੀ ਜਿਹੀ ਤਨਖਾਹ ਲਾ ਕੇ ਉਸਨੂੰ 'ਦੁੱਧ ਧੋਤਾ' ਬਣਾ ਦੇਣ। ਜਦ ਕਿ ਜਾਪਦਾ ਇਹ ਹੈ ਕਿ ਗਿਆਨੀ ਰਘਬੀਰ ਸਿੰਘ ਸਮੁੱਚੇ ਖਾਲਸਾ ਪੰਥ ਦੀਆਂ ਰੋਹ ਭਰੀਆਂ ਭਾਵਨਾਵਾਂ ਅਨੁਸਾਰ ਪੰਥਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਗਲ਼ੋਂ 'ਬਾਦਲੀ ਪੰਜਾਲ਼ੀ' ਲਾਹੁਣ ਲਈ ਕੋਈ ਸਖਤ ਯੋਜਨਾ ਬਣਾ ਰਹੇ ਹੋਣਗੇ। ਜਿਸ ਦੀਆਂ 'ਕਨਸੋਆਂ' ਹੋ ਸਕਦਾ ਐ ਇਨ੍ਹਾਂ ਕੌਮ-ਘਾਤੀਆਂ ਤੱਕ ਵੀ ਪਹੁੰਚ ਰਹੀਆਂ ਹੋਣਗੀਆਂ। ਇਸੇ ਕਰਕੇ ਇਹ ਲੋਕ ਤਰਲੋ-ਮੱਛੀ ਹੋ ਰਹੇ ਹਨ।

ਭਾਈ ਦੁਪਾਲ ਪੁਰ ਨੇ ਬਿਆਨ ਦੇ ਅਖੀਰ 'ਚ ਹੈਰਾਨੀ ਜਾਹਰ ਕਰਦਿਆਂ ਕਿਹਾ ਕਿ ਕੱਲ੍ਹ ਤੱਕ ਹੋਰਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉੱਚਤਾ ਦਾ 'ਪਾਠ ਪੜ੍ਹਾਉਣ' ਵਾਲੇ ਬਾਦਲ-ਕਿਆਂ ਨੂੰ ਆਪ ਨੂੰ ਹੁਣ ਸ਼ਾਇਦ ਸਰਬਉੱਚਤਾ ਭੁੱਲ ਗਈ ਹੈ? ਪੰਚ ਪ੍ਰਧਾਨੀ ਸਿਸਟਮ ਦੀ ਥਾਂਹ ਅਕਾਲੀ ਦਲ ਉੱਤੇ ਇੱਕੋ ਟੱਬਰ ਦੀ ਬਾਲਾਦਸਤੀ ਮੁੜ ਕਾਇਮ ਕਰਨ ਲਈ ਅੱਕੀਂ ਪਲ਼ਾਹੀਂ ਹੱਥ ਮਾਰ ਰਹੇ ਇਹ ਲੋਕ ਪੰਥਕ ਹਲਕਿਆਂ ਦੀਆਂ ਕੰਧਾਂ 'ਤੇ ਲਿਖਿਆ ਪੜ੍ਹਨ ਦੀ ਬਜਾਏ ਆਪਣੇ ਸੌੜੇ ਹਿਤਾਂ ਲਈ ਸ੍ਰੀ ਅਕਾਲ ਤਖਤ ਸਾਹਿਬ ਦੀ ਪਦ ਪਦਵੀ ਦੀ ਮੁੜ ਦੁਰਵਰਤੋਂ ਕਰਨ ਵਾਸਤੇ ਥੋਥੀ ਬਿਆਨਬਾਜੀ ਕਰ ਕਰਵਾ ਰਹੇ ਹਨ।

## ਕਹਾਣੀ

# ਰੱਸੀਆਂ ਧਰ ਕੇ ਮਿਣਦੇ ਲੋਕੀ...

### ਸ਼ਿਵਚਰਨ ਜੱਗੀ ਕੁੱਸਾ



ਗਿੰਦਰ ਥੋੜ੍ਹਾ ਜਿਹਾ ਸਿੱਧ-ਪੱਧਰਾ ਬੰਦਾ ਸੀ। ਦਿਮਾਗ ਤਾਂ ਜਿਵੇਂ ਰੱਬ ਨੇ ਉਸ ਨੂੰ ਦਿੱਤਾ ਹੀ ਨਹੀਂ ਸੀ। ਜਿਵੇਂ ਕਿਸੇ ਨੇ ਆਖ ਦਿੱਤਾ, ਉਸ ਨੂੰ ਹੀ, "ਹਾਂ ਬਾਈ! ਬੱਸ ਏਵੇਂ ਈ ਐਂ!" ਕਰਕੇ ਮੰਨਣਾ। ਜਿੱਧਰ ਨੂੰ ਕਿਸੇ ਨੇ ਆਖ ਦਿੱਤਾ, ਬੱਸ! ਬਿਨ-ਮੁਹਾਰੇ ਬੋਤੇ ਵਾਂਗ ਉਧਰ ਨੂੰ ਹੀ ਤੁਰ ਪੈਣਾ। ਨਫ਼ੇ-ਨੁਕਸਾਨ ਦਾ ਉਸ ਨੂੰ ਕੋਈ ਪਤਾ ਨਹੀਂ ਸੀ। ਪਰ ਪਿੰਡ ਦੇ ਲੋਕ ਵੀ ਉਸ ਨੂੰ ਦਰਵੇਸ਼ ਬੰਦਾ ਸਮਝ ਕੇ ਉਸ ਨਾਲ ਕੋਈ ਹੇਰ-ਫੇਰ ਨਾ ਕਰਦੇ।

ਗਿੰਦਰ ਕੋਲ ਦਸ ਏਕੜ ਸਾਹਣ ਦੇ ਸਿਰ ਵਰਗੀ ਜ਼ਮੀਨ ਸੀ ਅਤੇ ਪਿੰਡੋਂ ਬਾਹਰ-ਬਾਹਰ ਗੁਜ਼ਾਰੇ ਜੋਗਾ ਬੜਾ ਵਧੀਆ ਮਕਾਨ ਪਾਇਆ ਹੋਇਆ ਸੀ। ਗਿੰਦਰ ਦੇ ਘਰਵਾਲੀ ਮਲਕੀਤ ਕੌਰ ਬੜੀ ਹੀ ਅੜਬ ਔਰਤ ਸੀ। ਪੰਜਾਂ ਭਰਾਵਾਂ ਦੀ ਇੱਕੋ-ਇੱਕ ਭੈਣ! ਗਿੰਦਰ ਨੂੰ ਉਹ ਮੂੰਹ ਨਾ ਬੋਲਦੀ। ਇੱਕੋ-ਇੱਕ ਕੁੜੀ ਜੰਮਣ ਤੋਂ ਬਾਅਦ ਮਲਕੀਤ ਕੌਰ ਮੁੜ ਢਿੱਡੋਂ ਨਾ ਫ਼ੁੱਟੀ। ਕੋਈ ਬੱਚਾ ਨਾ ਹੋਇਆ। ਬਥੇਰੇ ਸਾਧਾਂ-ਸੰਤਾਂ ਦੇ ਡੇਰੇ ਗਾਹੇ, ਮੱਥੇ ਰਗੜੇ, ਪਰ ਸਭ ਬੇਅਰਥ! ਜੇ ਸਾਧਾਂ-ਸੰਤਾਂ ਦੇ ਡੇਰਿਆਂ ਤੋਂ ਪੁੱਤ ਮਿਲਦੇ ਹੁੰਦੇ ਤਾਂ ਘੱਟੋ-ਘੱਟ ਭਾਰਤ ਵਿਚ ਕੋਈ 'ਨਿਪੁੱਤਾ' ਨਾ ਮਰਦਾ। ਇਹ ਤਾਂ ਜੇ ਅਕਾਲ ਪੁਰਖ਼ ਦੇ ਘਰ ਹਿੱਸਾ ਹੋਵੇ, ਤਾਂ ਹੀ ਗ਼ਨੀਮਤ ਫ਼ਲ ਮਿਲਦੇ ਹਨ।

ਮਲਕੀਤ ਕੌਰ ਸਬਰ ਕਰ ਕੇ ਬੈਠ ਗਈ। ਗਿੰਦਰ ਨੂੰ ਬਹੁਤਾ ਕੋਈ ਫ਼ਰਕ ਨਹੀਂ ਸੀ।

ਪਰ ਪਿੰਡ ਦੀਆਂ ਬੁੜ੍ਹੀਆਂ ਗਿੱਟੇ ਸੋਟੀ ਲਾਉਣੋਂ ਬਾਜ ਨਾ ਆਉਂਦੀਆਂ। ਆਖਰ ਖਿਝੀ ਹੋਈ ਮਲਕੀਤ ਕੌਰ ਅਲੀ-ਅਲੀ ਕਰਕੇ ਪੈਂਦੀ।

-"ਮੇਰੇ ਪਿਉ ਦੀਆਂ ਰੰਨਾਂ, ਕਿਵੇਂ ਫ਼ੱਟ 'ਤੇ ਅੱਕ ਚੋਂਦੀਐਂ ਆ ਕੇ! ਜੇ ਕਿਸੇ ਨੂੰ ਬਾਹਲਾ ਈ ਦਰਦ ਐ ਤਾਂ ਲੈਜੇ ਮੇਰੇ ਖਸਮ ਨੂੰ ਆਬਦੇ ਘਰੇ ਤੇ ਜੰਮ ਕੇ ਦੇ-ਦੇ ਮੁੰਡਾ!" ਮਲਕੀਤ ਕੌਰ ਦੀ ਬੱਕੜਵਾਹ ਸੁਣ ਕੇ ਬੱਚੀ ਕੁਲਵੰਤ ਰੋਣ ਲੱਗ ਪੈਂਦੀ ਤਾਂ ਮਲਕੀਤ ਕੌਰ ਗਿੰਦਰ ਨੂੰ ਕੁਦਾੜ ਕੇ ਆਉਂਦੀ।

-"ਐਥੇ ਖੜ੍ਹਾ ਜਾੜ੍ਹਾਂ ਜੀਆਂ ਕੱਢੀ ਜਾਨੈਂ..? ਕੁੜੀ ਨ੍ਹੀ ਵਿਰਾ ਹੁੰਦੀ?" ਤਾਂ ਗਿੰਦਰ ਕਮਲਿਆਂ ਵਾਂਗੂੰ ਕਲਪਦਾ।

-"ਬਹੁੜੀ ਉਏ ਲੋਕੋ! ਵੱਡੇ ਘੂਰ ਕੇ ਡਰਾਉਂਦੇ ਐ ਤੇ ਛੋਟੇ ਰੋ ਕੇ ਡਰਾਉਂਦੇ ਐ!" ਉਹ ਰੋਂਦੀ ਕੁੜੀ ਨੂੰ ਚੁੱਕ ਛੱਤ ਵੱਲ ਨੂੰ ਝਾਕਦਾ। ਮਲਕੀਤ ਕੌਰ 'ਬੁੜ-ਬੁੜ' ਕਰਦੀ ਰਹਿੰਦੀ।

ਇਕ ਦਿਨ ਗਿੰਦਰ ਦੀ ਬਿਰਧ ਮਾਂ ਚਿੰਤੀ ਸਰਪੰਚ ਕੋਲ ਗਈ। ਸਰਪੰਚ ਬੜੇ ਮਾਣ ਨਾਲ ਮਿਲਿਆ।

-"ਪੁੱਤ ਗੋਪਾਲ ਮੋਚਨ ਨ੍ਹਾਉਣ ਚੱਲੇ ਓਂ?"

-"ਹਾਂ ਤਾਈ-ਜਾਨੈਂ?"

-"ਵੇ ਮੈਂ ਕਾਹਨੂੰ ਜਾਣੈਂ ਪੁੱਤ? ਵੇ ਆਪਣੇ ਆਲੇ ਸਿੱਧਰੇ ਨੂੰ ਵੀ ਲੈ ਜਾਇਓ-ਕੀ ਐ ਉਹਦਾ ਡਮਾਕ ਲੋਟ ਹੋਜੇ?"

-"ਲੈ ਜਾਵਾਂਗੇ ਤਾਈ-ਇਹ ਵੀ ਕੋਈ ਗੱਲ ਐ? ਤੂੰ ਉਹਨੂੰ ਪਰਸੋਂ ਤਿਆਰ ਕਰਦੀਂ-ਸਵੇਰੇ ਪੰਜ ਵਜੇ ਪਿੰਡੋਂ ਤੁਰਾਂਗੇ।"

-"ਕਰਦੂੰ ਭਾਈ-ਇਹ ਤਾਂ ਪੁੰਨ ਈ ਐਂ।"



ਤੇ ਮਾਈ ਸੰਤੁਸ਼ਟ ਹੋ ਕੇ ਤੁਰ ਆਈ।

ਮਿਥੇ ਸਮੇਂ ਅਨੁਸਾਰ ਬੱਸ ਪੁੱਜ ਗਈ ਅਤੇ ਉਹਨਾਂ ਗੋਪਾਲ ਮੋਚਨ ਨੂੰ ਚਾਲੇ ਪਾ ਦਿੱਤੇ।

ਗਿੰਦਰ ਦੇ ਨਾਲ ਉਸ ਦਾ ਜੋਟੀਦਾਰ ਸੰਤੋਖ ਵੀ ਸੀ। ਸੰਤੋਖ ਬੜਾ ਹੀ ਬਹਿਵਤੀ ਸੀ। ਉਹ ਗਿੰਦਰ ਨੂੰ ਉਂਗਲ ਲਾ ਕੇ ਕੋਈ ਨਾ ਕੋਈ ਘਤਿੱਤ ਖੜ੍ਹੀ ਕਰੀ ਰੱਖਦਾ ਅਤੇ ਆਪ ਪਾਸੇ ਹੋ ਜਾਂਦਾ।

ਗੋਪਾਲ ਮੋਚਨ ਮੇਲੇ ਵਿਚ ਤਰ੍ਹਾਂ-ਤਰ੍ਹਾਂ ਦੀ ਭੀੜ ਦੇਖ ਕੇ ਗਿੰਦਰ ਲਾਚੜ ਗਿਆ। ਪੁਲਸ ਪ੍ਰਬੰਧ ਪੂਰਾ ਸੀ।

-"ਦੇਖ ਉਏ ਗਿੰਦਰਾ! ਐਥੇ ਤਾਂ ਕੁੜੀਆਂ ਵੀ ਪੁਲਸ ਆਲੀ ਬਰਦੀ ਪਾਈ ਫਿਰਦੀਐਂ।" ਸੰਤੋਖ ਨੇ ਆਦਤ ਅਨੁਸਾਰ ਸਿੰਗੜੀ ਛੇੜੀ।

-"ਲੈ ਹਾਂ ਬਈ! ਹੱਦ ਈ ਕਰਤੀ?"

-"ਇਹ ਸ਼ਹਿਰੀ ਕੁੜੀਐਂ-ਪਿੰਡਾਂ ਦੇ ਜੱਟਾਂ ਨੂੰ ਬੜਾ ਮੋਹ ਕਰਦੀਐਂ!"

-"ਅੱਛਾ!"

-"ਟੋਹ ਕੇ ਦੇਖ ਲੈ-ਜੇ ਨਾ ਗੰਧਾਲੇ ਮਾਂਗੂੰ ਹਿੱਕ 'ਚ ਵੱਜੀ-ਮੈਨੂੰ ਫੜਲੀਂ!" ਸੰਤੋਖ ਦੀ 'ਚੁੱਕ' 'ਤੇ ਗਿੰਦਰ ਨੇ ਇਕ ਲੇਡੀ ਪੁਲੀਸ ਅਫ਼ਸਰ ਗੁੱਤੋਂ ਜਾ ਫੜੀ, "ਮਖਿਆ ਕੁੱਤੀਏ! ਆਹ ਪਤਲੂਣ ਜੀ ਕਿਮੇਂ ਪਾਈ ਫਿਰਦੀ ਐਂ?" ਤੇ ਲੇਡੀ ਪੁਲਸ-ਅਫ਼ਸਰ ਨੇ ਕਰੋਧ ਵਿਚ ਇਕ ਲੰਬੀ ਵਿਸਲ ਮਾਰੀ ਤਾਂ ਰਲਵੀਂ-ਮਿਲਵੀਂ ਪੁਲਸ ਭਰਿੰਡਾਂ ਵਾਂਗ ਇਕੱਠੀ ਹੋ ਗਈ ਅਤੇ ਗਿੰਦਰ ਨੂੰ ਮੁਰਗੀ ਵਾਂਗ ਨੱਪ ਲਿਆ।

ਸਰਪੰਚ ਹੋਰਾਂ ਦੇ ਭਾਅ ਦੀ ਬਣ ਗਈ। ਸਾਰੇ ਹੱਥ ਜੋੜੀ ਅਫ਼ਸਰ ਦੇ ਸਾਹਮਣੇਂ ਪੇਸ਼ ਹੋਏ।

-"ਸਰਕਾਰ ਇਹਦੇ ਦਿਮਾਗ 'ਚ ਫਰਕ ਐ-ਘਰਦਿਆਂ ਨੇ ਸਾਡੇ ਨਾਲ ਨਹਾਉਣ ਤੋਰਿਐ ਬਈ ਕੀ ਐ ਇਹਦਾ ਦਿਮਾਗ ਈ ਠੀਕ ਹੋ ਜਾਵੇ? ਸਾਡੀ ਮਿੰਨਤ ਐ-ਇਹਦੀ ਖਲਾਸੀ ਕਰੋ!"

ਅਫ਼ਸਰ ਢੈਲੀ ਪੈ ਗਈ।

-"ਮੈਂ ਪੇਂਡੂ ਜੱਟ ਐਂ!" ਵਿਚੋਂ ਹੀ ਗਿੰਦਰ ਬੋਲ ਪਿਆ। ਉਹ ਸੋਚਦਾ ਸੀ ਬਈ ਕੀ ਐ ਪੁਲੀਸ ਵਾਲੀ ਮੈਨੂੰ ਸ਼ਹਿਰੀ ਸਮਝ ਕੇ ਹੀ ਕਰੋਧੀ ਹੋ ਗਈ ਹੋਵੇ? ਹੁਣ ਪੇਂਡੂ ਜੱਟ ਦੇ ਨਾਂ ਨੂੰ ਹਿੱਕ ਨਾਲ ਲੱਗ ਜਾਵੇਗੀ!

-"ਭੌਂਕ ਨਾ ਉਏ ਕੁੱਤਿਆ!" ਸਰਪੰਚ ਗਿੰਦਰ ਨੂੰ ਹੂਰਾ ਲੈ ਕੇ ਪਿਆ।

-"ਸਰਕਾਰ! ਮੈਂ ਪਿੰਡ ਦਾ ਸਰਪੰਚ ਹਾਂ-ਕ੍ਰਿਪਾ ਕਰੋ ਤੇ ਇਹਨੂੰ ਬਖ਼ਸ਼ੋ!"

-"ਦੇਖੋ ਸਰਪੰਚ ਸਾਹਿਬ! ਤੁਹਾਡੀ ਜ਼ਿੰਮੇਵਾਰੀ 'ਤੇ ਛੱਡ ਰਹੀ ਹਾਂ-ਨਹੀਂ ਇਸਦਾ ਦਿਮਾਗ ਅਸੀਂ ਠੀਕ ਕਰ ਦਿੰਦੇ-ਅਗਰ ਹੁਣ ਇਸ ਨੇ ਮੇਲੇ ਵਿਚ ਕੋਈ ਹਰਕਤ ਕੀਤੀ-ਅਸੀਂ ਕੇਸ ਦਰਜ਼ ਕਰ ਕੇ ਅੰਦਰ ਦੇ ਦੇਣੈਂ!"

-"ਮੇਰੀ ਪੂਰੀ ਜ਼ਿੰਮੇਵਾਰੀ ਐ ਸਰਕਾਰ-ਮਿਹਰਬਾਨੀ!" ਤੇ ਉਹ ਹੱਥ ਜੋੜ ਕੇ ਤੁਰ ਪਏ। ਫਿਰ ਤਿੰਨੇ ਦਿਨ ਸਰਪੰਚ ਗਿੰਦਰ ਨਾਲੋਂ ਪਾਸੇ ਨਾ ਹੋਇਆ ਅਤੇ ਨਾ ਹੀ ਸੰਤੋਖ ਨੂੰ ਉਸ ਦੇ ਲਾਗੇ ਲੱਗਣ ਦਿੱਤਾ। ਨਹਾ ਕੇ ਆਉਂਦਿਆਂ ਨੂੰ ਹੀ ਗੁਆਂਢੀਆਂ ਦੀ ਭਰ ਜੁਆਨ, ਕਾਲਜ ਪੜ੍ਹਦੀ ਕੁੜੀ ਚੱਲ ਵਸੀ। ਅਗਲੇ ਦਿਨ ਗਿੰਦਰ ਕੁੜੀ ਦਾ ਅਫ਼ਸੋਸ ਕਰਨ ਗਿਆ ਤਾਂ ਸਿੱਧਾ ਹੀ ਬੁੜ੍ਹੀਆਂ ਵਿਚ ਜਾ ਬੈਠਾ।

-"ਅੱਛਾ! ਕਰਤਾਰੋ ਕੁੜੀ ਮਰਗੀ ਫੇਰ?"

-"ਹਾਂ ਗਿੰਦਰਾ! ਮਰ ਗਈ ਨਾਲੇ ਸਾਨੂੰ ਮਾਰ ਕੇ ਸਿੱਟਗੀ!" ਕਰਤਾਰੋ ਅੰਦਰੋਂ ਡੁੱਬਿਆ ਹਾਉਕਾ ਫਿਰ ਉਠਿਆ।

ਗਿੰਦਰ ਨੇ ਆਪਣਾ ਘੋਰੜੂ ਵਜਾਉਣਾ ਸ਼ੁਰੂ ਕਰ ਦਿੱਤਾ। ਆਪਦੇ ਜਾਣੇ ਉਹ ਸਹੀ ਗੱਲਾਂ ਕਰ ਰਿਹਾ ਸੀ।

-"ਚਲੋ! ਜਿੰਨੀ ਬੰਦੇ ਦੀ ਲਿਖੀ ਐ-ਭੋਗਣੀ ਪੈਂਦੀ ਐ-ਹੁਣ ਤਾਂ ਸਹੁਰੀ ਵਿਆਹੁੰਣ ਆਲੀ ਸੀ-ਚਲੋ ਵਿਆਹ ਵੱਲੋਂ ਤਾਂ ਖਹਿੜ੍ਹਾ ਛੁੱਟਿਆ? ਪੰਜ ਛੇ ਲੱਖ ਦੀ ਘਾਣੀਂ ਸੀ! ਸਹੁਰਿਆਂ ਦੇ ਮਾਰਨ ਨਾਲੋਂ ਆਪ ਈ ਮਰਗੀ-ਸੋਹਣਾ ਹੋਇਆ!"

ਸਾਰੇ ਹੀ ਦੰਗ ਹੋਏ ਗਿੰਦਰ ਦੀ ਅਕਾਸ਼ਬਾਣੀ ਸੁਣ ਰਹੇ ਸਨ। ਉਹ ਕੱਛ 'ਚੋਂ ਮੁੰਗਲੇ ਕੱਢ-ਕੱਢ ਮਾਰ ਰਿਹਾ ਸੀ।

-"ਚੱਲ ਗਿੰਦਰਾ-ਆ ਚੱਲੀਏ!" ਨੰਬਰਦਾਰ ਨੇ ਉਸ ਨੂੰ ਨਾਲ ਤੁਰਦਾ ਕਰ ਲਿਆ। ਪਰ ਤੁਰਦਾ-ਤੁਰਦਾ ਉਹ ਇਕ ਹੋਰ ਭੜ੍ਹਾਕਾ ਸੁੱਟ ਗਿਆ।

-"ਚੰਗਾ ਕਰਤਾਰੋ! ਕੁੜੀ ਤਾਂ ਮਰਨ ਆਲੀ ਮਰਗੀ-ਹੁਣ ਤੂੰ ਨਾ ਧਰਮਰਾਜ ਦੇ ਡੇਰੇ ਨੂੰ ਤੁਰਪੀਂ! ਤੇਰੇ ਪਿੱਛੋਂ ਬਚਦਾ ਫਿਰ ਮਹਿੰਦਰ ਸਿਉਂ ਵੀ ਨ੍ਹੀ! ਮਹਿੰਦਰ ਸਿਉਂ ਪਿੱਛੋਂ ਮੁੰਡਿਆਂ ਨੇ ਤਾਂ ਕੀ ਬਚਣੈਂ? ਉਹ ਤਾਂ ਪਹਿਲਾਂ ਈ ਸਿਵਿਆਂ ਦੀ ਟਿਗਟ ਕਟਾਈ ਫਿਰਦੇ ਐ! ਕਿਧਰੇ ਸ਼ਰਾਬ-ਕਿਧਰੇ ਗੋਲੀਆਂ-ਘਰ ਤਾਂ ਫਿਰ ਉੱਜੜ ਗਿਆ! ਉੱਜੜੇ ਘਰਾਂ 'ਚ ਤਾਂ ਫਿਰ ਕੁੱਤੇ ਈ ਮੂਤਦੇ ਐ-!"

-"ਉਏ ਤੁਰਪਾ ਹੁਣ-ਬਾਪੂ!" ਤੇ ਨੰਬਰਦਾਰ ਗਿੰਦਰ ਨੂੰ ਬੱਚੇ ਵਾਂਗ ਉਂਗਲ ਲਾ ਕੇ ਲੈ ਗਿਆ।

ਦਿਨ ਗੁਜ਼ਰਦਿਆਂ ਨੂੰ ਕੀ ਲੱਗਦੈ? ਦਿਨ ਚੜ੍ਹਦਾ ਰਿਹਾ, ਛੁਪਦਾ ਰਿਹਾ। ਗਿੰਦਰ ਦੀ ਕੁੜੀ ਮਾਮਿਆਂ ਨੇ ਪਲੱਸ-ਟੂ ਕਰਵਾ ਕੇ ਪੜ੍ਹਨੋਂ ਹਟਾ ਲਈ ਅਤੇ ਇਕ ਵਧੀਆ ਜਿਹਾ ਘਰ ਦੇਖ ਕੇ ਕੁਲਵੰਤ ਦਾ ਵਿਆਹ ਧਰ ਦਿੱਤਾ। ਕੁਲਵੰਤ ਨੂੰ ਕਮਲੇ-ਬਾਪੂ 'ਤੇ ਕਦੇ ਗੁੱਸਾ ਨਹੀਂ ਆਇਆ ਸੀ। ਬਾਪੂ ਤਾਂ ਉਸ ਦੀ ਆਤਮਾ ਸੀ। ਇਕ ਨਿਰਲੇਪ ਆਤਮਾ! ਗਿੰਦਰ ਨੇ ਵੀ ਕਦੇ ਧੀ ਨੂੰ ਮੰਦਾ ਬਚਨ ਨਹੀਂ ਬੋਲਿਆ ਸੀ।

ਡੋਲੀ ਵਿਚ ਬੈਠ ਕੇ ਤੁਰਦੀ ਕੁਲਵੰਤ ਨੂੰ ਗਿੰਦਰ ਕਹਿਣ ਲੱਗਿਆ।

-"ਤੇਰਾ ਮਸਾਂ ਵਿਆਹ ਕੀਤੈ ਕੁੜੀਏ-ਹੁਣ ਨਿੱਤ ਨਾ ਐਧਰ ਨੂੰ ਮੂੰਹ ਚੱਕ ਲਿਆ ਕਰੀਂ! ਸਿਆਣੀ ਬਣ ਕੇ ਆਬਦੇ ਘਰੇ ਰਹੀਂ!" ਬਾਪੂ ਦੇ ਸਿੱਧ-ਪੱਧਰੇ ਬੋਲ ਸੁਣ ਕੇ ਕੁੜੀ ਦੇ ਵੈਰਾਗ ਦਾ ਹੜ੍ਹ ਟੁੱਟ ਗਿਆ ਅਤੇ ਉਹ ਬੱਚੇ ਵਾਂਗ ਧਾਹ ਮਾਰ ਕੇ ਬਾਪੂ ਦੇ ਗਲ ਨੂੰ ਚਿੰਬੜ ਗਈ। ਗਿੰਦਰ ਵੀ ਮਸੋਸਿਆ ਜਿਹਾ ਹੋ ਗਿਆ।

ਡੋਲੀ ਤੁਰ ਗਈ।

ਕੁਲਵੰਤ ਦਾ ਪ੍ਰਾਹੁਣਾ ਅੱਤ ਦਰਜ਼ੇ ਦਾ ਲਾਲਚੀ ਸੀ ਅਤੇ ਸੱਸ ਨਿਰੀ ਹੀ ਕਲੇਸ਼ੀ! ਉਹਨਾਂ ਨੇ ਰਿਸ਼ਤਾ ਹੀ ਇਸੇ ਲਾਲਚ ਕਰਕੇ ਲਿਆ ਸੀ ਕਿ ਇਕੱਲੀ-ਇਕੱਲੀ ਕੁੜੀ ਹੈ। ਜ਼ਮੀਨ-ਜਾਇਦਾਦ ਸਾਰੀ ਸਾਨੂੰ ਹੀ ਆਵੇਗੀ। ਮਹੀਨਾ ਕੁ ਭਰ ਤਾਂ ਕੁਲਵੰਤ ਨੂੰ ਬਾਹਵਾ 'ਪੁੱਤ-ਪੁੱਤ' ਹੋਈ। ਪਰ ਫਿਰ ਉਸ ਦੇ ਮਾੜੇ ਦਿਨ ਸ਼ੁਰੂ ਹੋ ਗਏ। ਉਸ ਦਾ ਪਤੀ ਦਿਲਬਾਗ ਹਰ ਰੋਜ਼ ਹੀ ਸ਼ਰਾਬ ਪੀ ਕੇ ਆਉਂਦਾ ਅਤੇ ਬਿਨਾ ਗੱਲੋਂ ਕੁਲਵੰਤ ਨੂੰ ਕੁੱਟ ਧਰਦਾ। ਪਰ ਉਹ ਸਾਰਾ ਦਰਦ ਦਿਲ ਵਿਚ ਹੀ ਦਬਾ ਲੈਂਦੀ। ਪਰ ਇਕ ਦਿਨ ਤਾਂ ਇੰਤਹਾ ਹੀ ਹੋ ਗਈ, ਜਿਸ ਦਿਨ ਦਿਲਬਾਗ ਅਤੇ ਉਸ ਦੀ ਮਾਂ ਨੇ ਰਲ ਕੇ ਕੁਲਵੰਤ ਨੂੰ ਕੁੱਟਿਆ।

ਕੁਲਵੰਤ ਦੀ ਸੱਸ ਨੇ ਤਾਂ ਇੱਥੋਂ ਤੱਕ ਆਖ ਦਿੱਤਾ ਕਿ ਆਪਣੇ ਬੁੜ੍ਹੇ ਪਿਉ ਨੂੰ ਆਖ ਕਿ ਸਾਰੀ ਜ਼ਮੀਨ, ਤੁਰੰਤ ਦਿਲਬਾਗ ਦੇ ਨਾਂ ਲੁਆਵੇ ਅਤੇ ਨਹੀਂ ਆਪਦੀ ਧੀ ਨੂੰ ਆਪਦੇ ਘਰ ਰੱਖੇ! ਪੜ੍ਹੀ-ਲਿਖੀ ਕੁਲਵੰਤ ਸੋਚਾਂ ਵਿਚ ਪੈ ਗਈ। ਬਾਪੂ ਨੇ ਕਿਹੜਾ ਇਨਕਾਰ ਕਰਨਾ ਸੀ? ਬਾਪੂ ਨੇ ਤਾਂ ਸਹਿਜ-ਸੁਭਾਅ ਇਹ ਹੀ ਆਖ ਦੇਣਾ ਸੀ, "ਲੁਆ ਦਿੰਨੇ ਐਂ ਭਾਈ!" ਪਰ ਜ਼ਮੀਨ ਦੇਣ ਤੋਂ ਬਾਅਦ ਬਾਪੂ-ਬੇਬੇ ਤਾਂ ਜੂਨੋਂ ਬੇਜੂਨ ਹੋ ਜਾਣਗੇ! ਦਿਲਬਾਗ ਤਾਂ ਉਹਨਾਂ ਨੂੰ ਪੂੜੇ ਦੇਣੋਂ ਰਿਹਾ?

ਕੁਲਵੰਤ ਪੇਕੀਂ ਆ ਗਈ। ਬਾਪੂ ਦੀ ਬੁੱਕਲ ਵਿਚ ਵੜ ਜ਼ਾਰੋ-ਜ਼ਾਰ ਰੋਈ। ਬਾਪੂ ਦਾ ਉਸ ਨੂੰ ਦਿਲੋਂ ਦਰੇਗ ਸੀ।

-"ਤੈਨੂੰ ਸਹੁਰੀਂ ਕੋਈ ਤੰਗੀ-ਫੰਗੀ ਤਾਂ ਨ੍ਹੀ?" ਬਾਪੂ ਨੇ ਗੜ੍ਹਕ ਕੇ ਪੁੱਛਿਆ।

-"ਨਹੀਂ ਬਾਪੂ-ਮੈਂ ਤਾਂ ਬਹੁਤ ਸੁਖੀ ਐਂ।"

ਬਾਕੀ ਪੰਨਾ 34 'ਤੇ

33 ਪੰਨੇ ਤੋਂ ਅੱਗੇ – ਕਹਾਣੀ

**ਜੱਗੀ ਕੁੱਸਾ**

ਕੁਲਵੰਤ ਦਾ ਹਿਰਦਾ ਲੀਰਾਂ ਹੋਇਆ ਪਿਆ ਸੀ।

-"ਜੇ ਕੋਈ ਤੰਗ-ਵੰਗ ਕਰੇ, ਦੱਸ ਦੇਈਂ! ਚਾਰ ਮਾਰਾਂਗੇ ਛਿੱਤਰ-ਲੋਕਾਂ ਦੇ ਵਿਆਹਾਂ 'ਚ ਮੇਰੇ ਵੀਹ ਬੁੜ੍ਹੇ ਲੱਭੂਆਂ ਨਾਲ ਕੁੱਟੇ ਵੇ ਐ!" ਗਿੰਦਰ ਬੋਲਿਆ ਅਤੇ ਕੁੜੀ ਹੰਝੂ ਕੇਰਦੀ ਹੱਸ ਪਈ। ਧੀ, ਬਾਪੂ ਦੀ ਸਾਦਗੀ 'ਤੇ ਜਾਨ ਵਾਰਦੀ ਸੀ। ਕੁਰਬਾਨ ਹੁੰਦੀ ਸੀ।

ਇਕ ਵਾਰੀ ਦੀ ਗੱਲ ਹੈ ਕਿ ਪਿੰਡ ਵਿਚ ਕਿਸੇ ਦਾ ਵਿਆਹ ਸੀ। ਗਿੰਦਰ ਵੀ ਨਾਲ ਬਰਾਤੀ ਗਿਆ ਹੋਇਆ ਸੀ। ਦੁਪਿਹਰੋਂ ਬਾਅਦ ਰੋਟੀ ਵੇਲੇ ਸ਼ਰਾਬੀ ਹੋਏ ਬਰਾਤੀ ਲੜ ਪਏ। ਦਾਰੂ ਨਾਲ ਧੁੱਤ ਹੋਏ ਕਮਲੇ ਜੱਟ ਵੇਲ ਦੇ ਥਾਲ, ਇਕ-ਦੂਜੇ ਵੱਲ ਵਗਾਹ-ਵਗਾਹ ਮਾਰਨ ਲੱਗ ਪਏ। ਉਹਨਾਂ ਵੱਲ ਦੇਖ ਕੇ ਗਿੰਦਰ ਨੇ ਵੀ ਥਾਲ ਚਲਾਉਣੇ ਸ਼ੁਰੂ ਕਰ ਦਿੱਤੇ। ਜਦੋਂ ਕਿਸੇ ਪੇਂਡੂ ਨੇ ਗਿੰਦਰ ਨੂੰ ਆ ਕੇ ਪੁੱਛਿਆ, "ਉਏ ਇਹ ਕੀ ਕਰਦੈਂ?" ਤਾਂ ਗਿੰਦਰ ਬੜੇ ਮਜਾਜ ਨਾਲ ਬੋਲਿਆ, "ਔਹਨਾਂ ਨੂੰ ਦੇਖ ਕੇ ਕਰਦੈਂ।" ਤਾਂ ਪੇਂਡੂ ਬੋਲਿਆ, "ਉਹ ਤਾਂ ਕਮਲਿਆ ਲੜਦੇ ਐ-ਪਰ ਤੇਰੀ ਤਾਂ ਕਿਸੇ ਨਾਲ ਕੋਈ ਦੁਸ਼ਮਣੀ ਨ੍ਹੀ?"

-"ਉਹ ਲੜਦੇ ਐ?" ਗਿੰਦਰ ਹੈਰਾਨ ਸੀ।

-"ਤੇ ਹੋਰ ਕੀ?"

-"ਲੈ! ਮੈਂ ਐਵੇਂ ਈ ਕਮਲਿਆਂ ਮਾਂਗੂੰ ਥਾਲ ਵਗਾਹ-ਵਗਾਹ ਮਾਰੀ ਜਾਨੈਂ? ਮੈਂ ਤਾਂ ਇਹ ਸੋਚਿਆ ਸੀ ਬਈ ਏਸ 'ਲਾਕੇ 'ਚ ਇਹ ਕੋਈ ਰਿਵਾਜ ਹੋਣੈਂ?"

ਖ਼ੈਰ! ਕੁਲਵੰਤ ਦਿਲ ਕਰੜਾ ਕਰਕੇ ਸਹੁਰੀਂ ਪਰਤ ਗਈ। ਕੁਪੱਤੀ ਸੱਸ ਨੇ ਫ਼ੈਸਲਾ ਪੁੱਛਿਆ।

-"ਬਾਪੂ ਜੀ ਕਹਿੰਦੇ ਹਾੜ੍ਹੀ ਦੀ ਵਾਢੀ ਮਗਰੋਂ ਸਾਰਾ ਕੁਛ ਈ ਨਾਂ ਲੁਆ ਦਿਆਂਗੇ।" ਕੁਲਵੰਤ ਨੇ ਅਸਲੋਂ ਹੀ ਝੂਠ ਬੋਲਿਆ। ਉਹ ਸੋਚਦੀ ਸੀ ਕਿ ਚਾਰ-ਪੰਜ ਮਹੀਨੇ ਤਾਂ ਸੌਖੇ ਨਿਕਲਣਗੇ? ਬਾਕੀ ਗੁਰੂ ਭਲੀ ਕਰੇਗਾ! ਸੱਸ ਸੰਤੁਸ਼ਟ ਹੋ ਗਈ। ਦਿਲਬਾਗ ਨੇ ਕੁਲਵੰਤ ਨੂੰ ਕੁੱਟਣਾ ਮਾਰਨਾ ਛੱਡ ਦਿੱਤਾ। ਸੱਸ ਦੀ 'ਪੁੱਤ-ਪੁੱਤ' ਫਿਰ ਸ਼ੁਰੂ ਹੋ ਗਈ।

ਕੁਲਵੰਤ ਨੂੰ ਅਚਾਨਕ ਹੀ ਇਕ ਅਤੀਅੰਤ ਹਿਰਦੇਵੇਧਕ ਖ਼ਬਰ ਮਿਲੀ। ਗਿੰਦਰ ਅਚਾਨਕ ਚੜ੍ਹਾਈ ਕਰ ਗਿਆ ਸੀ। ਕੁੜੀ ਨੇ ਭੁੱਬ ਮਾਰੀ, ਆਪਣੀ ਛਾਤੀ ਪਿੱਟ-ਪਿੱਟ ਲਾਲ ਕਰ ਲਈ। ਪਰ ਸੱਸ ਅਤੇ ਦਿਲਬਾਗ ਅੰਦਰ ਕੁਤਕੁਤੀ ਹੋਈ। ਉਹ ਲੋਕ-ਲਾਜ ਨੂੰ ਮਕਾਣ ਦੀ ਟਰਾਲੀ ਭਰ ਕੁਲਵੰਤ ਦੇ ਪੇਕਿਆਂ ਨੂੰ ਰਵਾਨਾ ਹੋ ਗਏ। ਦਿਲਬਾਗ ਅਤੇ ਉਸ ਦੀ ਮਾਂ, ਮਨ ਵਿਚ ਕਈ ਚੁੱਪ ਸਕੀਮਾਂ ਉਸਾਰ ਚੁੱਕੇ ਸਨ।

ਬਾਪੂ ਦੀ ਲਾਸ਼ 'ਤੇ ਡਿੱਗ ਕੇ ਕੁਲਵੰਤ ਨੇ ਧਾਹ ਮਾਰੀ।

-"ਤੂੰ ਮੈਨੂੰ ਕਿਹੜੇ ਵਹਿਣਾਂ ਵਿਚ ਸਿੱਟ ਕੇ ਤੁਰ ਗਿਆ ਵੇ ਮੇਰਿਆ ਪਿਆਰਿਆ ਬਾਬਲਾ..!" ਪਰ ਹਰ ਵਕਤ ਯੱਬਲੀਆਂ ਮਾਰਨ ਵਾਲਾ 'ਬਾਬਲ' ਤਾਂ ਅਹਿਲ ਪਿਆ ਸੀ। ਬਿਲਕੁਲ ਹੀ ਚੁੱਪ-ਚਾਪ ਅਤੇ ਖ਼ਾਮੋਸ਼! ਸਾਰਾ ਪਿੰਡ ਹੀ ਦੁੱਖ ਵਿਚ ਗਰਸਿਆ, ਗੁੰਗਾ ਬਣਿਆਂ ਬੈਠਾ ਸੀ। ਪਿੰਡ ਦੀ ਰੌਣਕ, ਗਿੰਦਰ ਤੁਰ ਗਿਆ ਸੀ। ਰਿਸ਼ਤੇਦਾਰ ਵੱਖ ਦੁਖੀ ਸਨ। ਅਸਲੀਅਤ ਦਾ ਤਾਂ ਸਾਰਿਆਂ ਨੂੰ ਹੀ ਪਤਾ ਸੀ।

ਅਸਲ ਵਿਚ ਗੁਆਂਢੀਆਂ ਦੇ ਮੁੰਡੇ ਦਾ ਵਿਆਹ ਸੀ। ਅਗਲੇ ਦਿਨ ਬਰਾਤ ਜਾਣੀ ਸੀ। ਉਹਨਾਂ ਨੇ ਗਿੰਦਰ ਤੋਂ ਦੋ ਘੜ੍ਹੇ ਦੇਸੀ ਦਾਰੂ ਦੇ ਪੁਆ ਦਿੱਤੇ। ਪੂਰੀਆਂ ਅੱਠ ਬੋਤਲਾਂ ਨਿਕਲ ਆਈਆਂ। ਪਰ ਉਹਨਾਂ ਨੇ ਦਾਰੂ ਨੂੰ 'ਖੱਟਰ' ਕਰਨ ਵਾਸਤੇ ਇਕ ਜਾਣੂੰ-ਪਹਿਚਾਣੂੰ ਡਾਕਟਰ ਤੋਂ ਬਾਰਾਂ ਨੰਬਰੀ 'ਮਿਕਚਰ' ਬਣਵਾ ਕੇ ਦੇਸੀ ਦਾਰੂ ਵਾਲੇ ਗੇਲਨ ਵਿਚ ਪਾ ਦਿੱਤੀ। ਨਸ਼ਾਦਰ ਵਾਲੀ ਦਾਰੂ ਵਿਚ 'ਮਿਕਚਰ' ਮਿਲਣ ਕਾਰਨ ਜ਼ਹਿਰ ਬਣ ਗਈ। ਪਰ ਪਤਾ ਕਿਸੇ ਨੂੰ ਵੀ ਨਹੀਂ ਸੀ!

-"ਲੈ ਬਈ ਚਾਚਾ, ਦੇਖ ਟੈਸਟ ਕਰਕੇ!" ਵਿਆਹ ਵਾਲੇ ਮੁੰਡੇ ਨੇ ਗਿੰਦਰ ਨੂੰ ਗਿਲਾਸ ਭਰ ਕੇ ਪੇਸ਼ ਕੀਤਾ। ਗਿੰਦਰ ਨੇ ਜਾੜ੍ਹ ਘੁੱਟ ਕੇ ਗਿਲਾਸ ਖਾਲੀ ਕਰ ਦਿੱਤਾ। ਉਸ ਦੀ ਜੁਬਾਨ ਤਾਲੂਏ ਲੱਗ ਗਈ।

-"ਪੂਰੀ ਖਰੀ ਐ ਬਈ...!" ਕਹਿਣ ਨੂੰ ਤਾਂ ਗਿੰਦਰ ਨੇ ਆਖ ਦਿੱਤਾ। ਪਰ ਕੁਝ ਪਲਾਂ ਬਾਅਦ ਹੀ ਉਸ ਨੂੰ ਬੁਰੀ ਤਰ੍ਹਾਂ ਖ਼ੂਨ ਦੀ ਉਲਟੀ ਆਈ। ਡਾਕਟਰ ਅਤੇ ਵਿਆਂਦੜ੍ਹ ਭਮੱਤਰ ਗਏ। ਗਿੰਦਰ ਦਾ ਬੁਰਾ ਹਾਲ ਹੋ ਗਿਆ ਸੀ।

-"ਦਾਰੂ ਬਾਹਲੀ ਘੈਂਟ ਐ ਚਾਚਾ-ਇਕ ਹੋਰ ਅੰਦਰ ਸਿੱਟ-ਠੀਕ ਹੋਜੇਂਗਾ!" ਤੇ ਵਿਆਂਦੜ੍ਹ ਨੇ ਇਕ ਗਿਲਾਸ ਹੋਰ ਗਿੰਦਰ ਦੇ ਹਲਕ ਵਿਚ ਖਾਲੀ ਕਰ ਦਿੱਤਾ। ਇਕ ਤਰ੍ਹਾਂ ਨਾਲ ਜ਼ਹਿਰ ਦਾ ਪੂਰਾ ਗਿਲਾਸ ਗਿੰਦਰ ਅੰਦਰ ਜਾ ਚੁੱਕਾ ਸੀ। ਪਹਿਲਾਂ ਤਾਂ ਉਹ ਦੇਹ-ਤੋੜ ਤੜਫ਼ਿਆ ਅਤੇ ਫਿਰ ਬੇਹੋਸ਼ ਹੋ ਗਿਆ। ਵਿਆਂਦੜ੍ਹ ਅਤੇ ਡਾਕਟਰ ਦਾਰੂ ਵਾਲਾ ਗੇਲਣ ਚੁੱਕ ਤਿੱਤਰ ਹੋ ਗਏ। ਦੱਸਿਆ ਉਹਨਾਂ ਨੇ ਕਿਸੇ ਨੂੰ ਵੀ ਨਹੀਂ ਸੀ। ਮਲਕੀਤ ਕੌਰ ਵੀ ਵਿਆਹ ਵਾਲੇ ਘਰੇ ਹੀ ਸੀ। ਜੇ ਗਿੰਦਰ ਨੂੰ ਤੁਰੰਤ ਹਸਪਤਾਲ ਪਹੁੰਚਾ ਦਿੱਤਾ ਜਾਂਦਾ, ਸ਼ਾਇਦ ਉਸ ਦੀ ਜਾਨ ਬਚ ਜਾਂਦੀ?

ਜਦ ਅੱਧੀ ਕੁ ਰਾਤੋਂ ਮਲਕੀਤ ਕੌਰ ਵਿਆਹ ਵਾਲੇ ਘਰੋਂ ਪਰਤੀ ਤਾਂ ਗਿੰਦਰ ਫੱਟੇ ਵਾਂਗ ਆਕੜਿਆ, ਮੂੰਹ ਅੱਡੀ ਪਿਆ ਸੀ। ਅੱਖਾਂ ਉਸ ਦੀਆਂ ਚੌੜਾਲ ਖੁੱਲ੍ਹੀਆਂ ਸਨ। ਮੂੰਹ 'ਤੇ ਲਹੂ ਲਿਬੜੀ ਝੱਗ ਸੁੱਕੀ ਪਈ ਸੀ।

ਮਲਕੀਤ ਕੌਰ ਨੇ ਦੁਹੱਥੜ ਮਾਰੀ। ਉਸ ਦੇ ਹਾਲ-ਦੁਹਾਈ ਪਾਉਣ 'ਤੇ ਸਾਰਾ ਪਿੰਡ ਇਕੱਠਾ ਹੋ ਗਿਆ। ਦਾਰੂ ਕੱਢਣ ਬਾਰੇ ਮਲਕੀਤ ਕੌਰ ਨੂੰ ਪਤਾ ਸੀ। ਉਸ ਨੇ ਕਰੋਧ ਵਿਚ ਸੁਣਾਈ ਕੀਤੀ, "ਕੁੱਤਿਓ ਬਾਹਮਣੋਂ! ਮੇਰਾ ਸਾਧ ਅਰਗਾ ਖਸਮ ਤਾਂ ਤੁਸੀਂ ਲੈ ਲਿਆ-ਹੁਣ ਥੋਡੇ ਸਾਰੇ ਖਲਣੇਂ ਨੂੰ ਨਰਤਾ ਕੇ ਮਰਵਾਊਂ..!" ਮਲਕੀਤ ਕੌਰ ਦੀ ਸਖ਼ਤ ਧਮਕੀ 'ਤੇ ਪੰਡਤਾਂ ਦੇ ਸਾਰੇ ਟੱਬਰ ਨੇ ਆ ਕੇ ਉਸ ਦੇ ਪੈਰ ਫੜ ਲਏ। ਪੰਚਾਇਤ ਦਾ ਮਿੰਨਤ-ਤਰਲਾ ਕੀਤਾ। ਸਰਪੰਚ ਤੁਰੰਤ ਮਲਕੀਤ ਕੌਰ ਕੋਲ ਪਹੁੰਚਿਆ।

-"ਜੋ ਕੁਛ ਹੋ ਗਿਆ ਮਲਕੀਤ ਕੁਰੇ, ਕਿਸੇ ਦੇ ਵੱਸ ਨ੍ਹੀ-ਹੁਣ ਤੂੰ ਸਿਆਣੀ ਬਣ-ਪੁਲਸ ਵੀਹ ਟਟਬੈਰ ਖੜ੍ਹੇ ਕਰ ਕੇ ਖੁਆਰ ਕਰੂ ਤੇ ਕਚਿਹਰੀਆਂ ਦੇ ਗੇੜੇ ਵਾਧੂ ਦੇ ਮਾਰਾਂਗੇ! ਇਹਨਾਂ ਨੂੰ ਸਜਾ ਬੋਲਣ ਨਾਲ ਗਿੰਦਰ ਸਿਉਂ ਨੇ ਮੁੜ ਨ੍ਹੀ ਆਉਣਾ-ਵਾਧੂ ਇਹਦੀ ਲਾਸ਼ ਈ ਖੱਜਲ ਕਰਾਂਗੇ-ਪੁਲਸ ਆਲੇ ਪੋਸਟ ਮਾਰਟਮ ਕਰਵਾਉਣਗੇ-ਵੀਹ ਪੰਗੇ ਖੜ੍ਹੇ ਕਰਨਗੇ-ਹਾਂ, ਜੇ ਤੂੰ ਕਹੇਂ ਪੰਡਤਾਂ ਦੇ ਉੂਂ ਛਿਤਰੌਲਾ ਫੇਰ ਦਿੰਨੇ ਐਂ?"

ਮਲਕੀਤ ਕੌਰ ਚੁੱਪ ਸੀ। ਸਰਪੰਚ ਨੇ ਸੱਚ ਹੀ ਤਾਂ ਬੋਲਿਆ ਸੀ।

-"ਪੰਚਾਇਤ ਰੱਬ ਵਰਗੀ ਹੁੰਦੀ ਐ ਭਾਈ-ਧੱਕੀਦੀ ਨਹੀਂ ਹੁੰਦੀ!" ਬੂਟਾ ਧਾਲੀਵਾਲ ਬੋਲਿਆ।

-"ਜੋ ਹੋਇਆ, ਬਹੁਤ ਬੁਰਾ ਹੋਇਆ-ਗੱਲ 'ਤੇ ਮਿੱਟੀ ਪਾਓ ਤੇ ਸਸਕਾਰ ਕਰੋ।" ਤਾਏ ਉਜਾਗਰ ਸਿੰਘ ਨੇ ਕਿਹਾ।

ਸਿਆਣਿਆਂ ਦੀ ਦਿੱਤੀ ਮੱਤ 'ਤੇ ਗਿੰਦਰ ਦਾ ਸਸਕਾਰ ਕਰ ਦਿੱਤਾ ਗਿਆ। ਸਾਰੇ ਰਿਸ਼ਤੇਦਾਰ ਵਿਦਾਅ ਹੋ ਗਏ।

ਗਿੰਦਰ ਤਾਂ ਚਲਾ ਗਿਆ ਸੀ। ਪਰ ਮਲਕੀਤ ਕੌਰ ਦੀ ਜ਼ਿੰਦਗੀ ਵਿਚ ਹਨ੍ਹੇਰ ਛਾ ਗਿਆ। ਹੁਣ ਉਹ ਆਪ ਪੱਠੇ ਲਿਆਉਂਦੀ, ਕੁਤਰਦੀ ਅਤੇ ਪਸ਼ੂਆਂ ਨੂੰ ਪਾਉਂਦੀ। ਜਦੋਂ ਉਸ ਦੇ ਦਿਲੋਂ ਲਾਂਬੂ ਉਠਦਾ ਤਾਂ ਉਹ ਰੱਬ ਨੂੰ ਸਿੱਧੀ ਹੋ ਜਾਂਦੀ।

-"ਰੱਬਾ! ਜੇ ਉਹਨੂੰ ਈ ਚੱਕਣਾ ਸੀ ਤਾਂ ਇਕ ਪੁੱਤ ਈ ਦੇ ਦਿੰਦਾ!" ਚਾਹੇ ਉਹ ਗਿੰਦਰ ਨੂੰ ਕਿੰਨਾ ਵੀ ਮੰਦਾ ਚੰਗਾ ਬੋਲਦੀ ਸੀ, ਪਰ ਉਸ ਨੂੰ ਯਾਦ ਕਰ-ਕਰ, ਬੁੱਕ-ਬੁੱਕ ਹੰਝੂ ਕੇਰਦੀ, ਝੂਰਦੀ ਰਹਿੰਦੀ। ਹੋਂਦ ਅਤੇ ਅਣਹੋਂਦ ਦਾ ਅਹਿਸਾਸ ਹੁੰਦਾ!

ਕੁਲਵੰਤ ਅਤੇ ਦਿਲਬਾਗ ਕਦੇ-ਕਦੇ ਗੇੜਾ ਮਾਰਦੇ ਅਤੇ ਸ਼ਾਮ ਨੂੰ ਮੁੜ ਜਾਂਦੇ। ਦਿਲਬਾਗ ਦਾ ਤਾਂ ਬੱਸ ਇੱਕੋ ਹੀ ਮਕਸਦ ਸੀ। ਪਰ ਕੁਲਵੰਤ ਨੇ ਇਸ ਬਾਰੇ ਮਾਂ ਕੋਲ ਬਾਤ ਨਾ ਪਾਈ। ਪਰ ਕੋਈ ਕਿੰਨਾਂ ਕੁ ਚਿਰ ਚੁੱਪ ਰਹਿ ਸਕਦੈ? ਇਕ ਦਿਨ ਅੱਕੀ ਹੋਈ ਕੁਲਵੰਤ ਨੇ ਦਿਲਬਾਗ ਦੀ ਬਦਨੀਤ ਬਾਰੇ ਦੱਸ, ਮਾਂ ਦੇ ਸੀਨੇ ਬਰਛੀ ਮਾਰ ਹੀ ਦਿੱਤੀ। ਮਾਂ ਦਾ ਦਿਲ ਖੱਖੜੀਏਂ ਹੋ ਗਿਆ। ਮਾਂ ਨੇ ਅਜਿਹਾ ਹਾਉਕਾ ਖਿੱਚਿਆ ਕਿ ਰਾਤ ਨੂੰ ਮੰਜੇ 'ਤੇ ਪਈ ਫਿਰ ਉਹ ਮੁੜ ਕੇ ਨਾ ਉਠੀ।

ਦਿਲਬਾਗ ਅਤੇ ਪਿੰਡ ਵਾਲਿਆਂ ਨੇ ਮਲਕੀਤ ਕੌਰ ਦੀ ਮਿੱਟੀ ਕਿਉਂਟੀ। ਫ਼ੁੱਲ ਤਾਰ ਆਏ। ਪਿੰਡ ਪਹੁੰਚੇ ਤਾਂ ਤਾਇਆ ਉਜਾਗਰ ਸਿੰਘ ਬਹੁੜ ਪਿਆ। ਉਹ ਦਿਲਬਾਗ ਨੂੰ ਹੀ ਸੰਬੋਧਨ ਹੋਇਆ। -"ਸ਼ੇਰਾ! ਉਹ ਤਾਂ ਤੁਰਨ ਆਲੇ ਗਏ ਤੁਰ-ਪਰ ਹੁਣ ਤੂੰ ਜਮੀਨ ਤੇ ਘਰ ਦੀ ਸਾਂਭ ਸੰਭਾਲ ਕਰ! ਇਹ ਸਾਰਾ ਕੁਛ ਹੁਣ ਤੇਰਾ ਤੇ ਕੁਲਵੰਤ ਦਾ ਈ ਐ।"

-"ਪਰ ਤਾਇਆ ਜੀ! ਮੇਰਾ ਤਾਂ ਪਿੱਛੇ ਵੀ ਬਹੁਤ ਮੁਸ਼ਕਲ ਐ?" ਦਿਲਬਾਗ ਨੇ ਚਤਰਾਈ ਖੇਡੀ।

-"ਫੇਰ ਪੁੱਤਰਾ ਇਉਂ ਕਰ! ਇਹਨੂੰ ਸਾਰੇ ਕਾਸੇ ਨੂੰ ਵੇਚ-ਵੱਟ ਕੇ ਪੈਸਾ ਹੱਥ ਹੇਠ ਕਰ-ਸ਼ਰੀਕਾਂ ਤੋਂ ਡਰੀਦੈ-ਕੱਲ੍ਹ ਨੂੰ ਕਿਸੇ ਨੇ ਕਬਜਾ ਕਰ ਲਿਆ-ਬਾਧੂ ਸਿਰ ਪਾਟਣ ਨੂੰ ਥਾਂ ਕਰੇਂਗਾ।" ਦਿਲਬਾਗ ਦੇ ਦਿਲ ਦੀ ਹੋ ਗਈ।

ਪਰ ਉਹ ਚੁੱਪ ਰਿਹਾ।

-"ਕੀ ਸੋਚਣ ਲੱਗ ਪਿਆ?" ਤਾਇਆ ਸੱਚੀ ਹਮਦਰਦੀ ਵਿਚ ਨੁੱਚੜੀ ਜਾ ਰਿਹਾ ਸੀ। ਉਸ ਦਾ ਚਿੱਟਾ ਸਾਉ ਦਾਹੜਾ ਹਵਾ ਵਿਚ ਲਹਿਰਾ ਰਿਹਾ ਸੀ। ਦਿਲਬਾਗ ਦੇ ਦਿਲ ਦੀ ਅੰਦਰਲੀ ਕਾਲਸ ਦਾ ਉਸ ਨੂੰ ਪਤਾ ਨਹੀਂ ਸੀ।

-"ਮੈਂ ਸੋਚਦਾ ਸੀ ਤਾਇਆ ਜੀ ਬਈ ਇਸ ਬਹਾਨੇ ਇੱਥੇ ਆਉਣ ਜਾਣ ਬਣਿਆਂ ਰਹਿੰਦਾ?"

-"ਤੂੰ ਸ਼ੇਰਾ ਜੀਅ ਸਦਕੇ ਆ-ਸਾਰਾ ਪਿੰਡ ਈ ਤੇਰੈ-ਗਿੰਦਰ ਪਿੰਡ ਦਾ ਸਾਂਝਾ ਸੀ-ਉਹ ਤਾਂ ਇਕ ਪਾਕ-ਪਵਿੱਤਰ ਰੂਹ ਸੀ-ਦੁਨੀਆਂ ਦੇ ਝੰਜਟਾਂ ਤੋਂ ਲੱਖਾਂ ਕੋਹਾਂ ਪਰ੍ਹੇ-ਪਰ ਤੂੰ ਜਮੀਨ ਆਲਾ ਟੈਂਟਾ ਜਰੂਰ ਨਬੇੜ-ਜੇ ਗਿੰਦਰ ਸਿਉਂ ਦੀ ਪੈਲੀ ਕਰਕੇ ਕੋਈ ਝਗੜਾ ਹੋਇਆ ਤਾਂ ਮੈਂ ਤਾਂ ਜਿਹੜਾ ਦੁਖੀ ਹੋਣੈਂ, ਹੋਣਾ ਈ ਐਂ-ਨਾਲ ਅੱਧਾ ਪਿੰਡ ਦੁਖੀ ਹੋਊ!" ਤਾਇਆ ਉਜਾਗਰ ਸਿੰਘ ਵਿਰੋਂ ਵੱਧ ਜਜ਼ਬਾਤੀ ਹੋ ਗਿਆ।

-"ਪਰ ਤਾਇਆ ਜੀ-ਗਾਹਕ ਵੀ ਕੋਈ ਮਿਲੇ?"

-"ਗਾਹਕ ਬਥੇਰ੍ਹੇ! ਮੈਂ ਲੱਭ ਕੇ ਦਿਊਂ!" ਤਾਏ ਨੇ ਆਪਣੀ ਹਿੱਕ 'ਤੇ ਵੱਡਾ ਸਾਰਾ ਹੱਥ ਮਾਰਿਆ।

ਫ਼ੈਸਲਾ ਹੋ ਗਿਆ। ਗਾਹਕ ਵੀ ਮਿਲ ਗਿਆ।

ਤਾਏ ਉਜਾਗਰ ਸਿੰਘ ਅਤੇ ਪਿੰਡ ਦੇ ਮੋਹਤਬਰ ਬੰਦਿਆਂ ਨੇ ਕੁਝ ਸਿੱਧੇ ਅਤੇ ਕੁਝ ਅਸਿੱਧੇ ਹੀਲੇ-ਵਸੀਲੇ ਕਰ ਕੇ ਗਿੰਦਰ ਵਾਲੀ ਜ਼ਮੀਨ ਅਤੇ ਘਰ ਵੇਚ ਕੇ ਪੈਸੇ ਦਿਲਬਾਗ ਦੇ ਹੱਥ ਫੜਾ ਦਿੱਤੇ। ਕਬਜ਼ਾ ਹਾੜ੍ਹੀ ਤੋਂ ਬਾਅਦ ਦੇਣਾ ਮਿਥਿਆ ਸੀ। ਹਾੜ੍ਹੀ ਦੀ ਸਾਰੀ ਫ਼ਸਲ ਦਾ ਦਿਲਬਾਗ ਹੀ ਮਾਲਕ ਹੋਣਾ ਸੀ। ਹਾੜ੍ਹੀ ਦੀ ਵਾਢੀ ਤੋਂ ਲੈ ਕੇ ਕਣਕ ਦੀ ਕਢਾਈ ਤੱਕ, ਸਾਰੀ ਜ਼ਿੰਮੇਵਾਰੀ ਉਸੇ ਦੀ ਹੀ ਸੀ। ਉਹ ਮਿਲੇ ਚਾਲੀ ਲੱਖ ਰੁਪਏ ਬੈਂਕ ਵਿਚ ਰੱਖ, ਪਿੰਡ ਨੂੰ ਬੱਸ ਚੜ੍ਹ ਗਿਆ। ਹੁਣ ਉਸ ਦੇ ਧਰਤੀ 'ਤੇ ਪੈਰ ਨਹੀਂ ਲੱਗਦੇ ਸਨ। ਚਾਲੀ ਲੱਖ ਰੁਪਏ? ਤੇ ਉਹ ਵੀ ਮੱਲੋਮੱਲੀ ਮਿਲਣੇ? ਦਿਲਬਾਗ ਤਾਂ ਅੱਜ ਸਿਰੋਂ ਸਰਦਾਰ ਸੀ!

ਹਾੜ੍ਹੀ ਦੀ ਵਾਢੀ ਆ ਗਈ। ਦਿਲਬਾਗ ਨੇ ਪਿੰਡੋਂ ਕੰਬਾਈਨ ਲਿਆ ਕੇ ਕਣਕ ਵਢਵਾ ਦਿੱਤੀ ਅਤੇ ਦਾਣੇਂ ਆਪਣੇ ਆੜ੍ਹਤੀਆਂ ਨੂੰ ਤੁਲਵਾ ਕੇ ਚੁਕਵਾ ਦਿੱਤੇ। ਚਾਰੇ ਪਾਸਿਓਂ ਫ਼ਾਰਗ ਹੋ ਕੇ ਦਿਲਬਾਗ ਅਤੇ ਉਸ ਦੇ ਜੁੰਡੀ ਦੇ ਯਾਰਾਂ ਨੇ ਸ਼ਾਮ ਨੂੰ ਗਿੰਦਰ ਦੇ ਘਰੇ ਝੰਡਾ ਆ ਗੱਡਿਆ। ਬੋਤਲਾਂ ਖੁੱਲ੍ਹ ਗਈਆਂ, ਬੱਕਰਾ ਵੱਢਿਆ ਗਿਆ। ਕੋਠੇ 'ਤੇ ਦੋ ਮੰਜੇ ਜੋੜ ਕੇ ਸਪੀਕਰ ਲਾਇਆ ਗਿਆ। ਦਾਰੂ ਨਾਲ ਬੱਕਰਾ ਚੂੰਡਿਆ ਜਾ ਰਿਹਾ ਸੀ ਅਤੇ ਸਪੀਕਰ 'ਤੇ ਗੰਦੇ ਗੀਤ ਵੱਜ ਰਹੇ ਸਨ। ਲਲਕਾਰੇ ਵੱਜ ਰਹੇ ਸਨ ਅਤੇ ਬੋਤੇ ਵਾਂਗ ਮੱਘੇ ਕੱਢੇ ਜਾ ਰਹੇ ਸਨ।

ਸਾਰਾ ਪਿੰਡ ਕੰਨਾਂ ਵਿਚ ਉਂਗਲਾਂ ਦੇਈ ਪਿਆ ਸੀ। ਜਿਵੇਂ ਸਾਰਾ ਪਿੰਡ ਮਰ ਗਿਆ ਸੀ। ਜਿਵੇਂ ਸਾਰਾ ਪਿੰਡ ਉੱਜੜ ਗਿਆ ਸੀ। ਜਿਵੇਂ ਸਾਰੇ ਪਿੰਡ ਨੂੰ 'ਦਿਉ' ਖਾ ਗਿਆ ਸੀ। ਪਰ ਸਪੀਕਰ 'ਤੇ ਤਵਾ ਖੜਕ ਰਿਹਾ ਸੀ, "ਰੱਸੀਆਂ ਧਰ ਕੇ ਮਿਣਦੇ ਲੋਕੀ-ਔਤ ਗਿਆਂ ਦੀਆਂ ਥਾਵਾਂ...!"

ਸਾਰੇ ਪਿੰਡ ਨੂੰ ਇੰਜ ਮਹਿਸੂਸ ਹੋਇਆ ਕਿ ਗਿੰਦਰ ਅਸਲ ਵਿਚ ਉਸ ਦਿਨ ਨਹੀਂ, ਅੱਜ ਮਰਿਆ ਸੀ!

*jaggikussa65@gmail.com*

**ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ**

ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ। ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ।

**ਫ਼ੋਨ ਨੰਬਰ: 01332 372851**

# X Posts/Tweets of the week: @SanghaDr



**ਪਿੰ.ਡਾ. ਸੁਜਿੰਦਰ ਸਿੰਘ ਸੰਘਾ**
**ਓ ਬੀ ਈ, ਐਫ ਆਰ ਐਸ ਏ**

ਵਲੈਤ ਤੋਂ ਪੰਜਾਬ ਵਲ ਵਿਭਿੰਨ ਮੀਡੀਏ ਰਾਹੀਂ ਵੇਖਦਿਆਂ ਇਹੋ ਜਾਪਦਾ ਹੈ ਕਿ ਪੰਜਾਬੀਆਂ ਦੇ ਵਰਤਮਾਨ ਅਤੇ ਭਵਿੱਖ ਨੂੰ, ਹੋਰ ਹੀ ਪ੍ਰੀਭਾਸ਼ਤ ਕਰ ਰਹੇ ਹਨ। ਵੱਡੇ ਪ੍ਰਸ਼ਾਸਨਿਕ, ਅਮਨ-ਕਾਨੂੰਨ ਤੇ ਆਰਥਿਕਤਾ ਅਦਿ ਬਾਰੇ ਫੈਸਲੇ ਵੀ ਓਹੀ, ਪ੍ਰਭਾਵਿਤ ਕਰ ਰਹੇ ਹਨ। ਇਸੇ ਤਰਾਂ ਦਾ ਹਾਲ ਭਾਰਤ ਦਾ ਈਸਟ ਇੰਡੀਆ ਕੰਪਨੀ ਦੇ ਸਮਿਆਂ ਵਿੱਚ ਰਿਹੈ। 'ਰਾਜ ਸਤਾਹ ਰਾਜਿਆਂ ਦੇ ਨਾਂ' ਪਰ ਰਾਜਨੀਤਕ, ਆਰਥਿਕ ਅਤੇ ਨੀਤੀਗਤ ਫੈਸਲੇ ਸਭ ਬਾਹਰਲਿਆਂ ਦੇ ਹੀ ਹਥੀਂ ਹੁੰਦੇ ਸਨ। ਕਿਥੇ ਰਹਿ ਗਈ ਤੇ ਕਿਹੜੀ ਹੈ ਪੰਜਾਬ, ਪੰਜਾਬੀਆਂ ਅਤੇ ਪੰਥ ਦੀ ਮੌਲਿਕ, ਅਧਿਕਾਰਤ ਅਤੇ ਲੋਕ-ਹਿਤੈਸ਼ੀ ਅਵਾਜ ਤੇ ਮੁਹਿੰਮ ?

o o o

ਇਤਿਹਾਸਕ ਤੇ ਸਰਬਉੱਚ ਸਿੱਖ-ਪੰਥਕ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ, ਪੰਜ ਸਿੰਘ ਸਾਹਿਬਾਨਾਂ ਨੇ ਜਥੇਦਾਰ ਗਿ. ਰਘਵੀਰ ਸਿੰਘ ਤੇ ਗਿ. ਹਰਪ੍ਰੀਤ ਸਿੰਘ ਹੁਣਾਂ ਦੀ ਰਹਿਨੁਮਾਈ 'ਚ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ-ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਐਲਾਨ ਦਿਤਾ ਗਿਆ ਸੀ। ਮਰਿਆਦਾ ਤਹਿਤ ਉਹ ਧਾਰਮਿਕ ਸਜਾ ਦੇ ਭਾਗੀ ਬਣ ਗਏ ਸਨ।

ਉਪਰੰਤ, ਬਾਦਲ ਹੁਣੀਂ, ਸਮੇਤ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਡਾ. ਦਲਜੀਤ ਸਿੰਘ ਚੀਮਾ ਅਤੇ ਆਪਣੇਂ ਸਹਿਯੋਗੀਆਂ ਦੇ, ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ 'ਤਨਖਾਹ/ਸਜਾ' ਲਗਵਾਉਂਣ ਲਈ ਸਮਰਪਿਤ ਹੋਏ। ਉਹਨੀਂ ਆਪਣਾਂ ਪਤਰ ਸਕੱਤਰੇਤ ਵਿੱਚ ਪੇਸ਼ ਕਰ ਦਿਤਾ। ਪ੍ਰਮੁੱਖ ਮਸਲਾ ਸੌਦਾ-ਸਾਧ, ਡੇਰੇਦਾਰਾਂ ਅਤੇ ਸ਼ਰਧਾਲੂਆਂ ਦੀਆਂ ਵੋਟਾਂ ਲੈਂਣ ਦਾ ਸੀ। ਤਦੇ 2007 ਅਤੇ 2015 ਵਿੱਚ ਗੈਰ-ਪੰਥਕ ਤੇ ਬੇਅਦਬੀ ਵਾਲੇ ਵਰਤਾਰੇ ਵੇਖੇ ਗਏ। ਸਮੇਂ ਦੀ ਪੰਜਾਬ ਸਰਕਾਰ ਦੇ ਮੁਖੀ ਤੇ ਅਕਾਲੀ ਆਗੂਆਂ ਨੇ 'ਸੌਦਾ-ਸਾਧ' ਨੂੰ ਮੁਆਫੀਨਾਮੇਂ ਲਈ ਬੇਨਿਯਮੀਆਂ ਭਰੇ ਕੁਕਰਮ ਕੀਤੇ। ਇਹਨਾਂ ਨਾਲ ਸਬੰਧਿਤ ਅਤੇ ਬਾਅਦਲੀਆਂ ਕੁਤਾਹੀਆਂ ਨਾਲ ਜੁੜਿਓ 2017 ਤਕ ਦੇ ਘਟਨਾਕ੍ਰਮਾਂ ਲਈ, ਸਭ ਆਗੂਆਂ ਨੂੰ ਹੀ ਤਲਬ ਕਰਕੇ, 'ਤਨਖ਼ਾਹਾਂ-ਸਜਾਵਾਂ' ਦਾ ਦੌਰ ਅਤੇ ਪ੍ਰਤੀਕਿਰਿਆਵਾਂ ਅਰੰਭ ਹੋਇਆ।

o o o

ਪੰਜਾਬ ਦੇ ਵਰਤਮਾਨ ਸੰਦਰਭ ਵਿੱਚ, ਇਸ ਸੰਕਟ ਵਾਲੇ ਤੋੜ-ਵਿਛੋੜਿਆਂ ਅਤੇ ਵਿਵਾਦ-ਸੰਵਾਦ ਵਿੱਚੋਂ ਭਲੀਭਾਂਤ ਸੁਰਖਰੂ ਹੋ ਕੇ ਸਿੱਖ ਕੌਮ, ਪੰਜਾਬ ਅਤੇ ਪੰਜਾਬੀਆਂ ਨੂੰ ਅਗਾਂਹ ਤੋਰਨਾਂ ਅਤੇ ਚੰਗਾ ਭਵਿੱਖ ਉਸਾਰਨ ਵਿੱਚ ਜੁਟਣਾਂ, ਇਕ ਵੱਡੀ ਲੋੜ ਹੈ। ਵਰਨਾਂ ਸਿੱਖ-ਪੰਥ ਅਤੇ ਪੰਜਾਬ ਨੂੰ ਹਮੇਸ਼ਾ ਸਿਆਸੀ ਘਸਮਾਣਾਂ ਵਿਚ ਰੁੱਝਿਆਕੇ, ਕਾਬਜ ਅਤੇ ਵਿਰੋਧੀ ਸਿਆਸੀ ਜਮਾਤ, ਨਿਰਾਰਥਕ ਆਪਸੀ ਵਿਰੋਧਾਂ ਵਿਚ ਸਭ ਨੂੰ ਖਚਤ ਰਖਦੇ ਹਨ। ਸ਼ੋਸਲ ਅਤੇ ਸੰਚਾਰ ਮੀਡੀਆ ਵੀ ਹਮੇਸ਼ਾਂ ਚਕਰ ਪਾਈ-ਵਧਾਈ ਰੱਖਣਗੇ। ਪੰਜਾਬ, ਪੰਜਾਬੀਆਂ ਅਤੇ ਸਿੱਖ-ਪੰਥ ਨੂੰ ਉਸਾਰੂ ਭਵਿੱਖ ਵਲ ਤੋਰਨ ਵਾਸਤੇ:

1. ਮਰਿਆਦਾ ਅਨੁਸਾਰ, ਸਮੂਹ ਧਾਰਮਿਕ ਤਨਖ਼ਾਹਾਂ-ਸਜਾਵਾਂ-ਸੇਵਾਵਾਂ ਨਿਪਟਾਉਣ ਦੀ ਕਾਰਵਾਈ, ਘੱਟੋ-ਘੱਟ ਸਮੇਂ ਵਿੱਚ ਨਿਪਟਾ ਲਿਆ ਜਾਵੇ। ਕਿਉਂਕਿ ਇਹ ਕਾਰਵਾਈ ਸਿੱਖ-ਪੰਥਕ ਹੈ, ਮੀਰੀ-ਪੀਰੀ ਸਿਧਾਂਤ ਤਹਿਤ ਸਦਾਚਾਰਕ ਹੈ।

ਰਾਜਨੀਤਕ ਸਜਾ ਤਿੰਨਾਂ ਹਾਰਾਂ ਦੇ ਰੂਪ ਵਿੱਚ ਮਿਲ ਚੁਕੀ ਹੈ। ਬਾਕੀ ਦੀ ਕਾਨੂੰਨੀ ਪ੍ਰਕਿਰਿਆ ਵਖਰਾ ਸੰਦਰਭ ਹੈ। ਇਸਦਾ ਸਿੱਖ-ਪੰਥਕ ਨਿਪਟਾਰਾ ਕਰਨ ਓਪਰੰਤ, ਇਸਤੇ ਸਿਆਸਤ ਬੰਦ ਕਰਨ ਦਾ ਫੁਰਮਾਨ ਸੁਣਾਇਆ ਜਾਣਾਂ ਚਾਹੀਦਾ। ਕਿਉਂਕਿ ਪੰਜਾਬ, ਪੰਜਾਬੀਅਤ ਅਤੇ ਸਿੱਖ-ਪੰਥ ਨਾਲ ਸਬੰਧਿਤ ਮਸਲੇ, ਦਸ ਵਰੇ ਹੋਰ ਪਛੜ ਗਏ ਹਨ।

2. ਸ. ਸੁਖਬੀਰ ਸਿੰਘ ਬਾਦਲ ਅਤੇ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨਾਲ ਜੁੜਿਓ 'ਸਬੰਧਿਤ ਅਕਾਲੀ ਆਗੂ' ਸਮੂਹਕ ਤੌਰ ਤੇ ਸਜਾਵਾਂ- ਤਨਖਾਹਾਂ ਦੁਰਾਂਨ ਆਪਣੇ-ਆਪ ਹੀ ਅਸਤੀਫੇ, ਸ੍ਰੀ ਅਕਾਲ ਤਖਤ ਸਾਹਿਬ ਤੇ ਜਮਾਂ ਕਰਾ ਦੇਂਣ। ਕਾਰਜਕਾਰੀ ਤੌਰ ਤੇ ਰਾਜਸੀ ਸੇਵਾਵਾਂ ਨਿਭਾਉਂਣ ਵਾਲੇ ਕੰਮ ਕਰਦੇ ਰਹਿਣ।

3. 'ਨਿਪਟਾਰੇ' ਓਪਰੰਤ, ਮਿਥੇ ਸਮੇਂ ਲਈ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਮੈਂਬਰਸ਼ਿਪ ਖੋਲ ਦਿਤੀ ਜਾਵੇ। ਫਿਰ ਸੰਵਿਧਾਨ ਅਨੁਸਾਰ ਡੈਲੀਗੇਟਾਂ, ਕਮੇਟੀਆਂ, ਅਹੁਦੇਦਾਰਾਂ ਅਤੇ ਆਗੂਆਂ ਦੀ ਚੋਂਣ ਮੁਕੰਮਲ ਹੋ ਜਾਵੇ।

4. ਸਮਕਾਲੀਨ ਸੰਦਰਭ ਵਿੱਚ ਏਕਤਾ ਅਧਾਰਤ ਨਵਿਆਇਆ ਅਤੇ ਪੁੰਨਰਗਠਤ ਸ਼੍ਰੋਮਣੀ ਅਕਾਲੀ ਦਲ ਹੀ ਪ੍ਰਮੁੱਖਤਾ ਨਾਲ ਜਮਹੂਰੀ, ਵਿਕੇਂਦਰਤ, ਪੰਥ, ਪੰਜਾਬ ਅਤੇ ਪੰਜਾਬੀਆਂ ਦੇ ਭਲੇ ਵਿੱਚ ਸਮੂਹਕ ਅਗਵਾਈ ਦੇ ਸਕਦੈ।

5. ਮੌਜੂਦਾ ਹਾਲਾਤ ਅਤੇ ਵਿਭਿੰਨ ਪੰਥਕ ਸੰਤੁਸ਼ਟੀਆਂ ਲਈ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ, ਪੰਜ ਮੈਂਬਰੀ (ਇਕ ਸਾਬਕਾ ਜਜ, ਇਕ ਇਤਿਹਾਸਕਾਰ, ਇਕ ਅਕਾਦਮਿਕ, ਇਕ ਸਾਬਕਾ ਪ੍ਰਬੰਧਕੀ ਅਫਸਰ, ਇਕ ਵੱਡੇ ਪਤਰਕਾਰ ਅਧਾਰਿਤ) ਕਮਿਸ਼ਨ ਸਥਾਪਤ ਕਰਨ ਲਈ ਆਦੇਸ਼ ਹੋ ਜਾਵੇ। ਤਾਂ ਕਿ ਵਧੇਰੇ ਸੰਤੁਸ਼ਟੀ ਲਈ, ਜੋ ਸਮੂਹ ਸਮੱਗਰੀ/ਬਿਆਨਾਂ/ਗਵਾਹੀਆਂ/ਖਤਾਂ ਆਦਿ ਰੁਪਾਂ ਵਿਚ ਸਾਹਮਣੇ ਆਵੇ - ਸੰਗ੍ਰਹਿਤ ਕਰਕੇ, ਸਿਟੇ ਅਤੇ ਸਬਕਾਂ ਲਈ, ਇਕ ਵਰੇ ਅੰਦਰ ਪ੍ਰਕਾਸ਼ਿਤ ਕਰਨ ਲਈ ਵਿਵਸਥਾ ਬਣਾ ਲਈ ਜਾਵੇ।

o o o

ਵਿਸ਼ਵਾਸ ਹੈ ਕਿ ਸਿੱਖ-ਪੰਥ ਦੀ ਪ੍ਰਮੁੱਖ ਤੇ ਇਤਿਹਾਸਕ ਸਥਾਪਤੀ; ਸ੍ਰੀ ਅਕਾਲ ਤਖਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ, ਸਰਬਪੱਖੀ ਪੇਸ਼ਗੀਆਂ ਨੂੰ ਮਰਿਆਦਾ 'ਚ ਵਿਚਾਰਾਕੇ, ਜੋ ਗੁਰ-ਮਤਾ ਐਲਾਨਣ, ਉਸਨੂੰ ਸਮੂਹਿਕ ਤੌਰ ਤੇ ਸਿੱਖ-ਪੰਥਕ ਜਥੇਬੰਦੀਆਂ, ਸੰਸਥਾਵਾਂ, ਟਕਸਾਲਾਂ, ਸੰਗਤਾਂ, ਹਸਤੀਆਂ... ਮਾਣ-ਸਤਿਕਾਰ ਨਾਲ ਸਿਰ-ਮਥੇ ਪ੍ਰਵਾਂਨ ਕਰ ਲੈਂਣਗੀਆਂ।

2007... 2015... 2017 ਨਾਲ ਸਬੰਧਿਤ ਘਟਨਾਂਕ੍ਰਮ, ਵਿਸ਼ਵ-ਵਿਆਪਕ ਸਿੱਖ ਕੌਮ ਦਾ ਅਤੇ ਪੰਜਾਬ ਦਾ ਵੀ ਵੱਡਾ ਨੁਕਸਾਨ ਕਰ ਚੁੱਕੇ ਹਨ। ਇਸਨੂੰ ਥਮਿਆਂ ਜਾਂਣਾ ਸਮੇਂ ਦੀ ਲੋੜ ਹੈ। ਗੈਰ-ਸਿਧਾਂਤਕ, ਗੈਰ-ਉਸਾਰੂ ਅਤੇ ਦਿਸ਼ਾ-ਨਿਰਦੇਸ਼ ਵਿਹੂੰਣੇਂ ਵਿਰੋਧ/ਵਖਰੇਵੇਂ/ਜਲੀਲਵਾਦੀ ਪਰਾਪੇਗੰਡੇ ਸਿਖ-ਪੰਥ ਅਤੇ ਪੰਜਾਬ ਦਾ ਰਾਜਨੀਤਕ, ਆਰਥਕ, ਸਭਿਆਚਾਰਕ...ਨੁਕਸਾਨ ਕਰ ਰਹੇ ਹਨ। ਇਸ ਸੰਦਰਭ ਵਿਚ, ਇਸ ਖਿਲਾਅ ਤੋਂ ਲਾਭਪਾਤਰੀ ਬਣੀਆਂ ਸਿਆਸੀ ਅਤੇ ਮੀਡੀਆ ਤਾਕਤਾਂ, ਪੰਜਾਬ ਅਤੇ ਸਿੱਖ-ਪੰਥ ਦੀ ਸੰਸਥਾਤਮਕ ਸ਼ਕਤੀ ਨੂੰ ਕਮਜ਼ੋਰ ਕਰਨ ਵਿੱਚ ਜੁਟੀਆਂ ਹੋਈਆਂ ਹਨ।

o o o

Notwithstanding the current crises in Punjabi Sikh politics, Punjab requires its original, authentic and mass validated voice. Electoral wining or losing are temporary happenings.

Shiromani Akali Dal cader, members, delegates and leadership would've to reform and renew the SAD movement.

o o o

Successive Punjab Governments in India led by Indian National Congress, Shiromani Akali Dal and the BJP presided over brain drain+workforce exit... niw many reports show that the Aam Aadmi Party led Bhagwant Singh Mann Punjab Government boss Arvind Kejriwal has added a new dimension: De-Skilling & De-Professionalsing Punjabis.

Recent media reports and expert comments show that top Punjabi political, administrative and security cadre in Punjab Government in India's significant and expert senior decision making positions are either being marginalised or replaced by Kejriwal loyalists from Delhi, what is the Punjab CM 's role in it?

o o o

The University of Birmingham has been close to the Sikh community. Even in 1973 Professor John Hick of the Department of Religious Studies worked with Dr Bhai Vir Singh Centenary Celebration Committee when we organised a big event at Birmingham Town Hall.

The University of Birmingham continues to rise amongst the world's prestigious universities - it has been ranked 93rd in the 'The World University Ranking 2025'.

Professor Joht Singh Chandan has become the youngest UK clinical professor at the University of Birmingham. Prof Chandan is believed to have become the youngest medical professor in the UK at the age of 32.

o o o

UK Sikhs oppose proposed Islamophobia blasphemy related legislation. Because for the Sikh community this is a sensitive issue in terms of Sikh resistance to Moughal imperialism in India. But, Sikhs have no issues with Muslim community: All minorities deserve protection & safeguards from racism and racial harassment. Expect that Keir Starmer and Angela Rayner led Labour government will hold interfaith consultations on it before proposing the Bill.

o o o

The University of Toronto Mississauga is establishing an endowed chair in Sikh studies, representing a major step forward in research, education and community collaboration focused on Canada's fastest-growing religion. With $2.5 million from Dr. Davindra Singh, matched by the university for a total of $5 million, the endowment will build on the recent momentum in Sikh studies, promoting new research and advancing knowledge and outreach initiatives, including engagement with the Sikh community locally and globally.

# • ਪੰਜਾਬੀ ਫ਼ਿਲਮ ਦਰਪਣ •

## ਨਵੇਂ ਕਲਾਕਾਰ ਵੀ ਸੁਰੀਲੇ ਹਨ ਬੋਲੇ ਮੱਖਣ ਲੋਹਾਰ



ਜੈਜ਼ੀ ਬੀ "ਨਾਗ ਸਾਂਭ ਲੈ ਜ਼ੁਲਫਾਂ ਦੇ, ਸੁਖਵਿੰਦਰ ਪੰਛੀ "ਸ਼ਾਹਾਂ ਦੀਏ ਕੁੜੀਏ" ਜਿਹੇ ਸਦਾਬਹਾਰ ਬਣ ਚੁੱਕੇ ਗੀਤਾਂ ਦੇ ਰਚੇਤਾ ਮੱਖਣ ਲੋਹਾਰ ਨੇ ਆਪਣੀ ਪਤਨੀ ਕਮਲ ਦੇ ਜਨਮ ਦਿਨ ਤੇ ਇੱਕ ਪਾਰਟੀ ਵਿੱਚ ਕਿਹਾ ਕਿ ਸਮਾਂ ਬਦਲਦਾ ਹੈ, ਕਲਾਕਾਰ ਨਵੇਂ ਆਓਂਦੇ ਨੇ ਤੇ ਅੱਛੀ ਗੱਲ ਹੈ ਕਿ ਨਵੇਂ ਕਲਾਕਾਰਾਂ ਵਿੱਚ ਕਾਫ਼ੀ ਗਾਇਕ ਸੁਰੀਲੇ ਹਨ। ਮੱਖਣ ਲੋਹਾਰ ਪੰਜਾਬੀ ਫ਼ਿਲਮਾਂ ਦੇ ਗੀਤਕਾਰ ਵੀ ਹਨ ਤੇ ਓਹ ਚਾਹੁੰਦੇ ਨੇ ਕਿ ਪੰਜਾਬੀ ਫ਼ਿਲਮਾਂ ਦੇ ਸੰਗੀਤ ਵਿੱਚ ਪੰਜਾਬ ਦੀ ਖੁਸ਼ਬੋ ਆਏ। ਮੱਖਣ ਲੋਹਾਰ ਐਮ ਟਰੈਕ ਬੀਟ ਤੇ ਐਂਟਰਟੇਨਮੇਂਟ ਦੇ ਸੀਈਓ ਬਣ ਨਵੇਂ ਸੁਰੀਲੇ ਫ਼ਨਕਾਰਾਂ ਤੇ ਗਾਇਕ ਕਲਾਕਾਰਾਂ ਨੂੰ ਕਾਫ਼ੀ ਮੌਕੇ ਦੇ ਰਹੇ ਹਨ। ਮੱਖਣ ਲੋਹਾਰ "ਵੀਰਾਂ ਨਾਲ ਸਰਦਾਰੀ" ਫ਼ਿਲਮ ਲਈ ਗੀਤ ਲਿਖ ਚੁੱਕੇ ਹਨ। ਜੇਕਰ ਓਹ ਯੂ ਐਸ ਏ ਸਿਟੀਜਨ ਨਾ ਹੁੰਦੇ ਤਾਂ ਅੱਜ ਹਿੰਦੀ ਫਿਲਮਾਂ ਦੇ ਗੀਤਕਾਰ ਬਣ ਬਾਲੀਵੁੱਡ ਹੁੰਦੇ ਕਿਉਂ ਕਿ ਓਹਨਾਂ ਦੇ ਗੀਤ ਰਸੀਲੇ ਤੇ ਜਨ ਹਿੱਤ ਦੀ ਗੱਲ ਕਰਦੇ ਗੀਤ ਹੁੰਦੇ ਹਨ।

## ਬੱਲੀ ਜੇਠੂਵਾਲ ਅਨੁਸਾਰ ਧਰਮ ਕਰਮ ਦੇ ਗੀਤ ਹੋਣ ਜਿਆਦਾ



ਬੱਲੀ ਜੇਠੂਵਾਲ ਚਰਚਿਤ ਗੀਤਕਾਰ ਹਨ ਤੇ ਵੱਡੇ ਵੱਡੇ ਗਾਇਕ ਕਲਾਕਾਰਾਂ ਦੇ ਬੇਹੱਦ ਮਕਬੂਲ ਰਹੇ ਐਲਬਮ ਓਹਨਾਂ ਪੇਸ਼ ਕੀਤੇ ਹਨ। ਡਾਕਟਰ ਜੇਓਸ, ਜ਼ੋਰਾ ਰੰਧਾਵਾ, ਮਦਨ ਮੱਦੀ, ਸੁਖਸ਼ਿੰਦਰ ਸ਼ਿੰਦਾ ਇਹਨਾਂ ਵਿੱਚ ਸ਼ਾਮਿਲ ਹਨ। ਹੋਰ ਵੀ ਇਹ ਲਿਸਟ ਲੰਬੀ ਹੈ। "ਤੇਰੇ ਵੀਹ ਰੁਪਈਆਂ ਦਾ ਲੰਗਰ" ਬੇਹੱਦ ਮਕਬੂਲ ਧਾਰਮਿਕ ਗੀਤ ਲਿਖਣ ਵਾਲੇ ਬੱਲੀ ਜੇਠੂਵਾਲ ਧਰਮ ਕਰਮ ਵਿੱਚ ਸ਼ਰਧਾ ਰੱਖਦੇ ਹਨ। ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਨਤਮਸਤਕ ਪਰਿਵਾਰ ਸਮੇਤ ਹੋਏ ਬੱਲੀ ਜੇਠੂਵਾਲ ਨੇ ਕਿਹਾ ਕਿ ਸਾਡਾ ਧਰਮ ਵਿਰਸਾ ਵਿਸ਼ਾਲ ਹੈ ਤੇ ਸਾਨੂੰ ਗੀਤਕਾਰਾਂ ਨੂੰ ਧਾਰਮਿਕ ਗੀਤ ਵੀ ਜਿਆਦਾ ਲਿਖਣੇ ਚਾਹੀਦੇ ਹਨ, ਇਸ ਨਾਲ ਨਿਘਾਰ ਵੱਲ ਜਾਂਦੀ ਗਾਇਕੀ ਤੇ ਗੀਤਕਾਰੀ ਤੇ ਕਾਬੂ ਪਏਗਾ। ਬੱਲੀ ਜੇਠੂਵਾਲ ਅੱਜ ਕਲ ਤਿੰਨ ਚਾਰ ਨਵੇਂ ਐਲਬਮ ਪੇਸ਼ ਕਰਨ ਜਾ ਰਹੇ ਹਨ ਤੇ ਚਾਹਤ ਫ਼ਿਲਮਾਂ ਲਈ ਗੀਤ ਲਿਖਣ ਦੀ ਹੈ।

## ਸੋਹਣ ਸਿਕੰਦਰ "ਅੱਖੀਆਂ ਨੂੰ ਰੋਣਾ ਪੈ ਗਿਆ"



ਬਹੁਤ ਹੀ ਸੁਰੀਲਾ ਤੇ ਕਲਾਸੀਕਲ ਸੰਗੀਤ ਦੇ ਨਾਲ ਲੋਕ ਗਾਇਕ ਸੋਹਣ ਸਿਕੰਦਰ ਅੱਜ ਵੀ ਸਰਗਰਮ ਹਨ। ਯਾਦ ਕਰੋ ਪੰਜਾਬੀ ਫ਼ਿਲਮ ਦਾ ਗੀਤ "ਐਸੀ ਯਾਦ ਸੱਜਣਾਂ ਤੇਰੀ ਆਈ ਅੱਖੀਆਂ ਨੂੰ ਰੋਣਾ ਪੈ ਗਿਆ" ਸੋਹਣ ਸਿਕੰਦਰ ਨੇ ਗਾਇਆ ਸੀ ਤੇ ਓਹ ਇਸ ਨਾਲ ਰਾਤੋ ਰਾਤ ਸਟਾਰ ਗਾਇਕ ਬਣ ਗਏ ਸਨ। ਆਪਣੀ ਬੇਗਮ ਨਾਲ ਸ਼ਾਦੀ ਸਾਲਗਿਰਹ ਪਾਰਟੀ ਵੇਲੇ ਸੋਹਣ ਸਿਕੰਦਰ ਨੇ ਦੱਸਿਆ ਕਿ ਅੱਜ ਕਲ ਜਾਗਰਣ ਗਾਇਕੀ ਵਿੱਚ ਓਹ ਬਹੁਤ ਪ੍ਰਸਿੱਧ ਹਨ। ਮੌਕਾ ਮਿਲਣ ਤੇ ਫ਼ਿਲਮਾਂ ਲਈ ਗਾਇਕੀ ਕਰਦੇ ਹਨ। ਸੋਹਣ ਸਿਕੰਦਰ ਨੇ ਆਪਣੇ ਗਾਇਕੀ ਕੈਰੀਅਰ ਤੇ ਸੰਤੁਸ਼ਟੀ ਜਾਹਿਰ ਕੀਤੀ ਤੇ ਕਿਹਾ ਕਿ ਗਰੀਬੀ ਵਿੱਚੋਂ ਉੱਠ ਫ਼ਿਲਮ ਗਾਇਕ ਬਣ ਜਾਣਾ ਬਹੁਤ ਅਹਿਮ ਹੈ। ਗਾਇਕੀ ਦਾ ਮਿਆਰ ਅੱਜ ਕਲ ਤਾਂ ਓਹਨਾਂ ਕਿਹਾ ਕਿ ਹਰ ਵਕਤ ਤੇ ਸਮੇਂ ਦੌਰਾਨ ਬਦਲਾਓ ਆਉਂਦਾ ਹੈ ਤੇ ਇਹ ਕੋਈ ਗੰਭੀਰ ਗੱਲ ਨਹੀਂ। ਅਜਿਹਾ ਹੁੰਦਾ ਤਾਂ ਸਤਿੰਦਰ ਸਰਤਾਜ ਅੱਜ ਇੰਟਰਨੈਸ਼ਨਲ ਸਟਾਰ ਨਾ ਹੁੰਦੇ। ਸੋਹਣ ਸਿਕੰਦਰ ਬਾਲੀਵੁੱਡ ਲਈ ਪਲੇ ਬੈਕ ਦੇਣ ਦੀ ਚਾਹਤ ਰੱਖਦੇ ਹਨ।

## ਦਿੱਲੀ ਤੋਂ ਪੰਜਾਬ ਵਾਇਆ ਹਰਿਆਣਾ ਦੁਖਾਂਤ ਮਨਜੀਤ ਸਰਾਂ ਦੀ ਫ਼ਿਲਮ



"ਵਾਰਿਸ" "ਕਬਜ਼ਾ" ਫ਼ਿਲਮ ਵਾਲੇ ਮਨਜੀਤ ਸਿੰਘ ਸਰਾਂ ਪੰਜਾਬ ਜਦ ਦਿੱਲੀ ਤੋਂ ਹਰਿਆਣਾ ਆਏ ਪੰਜਾਬੀ ਤਾਂ ਭਿਆਨਕ ਦੁਖਾਂਤ ਵਾਪਰਿਆ ਸੀ ਫ਼ਿਲਮ ਬਣਾ ਰਹੇ ਹਨ। ਮੁਸ਼ਕਿਲ ਨਾਲ ਦਿੱਲੀ ਤੇ ਹਰਿਆਣਾ ਸਰਕਾਰ ਤੋਂ ਪ੍ਰਵਾਨਗੀ ਮਿਲੀ ਹੈ। ਇਸ ਫ਼ਿਲਮ ਵਿੱਚ ਬਾਲੀਵੁੱਡ ਤੇ ਪੰਜਾਬੀ ਫ਼ਿਲਮਾਂ ਦੇ ਮਹਾਂਰਥੀ ਕਲਾਕਾਰ ਕੰਮ ਕਰਨਗੇ। ਮਨਜੀਤ ਸਿੰਘ ਸਰਾਂ ਪਤਰਕਾਰ, ਫਿਲਮਕਾਰ ਤੇ ਸਾਹਿਤਕਾਰ ਹਨ। ਇਹ ਐਕਸ਼ਨ ਫਿਲਮ ਹੋਏਗੀ। ਯਾਦ ਰਹੇ ਅਮਰੀਕਾ ਵਿਖੇ ਮਨਜੀਤ ਸਿੰਘ ਸਰਾਂ ਦੀ ਕਿਤਾਬ ਨੂੰ ਏਸ਼ੀਆ ਦੀ ਕਿਤਾਬ ਦਾ ਓਹ ਸਨਮਾਨ ਮਿਲਿਆ ਜਿਹੜਾ ਅੱਜ ਤੱਕ ਕਿਸੇ ਪੰਜਾਬੀ ਕਿਤਾਬ ਨੂੰ ਨਹੀਂ ਮਿਲਿਆ। ਮਨਜੀਤ ਸਿੰਘ ਸਰਾਂ ਦਾ ਕਨੇਡਾ ਵਿੱਚ ਫ਼ਿਲਮ ਸਟੂਡੀਓ ਵੀ ਹੈ।

## ਮੋਹਿਨੀ ਤੂਰ ਨੇ ਕੀਤੀ ਸੁਨੰਦਾ ਸ਼ਰਮਾ ਦੀ ਸਿਫਤ



ਮੋਹਿਨੀ ਤੂਰ ਪੁਆਧ ਦੀ ਲੇਖਿਕਾ ਤੇ ਸ਼ਾਨਦਾਰ ਐਕਟ੍ਰੈਸ ਹੈ। ਅਨੇਕਾਂ ਪੰਜਾਬੀ ਫ਼ਿਲਮਾਂ ਕਰ ਚੁੱਕੀ ਮੋਹਿਨੀ ਤੂਰ ਅੱਜ ਕਲ "ਮਿੱਤਰਾਂ ਦਾ ਚਲਿਆ ਟਰੱਕ ਨੀਂ" ਨਾਲ ਚਰਚਿਤ ਹੈ। ਮੋਹਿਨੀ ਨੇ ਕਿਹਾ ਕਿ ਅਮਰਿੰਦਰ ਗਿੱਲ ਜੀ ਦਾ ਕਾਮਯਾਬ ਐਕਟਿੰਗ ਦੇ ਨਾਲ ਓਹਨਾਂ ਸੁਨੰਦਾ ਸ਼ਰਮਾ ਦੇ ਐਕਟਿੰਗ ਤਰੀਕੇ ਨੂੰ ਬਹੁਤ ਪਸੰਦ ਕੀਤਾ ਹੈ। ਸੁਨੰਦਾ ਨਾਲ ਕੰਮ ਕਰ ਲੱਗਿਆ ਜਿਵੇਂ ਓਹ ਆਪਣੀ ਨਿੱਕੀ ਭੈਣ ਨਾਲ ਕੰਮ ਕਰ ਰਹੀ ਹੋਏ। ਸੁਨੰਦਾ ਦੇ ਗੀਤਾਂ ਦੀ ਪ੍ਰਸੰਸਕ ਮੋਹਿਨੀ ਨੇ ਕਿਹਾ ਕਿ ਓਸ ਦੀ ਆਦਤ ਤੇ ਸੁਭਾਅ ਬਹੁਤ ਲਚਕੀਲਾ ਹੈ। ਸੁਨੰਦਾ ਸ਼ਰਮਾ ਜ਼ਬਰਦਸਤ ਅਦਾਕਾਰਾ ਬਣੇਗੀ ਮੋਹਿਨੀ ਨੇ ਅਸੀਸ ਵੀ ਦਿੱਤੀ। ਮੋਹਿਨੀ ਤੂਰ ਨੇ ਵੱਡੇ ਸਟਾਰ ਲੋਕਾਂ ਨਾਲ ਕਾਫੀ ਪੰਜਾਬੀ ਫ਼ਿਲਮਾਂ ਵਿੱਚ ਸ਼ਾਨਦਾਰ ਰੋਲ ਕੀਤੇ ਹਨ। "ਮਿੱਤਰਾਂ ਦਾ ਚਲਿਆ ਟਰੱਕ ਨੀਂ" ਓਸ ਦੀ ਇੱਕ ਹੋਰ ਕਾਮਯਾਬ ਫ਼ਿਲਮ ਹੈ।

## ਬੰਨੀ ਸ਼ਰਮਾ ਨੇ ਮਲਕੀਤ ਸਿੰਘ ਦੀ ਦਰਿਆਦਿਲੀ ਦੇ ਕਾਇਲ



ਬੰਨੀ ਸ਼ਰਮਾ ਜਲੰਧਰ ਦੂਰਦਰਸ਼ਨ ਦੇ ਸਟਾਰ ਨਿਰਮਾਤਾ ਨਿਰਦੇਸ਼ਕ ਵਰਾਇਟੀ ਪ੍ਰੋਗਰਾਮ ਰਹੇ ਹਨ। ਬੰਨੀ ਸ਼ਰਮਾ ਭਾਰਤ ਦੀਆਂ ਪ੍ਰਸਿੱਧ ਸੰਗੀਤ ਕੰਪਨੀਆਂ ਲਈ ਹਿੱਟ ਗਾਣੇ ਪੇਸ਼ ਕਰ ਚੁੱਕੇ ਹਨ। ਗੋਲਡਨ ਸਟਾਰ ਮਲਕੀਤ ਸਿੰਘ ਨਾਲ ਓਹਨਾਂ ਦੀ ਯਾਰੀ ਹੈ ਤੇ ਓਹ ਮਲਕੀਤ ਸਿੰਘ ਦੀ ਦਰਿਆਦਿਲੀ ਦੀ ਅਕਸਰ ਗੱਲ ਕਰਦੇ ਹਨ। ਬੰਨੀ ਦਸਦੇ ਨੇ ਕਿ "ਮਹਿੰਦੀ ਸ਼ਗਨਾਂ ਦੀ" ਫ਼ਿਲਮ ਵੇਲੇ ਮਲਕੀਤ ਸਿੰਘ ਨੇ ਸਪੋਟ ਬੁਆਏ ਤੱਕ ਨੂੰ ਆਪਣੀ ਵੱਲੋਂ ਸਨਮਾਨ ਦਿੱਤਾ ਤੇ ਸੰਭਵ ਮਦਦ ਕੀਤੀ। ਮਲਕੀਤ ਸਿੰਘ ਦੇ ਗੀਤ ਦੁਨੀਆਂ ਭਰ ਦੇ ਨਾਲ ਬਾਲੀਵੁੱਡ ਤੇ ਪਾਕਸਤਾਨੀ ਫ਼ਿਲਮਾਂ ਤੱਕ ਗੂੰਜੇ ਹਨ। ਬੰਨੀ ਸ਼ਰਮਾ ਨੇ ਦੁਆ ਕੀਤੀ ਹੈ ਕਿ ਮਲਕੀਤ ਸਿੰਘ ਨਾਲ ਓਹਨਾਂ ਦੀ ਮਿੱਤਰਤਾ ਕਾਇਮ ਰਹੇ।

**-ਅੰਮ੍ਰਿਤ ਪਵਾਰ**

# ਕੈਲੀਫੋਰਨੀਆ ਦੇ ਕੈਟਾਲੀਨਾ ਟਾਪੂ ਤੇ ਇਕ ਛੋਟਾ ਜਹਾਜ਼ ਉਡਾਣ ਭਰਨ ਤੋਂ ਛੇਤੀ ਬਾਅਦ ਤਬਾਹ ਹੋ ਕੇ ਜਮੀਨ 'ਤੇ ਡਿੱਗਾ

## ✪ ਪਾਇਲਟ ਸਮੇਤ ਸਾਰੇ 5 ਯਾਤਰੀਆਂ ਦੀ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਅਮਰੀਕਾ ਵਿਚ ਦੱਖਣੀ ਕੈਲੀਫੋਰਨੀਆ ਦੇ ਕੈਟਾਲੀਨਾ ਟਾਪੂ ਤੋਂ ਉਡਾਣ ਭਰਨ ਉਪਰੰਤ ਇਕ ਛੋਟਾ ਜਹਾਜ਼ ਤਬਾਹ ਹੋ ਕੇ ਜਮੀਨ 'ਤੇ ਡਿੱਗ ਜਾਣ ਦੀ ਖਬਰ ਹੈ ਜਿਸ ਦੇ ਸਿੱਟੇ ਵਜੋਂ ਪਾਇਲਟ ਸਮੇਤ ਜਹਾਜ਼ ਵਿਚ ਸਵਾਰ ਸਾਰੇ 5 ਵਿਅਕਤੀਆਂ ਦੀ ਮੌਤ ਹੋ ਗਈ।



ਇਹ ਜਾਣਕਾਰੀ ਫੈਡਰਲ ਐਵੀਏਸ਼ਨ ਐਡਮਨਿਸਟ੍ਰੇਸ਼ਨ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਮਿਲੀ ਜਾਣਕਾਰੀ ਅਨੁਸਾਰ ਦੋ ਇੰਜਣਾਂ ਵਾਲਾ ਟਰਬੋਪ੍ਰਾਪ ਜਹਾਜ਼ ਟਾਪੂ ਦੇ ਨਿੱਜੀ ਹਵਾਈ ਅੱਡੇ ਨੇੜੇ ਸਥਾਨਕ ਸਮੇ ਅਨੁਸਾਰ ਸ਼ਾਮ ਦੇ 8 ਵਜੇ ਦੇ ਆਸ ਪਾਸ ਹਾਦਸਾਗ੍ਰਸਤ ਹੋ ਕੇ ਹੇਠਾਂ ਡਿੱਗ ਗਿਆ। ਜਹਾਜ਼ ਅਗਿਆਤ ਹਾਲਾਤ ਵਿਚ ਹਾਦਸਾਗ੍ਰਸਤ ਹੋਇਆ ਤੇ ਜਾਂਚ ਉਪਰੰਤ ਹੀ ਪਤਾ ਲੱਗੇਗਾ ਕਿ ਕਿਸ ਕਾਰਨ ਜਹਾਜ਼ ਹਾਦਸਾਗ੍ਰਸਤ ਹੋਇਆ। ਕੈਟਾਲੀਨਾ ਟਾਪੂ ਕੈਲੀਫੋਰਨੀਆ ਦੇ ਚੈਨਲ ਟਾਪੂਆਂ ਵਿਚੋਂ ਇਕ ਹੈ ਤੇ ਇਹ ਟਾਪੂ ਲਾਸ ਏਂਜਲਸ ਦੇ ਦੱਖਣ ਪੱਛਮ ਵਿਚ ਤਕਰੀਬਨ 20 ਮੀਲ ਦੂਰ ਸਥਿੱਤ ਹੈ। ਵੈਬਸਾਈਟ ਫਲਾਈਟ ਅਵੇਅਰ ਅਨੁਸਾਰ ਜਹਾਜ਼ ਨੇ ਸਾਂਤਾ ਮੋਨੀਕਾ ਹਵਾਈ ਅੱਡੇ ਤੋਂ ਸ਼ਾਮ 5.57 ਵਜੇ ਉਡਾਣ ਭਰੀ ਸੀ ਤੇ ਕੈਟਾਲੀਨਾ ਹਵਾਈ ਅੱਡੇ 'ਤੇ ਉਤਰਿਆ ਸੀ। ਇਥੋਂ ਉਡਾਣ ਭਰਨ ਉਪਰੰਤ ਤਕਰੀਬਨ ਇਕ ਮੀਲ ਦੂਰ ਜਾ ਕੇ ਤਬਾਹ ਹੋ ਗਿਆ। ਲਾਸ ਏਂਜਲਸ ਕਾਊਂਟੀ ਦੇ ਅੱਗ ਬੁਝਾਊ ਵਿਭਾਗ ਅਨੁਸਾਰ ਸੂਚਨਾ ਮਿਲਣ 'ਤੇ ਰਾਹਤ ਤੇ ਬਚਾਅ ਟੀਮ 8.30 ਵਜੇ ਦੇ ਆਸ ਪਾਸ ਮੌਕੇ 'ਤੇ ਪੁੱਜੀ। ਮ੍ਰਿਤਕਾਂ ਦੀ ਪਛਾਣ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ ਹੈ। ਘਟਨਾ ਦੀ ਜਾਂਚ ਫੈਡਰਲ ਐਵੀਏਸ਼ਨ ਐਡਮਨਿਸਟ੍ਰੇਸ਼ਨ ਤੇ ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਕਰੇਗਾ।

# ਪੰਜਾਬ, ਪੰਜਾਬੀ ਅਤੇ ਪੰਜਾਬੀਆਂ ਦਾ ਮਾਣ : ਲੋਕ ਕਵੀ ਗੁਰਦਾਸ ਰਾਮ 'ਆਲਮ'

**ਡਾ ਗੁਰਵਿੰਦਰ ਸਿੰਘ**

• • •



ਪੰਜਾਬੀਆਂ ਦਾ 'ਅਸਲੀ ਗੁਰਦਾਸ' ਗੁਰਦਾਸ ਰਾਮ ਆਲਮ ਹੈ, ਜਿਸ ਨੇ ਪੰਜਾਬੀ ਮਾਂ ਬੋਲੀ ਦੇ ਸਤਿਕਾਰ ਨੂੰ ਸਿਖਰਾਂ ਤੱਕ ਪਹੁੰਚਾਇਆ। "ਕਿਉਂ ਬਈ ਨਿਹਾਲਿਆ ਆਜ਼ਾਦੀ ਨਹੀਂ ਵੇਖੀ?" ਵਰਗੀ ਗੁਰਦਾਸ ਰਾਮ ਆਲਮ ਦੀ ਲਿਖਤ, ਅੱਜ ਵੀ ਲੋਕ ਮਨਾਂ ਦਾ ਹਿੱਸਾ ਬਣੀ ਹੋਈ ਹੈ। ਪਰ ਸਾਹਿਤਕ ਕਦਰਾਂ ਕੀਮਤਾਂ ਦੇ ਉਲਟ, ਵਪਾਰੀਕਰਨ ਅਤੇ ਸੰਸਾਰੀਕਰਨ ਦੇ ਅੱਜ ਦੇ ਦੌਰ ਵਿੱਚ ਜ਼ਿਆਦਾ ਚਰਚਾ ਉਸੇ ਦੀ ਹੁੰਦੀ ਹੈ, ਜੋ ਕਲਮ ਅਤੇ ਗਾਇਕੀ ਨੂੰ ਧੰਦਾ ਬਣਾ ਕੇ ਖੁੱਲ੍ਹੇਆਮ ਉਸ ਦਾ ਵਿਉਪਾਰ ਕਰਦਾ ਹੈ, ਚਾਹੇ ਉਹ ਸਾਹਿਤਕਾਰ ਹੋਵੇ ਜਾਂ ਗਾਇਕ।


ਅਖੌਤੀ ਉੱਚ ਸਮਾਜ ਅਤੇ ਅਖੌਤੀ ਬ੍ਰਾਹਮਣੀ ਨਿਜ਼ਾਮ ਵੱਲੋਂ ਦੁਰਕਾਰੇ ਹੋਏ ਅਤੇ ਦੱਬੇ- ਕੁਚਲੇ ਲੋਕਾਂ ਦੀ ਗੱਲ ਕਰਨ ਵਾਲਾ ਅਤੇ ਮਨੁੱਖੀ ਬਰਾਬਰੀ ਦਾ ਹਾਮੀ ਲੋਕ ਕਵੀ ਗੁਰਦਾਸ ਰਾਮ ਆਲਮ (29 ਅਕਤੂਬਰ 1912 - 27 ਸਤੰਬਰ 1989) ਸਹੀ ਅਰਥਾਂ ਵਿੱਚ 'ਲੋਕ ਕਵੀ' ਹੈ। ਆਲਮ ਨੇ ਪੇਂਡੂ ਜੀਵਨ ਵਿੱਚ ਦਲਿਤ ਵਰਗ ਦੇ ਅਨੁਭਵਾਂ ਨੂੰ ਲੋਕ ਬੋਲੀ ਵਿੱਚ ਪੇਸ਼ ਕੀਤਾ ਹੈ। ਉਸ ਦਾ ਜਨਮ ਪਿੰਡ ਬੁੰਡਾਲਾ, ਜ਼ਿਲ੍ਹਾ ਜਲੰਧਰ (ਪੰਜਾਬ) ਵਿੱਚ ਮਾਤਾ ਜੀਉਣੀ ਤੇ ਪਿਤਾ ਸ੍ਰੀ ਰਾਮ ਦੇ ਘਰ ਹੋਇਆ। ਉਸ ਨੂੰ ਰਸਮੀ ਪੜ੍ਹਾਈ ਦਾ ਮੌਕਾ ਨਾ ਮਿਲ ਸਕਿਆ। ਫਿਰ ਵੀ ਗੁਰਦਾਸ ਰਾਮ ਆਲਮ ਨੇ ਆਪਣੇ ਸ਼ੌਕ ਸਦਕਾ ਆਪਣੇ ਦੋਸਤਾਂ ਕੋਲੋਂ ਹੀ ਚੰਗਾ-ਸੁਹਣਾ ਪੜ੍ਹਨਾ-ਲਿਖਣਾ ਸਿੱਖ ਲਿਆ।

ਜਾਤ- ਪਾਤ, ਨਸਲਵਾਦ, ਫਾਸ਼ੀਵਾਦ ਅਤੇ ਕੱਟੜਵਾਦ ਵਿਰੋਧੀ ਗੁਰਦਾਸ ਰਾਮ ਆਲਮ ਦੀਆਂ ਰਚਨਾਵਾਂ ਹਨ : ਮੈਂ ਮਰ ਗਿਆ, ਅੱਲੇ ਫੱਟ, ਉਡਦੀਆਂ ਧੂੜਾਂ, 'ਆਪਣਾ ਆਪ' ਅਤੇ 'ਆਲਮ ਕਾਵਿ'। ਦੁੱਖ ਇਸ ਗੱਲ ਦਾ ਹੈ ਕਿ ਪਾਠਕਾਂ ਲਈ ਇਹ ਕਿਤਾਬਾਂ ਉਪਲਬਧ ਨਹੀਂ ਹਨ, ਹਾਲਾਂਕਿ 'ਗੁਰਦਾਸ ਰਾਮ ਆਲਮ ਕਾਵਿ' ਸੰਪੂਰਨ ਕਾਵਿ ਰੂਪ ਵਿੱਚ ਮਾਨਵਵਾਦੀ ਰਚਨਾ ਮੰਚ, ਪੰਜਾਬ ਵੱਲੋਂ ਪ੍ਰਕਾਸ਼ਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਲਿਖਾਰੀ ਅਸ਼ੋਕ ਬਾਂਸਲ ਮਾਨਸਾ ਨੇ 'ਮਿੱਟੀ ਨੂੰ ਫਰੋਲ ਜੋਗੀਆ' (ਅਣਮੁੱਲੇ ਗੀਤਕਾਰ) ਕਿਤਾਬ ਵਿੱਚ ਗੁਰਦਾਸ ਰਾਮ ਆਲਮ 'ਤੇ ਜਾਣਕਾਰੀ ਭਰਪੂਰ ਲੇਖ ਲਿਖਿਆ ਹੈ।

ਗੁਰਦਾਸ ਰਾਮ ਆਲਮ ਦੇ ਚਾਰ ਪੁੱਤਰ ਸਨ, ਜਿਨਾਂ ਦੇ ਨਾਂ 'ਸਾਹਿਤ', 'ਸੰਗੀਤ', 'ਅੰਦੋਲਨ' ਰਖੇ, ਜਦ ਕਿ ਚੌਥਾ ਪੁੱਤਰ ਸੱਤ ਮਹੀਨੇ ਦੀ ਉਮਰ ਵਿੱਚ ਹੀ ਗੁਜ਼ਰ ਗਿਆ। ਉਂਝ ਬਾਕੀ ਤਿੰਨੇ ਪੁੱਤਰ ਵੀ ਆਲਮ ਸਾਹਿਬ ਦੇ ਹੁੰਦਿਆਂ ਹੀ , ਉਹਨਾਂ ਦੇ ਅੱਖਾਂ ਸਾਹਮਣੇ ਚੱਲ ਵਸੇ ਅਤੇ ਇਹ ਸਦਮਾ ਗੁਰਦਾਸ ਰਾਮ ਆਲਮ ਲਈ ਅਸਹਿ ਰਿਹਾ। ਆਲਮ ਸਾਹਿਬ ਦੇ ਘਰ ਤਿੰਨ ਪੁੱਤਰੀਆਂ ਹੋਈਆਂ, ਜਿਨਾਂ ਦੇ ਨਾਂ 'ਕੰਵਲ', 'ਸੁਦੇਸ਼' ਅਤੇ 'ਧੀਰਜ' ਰੱਖੇ।

ਮੈਂ ਆਪਣੇ ਆਪ ਨੂੰ ਸੁਭਾਗਾ ਸਮਝਦਾ ਹਾਂ ਕਿ ਸਕੂਲ ਸਮੇਂ ਮਹਾਨ ਸ਼ਾਇਰ ਗੁਰਦਾਸ ਰਾਮ ਆਲਮ ਦੇ ਕਈ ਵਾਰ ਦਰਸ਼ਨ ਕਰਨ ਦਾ ਸੁਭਾਗ ਮਿਲਿਆ। ਸੰਨ 1983 ਦੀ ਗੱਲ ਹੈ, ਜਦੋਂ ਸੀਨੀਅਰ ਸੈਕੰਡਰੀ ਸਕੂਲ ਲਾਡੋਵਾਲੀ ਰੋਡ ਜਲੰਧਰ ਪੜ੍ਹਦੇ ਸਾਂ, ਤਾਂ ਸਾਡੇ ਅਧਿਆਪਕ ਉਸਤਾਦ ਗ਼ਜ਼ਲਗੋ ਉਲਫ਼ਤ ਬਾਜਵਾ ਨੂੰ ਮਿਲਣ ਗੁਰਦਾਸ ਰਾਮ ਆਲਮ ਅਕਸਰ ਆਇਆ ਕਰਦੇ ਸਨ। ਓਦੋਂ ਹੀ ਬਾਜਵਾ ਸਾਹਿਬ ਨੇ ਪਹਿਲੀ ਵਾਰ ਮਹਾਨ ਸ਼ਾਇਰ ਗੁਰਦਾਸ ਰਾਮ ਹੁਰਾਂ ਨੂੰ ਮਿਲਾਇਆ। ਉਸ ਸੁਭਾਗੀ ਘੜੀ ਸੀ, ਜਦੋਂ ਆਲਮ ਸਾਹਿਬ ਨੇ ਆਪਣੇ ਹੱਥੀਂ ਆਪਣੀ ਲਿਖਤ "ਕਿਉਂ ਬਈ ਨਿਹਾਲਿਆ ਆਜ਼ਾਦੀ ਨਹੀਂ ਵੇਖੀ?" ਮੈਨੂੰ ਦਿੱਤੀ ਅਤੇ ਥਾਪੜਾ ਦਿੰਦਿਆਂ ਇਹ ਕਵਿਤਾ ਚੇਤੇ ਕਰਨ ਲਈ ਉਤਸ਼ਾਹ ਵਧਾਇਆ। ਛੇਵੀਂ ਜਮਾਤ ਵਿੱਚ ਇਹ ਕਵਿਤਾ ਮੈਂ ਜ਼ਬਾਨੀ ਯਾਦ ਕਰ ਲਈ ਸੀ, ਜੋ ਹੁਣ ਵੀ ਹਰ ਘੜੀ ਜ਼ੁਬਾਨ 'ਤੇ ਰਹਿੰਦੀ ਹੈ। ਆਜ਼ਾਦੀ ਤੋਂ ਤਿੰਨ ਵਰ੍ਹੇ ਮਗਰੋਂ ਲਿਖੀ ਇਹ ਕਵਿਤਾ ਅੱਜ ਦੇ ਕਾਲੇ ਦੌਰ 'ਤੇ ਵੀ ਹੂ-ਬ-ਹੂ ਢੁਕਦੀ ਹੈ।

ਗੁਰਦਾਸ ਰਾਮ ਆਲਮ-ਕਾਵਿ ਉਂਝ ਤਾਂ ਆਲਮ ਸਾਹਿਬ ਦੀ ਹਰ ਰਚਨਾ ਹੀ ਕਾਬਲੇ-ਤਾਰੀਫ਼ ਹੈ, ਪਰ ਕੁਝ ਕਵਿਤਾਵਾਂ ਦੀ ਸਾਂਝ ਪਾਠਕਾਂ ਨਾਲ ਪਾ ਰਹੇ ਹਾਂ। ਪੰਜਾਬ, ਪੰਜਾਬੀ ਅਤੇ ਪੰਜਾਬੀਆਂ ਦੇ 'ਅਸਲੀ ਗੁਰਦਾਸ' ਬਾਰੇ ਖੁੱਲ੍ਹੀਆਂ ਗੱਲਾਂ, 13 ਅਕਤੂਬਰ, ਦਿਨ ਐਤਵਾਰ ਨੂੰ 7050 ਸੀਨੀਅਰ ਸੈਂਟਰ ਸਰੀ ਵਿਖੇ ਸਾਹਿਤਕ ਸਮਾਗਮ ਮੌਕੇ ਹੋਣਗੀਆਂ।



"ਕਿਓਂ ਬਈ ਨਿਹਾਲਿਆ
ਆਜ਼ਾਦੀ ਨਹੀਂ ਵੇਖੀ,
ਨਾ ਬਈ ਭਰਾਵਾ ਨਾ ਖਾਧੀ ਨਾ ਦੇਖੀ।
ਮੈਂ ਜੱਗੂ ਤੋਂ ਸੁਣਿਆ ਅੰਬਾਲੇ ਖੜ੍ਹੀ ਸੀ,
ਬੜੀ ਭੀੜ ਉਸਦੇ ਦੁਆਲੇ ਖੜ੍ਹੀ ਸੀ।
ਆਈ ਨੂੰ ਤਾਂ ਭਾਵੇਂ
ਤੀਆ ਸਾਲ ਬੀਤਾ,
ਅਸੀਂ ਤਾਂ ਅਜੇ ਤੱਕ
ਦਰਸ਼ਣ ਨਹੀਂ ਕੀਤਾ।
ਦਿੱਲੀ 'ਚ ਆਉਂਦੀ ਹੈ
ਸਰਦੀ ਦੀ ਰੁੱਤੇ,
ਤੇ ਹਾੜਾਂ 'ਚ ਰਹਿੰਦੀ
ਪਹਾੜਾਂ ਦੇ ਉੱਤੇ।
ਗ਼ਰੀਬਾਂ ਨਾਲ ਲਗਦੀ
ਲੜੀ ਹੋਈ ਆ ਖ਼ਬਰੇ,
ਅਮੀਰਾਂ ਦੇ ਹੱਥੀਂ
ਚੜ੍ਹੀ ਹੋਈ ਆ ਖ਼ਬਰੇ।
ਅਖ਼ਬਾਰਾਂ 'ਚ ਪੜ੍ਹਿਆ
ਜਰਵਾਣੀ ਜਿਹੀ ਏ,
ਕੋਈ ਸੋਹਣੀ ਤਾਂ ਨਹੀਂ
ਐਵੇਂ ਕਾਣੀ ਜਿਹੀ ਏ।
ਮੰਨੇ ਜੇ ਉਹ ਕਹਿਣਾ
ਅਸੀਂ ਵੀ ਮੰਗਾਈਏ,
ਛੰਨਾਂ ਤੇ ਢਾਰਿਆਂ 'ਚ ਭੁੰਜੇ ਸਵਾਈਏ।
ਪਰ ਏਨਾ ਪਤਾ ਨਹੀਂ
ਕੀ ਖਾਂਦੀ ਹੁੰਦੀ ਏ,
ਕਿਹੜੀ ਚੀਜ਼ ਤੋਂ ਦਿਲ
ਚੁਰਾਂਦੀ ਹੁੰਦੀ ਏ।
ਸ਼ਿਮਲੇ ਤਾਂ ਓਸ ਅੱਗੇ ਆਂਡੇ ਹੁੰਦੇ ਨੇ,
ਬਈ ਸਾਡੀ ਤਾਂ ਖੁਰਲੀ 'ਚ
ਟਾਂਡੇ ਹੁੰਦੇ ਨੇ।"

"ਮੈਂ ਇਕ ਹੱਥ ਫੜ ਲਈ ਦਾਤਰੀ
ਤੇ ਦੂਜੇ ਹੱਥ ਵਿਦਾਨ।
ਮੈਂ ਕੱਠੇ ਕਰ ਲਏ ਮਿਹਨਤੀ,
ਕੁੱਲ ਕਾਮੇ ਤੇ ਕਿਰਸਾਨ।
ਮੈਂ ਸੱਭੇ ਫਾਹੀਆ ਤੋੜੀਆਂ,
ਫਿਰ ਮੈਂ ਜੋੜੇ ਲੋਕ ਮਹਾਨ।
ਮੈਂ ਪਉਣ ਨੂੰ ਗੰਢਾਂ ਮਾਰ ਕੇ,
ਕੀਤੇ ਪਿਛਲੇ ਰੱਦ ਅਖਾਣ।"

"ਉਏ ਕਵੀਆ ਮੇਰੀ ਕਲਾਸ ਦਿਆ,
ਛੱਡ ਆਦਤ ਨੱਚਣ ਗਾਣੇ ਦੀ।
ਜਾਂ ਬੈਠਾ ਰਹੁ ਮੂੰਹ ਬੰਦ ਕਰ ਕੇ,
ਜਾਂ ਗੱਲ ਕਰ ਕਿਸੇ ਟਿਕਾਣੇ ਦੀ।
ਕੀ ਲਿਖਦਾ, ਕਿਸ ਲਈ ਲਿਖਦਾ ਏਂ,
ਇਸ ਗੱਲ ਨੂੰ ਗਹੁ ਨਾਲ ਸੋਚ ਜ਼ਰਾ।
ਤੇਰੀ ਲਿਖਤ ਸਹਾਇਤਾ ਕਰਦੀ ਏ,
ਜਾਂ ਲਿੱਸੇ ਜਾਂ ਜਰਵਾਣੇ ਦੀ।"

"ਮੈਂ ਸ਼ਾਇਰ ਹਾਂ ਇਕ ਸ਼੍ਰੇਣੀ ਦਾ,
ਸੰਸਾਰ ਨੂੰ ਖੁਸ਼ ਨਹੀਂ ਕਰ ਸਕਦਾ।
ਮੈਂ ਲਿਖਦਾ ਹਾਂ ਮਜ਼ਦੂਰਾਂ ਲਈ,
ਜ਼ਰਦਾਰ ਨੂੰ ਖੁਸ਼ ਨਹੀਂ ਕਰ ਸਕਦਾ।
ਸੱਚ ਝੂਠ ਤੇ ਦੁਸ਼ਮਨ ਦੋਸਤ ਨੂੰ,
ਜਦ ਲੱਭ ਲਿਆ ਮੇਰੀਆਂ ਨਜ਼ਰਾਂ ਨੇ,
ਮੇਰੀ ਸੋਚ ਤੇ ਸੂਝ ਜਮਾਤੀ ਹੈ,
ਗੁਨਾਹਗਾਰ ਨੂੰ ਖੁਸ਼ ਨਹੀਂ ਕਰ ਸਕਦਾ।
ਸੱਚ ਕਹਿਣ ਦੀ ਮੇਰੀ ਆਦਤ ਹੈ,
ਮੈਂ ਵਲ ਪਾ ਕੇ ਗੱਲ ਕਰਦਾ ਨਹੀਂ
ਆਸ਼ਕ ਹਾਂ ਜੁਗ ਪਲਟਾਉ ਦਾ,
ਗੱਦਾਰ ਨੂੰ ਖੁਸ਼ ਨਹੀਂ ਕਰ ਸਕਦਾ।"

"ਸ਼ਾਇਰ ਓਹੀ ਜਹਾਨ 'ਤੇ ਹੋ ਸਕਦਾ,
ਜੋ ਸੋਨਾ ਸੋਨੇ ਨੂੰ, ਕੱਚ ਨੂੰ ਕੱਚ ਆਖੇ।
ਕਰੇ ਲੋਕਾਂ ਦੇ ਦਿਲਾਂ ਦੀ ਤਰਜਮਾਨੀ,
ਠੀਕ ਠੀਕ ਤੇ ਖੱਚ ਨੂੰ ਖੱਚ ਆਖੇ।
ਜੋ ਕੁਝ ਕਹਿਣਾ ਉਹ ਕਵ੍ਹੇ ਨਿਧੜਕ ਹੋ ਕੇ,
ਟੱਪ-ਟੱਪ ਆਖੇ, ਨੱਚ-ਨੱਚ ਆਖੇ।
'ਆਲਮ' ਓਸੇ ਦੀ ਰਹੇਗੀ
ਅਮਰ ਕਵਿਤਾ,
ਜੋ ਝੂਠ ਨੂੰ ਝੂਠ,
ਤੇ ਸੱਚ ਨੂੰ ਸੱਚ ਆਖੇ।"

"ਇਹ ਕੀ ਥੀਉਰੀ ਤੇ
ਕੀ ਏ ਸਿਧਾਂਤ ਤੇਰਾ,
ਕਦਮ ਪੁੱਟਣਾ ਪਿੱਛੇ ਪਰਤਾਈ ਜਾਣਾ।
ਨਿਕਲੀ ਮੋਕ ਤੇ
ਗਊ ਦਾ ਜਾਇਆ ਬਣਨਾ,
ਬੜ੍ਹਕ ਮਾਰ ਕੇ ਸਾਹਨ ਅਲਾਈ ਜਾਣਾ।
ਚੱਪਾ ਟੁੱਕ ਤੇ ਮੰਜੀ ਦੀ ਥਾਂ ਬਦਲੇ,
ਆਸਾ ਰਾਗ ਤਿਰਕਾਲਾਂ
ਨੂੰ ਗਾਈ ਜਾਣਾ।
ਨਾਲੇ ਜਿਹਲ ਜੁਰਮਾਨੇ
ਤੋਂ ਬਚੇ ਰਹਿਣਾ,
ਕਮਿਊਨਿਸਟ ਵੀ ਨਾਲੇ
ਕਹਾਈ ਜਾਣਾ।
ਤੂੰ ਨਹੀਂ ਜਾਣਦਾ ਥੋਹੜਿਆਂ
ਦਿਨਾਂ ਤੀਕਰ",
ਆਲਮ ਤੈਥੋਂ ਹਿਸਾਬ ਵੀ ਮੰਗਣਾ ਏ।
ਚੁੱਕ ਕੇ ਟਿੰਡ-ਫਹੁੜੀ
ਰਾਹ 'ਚੋਂ ਪਰ੍ਹੇ ਹੋ ਜਾ,
ਏਥੋਂ ਲੋਕਾਂ ਦਿਆਂ ਲੀਡਰਾਂ ਲੰਘਣਾ ਏ।

ਗੁਰਦਾਸ ਰਾਮ ਆਲਮ ਨੇ ਸਮੁੱਚਾ ਜੀਵਨ ਪੰਜਾਬੀ ਬੋਲੀ ਅਤੇ ਸਾਹਿਤ ਨੂੰ ਸਮਰਪਿਤ ਕੀਤਾ। ਦੁੱਖ ਇਸ ਗੱਲ ਦਾ ਹੈ ਕਿ ਆਖਣ ਨੂੰ ਵੱਡੇ-ਵੱਡੇ ਸਾਹਿਤਕਾਰਾਂ ਨੇ ਆਲਮ ਦਾ ਕਿਧਰੇ ਵੀ ਜ਼ਿਕਰ ਨਹੀਂ ਕੀਤਾ। ਇਹ ਘੋਰ ਬੇਇਨਸਾਫੀ ਹੈ। ਗੁਰਦਾਸ ਰਾਮ ਆਲਮ ਸਾਹਿਬ ਸਮਕਾਲੀ ਕਵੀਆਂ 'ਚੋਂ ਬੇਹਤਰ ਸ਼ਾਇਰ ਸਨ, ਪਰ ਈਰਖਾ ਅਤੇ ਸ਼ੋਹਰਤ ਦੀ ਇਸ ਦੌਰ ਵਿੱਚ ਉਹਨਾਂ ਨੂੰ ਅੱਖੋਂ ਪਰੋਖੇ ਕੀਤਾ ਜਾਂਦਾ ਰਿਹਾ ਹੈ। ਸੱਚ ਹੈ ਕਿ ਆਲਮ ਦੇ ਗੀਤ ਅਤੇ ਕਵਿਤਾਵਾਂ ਸਦਾ ਹੀ ਜਿਉਂਦੀਆਂ ਰਹਿਣਗੀਆਂ। ਉਹ ਪੰਜਾਬੀ ਮਾਂ ਬੋਲੀ ' ਅਤੇ ਪੰਜਾਬੀ ਅਤੇ ਪੰਜਾਬੀਆਂ ਦਾ ਮਾਣ ਹਨ।

**ਫੋਨ: 604 825 1550**
**ਕੋਆਰਡੀਨੇਟਰ ਪੰਜਾਬੀ ਸਾਹਿਤ ਸਭਾ ਮੁਢਲੀ**
**ਐਬਟਸਫੋਰਡ ਬੀਸੀ ਕੈਨੇਡਾ**

## ਹਾਸ ਵਿਅੰਗ

ਕੇ.ਐਲ. ਗਰਗ

# ਕੀ ਪੁੱਛਦੇ ਓ ਹਾਲ ਬੀਮਾਰਾਂ ਦਾ

ਦੇਸੀ ਘੀ ਦੇ ਜ਼ਮਾਨੇ 'ਚ ਜਦੋਂ ਦੋ ਜਣੇ ਇੱਕ-ਦੂਜੇ ਦਾ ਹਾਲ ਪੁੱਛਦੇ ਤਾਂ ਦੋਵਾਂ ਦੇ ਚਿਹਰਿਆਂ 'ਤੇ ਮਤਾਬੀਆਂ ਬਲਦੀਆਂ ਹੁੰਦੀਆਂ। ਦੋਵੇਂ ਖਿੜੇ ਮੱਥੇ ਆਖ਼ਦੇ: "ਚੜ੍ਹਦੀ ਕਲਾ 'ਚ ਐ ਖ਼ਾਲਸਾ। ਵਾਹਿਗੁਰੂ ਦੀ ਪੂਰੀ ਮਿਹਰ ਐ।" ਇਸ ਗੱਲ ਤੋਂ ਸਾਨੂੰ ਇੱਕ ਘਟਨਾ ਯਾਦ ਆ ਗਈ ਹੈ ਜੋ ਅਸੀਂ ਆਪਣੇ ਅੱਖੀਂ ਦੇਖੀ ਸੀ। ਲੂਅ ਲੱਗਣ ਨਾਲ ਇੱਕ ਬੁੱਢਾ ਘਮੇਟਣੀ ਖਾ ਕੇ ਹੇਠਾਂ ਜ਼ਮੀਨ 'ਤੇ ਸਿਰ ਫੜ ਕੇ ਬਹਿ ਗਿਆ। ਉਸ ਦੁਆਲੇ ਤੀਵੀਆਂ ਮਰਦ ਇਕੱਠੇ ਹੋ ਗਏ। ਸਾਰੇ ਉਸ ਦਾ ਹਾਲ ਪੁੱਛਣ ਲੱਗੇ : "ਠੀਕ ਐਂ ਬਾਬਾ?", ਠੀਕ ਐਂ ਭਾਈਆ?", "ਠੀਕ ਐਂ ਤਾਇਆ?" ਬੁੱਢਾ ਖਿੱਝ ਕੇ ਬੋਲਿਆ, "ਸਹੁਰਿਓ, ਠੀਕ ਹੁੰਦਾ ਤਾਂ ਇਉਂ ਧੈਅ ਕਰ ਕੇ ਡਿੱਗਦਾ ਕਿਉਂ?" ਅੱਜ-ਕੱਲ੍ਹ ਦੇ ਡਾਲਡਾ ਘੀ ਦੇ ਜ਼ਮਾਨੇ 'ਚ ਜਦੋਂ ਵੀ ਕੋਈ ਦੋ ਜਣੇ ਮਿਲਦੇ ਹਨ ਤਾਂ ਬੇਹੀ ਰੋਟੀ ਜਿਹੀ ਸ਼ਕਲ ਬਣਾ ਕੇ ਇੱਕ ਜਣਾ ਦੂਜੇ ਨੂੰ ਪੁੱਛਦਾ ਹੈ:

"ਠੀਕ ਓਂ?"

ਉਹਦੀ ਆਵਾਜ਼ ਇਉਂ ਹੁੰਦੀ ਹੈ ਜਿਵੇਂ ਕੋਈ ਡਰਿਆ-ਡਰਿਆ ਜੁਆਕ ਬੋਲ ਰਿਹਾ ਹੋਵੇ ਜਾਂ ਹੁਣੇ ਹੁਣੇ ਬਾਮੁਸ਼ਕਤ ਕੈਦ 'ਚੋਂ ਛੁੱਟ ਕੇ ਆਇਆ ਕੈਦੀ ਹੋਵੇ। ਦੂਜਾ ਵੀ ਮਸੋਸਿਆ ਜਿਹਾ ਮੂੰਹ ਬਣਾ ਕੇ ਬੁਝੀ ਹੋਈ ਆਵਾਜ਼ 'ਚ ਕਹਿ ਛੱਡਦਾ ਹੈ:

"ਬੱਸ ਠੀਕ ਈ ਐ ਯਾਰ। ਜਿਹੜਾ ਟੈਮ ਲੰਘ ਜੇ ਓਹੀਓ ਵਧੀਆ ਐ।" ਇਹ ਡਾਇਲਾਗ ਬੋਲਣ ਲੱਗਿਆਂ ਉਹਦਾ ਮੂੰਹ ਫੁੱਟੇ ਹੋਏ ਪੁਰਾਣੇ ਕੁੱਜੇ ਜਿਹਾ ਬਣਿਆ ਹੁੰਦਾ ਹੈ। ਦੋਵਾਂ ਵਿੱਚ ਇੱਕ ਬੇਵਿਸਾਹੀ ਜਿਹੀ ਫੈਲੀ ਹੁੰਦੀ ਹੈ। ਪੁੱਛਣ ਵਾਲੇ ਨੂੰ ਵੀ ਪੂਰਾ ਭਰੋਸਾ ਨਹੀਂ ਹੁੰਦਾ ਕਿ ਉਸ ਦੇ ਸਾਹਮਣੇ ਖਲੋਤਾ ਨੌਂ-ਬਰ-ਨੌਂ ਬੰਦਾ ਸੱਚਮੁੱਚ ਹੀ ਸਹੀ-ਸਲਾਮਤ ਹੋਵੇਗਾ। ਕਹਿਣ ਨੂੰ ਤਾਂ ਉਹ ਵੀ ਸਾਡੇ ਬਜ਼ੁਰਗਾਂ ਵਾਂਗ ਕਹਿ ਸਕਦਾ ਸੀ: "ਚੜ੍ਹਦੀ ਕਲਾ 'ਚ ਐ ਖ਼ਾਲਸਾ। ਦਾਤੇ ਦਾ ਸ਼ੁਕਰ ਐ।" ਪਰ ਪਤਾ ਨਹੀਂ ਕਿਉਂ ਉਸ ਨੂੰ ਇਹੋ ਜਿਹੇ ਡਾਇਲਾਗ ਬੋਲਣ ਦਾ ਅਭਿਆਸ ਹੀ ਨਹੀਂ ਰਿਹਾ ਜਾਂ ਉਸ ਨੂੰ ਇਹੋ ਜਿਹਾ ਕੁਝ ਬੋਲਣ ਦੀ ਜਾਚ ਹੀ ਭੁੱਲ ਗਈ ਹੈ।

ਇਨ੍ਹਾਂ ਗੱਲਾਂ ਤੋਂ ਸਾਨੂੰ ਆਪਣੇ ਇੱਕ ਸਾਥੀ ਅਧਿਆਪਕ ਫਿਰੰਗੀ ਲਾਲ ਦੀ ਯਾਦ ਆ ਗਈ ਹੈ। ਸੇਵਾ-ਮੁਕਤ ਹੋਣ ਤੋਂ ਪਹਿਲਾਂ ਉਹਦਾ ਦਿਮਾਗ ਚੱਲ ਗਿਆ ਸੀ। ਰੋਹਤਕ ਮੈਡੀਕਲ ਕਾਲਜ 'ਚ ਉਹਦਾ ਇਲਾਜ ਚੱਲਿਆ। ਬਿਜਲੀ ਦੇ ਸ਼ਾਕ ਲੱਗੇ ਤੇ ਕਈ ਤਰ੍ਹਾਂ ਦੇ ਇਲਾਜ ਨਾਲ ਉਹ ਤੰਦਰੁਸਤ ਹੋ ਕੇ ਆਪਣੀ ਡਿਊਟੀ 'ਤੇ ਹਾਜ਼ਰ ਹੋਣ ਲਈ ਸਕੂਲ ਆਇਆ। ਪ੍ਰਿੰਸੀਪਲ ਦੇ ਦਫ਼ਤਰ 'ਚ ਬੈਠੇ ਨੂੰ ਇੱਕ ਬਹੁਤ ਹੀ ਸਾਊ ਤੇ ਸਰੀਫ਼ ਅਧਿਆਪਕ ਝਟਕਾ ਰਾਮ ਨੇ ਉਸ ਦੇ ਗੋਡੀਂ ਹੱਥ ਲਾ ਕੇ ਸਹਿਜ-ਸੁਭਾਅ ਹੀ ਪੁੱਛ ਲਿਆ:

"ਸਰ ਠੀਕ ਓ ਹੁਣ?"

ਲਓ ਜੀ ਫਿਰੰਗੀ ਰਾਮ ਤਾਂ ਇਹ ਡਾਇਲਾਗ ਸੁਣਦਿਆਂ ਹੀ ਭੜਕ ਪਿਆ। ਚਾਰੇ ਖੁਰ ਚੁੱਕ ਕੇ ਪੈ ਗਿਆ ਝਟਕਾ ਰਾਮ ਨੂੰ।

"ਠੀਕ ਐਂ, ਠੀਕ ਐਂ ਮੈਂ। ਨੱਠ ਜਾ ਇੱਥੋਂ। ਠੀਕ ਐਂ, ਕਿਹਾ ਨਾ ਠੀਕ ਐਂ ਮੈਂ, ਨੱਠ ਜਾ, ਨੱਠ ਜਾ।"

ਹੁਣ ਝਟਕਾ ਰਾਮ ਪੂਰੀ ਤਰ੍ਹਾਂ ਸਮਝ ਗਿਆ ਸੀ ਕਿ ਮਾਸਟਰ ਫਿਰੰਗੀ ਰਾਮ ਬਿਲਕੁਲ ਤੰਦਰੁਸਤ ਹੋ ਕੇ ਹੀ ਸਕੂਲ ਆਇਆ ਸੀ। ਉਸ ਦੀ ਖ਼ੁਸ਼ਕਿਸਮਤੀ ਹੀ ਸਮਝੋ ਕਿ ਉਸ ਦਿਨ ਪ੍ਰਿੰਸੀਪਲ ਦੀ ਮੇਜ਼ 'ਤੇ ਕੋਈ ਪੇਪਰ ਵੇਟ ਨਹੀਂ ਸੀ ਪਿਆ। ਨਹੀਂ ਤਾਂ ਝਟਕਾ ਰਾਮ ਦੀ ਜੋ ਹਾਲਤ ਹੋਣੀ ਸੀ ਉਸ ਦਾ ਮਹਾਤੜ ਸਾਥੀ ਅੰਦਾਜ਼ਾ ਵੀ ਨਹੀਂ ਲਾ ਸਕਦੇ।



ਇਹੋ ਸਵਾਲ ਅਸੀਂ ਆਪਣੇ ਇੱਕ ਸਿਆਣੇ ਮਿੱਤਰ ਨੂੰ ਪੁੱਛਿਆ ਸੀ: "ਯਾਰ, ਆਪਾਂ ਅੱਜ-ਕੱਲ੍ਹ ਇੱਕ-ਦੂਜੇ ਦੀ ਸਲਾਮਤੀ ਬਾਰੇ ਇੰਨੇ ਸ਼ੱਕੀ ਕਿਉਂ ਹੋ ਗਏ ਆਂ ਭਲਾਂ?"

ਸਿਆਣੇ ਮਿੱਤਰ ਦਾ ਉੱਤਰ ਸੁੱਟ ਪਾਉਣ ਵਾਲਾ ਨਹੀਂ ਸੀ : "ਭਾਈ ਛਾਂਗਾ ਮੱਲ, ਅੱਜ-ਕੱਲ੍ਹ ਕਦਮ-ਕਦਮ 'ਤੇ ਤਾਂ ਮੌਤ ਤੁਰੀ ਫਿਰਦੀ ਐ। ਸੜਕ-ਅਤਿਵਾਦ ਏਨਾ ਵਧ ਗਿਆ ਹੈ ਕਿ ਕਿਸੇ ਦਾ ਪਲ ਭਰ ਦਾ ਭਰੋਸਾ ਨਹੀਂ ਰਿਹਾ। ਘਰੋਂ ਨਿਕਲਿਆ ਬੰਦਾ ਸ਼ਾਮ ਨੂੰ ਸਹੀ ਸਲਾਮਤ ਘਰ ਮੁੜ ਵੀ ਆਊ, ਕੀ ਭਰੋਸਾ ਐ? ਪੁੜੇ ਬੰਨ੍ਹ-ਬੰਨ੍ਹ ਦਵਾਈਆਂ ਖਾਂਦੇ ਐ ਲੋਕ। ਪਤਾ ਨਹੀਂ ਕਿਹੜੇ ਵੇਲੇ ਘੋਰੜੂ ਬੱਜ ਜਾਏ। ਘਰੋਂ ਗਿਆ ਬੰਦਾ ਸਹੀ ਸਲਾਮਤ ਮੁੜ ਵੀ ਆਵੇ ਤਾਂ ਵੀ ਉਹਦੀ ਤੰਦਰੁਸਤੀ ਬਾਰੇ ਸ਼ੱਕ ਬਣਿਆ ਰਹਿੰਦਾ ਐ। ਘਰ ਮੁੜੇ ਬੰਦੇ ਨੂੰ ਉਹਦੀ ਘਰਵਾਲੀ ਵੀਹ ਸਵਾਲ ਪੁੱਛਦੀ ਹੈ। ਉਹਦੀ ਹਾਲਤ ਇੰਟੈਰੋਗੇਟ ਹੋ ਰਹੇ ਕੈਦੀ ਜਿਹੀ ਬਣੀ ਹੁੰਦੀ ਹੈ।

"ਬਾਹਰ ਕੀ ਖਾਧਾ ਸੀ/ਚਾਹ ਕਿੱਥੋਂ ਪੀਤੀ ਸੀ/ਚਾਹ ਨਾਲ ਕੀ-ਕੀ ਛਕਿਆ/ਦਵਾਈ ਲੈ ਲਈ ਸੀ ਟਾਈਮ 'ਤੇ/ਪਾਣੀ ਨਲਕੇ ਤੋਂ ਪੀਤਾ ਸੀ ਜਾਂ ਬੋਤਲ ਵਾਲਾ/ਕੌਣ ਕੌਣ ਮਿਲਿਆ ਸੀ ਰਾਹ 'ਚ?"

ਇੰਨੇ ਵਿੰਗੇ-ਟੇਢੇ ਸਵਾਲ ਤਾਂ ਪੰਜਾਬ ਪੁਲੀਸ ਵੀ ਮੁਲਜ਼ਮ ਤੋਂ ਨ੍ਹੀਂ ਪੁੱਛਦੀ ਜਿੰਨੇ ਘਰ ਮੁੜੇ ਪਤੀ ਤੋਂ ਪਤਨੀ ਪੁੱਛਦੀ ਹੈ। ਇਸ ਮਾਮਲੇ 'ਚ ਸਾਡੀ ਆਪਣੀ ਪਤਨੀ ਵੀ ਕਿਸੇ ਦੀ ਨੂੰਹ ਧੀ ਨਾਲੋਂ ਘੱਟ ਨਹੀਂ ਹੈ। ਸਾਡੇ ਘਰੋਂ ਪੈਰ ਪਾਉਣ ਤੋਂ ਪਹਿਲਾਂ ਉਸ ਦਾ ਇੱਕ ਵੱਡਾ ਹੁਕਮ ਹੁੰਦਾ ਹੈ : "ਪਹੁੰਚ ਕੇ ਮੋਬਾਈਲ ਮਾਰ ਦਿਉ। ਹੱਛਾ, ਘੌਲ ਨਾ ਕਰਿਓ। ਕਈ ਵਾਰ ਕਿਹਾ ਹੈ, ਤੁਸੀਂ ਮਾਰਦੇ ਨ੍ਹੀਂ ਮੋਬਾਈਲ। ਘੇਸਲ ਮਾਰ ਜਾਂਦੇ ਓ।"

ਸਾਡੇ ਘਰੋਂ ਨਿਕਲਣ ਲੱਗਿਆਂ ਉਹ ਜ਼ਰੂਰ ਬਰ ਜ਼ਰੂਰ ਪੁੱਛਦੀ ਹੈ: "ਮੋਬਾਈਲ ਲੈ ਲਿਆ ਨਾ? ਦੇਖ ਲਓ ਭੁੱਲ ਨਾ ਜਾਇਓ।" ਪਤਨੀ ਦੀ ਗੱਲ ਸੁਣ ਕੇ ਸਾਨੂੰ ਹਮੇਸ਼ਾਂ ਇਉਂ ਲੱਗਦਾ ਹੈ ਜਿਵੇਂ ਕੋਈ ਖਤਰਾਣੀ ਲੜਾਈ ਦੇ ਮੈਦਾਨ 'ਚ ਜਾ ਰਹੇ ਆਪਣੇ ਯੋਧੇ ਪਤੀ ਨੂੰ ਪੁੱਛ ਰਹੀ ਹੋਵੇ : "ਤਲਵਾਰ ਲੈ ਲਈ ਨਾ ਜੀ? ਭੁੱਲ ਨਾ ਜਾਇਓ। ਤਲਵਾਰ ਬਗ਼ੈਰ ਉੱਥੇ ਲੜੋਗੇ ਕਾਹਦੇ ਨਾਲ?"

ਮੋਬਾਈਲ ਨਾ ਕਰਨ ਦੀ ਸੂਰਤ 'ਚ ਸਾਡੀ ਪਤਨੀ ਵੱਲੋਂ ਸਾਡੇ ਨਾਲ ਉਹ ਕੁੱਤੇਖਾਣੀ ਕੀਤੀ ਜਾਂਦੀ ਹੈ ਜੋ ਕਿਸੇ ਮਾੜੇ ਤੋਂ ਮਾੜੇ ਕਰਜ਼ਦਾਰ ਦੀ ਵੀ ਨਹੀਂ ਹੁੰਦੀ।

"ਮੋਬਾਈਲ ਕਿਉਂ ਨੀ ਮਾਰਿਆ?" ਉਹ ਜਾਬਰ ਥਾਣੇਦਾਰ ਵਾਂਗ ਕੜਕਦੀ ਹੈ। ਅਸੀਂ ਹੱਸ ਕੇ ਕਹਿ ਦਿੰਦੇ ਹਾਂ: "ਬੱਸ ਐਵੇਂ ਟੈਮ ਈ ਨ੍ਹੀਂ ਮਿਲਿਆ।"

"ਟੈਮ ਨੂੰ ਕੀ ਐ? ਮੋਬਾਈਲ ਮਾਰਨ ਨੂੰ ਕਿਹੜੇ ਵਰ੍ਹੇ ਲੱਗਦੇ ਐ! ਦੋ ਸਕਿੰਟਾਂ ਦਾ ਕੰਮ ਹੁੰਦੈ।"

ਸੁਣ ਕੇ ਅਸੀਂ ਫਿਰ ਹੱਸਣ ਲੱਗਦੇ ਹਾਂ ਤਾਂ ਉਹ ਤਿੜ ਕੇ ਕਹਿ ਦਿੰਦੀ ਹੈ: "ਤੁਸੀਂ ਤਾਂ ਦੰਦੀਆਂ ਜਿਹੀਆਂ ਕੱਢ ਕੇ ਦਿਖਾਤੀਆਂ। ਸਾਡੀ ਜਾਨ ਤੰਗਲੀ 'ਚ ਫਸੀ ਰਹੀ ਸਾਰਾ ਦਿਨ। ਤੁਹਾਨੂੰ ਕਿਸੇ ਨਾਲ ਕੀ? ਤੁਸੀਂ ਬਾਹਰ ਐਸ਼ਾਂ ਕਰਦੇ ਫਿਰੋ, ਘਰੇ ਭਾਵੇਂ ਕੋਈ, ਫ਼ਿਕਰ ਨਾਲ ਸੁੱਕ ਤੀਲਾ ਹੁੰਦਾ ਫਿਰੇ। ਤੁਹਾਡੇ ਵਰਗਾ ਨਿਰਦਈ ਬੰਦਾ ਨ੍ਹੀਂ ਦੇਖਿਆ ਕਿਤੇ।" ਅਸੀਂ ਦੋਵੇਂ ਕੰਨ ਫੜ ਕੇ ਮੁਆਫ਼ੀ ਮੰਗਦੇ ਹੋਏ ਕਹਿੰਦੇ ਹਾਂ: "ਕੋਈ ਨ੍ਹੀਂ ਬਾਬਾ ਆਹ ਕੰਨ ਫੜੇ ਹੁਣ। ਅੱਗੇ ਨੂੰ ਮੋਬਾਈਲ ਮਾਰਨਾ ਨ੍ਹੀਂ ਭੁੱਲਦੇ। ਲੈ ਆਹ ਲਾਏ ਕੰਨਾਂ ਨੂੰ ਹੱਥ।"

ਪਤਨੀ ਠੰਢੀ ਹੁੰਦਿਆਂ ਵੀ ਨਿਹੋਰੇ ਨਾਲ ਆਖਦੀ ਹੈ:

"ਤੁਹਾਨੂੰ ਪਤੈ ਬਾਹਰ ਕੀ ਇੱਲਾਂ ਕੋਕੋਆਂ ਤੁਰੀਆਂ ਫਿਰਦੀਆਂ! ਬੰਦੇ ਦਾ ਕੀ ਵਸਾਹ ਕਿੱਥੇ ਫਾਹਿਆ ਜਾਵੇ?"

ਰਾਤੀਂ ਕੋਲ ਪਿਆ ਬੰਦਾ ਗਲਾ ਖ਼ਰਾਬ ਹੋ ਜਾਣ ਕਾਰਨ ਦੋ-ਚਾਰ ਸਾਹ ਵੀ ਖਿੱਚ ਕੇ ਲੈ ਲਵੇ ਤਾਂ ਪਤਨੀ ਫ਼ਿਕਰਮੰਦ ਹੋ ਕੇ ਝੱਟ ਮੋਢਾ ਝੰਜੋੜ ਪੁੱਛਣ ਲੱਗਦੀ ਹੈ:

"ਕੀ ਗੱਲ? ਠੀਕ ਓ?"

ਪਤੀ ਕਹਿ ਦੇਵੇ, "ਹਾਂ ਠੀਕ ਐ, ਸੌਂ ਜਾ ਚੁੱਪ ਕਰ ਕੇ।" ਤਦ ਵੀ ਉਹ ਆਪਣੀ ਸ਼ੰਕਾ-ਨਵਿਰਤੀ ਲਈ ਪੁੱਛ ਲੈਂਦੀ ਹੈ:

"ਠੀਕ ਓ ਤਾਂ ਸਾਹ ਕਿਉਂ ਖਿੱਚ ਖਿੱਚ ਲੈਨੇ ਓ ਏਦਾਂ? ਆਪਣੀ ਦਵਾਈ ਲੈ ਲਈ ਸੀ ਟਾਈਮ ਸਿਰ? ਭੁੱਲ ਤਾਂ ਨ੍ਹੀਂ ਗਏ ਦਵਾਈ ਲੈਣੀ?"

ਤੁਹਾਨੂੰ ਉਸ ਵੇਲੇ ਪੂਰੀ ਤਰ੍ਹਾਂ ਨੀਂਦ ਚੜ੍ਹੀ ਹੁੰਦੀ ਹੈ। ਪਤਨੀ ਦੇ ਤਾਬੜਤੋੜ ਸਵਾਲਾਂ ਤੋਂ ਝੁੰਜਲਾ ਕੇ ਤੁਸੀਂ ਆਖ ਦਿੰਦੇ ਹੋ:

"ਓ ਭਲੀਮਾਣਸੇ ਸੌਂ ਵੀ ਜਾ ਹੁਣ। ਠੀਕ ਹੈ ਸਭ ਕੁਸ਼। ਐਵੇਂ ਨਾ ਘਬਰਾਈ ਜਾ।"

ਪਰ ਪਤਨੀ ਫਿਰ ਵੀ ਉਸੇ ਰੌਂਅ 'ਚ ਕਹਿ ਦਿੰਦੀ ਹੈ : "ਮੈਨੂੰ ਪਤੈ, ਥੋਡੇ ਵਰਗਾ ਭੁਲੱਕੜ ਬੰਦਾ ਤਾਂ ਸਾਰੀ ਦੁਨੀਆਂ 'ਚੋਂ ਵੱਡੀ ਬੈਟਰੀ ਮਾਰਿਆਂ ਵੀ ਨਹੀਂ ਲੱਭਦਾ। ਤੁਸੀਂ ਉਹ ਖ਼ੂਨ ਪਤਲਾ ਕਰਨ ਵਾਲੀ ਗੋਲੀ ਨ੍ਹੀਂ ਲਈ ਹੋਈ, ਜਿਹੜੇ ਇਉਂ ਸਾਹ ਖਿੱਚ-ਖਿੱਚ ਕੇ ਆਉਂਦੇ ਐ।"

ਇੰਨੀ ਰਾਤ ਨੂੰ ਪਤਨੀ ਨਾਲ ਬਹਿਸ 'ਚੋਂ ਕੁਝ ਨਾ ਨਿਕਲਦਾ ਦੇਖ, ਤੁਸੀਂ ਮੂੰਹ-ਸਿਰ ਲਪੇਟ ਕੇ ਸੌਣ ਦੀ ਤਿਆਰੀ 'ਚ ਜੁਟ ਜਾਂਦੇ ਹੋ। ਇਹਿਤਿਆਤ ਵਜੋਂ ਸਾਹ ਵੀ ਹੌਲੀ-ਹੌਲੀ ਲੈਣ ਲੱਗਦੇ ਹੋ। ਸਾਹ ਆਉਣ ਦੀ ਆਵਾਜ਼ ਨਾ ਸੁਣਨ ਕਰਕੇ ਪਤਨੀ ਹੜਬੜਾ ਕੇ ਘਬਰਾਹਟ 'ਚ ਪੁੱਛਦੀ ਹੈ:

"ਠੀਕ ਓ? ਹੁਣ ਸਾਹ ਵੀ ਨ੍ਹੀਂ ਆਉਂਦਾ ਸੁਣਦਾ?" ਤੁਸੀਂ ਲੰਮਾ ਸਾਹ ਖਿੱਚ ਕੇ ਆਪਣੇ ਜਿਉਂਦੇ ਹੋਣ ਦਾ ਪ੍ਰਮਾਣ ਦਿੰਦੇ ਹੋ। ਹੱਸਦੇ ਆਖ ਵੀ ਦਿੰਦੇ ਹੋ, "ਠੀਕ ਆਂ, ਠੀਕ ਆਂ।" ਸਬੂਤ ਵਜੋਂ ਲੰਮਾ ਸਾਹ ਖਿੱਚ ਕੇ ਪਤਨੀ ਦੇ ਚਿਹਰੇ 'ਤੇ ਫੂਕ ਵੀ ਮਾਰ ਦਿੰਦੇ ਹੋ। ਫਿਰ ਵੀ ਪਤਨੀ ਦੀ ਮੁਰਦਾ ਜਿਹੀ ਆਵਾਜ਼ ਸੁਣਦੀ ਹੈ:

"ਅੱਜ-ਕੱਲ੍ਹ ਡਰ ਜਿਹਾ ਲੱਗਿਆ ਰਹਿੰਦੈ। ਫੂਕਾਂ ਮਾਰ ਮਾਰ ਪਾਣੀ ਪੀਣਾ ਪੈਂਦੈ।"

ਅੱਜ-ਕੱਲ੍ਹ ਬੰਦੇ ਦਾ ਠੀਕ-ਠਾਕ ਹੋਣਾ ਬਹੁਤ ਔਖਾ ਹੈ।

## ✶ ਖਿੜ ਖਿੜ ਹੱਸੋ ✶

**ਹੋਟਲ ਦਾ ਬੈਰ੍ਹਾ ਬੋਲਿਆ, "ਹਜ਼ੂਰ, ਪਿਛਲੀ ਵਾਰ ਜਦੋਂ ਤੁਸੀਂ ਜਾਣ ਲੱਗੇ ਸੀ ਤਾਂ ਟਿਪ ਦੇ ਤੌਰ 'ਤੇ ਮੈਨੂੰ 50 ਰੁਪਏ ਦਾ ਨੋਟ ਦਿੱਤਾ ਸੀ, ਰੱਬ ਤੁਹਾਡੀ ਉਮਰ ਲੰਮੀ ਕਰੇ।"**

**ਬਜ਼ੁਰਗ ਬੋਲਿਆ, "ਹਾਂ ਇਸੇ ਗੱਲ 'ਤੇ 50 ਰੁਪਏ ਦਾ ਨੋਟ ਦਿੱਤਾ ਸੀ।"**

**"ਹਜ਼ੂਰ ਐਤਕੀਂ ਸਿਰਫ 10 ਦਾ ਨੋਟ?"**

**"ਹੁਣ ਮੈਨੂੰ ਲੰਮੀ ਉਮਰ ਨਹੀਂ ਚਾਹੀਦੀ, ਬੇਟਾ ਤੇ ਨੂੰਹ ਮੈਨੂੰ ਆਪਣੇ ਘਰ ਲੈ ਗਏ ਹਨ।"**

***

**ਸ਼ਾਤਿਰ ਬਦਮਾਸ਼ ਪੁਲੀਸ ਰਿਮਾਂਡ 'ਚ ਮੂੰਹ ਨਹੀਂ ਖੋਲ੍ਹ ਰਿਹਾ ਸੀ। ਪੁਲੀਸ ਨੇ ਥਰਡ ਡਿਗਰੀ ਟਾਰਚਰ ਦੇ ਸਾਰੇ ਤਰੀਕੇ ਅਪਣਾਏ ਪਰ ਸਭ ਬੇਕਾਰ। ਇਕ ਹੌਲਦਾਰ ਜੋ ਕਿ ਕਵੀ ਵੀ ਸੀ, ਆਪਣੀਆਂ ਕਵਿਤਾਵਾਂ ਲੈ ਕੇ ਉਸ ਦੇ ਸਾਹਮਣੇ ਬੈਠ ਗਿਆ। ਅਜੇ ਉਸ ਨੇ 4 ਕਵਿਤਾਵਾਂ ਹੀ ਸੁਣਾਈਆਂ ਸਨ ਕਿ ਬਦਮਾਸ਼ ਚੀਕ ਕੇ ਬੋਲਿਆ, "ਹਾਂ-ਹਾਂ, ਮੈਂ ਦੋਹਰਾ ਕਤਲ ਕੀਤਾ ਹੈ, ਜਿਥੇ ਮਰਜ਼ੀ ਲਿਖਵਾ ਲਵੋ ਪਰ ਇਸ ਕਵੀ ਨੂੰ ਚੁੱਪ ਹੋਣ ਲਈ ਕਹੋ।"**

***

**ਇੱਕ ਅਭਿਨੇਤਰੀ ਨੇ ਇੱਕ ਫਿਲਮ ਵਿੱਚ 'ਪਾਗਲ ਭਿਖਾਰਣ' ਦਾ ਰੋਲ ਕਰਨਾ ਸੀ। ਉਸ ਨੇ ਨਿਰਦੇਸ਼ਕ ਨੂੰ ਪੁੱਛਿਆ ਕਿ ਮੈਨੂੰ ਪਾਗਲ ਭਿਖਾਰਣ ਲੱਗਣ ਲਈ ਕੀ ਕਰਨਾ ਚਾਹੀਦੇ?"**

**ਨਿਰਦੇਸ਼ਕ ਤੁਰੰਤ ਬੋਲਿਆ, "ਕੁੱਝ ਕਰਨ ਦੀ ਲੋੜ ਨਹੀਂ। ਜਿਹੋ ਜਿਹੀ ਲੱਗਦੀ ਏਂ, ਠੀਕ ਏਂ।"**

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ 3050 ਅੰਕ ਦੇਖੋ

***573. ਮਨ ਪ੍ਰਭੂ ਦੇ ਪਿਆਰ 'ਚ ਕਿਉਂ ਨਹੀਂ ਰੰਗਿਆ ਜਾਂਦਾ?***

ਕਿਉਂਕਿ ਤਨ (ਮਨ, ਬੁੱਧੀ, ਗਿਆਨ ਇੰਦਰਿਆਂ) 'ਚ ਮੈਲ਼ ਹੁੰਦੀ ਹੈ; ਮਲੀਨ ਵਸਤੂ (ਮਨ) ਦਾ ਨਿਰਮਲ ਵਸਤੂ (ਨਾਮ) ਨਾਲ਼ ਮਿਲਾਪ ਨਹੀਂ ਹੋ ਸਕਦਾ । "ਤਨ ਮਹਿ ਮੈਲੁ ਨਾਹੀ ਮਨੁ ਰਾਤਾ ॥ ਅੰਗ 154"।

***574. ਸਹਿਜ ਸੁਭਾ ਹੀ ਸ਼ਾਬਾਸ਼ ਕਿਸਨੂੰ ਮਿਲਦੀ ਹੈ?***

ਜਿਸਦੇ ਹਿਰਦੇ 'ਚ ਰਾਮ (ਨਾਮ) ਦੀ ਪੂੰਜੀ ਹੁੰਦੀ ਹੈ । "ਜਿਸੁ ਨਰ ਰਾਮੁ ਰਿਦੈ ਹਰਿ ਰਾਸਿ ॥ ਸਹਜਿ ਸੁਭਾਇ ਮਿਲੇ ਸਾਬਾਸਿ ॥2॥ ਅੰਗ 154"।

***575. ਪੂਰੇ (ਪੂਰਨ ਪੁਰਸ਼) ਕੌਣ ਹੁੰਦੇ ਹੁੰਦੇ ਹਨ? ਮਾਇਆ ਦਾ ਭਰਮ ਕਿੱਦਾਂ ਦੂਰ ਹੁੰਦਾ ਹੈ?***

ਰਾਤ ਦਿਨ ਜਿਸਦੇ ਹਿਰਦੇ 'ਚ ਰਾਮ (ਨਾਮ) ਹੁੰਦਾ ਹੈ ਉਹ ਪੂਰੇ ਹੁੰਦੇ ਹਨ; ਭਾਵ ਉਹਨਾਂ 'ਚ ਕੋਈ ਐਬ ਨਹੀਂ ਹੁੰਦਾ । ਸਤਿਗੁਰੂ ਜੀ ਬਚਨ ਕਰਦੇ ਹਨ ਕਿ ਸਰਬ ਵਿਆਪਕ ਪ੍ਰਭੂ ਦੇ ਮਿਲਾਪ ਨਾਲ਼ ਭਰਮ ਦੂਰ ਹੁੰਦਾ ਹੈ । "ਅਹਿਨਿਸਿ ਰਾਮੁ ਰਿਦੈ ਸੇ ਪੂਰੇ ॥ ਨਾਨਕ ਰਾਮ ਮਿਲੇ ਭ੍ਰਮ ਦੂਰੇ ॥4॥11॥ਅੰਗ 154"।

ਪੂਰਨ ਪੁਰਸ਼ਾਂ ਨੂੰ ਦਰਸਾਉਂਦੇ ਕੁਛ ਹੋਰ ਗੁਰਵਾਕ ਅੱਗੇ ਦਿੱਤੇ ਜਾਂਦੇ ਹਨ:

ਜਿਹਨਾਂ ਮਨੁੱਖਾਂ ਨੂੰ ਸਤਿਗੁਰੂ ਦਾ ਅਨੰਦ ਮਿਲ ਗਿਆ ਉਹ ਪੂਰਨ ਤੇ ਸ੍ਰੇਸ਼ਟ ਜਾਣਕਾਰੀ ਵਾਲ਼ੇ ਹੁੰਦੇ ਹਨ । "ਜਿਨਾ ਸਤਗੁਰੁ ਰਸਿ ਮਿਲੈ ਸੇ ਪੂਰੇ ਪੁਰਖ ਸੁਜਾਣ ॥ ਅੰਗ 22"।

ਜਿਨ੍ਹਾਂ ਬੰਦਿਆਂ ਨੇ ਸਤਿਗੁਰੂ ਨਾਲ ਆਪਣਾ ਚਿਤ ਲਾਇਆ ਹੈ, ਉਹ ਪੂਰੇ ਤੇ ਸ਼੍ਰੋਮਣੀ ਹੁੰਦੇ ਹਨ । "ਜਿਨਾ ਸਤਿਗੁਰ ਸਿਉ ਚਿਤੁ ਲਾਇਆ ਸੇ ਪੂਰੇ ਪਰਧਾਨ ॥ ਅੰਗ 45"।

ਜਿਨ੍ਹਾਂ ਮਨੁੱਖਾਂ ਦੇ ਮਨ ਵਿਚ ਪਾਰਬ੍ਰਹਮ ਪਰਮੇਸ਼ਰ (ਦਾ ਨਾਮ) ਵਸ ਜਾਂਦਾ ਹੈ, ਉਹ ਪੂਰੇ ਤੇ ਸ਼੍ਰੋਮਣੀ ਹੁੰਦੇ ਹਨ । ਉਹਨਾਂ ਦੀ ਬੇ-ਦਾਗ਼ ਸ਼ੋਭਾ (ਵਡਿਆਈ) ਸਾਰੇ ਜਹਾਨ ਵਿਚ ਉੱਘੀ ਹੋ ਜਾਂਦੀ ਹੈ, ਫੈਲ ਜਾਂਦੀ ਹੈ । "ਜਿਨ ਮਨਿ ਵਸਿਆ ਪਾਰਬ੍ਰਹਮ ਸੇ ਪੂਰੇ ਪਰਧਾਨ ॥ ਤਿਨ ਕੀ ਸੋਭਾ ਨਿਰਮਲੀ ਪਰਗਟੁ ਭਈ ਜਹਾਨ ॥ ਅੰਗ 45"।

ਹੇ ਦਾਸ ਨਾਨਕ ! ਜਿਨ੍ਹਾਂ ਮਨੁੱਖਾਂ ਨੂੰ ਹਰੀ ਪ੍ਰਭੂ ਨੇ ਪੂਰਾ ਬਣਾ ਦਿੱਤਾ ਹੈ, ਉਹਨਾਂ ਵਿਚ ਇਕ ਤੋਲਾ ਭਰ ਇਕ ਮਾਸਾ ਭਰ ਭੀ ਕਮੀ ਨਹੀਂ ਆਉਂਦੀ । "ਜਨ ਨਾਨਕ ਹਰਿ ਪ੍ਰਭਿ ਪੂਰੇ ਕੀਏ ਖਿਨੁ ਮਾਸਾ ਤੋਲੁ ਨ ਘਟੀਐ ॥5॥5॥19॥57॥ ਅੰਗ 170"।

ਸਤਿਗੁਰੂ ਜੀ ਬਚਨ ਕਰਦੇ ਹਨ ਕਿ ਉਹੀ ਸੇਵਕ ਪੂਰੇ ਹੁੰਦੇ ਹਨ ਜਿਹਨਾਂ ਨੂੰ ਸਾਧੂ (ਗੁਰੂ ਚਰਨਾਂ) ਦੀ ਧੂੜ ਪਰਾਪਤ ਹੁੰਦੀ ਹੈ । "ਕਹੁ ਨਾਨਕ ਸੇਈ ਜਨ ਪੂਰੇ ॥ ਜਿਨਾ ਪਰਾਪਤਿ ਸਾਧੂ ਧੂਰੇ ॥4॥77॥146॥ ਅੰਗ 193"।

ਜਿਹੜੇ ਹਰ ਵਕਤ ਪ੍ਰਭੂ ਦੀ ਹਜ਼ੂਰੀ 'ਚ ਰਹਿੰਦੇ ਹਨ, ਉਹੀ ਸੇਵਕ ਪੂਰੇ ਹੁੰਦੇ ਹਨ । "ਆਠ ਪਹਰ ਪ੍ਰਭ ਬਸਹਿ ਹਜੂਰੇ ॥ ਕਹੁ ਨਾਨਕ ਸੇਈ ਜਨ ਪੂਰੇ ॥ ਅੰਗ 286"।

ਜਿਹੜੇ ਹਰ ਸਾਹ ਨਾਲ਼, ਹਰ ਬੁਰਕੀ ਨਾਲ਼, ਪ੍ਰਭੂ ਨੂੰ ਨਹੀਂ ਭੁੱਲਦੇ ਉਹ ਪੂਰੇ ਤੇ ਸ਼੍ਰੋਮਣੀ ਪੁਰਸ਼ ਹੁੰਦੇ ਹਨ । "ਜਿਨਾ ਸਾਸਿ ਗਿਰ-ਾਸਿ ਨ ਵਿਸਰੈ ਸੇ ਪੂਰੇ ਪੁਰਖ ਪਰਧਾਨ ॥ ਅੰਗ 313"।

ਹੇ ਪਿਆਰੇ ਪ੍ਰਭੂ! ਤੇਰਾ ਨਾਮ ਆਤਮਿਕ ਜੀਵਨ ਦੇਣ ਵਾਲ਼ਾ ਹੈ, ਸਾਧ ਸੰਗਤਿ ਵਿਚ ਤੇਰੇ ਨਾਮ ਦਾ ਰਸ ਪ੍ਰਾਪਤ ਕੀਤਾ । ਜਿਹੜੇ ਮਾਇਆ ਵਲੋਂ ਪੂਰਨ ਤੌਰ ਤੇ ਰੱਜ ਗਏ, ਉਹੀ ਪੂਰਨ ਪੁਰਸ਼ ਹਨ ਤੇ ਉਹਨਾਂ ਨੇ ਸੁਖਾਂ ਦੇ ਖਜ਼ਾਨੇ ਪ੍ਰਭੂ ਦੇ ਗੁਣ ਗਾਏ । "ਅੰਮ੍ਰਿਤੁ ਨਾਮੁ ਤੁਮਾਰਾ ਪਿਆਰੇ ਸਾਧ ਸੰਗਿ ਰਸੁ ਪਾਇਆ ॥ ਤ੍ਰਿਪਤਿ ਅਘਾਇ ਸੇਈ ਜਨ ਪੂਰੇ ਸੁਖ ਨਿਧਾਨੁ ਹਰਿ ਗਾਇਆ ॥2॥ ਅੰਗ 380"।

ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਪਰਮਾਤਮਾ ਆਪ ਆ ਵਸਦਾ ਹੈ ਉਹ ਪੂਰੇ; ਭਾਵ ਅਸਲੀ ਭਗਤ ਹੁੰਦੇ ਹਨ । "ਜਿਨ੍ ਮਨਿ ਵੁਠਾ ਆਪਿ ਪੂਰੇ ਭਗਤ ਸੇ ॥2॥ ਅੰਗ 397"।

ਮੇਰੇ ਪ੍ਰਾਣਾਂ ਦੇ ਆਸਰੇ ਪ੍ਰੀਤਮ! ਮੈਂ ਤੈਨੂੰ ਕਿਉਂ ਭੁੱਲਾਂ? ਜਿਸ ਦੀ ਭਗਤੀ ਪੂਰਨ ਪੁਰਖ ਸਦਾ ਕਰਦੇ ਰਹਿੰਦੇ ਹਨ, ਜਿਸ ਨੂੰ ਰਿਸ਼ੀ ਮੁਨੀ ਗੁਰੂ ਦੇ ਦਿੱਤੇ ਗਿਆਨ ਦੀ ਵਿਚਾਰ ਨਾਲ਼ ਸਿਮਰਦੇ ਹਨ ।1।ਰਹਾਉ। ਭਾਵ ਪ੍ਰੀਤਮ ਪ੍ਰਭੂ ਨੂੰ ਨਹੀਂ ਭੁੱਲਣਾ ਚਾਹੀਦਾ ਤੇ ਪੂਰਨ ਪੁਰਸ਼ ਉਹੀ ਹਨ ਜੋ ਉਸਦੀ ਭਗਤੀ ਕਰਦੇ ਹਨ । "ਪ੍ਰੀਤਮ ਕਿਉ ਬਿਸਰਹਿ ਮੇਰੇ ਪ੍ਰਾਣ ਅਧਾਰ ॥ ਜਾ ਕੀ ਭਗਤਿ ਕਰਹਿ ਜਨ ਪੂਰੇ ਮੁਨਿ ਜਨ ਸੇਵਹਿ ਗੁਰ ਵੀਚਾਰਿ॥1॥ਰਹਾਉ॥ਅੰਗ 489"।

ਜਿਨ੍ਹਾਂ ਤੋਂ ਪਰਮਾਤਮਾ ਨੇ ਆਪਣਾ ਹੁਕਮ ਮਨਾਇਆ, ਉਹ ਪੂਰਨ ਪੁਰਸ਼ ਹਨ ॥ ਪੂਰੇ ਗੁਰੂ ਦੇ ਸ਼ਬਦ ਦੀ ਵਿਚਾਰ (ਭਾਵ ਸਿਮਰਨ) ਰਾਹੀਂ ਉਹ ਆਪਣੇ ਮਾਲਕ ਦੀ ਸੇਵਾ (ਬੰਦਗੀ) ਕਰਦੇ ਹਨ । ਸੱਚੇ ਸ਼ਬਦ ਨਾਲ਼ ਪਿਆਰ ਹੀ ਪ੍ਰਭੂ ਦੀ ਸੇਵਾ/ਨੌਕਰੀ ਹੈ । ਜਿਹਨਾਂ ਨੇ ਆਪਣੇ ਅੰਦਰੋਂ ਹਉਮੈ ਨੂੰ ਮਾਰ ਲਿਆ ਉਹਨਾਂ ਨੂੰ ਪਰਮਾਤਮਾ ਦਾ ਮਹਲ ਪ੍ਰਾਪਤ ਹੋ ਜਾਂਦਾ ਹੈ। ਹੇ ਨਾਨਕ! ਗੁਰੂ ਦੇ ਸਨਮੁਖ ਰਹਿਣ ਵਾਲ਼ੇ ਬੰਦੇ ਪਰਮਾਤਮਾ ਦਾ ਨਾਮ ਹਿਰਦੇ ਵਿਚ ਪਰੋ ਕੇ ਤੇ ਨਾਮ ਜਪ ਕੇ ਪਰਮਾਤਮਾ ਨਾਲ਼ ਮਿਲੇ ਰਹਿੰਦੇ ਹਨ । "ਪਉੜੀ ॥ ਜਿਨਾ ਹੁਕਮੁ ਮਨਾਇਓਨੁ ਤੇ ਪੂਰੇ ਸੰਸਾਰਿ ॥ ਸਾਹਿਬੁ ਸੇਵਨਿ੍ ਆਪਣਾ ਪੂਰੈ ਸਬਦਿ ਵੀਚਾਰਿ ॥ ਹਰਿ ਕੀ ਸੇਵਾ ਚਾਕਰੀ ਸਚੈ ਸਬਦਿ ਪਿਆਰਿ ॥ ਹਰਿ ਕਾ ਮਹਲੁ ਤਿਨੀ ਪਾਇਆ ਜਿਨ੍ ਹਉਮੈ ਵਿਚਹੁ ਮਾਰਿ॥ ਨਾਨਕ ਗੁਰਮੁਖਿ ਮਿਲਿ ਰਹੇ ਜਪਿ ਹਰਿ ਨਾਮਾ ਉਰ ਧਾਰਿ॥10॥ *ਅੰਗ 512"॥*

**ਬਾਕੀ ਅਗਲੇ ਹਫ਼ਤੇ**


## ਰਾਮਗੜ੍ਹੀਆ ਸਭਾ ਮਿਲਟਨ ਕੀਨਜ਼ ਵਿਖੇ (ਇਕ ਧਾਰਮਿਕ ਸੇਵਾਦਾਰ) ਦੀ ਤੁਰੰਤ ਲੋੜ ਹੈ

**ਉਮੀਦਵਾਰ ਸਿੱਖ ਰਹਿਤ ਮਰਿਯਾਦਾ ਵਿਚ ਪੂਰਾ ਅਤੇ ਨਿੱਤਨੇਮੀ ਹੋਵੇ, ਸ਼ੁੱਧ ਪਾਠ ਕਰਨ, ਅਤੇ ਗੁਰਦੁਆਰਾ ਸਾਹਿਬ ਵਿਖੇ ਲੋੜ ਅਨੁਸਾਰ ਸਾਰੀਆਂ ਸੇਵਾਵਾਂ ਨਿੱਭਾਅ ਸਕਣ ਦੇ ਯੋਗ ਹੋਵੇ / ਹੋਣਾ ਚਾਹੀਦਾ ਹੈ ।**

**ਮੁੱਖ ਸੇਵਾਵਾਂ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਅਤੇ ਸੁਖਆਸਣ ਸਮੇਂ ਹੈਡ-ਗ੍ਰੰਥੀ ਜੀ ਨੂੰ ਸਹਿਯੋਗ ਦੇਣਾ, ਨਿਤਨੇਮ, ਅਖੰਡ ਪਾਠ ਸਾਹਿਬ, ਸਹਿਜ ਪਾਠ, ਸੁਖਮਨੀ ਸਾਹਿਬ, ਦਾ ਪਾਠ ਅਤੇ ਹਫਤਾਵਾਰੀ ਪ੍ਰੋਗਰਾਮ ਅਤੇ ਹੋਰ ਲੋੜੀਂਦੇ ਧਾਰਮਿਕ ਕਾਰਜਾਂ ਸਮੇਂ ਗੁਰਮਤਿ ਅਨੁਸਾਰ ਹੈਡ ਗ੍ਰੰਥੀ ਜੀ ਨੂੰ ਸਹਿਯੋਗ ਦੇਕੇ ਸੇਵਾਵਾਂ ਨਿਭਾਉਣੀਆਂ ।**

**ਯੂ ਕੇ ਦੇ ਰੁਜ਼ਗਾਰ (ਇੰਪਲੋਆਇਮੈਂਟ) ਕਨੂੰਨ ਮੁਤਾਬਿਕ ਤਨਖਾਹ, ਰਿਹਾਇਸ਼ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ । ਯੂ ਕੇ ਵਿਚ ਕੰਮ ਕਰਨ ਦੀ ਕਾਨੂੰਨੀ ਆਗਿਆ ਹੋਣੀ ਲਾਜ਼ਮੀ ਹੈ ਅਤੇ ਯੂ ਕੇ ਵਿਚ ਪੱਕੇ ਰਹਿ ਰਹੇ ਪ੍ਰਾਰਥੀਆਂ ਨੂੰ ਪਹਿਲ ਦਿਤੀ ਜਾਵੇਗੀ ।**

**ਚਾਹਵਾਨ ਗੁਰਸਿੱਖ ਸੇਵਾਦਾਰ ਗੁਰਦੁਆਰਾ ਸਾਹਿਬ ਦੇ ਜਨਰਲ ਸਕੱਤਰ ਨਾਲ ਹੇਠ ਲਿਖੇ ਨੰਬਰ ਤੇ ਸੰਪਰਕ ਕਰ ਸਕਦੇ ਹਨ । ਅਰਜ਼ੀਆਂ ਅਤੇ ਸੀਵੀ (CV) ਗੁਰਦੁਆਰਾ ਸਾਹਿਬ ਦੇ ਜਨਰਲ ਸਕੱਤਰ ਨੂੰ ਹੇਠਾਂ ਲਿਖੇ ਈਮੇਲ ਤੇ 25 ਅਕਤੂਬਰ 2024 ਤੱਕ ਭੇਜਣ ਦੀ ਕਿਰਪਾਲਤਾ ਕਰਨੀ ਜੀ।**

**CLOSING DATE FOR APPLICATIONS IS 25TH OCTOBER 2024.**

**For more information, please contact the General Secretary via email at: rsmksabha1995@gmail.com.**

**Interested candidates please send your application/CV to the General Secretary via Email at: rsmksabha1995@gmail.com.**

## VACANCY FOR RELIGIOUS WORKER (TIER 5) AT RAMGARHIA SABHA, MILTON KEYNES

**Job requirement:** Applicant must have relevant experience in a similar role and must be capable to perform all religious ceremonies according to the Sikh Rehat Maryada. Knowledge and understanding of Sikh religion and Sikh way of life. Good written and oral command of Punjabi language.

**Duties & responsibilities:**
To undertake non-pastoral work and support activities to assist the Minister of Religion (Head Priest) as and when required at all religious duties within the organisation.
Duties include reading of the Sri Guru Granth Sahib Ji, participating in weekly diwans to support the activities of the Gurudwara. Performing Akhand Path, Sehaj Path, assist in Kirtan and reciting daily prayers from Sri Guru Granth Sahib Ji. Co-ordinate all religious programs and events in promotion of Sikh way of life. Undertake any other reasonable religious duties/activities in pursuing the organisation's religious programs.

**Please note:** This is not a Pastoral role and duties will not include leading a congregation.

**Salary:** According to UK Employment Law and National minimum wage for a minimum of 35 hours a week.

**Employee Benefits:** Free Food and subsidised accommodation will be provided at the Gurudwara Sahib.

**Other requirements:** Applicant has to be a UK resident or must have the right to work in the UK.
Must be able to provide references from previous employers.
The successful applicant will be required to abide by the Sikh moral codes of conduct and practice.

## RAMGARHIA SABHA MILTON KEYNES

**TILERS ROAD, KILN FARM, MILTON KEYNES MK11 3LH**

# ★ ਮਿੰਨੀ ਕਹਾਣੀਆਂ ★

## ਬੇਗਾਨਾ ਘਰ

ਗੁਰਜੀਤ ਨੇ ਪਿੰਡ ਦੇ ਬਾਹਰਵਾਰ ਨਵੀਂ ਕੋਠੀ ਬਣਾਉਣ ਦਾ ਫੈਸਲਾ ਕੀਤਾ ਅਤੇ ਉਸ ਨੇ ਆਪਣੀ ਘਰਵਾਲੀ ਬੰਸੋ ਨਾਲ਼ ਸਲਾਹ ਕਰਕੇ ਸ਼ਹਿਰੋਂ ਇੱਕ ਨਕਸ਼ਾ ਬਣਵਾ ਲਿਆ। ਘਰ ਦੇ ਵਿਹੜੇ ਵਿੱਚ ਸਾਰਾ ਪਰਿਵਾਰ ਬੜੇ ਈ ਚਾਅ ਨਾਲ਼ ਨਕਸ਼ੇ ਵੱਲ ਵੇਖ ਰਿਹਾ ਸੀ। ਦੋਵੇਂ ਬੱਚਿਆਂ ਦੇ ਚਿਹਰੇ ਵੀ ਖ਼ੁਸ਼ੀ ਨਾਲ਼ ਫੁੱਲੇ ਨਹੀਂ ਸਮਾ ਰਹੇ ਸਨ। ਰੀਝ ਲਾ ਕੇ ਨਕਸ਼ਾ ਦੇਖਦੀ ਹੋਈ ਗੁਰਜੀਤ ਦੀ ਬੇਟੀ ਬਲਜੀਤ ਕਹਿਣ ਲੱਗੀ, ਹਾਅ ਪਾਪਾ!! ਕਿੰਨਾ ਸੋਹਣਾ ਘਰ ਬਣੂ ਆਪਣਾ ! ਆਹ ਮੂਹਰੇ ਆਲ਼ਾ ਕਮਰਾ ਤਾਂ ਮੈ ਰੱਖੂੰਗੀ, ਨਾਲ਼ੇ ਓਹ ਉਤਲਾ ਚੁਬਾਰਾ ਵੀਂ !!"

ਇਹ ਸੁਣਦੇ ਹੀ ਪੁੱਤਰ ਮਨਜੋਤ ਬੋਲਿਆ, "ਵੱਡੀ ਆਈਂ ਐਂ!! ਅੰਏਂ ਕਿਵੇਂ ਤੂੰ ਰੱਖੇਂਗੀ!! ਓਹ ਚੁਬਾਰਾ ਤਾਂ ਬਈ ਮੇਰਾ ਐ"

"ਫੇਰ ਬਈ ਹੇਠਾਂ ਆਲ਼ੇ ਸਾਰੇ ਕਮਰੇ ਮੇਰੇ!!" ਬਲਜੀਤ ਮੇਰ ਮਾਰਦਿਆਂ ਬੋਲੀ।

"ਇੱਕ ਕਮਰਾ ਮੈਂ ਹੇਠਾਂ ਤੋਂ ਵੀ ਲਊਂਗਾ, ਦਿੰਨਾਂ ਤੈਨੂੰ ਸਾਰੇ ਕਮਰੇ! ਭੂਤਨੀ ਜੀ ਨਾ ਹੋਵੇ!! "

ਮਨਜੋਤ ਨੂੰ ਗੁੱਸੇ ਵਿੱਚ ਆਏ ਨੂੰ ਦੇਖ ਕੇ ਬੰਸੋ ਘੂਰਦੀ ਹੋਈ ਬੋਲੀ, "ਕਿਉਂ ਐਵੀਂ ਜਵਾਕੜੀ ਨਾਲ਼ ਲੜੀ ਜਾਨਾਂ, ਅਕਲ ਨਹੀਂ ਤੈਨੂੰ? ਸਾਰਾ ਘਰ ਈ ਤੇਰਾ ਐ!!, ਪੰਜ-ਸੱਤ ਸਾਲਾਂ ਨੂੰ ਏਹ ਤਾਂ ਵਿਚਾਰੀ ਨੇ ਤੁਰ ਜਾਣਾ ਬੇਗਾਨੇ ਘਰੇ, ਸਾਂਭ ਲਈਂ ਫੇਰ ਆਪਦਾ ਸਾਰਾ ਘਰ!! "

"ਫੇਰ ਕੀ ਫੈਦਾ! ਫੇਰ ਤਾਂ ਮੈਂ ਵੀ ਨੀਂ ਐਥੇ ਰਹਿਣਾ!!" ਮਨਜੋਤ ਡੁਸਕਦਾ ਬੋਲਿਆ। "ਹੈਂ ਪੁੱਤ!! ਤੈਂ ਹੋਰ ਕਿੱਥੇ ਰਹਿਣਾ?" ਬੰਸੋ ਤ੍ਰਭਕ ਕੇ ਬੋਲੀ।

ਅੱਗੋਂ ਮਨਜੋਤ ਅੱਖਾਂ ਪੂੰਝਦਾ ਬੋਲਿਆ, "ਬੀਬੀ!! ਮੈਂ ਤਾਂ ਪੜ੍ਹ ਕੇ, ਬਾਹਰਲੇ ਦੇਸ਼ ਜਾਊਂ, ਓਥੇ ਈ ਆਪਣਾ ਨਵਾਂ ਘਰ ਬਣਾਊਂਗਾ!! ਐਹ ਘਰੇ ਤਾਂ ਤੁਸੀਂ ਦੋਵਾਂ ਨੇ ਹੀ ਰਹਿ ਜਾਣਾ ਐ"।

**ਮਾਸਟਰ ਸੁਖਵਿੰਦਰ ਦਾਨਗੜ੍ਹ**

## ਵਰਤ

'ਜਾਗਰਾ, ਕੀ ਗੱਲ ਅੱਜ ਜੱਸੀ ਤੇ ਰਾਣੀ ਨ੍ਹੀ ਦਿੱਸਦੀਆਂ ਕਿਤੇ, ਸੁੱਖ ਤਾਂ ਹੈ' ਸਰਪੰਚ ਗੁਰਮੀਤ ਸਿੰਘ, ਮਨਰੇਗਾ ਮਜ਼ਦੂਰ ਜਾਗਰ ਨੂੰ ਬੋਲਿਆ।

'ਸਰਪੰਚ ਸਾਹਬ, ਅੱਜ ਉਨ੍ਹਾਂ ਦੋਵਾਂ ਨੇ ਵਰਤ ਰੱਖਿਆ ਹੋਇਆ ਏ, ਤਾਂ ਕਰਕੇ ਉਨ੍ਹਾਂ ਨੇ ਅੱਜ ਕੰਮ 'ਤੇ ਨ੍ਹੀ ਆਉਣਾ' ਜਾਗਰ ਬੋਲਿਆ।

'ਜਾਗਰਾ, ਮੈਨੂੰ ਇਕ ਗੱਲ ਦੀ ਸਮਝ ਨ੍ਹੀ ਆਉਂਦੀ, ਇਹ ਲੋਕ ਅਨਾਜ ਦਾ ਹੀ ਵਰਤ ਕਿਉਂ ਰੱਖਦੇ ਨੇ, ਕਦੇ-ਕਦੇ ਲੋਭ-ਲਾਲਚ, ਨਿੰਦਿਆਂ-ਚੁਗਲੀ, ਝੂਠ-ਫਰੇਬ, ਕਾਮ-ਕਰੋਧ ਅਤੇ ਭੈੜੇ ਵਿਚਾਰਾਂ ਦਾ ਵੀ ਤਾਂ ਵਰਤ ਰੱਖਣਾ ਚਾਹੀਦਾ ਹੈ'।

ਏਨਾ ਕਹਿ ਕੇ ਸਰਪੰਚ ਗੁਰਮੀਤ ਸਿੰਘ ਆਏ ਹੋਏ ਮਜ਼ਦੂਰਾਂ ਦੀ ਰਜਿਸਟਰ ਵਿੱਚ ਹਾਜ਼ਰੀ ਲਗਾਉਣ ਲੱਗ ਪਿਆ।

**ਤਸਵਿੰਦਰ ਸਿੰਘ ਬੜੈਚ**

## ਅੰਬੀਆਂ

ਓਹਨਾ ਵੇਲਿਆਂ ਵਿੱਚ ਕੱਚੀਆਂ ਅੰਬੀਆਂ ਪਸ਼ੇਰੀ (ਪੰਜ ਸੇਰ ਮਤਲੱਬ ਪੰਜ ਕਿੱਲੋ) ਦੇ ਹਿਸਾਬ ਨਾਲ ਮਿਲਦੀਆਂ ਸਨ। ਮਾਤਾ ਜੀ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਪਾਪਾ ਜੀ ਪਸ਼ੇਰੀ ਯ ਦੋ ਪਸ਼ੇਰੀ ਅੰਬੀਆਂ ਸਹਿਰੋ ਲਿਆਉਂਦੇ। ਫਿਰ ਮਾਤਾ ਜੀ ਅੰਬੀਆਂ ਨੂੰ ਰਗੜ ਰਗੜ ਕੇ ਧੋਂਦੇ ਤੇ ਸਕਾਉਂਦੇ। ਅਗਲੇ ਦਿਨ ਪਾਪਾ ਜੀ ਸ਼ਰੀਫ ਲੋਹਾਰ ਤੋਂ ਤੇਸਾ ਲਿਆਉਂਦੇ। ਬੋਰੀ ਵਿਛਾ ਕੇ ਅੰਬੀਆਂ ਕੱਟਦੇ। ਅਸੀ ਤਿੰਨੇ ਭੈਣ ਭਰਾ ਬੋਰੀ ਦੇ ਲਾਗੇ ਬੈਠਦੇ। ਸਾਡੀ ਅੱਖ ਕਿਸੇ ਪੀਲੀ ਯ ਪੋਲੀ ਜਿਹੀ ਅੰਬੀ ਤੇ ਹੁੰਦੀ। ਕਿਉਂਕਿ ਪੀਲੀਆਂ ਅੰਬੀਆਂ ਖਟ ਮਿਠੀਆਂ ਹੁੰਦੀਆਂ ਹਨ। ਜੇ...ਕੋਈ ਪੀਲੇ ਰੰਗ ਦੀ ਅੰਬੀ ਨਜ਼ਰ ਪੈਂਦੀ ਤਾਂ ਝਪਟ ਕੇ ਪੈਂਦੇ ਕਿ ਬਣ ਗਈ ਮੋਜ਼। ਪਾਪਾ ਜੀ ਵਰਜਦੇ ਕਿ ਕਿਤੇ ਤੈਸਾ ਹੀ ਨਾ ਵੱਜ ਜਾਵੇ। ਪਰ ਓਦੋਂ ਕਿਹੜਾ ਘਰੇ ਮਿੱਠੇ ਅੰਬ ਵਾਧੂ ਆਉਂਦੇ ਸਨ। ਖੱਟੀਆਂ ਅੰਬੀਆਂ ਚੂਸਕੇ ਗੁਜਾਰਾ ਕਰਦੇ।

ਫਿਰ ਇੱਕ ਵਾਰੀ ਅਸੀਂ ਚੰਡੀਗੜ੍ਹ ਗਏ ਵੇਖਿਆ ਲ਼ੋਕ ਕਿੱਲੋ ਯ ਦੋ ਕਿਲੋ ਅੰਬੀਆਂ ਲੈਕੇ ਓਥੋਂ ਹੀ ਕਟਵਾ ਰਹੇ ਸਨ।

ਅੱਜ ਕੱਲ੍ਹ ਹੁਣ ਛੋਟੇ ਸ਼ਹਿਰਾਂ ਵਿੱਚ ਅੰਬੀਆਂ ਬਜ਼ਾਰੋ ਹੀ ਕੱਟੀਆਂ ਮਿਲ ਜਾਂਦੀਆਂ ਹਨ। ਤੇ ਹਰ ਸ਼ਹਿਰ ਹੀ ਚੰਡੀਗੜ੍ਹ ਬਣਿਆ ਪਿਆ ਹੈ। ਊਂ ਗੱਲ ਆ ਇੱਕ।

**ਰਮੇਸ਼ ਸੇਠੀ ਬਾਦਲ**

## ਘੱਟ ਪੜ੍ਹਿਆ ਮੁੰਡਾ

ਜਰਨੈਲ ਸਿੰਘ ਨੇ ਆਪਣੀ ਲੜਕੀ ਬਲਵਿੰਦਰ ਦੇ ਵਿਆਹ ਦਾ ਕਾਰਡ ਆਪਣੇ ਪਿੰਡ ਦੇ ਸਰਕਾਰੀ ਹਾਈ ਸਕੂਲ ਦੇ ਮੁਖੀ ਨੂੰ ਫੜਾਂਦਿਆਂ ਆਖਿਆ," ਸਾਹਿਬ ਜੀ, ਆ ਲਉ ਬਲਵਿੰਦਰ ਦੇ ਵਿਆਹ ਦਾ ਕਾਰਡ। ਮੈਂ ਸੋਚਿਆ, ਉਸ ਦੇ ਵਿਆਹ ਦਾ ਕਾਰਡ ਮੈਂ ਤੁਹਾਨੂੰ ਆਪ ਦੇ ਕੇ ਆਉਨਾ। ਉਹ ਤੁਹਾਡੇ ਸਕੂਲੋਂ ਪੜ੍ਹੀ ਜੂ ਹੋਈ।"

ਵਿਆਹ ਦਾ ਕਾਰਡ ਲੈਂਦਿਆਂ ਸਕੂਲ ਮੁਖੀ ਨੇ ਜਰਨੈਲ ਸਿੰਘ ਨੂੰ ਆਖਿਆ, "ਮੁੰਡਾ ਕਿੰਨਾ ਕੁ ਪੜ੍ਹਿਆ ਹੋਇਐ ਤੇ ਕੰਮ ਕੀ ਕਰਦੈ?"

"ਸਾਹਿਬ ਜੀ, ਮੁੰਡਾ ਦਸਵੀਂ ਪਾਸ ਐ। ਸੋਹਣਾ, ਸੁਨੱਖਾ ਤੇ ਉੱਚਾ, ਲੰਮਾ ਐ ਤੇ ਆਪਣੇ ਡੈਡੀ ਨਾਲ ਖੇਤੀ ਕਰਦੈ।"

"ਪਰ ਏਨੇ ਘੱਟ ਪੜ੍ਹੇ ਮੁੰਡੇ ਨਾਲ ਬਲਵਿੰਦਰ ਦਾ ਵਿਆਹ ਕਰਨ ਦੀ ਤੁਹਾਨੂੰ ਕੀ ਲੋੜ ਐ। ਨਾਲੇ ਕਹਿੰਦੇ, ਤੁਹਾਡੀ ਬਲਵਿੰਦਰ ਤਾਂ ਐੱਮ ਏ ਕਰਦੀ ਐ।"

"ਸਾਹਿਬ ਜੀ, ਮੁੰਡਾ ਪੜ੍ਹਿਆ ਚਾਹੇ ਘੱਟ ਐ, ਪਰ ਉਸ ਦਾ ਘਰ-ਬਾਰ ਬੜਾ ਚੰਗਾ ਐ। ਉਸ ਦੀਆਂ ਦੋ ਭੈਣਾਂ ਇਟਲੀ 'ਚ ਐ। ਮੁੰਡੇ ਦਾ ਇਟਲੀ ਜਾਣ ਦਾ ਤੁੱਕਾ ਲੱਗ ਸਕਦੈ। ਜੇ ਨਾ ਵੀ ਲੱਗੇ, ਤਾਂ ਵੀ ਕੋਈ ਗੱਲ ਨਹੀਂ। ਮੁੰਡੇ ਦੇ ਹਿੱਸੇ ਪੂਰੇ ਦਸ ਕਿੱਲੇ ਜ਼ਮੀਨ ਦੇ ਆਂਦੇ ਐ। ਸਾਡੀ ਬਲਵਿੰਦਰ ਉਸ ਦੇ ਘਰ ਭੁੱਖੀ ਨੀ ਮਰਨ ਲੱਗੀ।" ਇਹ ਕਹਿ ਕੇ ਜਰਨੈਲ ਸਿੰਘ ਛੇਤੀ ਨਾਲ ਸਕੂਲ ਮੁਖੀ ਦੇ ਦਫ਼ਤਰ ਵਿੱਚੋਂ ਬਾਹਰ ਆ ਗਿਆ।

**ਮਹਿੰਦਰ ਸਿੰਘ ਮਾਨ**

# THE GOLDEN VOICE FROM HEAVEN

# LEGEND LATA MANGESHKAR



Lata Mangeshkar

Lata mangeshkar ji, by far the best singer ever in history, I would learn about her songs from my parents at a very young age how great she really was, dubbed as the Nightigale of India was a national treasure and pride for India. From 1929 to 2022 her journey reflects a beautiful rich legacy that showcases a priceless repository of masterpieces with more than 30,000 awards winning songs. She took Indian classical music traning under Amanat Devaswale and then got trained under Tulsidas Sharma ji, Lata Mangeshkar had illustrious career spanning over seven decades enriched with the Bharat Ratna, Dadasheb Phalke award, Padma Bhushan, Padma Vibhushan, and three national film awards. Talking about her career, it was pivotal move for the music industry when she helped organise other singers to put pressure on music labels to credit the singers on the records.She cemented her place as the most popular playback singer of hindi cinema working with the most notable music composers of her generation.

Lata mangeshkar has given the world thousands of songs in several indian languages, from punjabi to Tamil, bengali to chhattisarhi and across Gurbani to Ghazals to qawwals to classical compositions, she dedicated her life to music.

There cannot be another Lata mangeshkar, a person who lived with success at its height and a character at it's best root. She became a glorious legendary singer for the world, her voice has graced the hearts of millions, making her voice a cheriosed icon in the world of music. Lata Mangeshkar voice not just a medium of entertainment, it was powerful emotional experience that brought people together transcending borders and cultures. Whether it was celebrating love, expressing sorrow, or igniting patriotism, Lata Mangeshkar had a song for every moment of life.

Lata Mangeshkar let's honour her extraordinary legacy and joy what she brought to our lives her timeless melodies and being a inspirational singer her voice will continue to resonate In our hearts for generations to come.



ਲੰਬੜਦਾਰ ਧਰਮਵੀਰ ਸਿੰਘ ਕਲੇਰ, ਕਵੈਂਟਰੀ

**From : LAMBARDAR DHARMVEER SINGH CLAIRE COVENTRY**

# ਚਾਚਾ ਬੋਲਦਾ ਹੈ

ਰਣਵੀਰ ਸਿੰਘ ਰਾਣਾ





ਜਦੋਂ ਦਾ 'ਬਾਬਾ ਬਖਤੌਰਾ' ਬੀਮਾਰ ਹੋਇਆ, ਚਾਚੇ 'ਤੇ ਉਹਦੀ ਖ਼ਬਰ ਲੈਣ ਨਾ ਜਾ ਹੋਇਆ। ਹੁਣ ਤਾਂ 'ਬਾਬਾ ਬਖਤੌਰਾ' ਕਾਫੀ ਠੀਕ ਸੀ। ਮਾੜਾ ਮੋਟਾ ਤੁਰਨ ਫਿਰਨ ਵੀ ਲੱਗ ਪਿਆ। 'ਬਾਬੇ ਬਖਤੌਰਾ' ਦੇ ਮਿੱਤਰਾਂ ਦਾ ਘੇਰਾ ਬੜਾ ਵੱਡਾ ਸੀ। ਚਾਚਾ 'ਤੇ 'ਬਾਬਾ ਬਖਤੌਰਾ' ਇਕੱਠੇ ਕੰਮ ਕਰਦੇ ਸੀ। ਚਾਚੇ ਨੇ ਭਾਵੇਂ ਟੈਲੀਫ਼ੋਨ ਕਰਕੇ ਤਾਂ ਹਾਲ -ਚਾਲ ਪੁੱਛ ਲਿਆ ਸੀ। "ਪਰ ਅਗਲੇ ਦੇ ਕੋਲ ਬੈਠਕੇ ਦੁੱਖ ਸੁੱਖ ਪੁੱਛਣਾ ਹੋਰ ਗੱਲ ਆ ...।"

ਚਾਚੇ ਨੇ ਚਾਚੀ ਨੂੰ ਵੀ ਪੁੱਛ ਲਿਆ 'ਮੈਂ ਕਿਹਾ ਤੂੰ ਵੀ ਚੱਲ ਮੇਰੇ ਨਾਲ ? 'ਘੜੀ ਬਖਤੌਰੇ ਦੀ ਘਰਵਾਲੀ ਕੋਲ ਬੈਠ ਲਈ। ਚਾਚੀ ਨੇ ਸਾਫ ਨਾ ਕਰ ਦਿੱਤੀ।" ਘਰ ਬੰਦੇ ਨੂੰ ਸੌ ਕੰਮ ਹੁੰਦੇ ਨੇ "ਚਾਚਾ ਸਮਝ ਗਿਆ 'ਕੰਮ ਦੀ ਐਵੇ ਬਹਾਨਾ, ਮੇਰੇ ਘਰੋਂ ਨਿਕਲਣ ਦੀ ਦੇਰ ਆ, ਇਹਨੇ ਟੈਲੀ ਨੂੰ ਚੁੰਬਣ ਜਾਣਾ, ਬੰਦਾ ਮਰ ਤਾਂ ਸਕਦਾ ਪਰ ਇਹ ਆਪਣਾ ਸੀਰੀਅਲ ਨੀ ਮਿਸ ਕਰ ਸਕਦੀ।' ਚਾਚੇ ਹਾਲੇ ਤਿਆਰ ਹੋਕੇ ਬਾਹਰਲੀ ਡੋਰ ਕੋਲ ਗਿਆ ਸੀ, ਚਾਚੀ ਨੇ ਮਗਰੇ ਹਾਕ ਮਾਰ ਦਿੱਤੀ।

"ਨਾ ਤੂੰ ਐਨੀ ਟੌਹਰ ਕੱਢਕੇ ਖ਼ਬਰ ਲੈਣ ਚੱਲਿਆ ਕਿ ਮੁਕਲਾਵਾ ਲੈਣ ਚੱਲਿਆ?" 'ਆਹ ਲਾਲ ਪੱਗ, ਪਿੰਕ ਕਮੀਜ਼, ਉੱਪਰੋ ਪਰਫੂਨ ਦੀ ਮਹਿਕ।'

"ਨਾ ਹੋਰ ਕੱਲੇ ਕੱਛੇ ਨਾਲ ਚਲੇ ਜਾਵਾ" ਜੇ ਰੱਬ ਨੇ ਦਿਮਾਗ ਨਾ ਦੀ ਕੋਈ ਚੀਜ ਨਹੀ ਦਿੱਤੀ ਨਾ ਬੋਲਿਆ ਕਰ। ਇਹ ਇੰਗਲੈਂਡ ਆ, "ਗੋਰਿਆਂ ਦੀ ਕਹਾਵਤ ਆ, ਜਦੋਂ ਘਰੋਂ ਬਾਹਰ ਨਿੱਕਲੋ, ਬਣ ਠਣ ਕੇ ਜਾਵੋ।" ਚਾਚੇ ਨੇ ਬਹਿਸ ਕਰਨ ਨਾਲੋ ਚੁੱਪ ਧਾਰਨ ਵਿੱਚ ਬੇਹਿਤਰੀ ਸਮਝੀ। ਚਾਚੀ ਕੋਈ ਹੋਰ ਨੁਕਸ ਫੜੇ, ਉਸ ਤੋਂ ਪਹਿਲਾਂ ਚਾਚਾ ਡੋਰ ਖੋਲਕੇ 'ਰਫੂ ਚੱਕਰ' ਹੋ ਗਿਆ।

'ਬਾਬੇ ਬਖਤੌਰੇ 'ਕੋਲ ਚਾਰ ਪੰਜ ਸੱਜਣ ਬੈਠੇ ਸੀ। ਚਾਚੇ ਨੂੰ ਵੇਖਕੇ 'ਬਾਬੇ ਬਖਤੌਰੇ ਨੇ ਰੋਸਾ ਜਿਹਾ ਕੀਤਾ।' ਨਾ ਚਾਚਾ ਮੇਰੇ ਮਰੇ ਤਾਂ ਆ ਜਾਂਦਾ ਤੇਰਾ ਇੱਕ ਗੇੜੇ ਨਾਲ ਸਰ ਜਾਣਾ ਸੀ, ਸਾਰਾ ਟਾਊਨ ਮੇਰੀ ਖ਼ਬਰ ਲੈ ਗਿਆ, ਤੂੰ ਸ਼ਾਇਦ ਭੁੱਲ ਗਿਆ, ਜਦੋਂ ਮੈਂ ਤੇਰੀਆਂ ਜੁਰਾਬਾਂ ਆਪਣੀਆਂ ਜੁਰਾਬਾਂ ਨਾਲੇ ਧੋ ਦੇਣੀਆਂ, ਜਦੋਂ ਚਾਚੀ ਨੇ ਤੇਰੇ ਨਾਲ ਲੜਕੇ ਤੈਨੂੰ ਰੋਟੀ ਨਾ ਦੇਣੀ, ਮੈਂ ਤੈਨੂੰ ਆਪਣੀ ਰੋਟੀ ਫੈਕਟਰੀ ਵਿੱਚ ਖਿਲਾਉਣੀ, ਤੈ ਵਥੇਰੇ ਬਹਾਨੇ ਮਾਰਨੇ, ਰੋਟੀ ਤਾਂ ਪਕਾਈ ਸੀ, ਮੈਂ ਹੀ ਭੁੱਲ ਗਿਆ ਲਿਆਣੀ।'

'ਬਾਬਾ ਬਖਤੌਰਾ 'ਹਾਲੇ ਚਾਚੇ ਦੇ ਹੋਰ ਪੜ੍ਹਦੇ ਫੋਲਦਾ, ਚਾਚੇ ਨੇ ਹੱਥ ਘੁੱਟ ਦਿੱਤਾ। 'ਬਾਬਾ ਬਖਤੌਰਾ 'ਸਮਝ ਗਿਆ ਬੱਸ ਬਹੁਤ ਹੋ ਗਿਆ। ਚਾਚਾ ਖੜਾ ਹੋਕੇ ਆਖਣ ਲੱਗਾ। "ਲੈ ਵੱਡੇ ਭਾਈ ਜਿੱਦਾ ਕਹਿ ਨੀ ਦੇਂਦੇ, ਬੰਤੋ ਨੇ ਮਿੱਤਰਾਂ ਨੂੰ ਹੱਥ ਜੋੜਕੇ ਰੁਮਾਲ ਫੜਾਇਆ" ਮੈਂ ਉੱਦਾ ਹੱਥ ਜੋੜਕੇ ਮਾਫ਼ੀ ਮੰਗਦਾ। ਉਹ ਬਹਿਜਾ ਚਾਚਾ ਮੈਂ ਕਿਹੜਾ ਕਿਤੇ ਮਰ ਚੱਲਿਆ ਸੀ। ਤੂੰ ਆਇਆ ਘੜੀ ਦਿਲ ਹੋਰ ਪਾਸੇ ਹੋ ਜਾਵੇਗਾ।

ਇਧਰ ਉਧਰ ਦੀਆਂ ਗੱਲਾਂ 'ਤੋਂ ਬਾਦ ਸਭ ਦਾ ਰੁਖ ਘਰ ਦੀ ਕਬੀਲਦਾਰੀ ਵੱਲ ਹੋ ਗਿਆ। ਸਭ ਤੋਂ ਪਹਿਲਾਂ ਪਿਆਰਾ ਸਿੰਘ ਨੇ ਕਬੀਲਦਾਰੀ ਦੀ ਗੱਲ ਛੇੜ ਲਈ। 'ਜਦੋਂ ਮੈਂ ਆਪਣੇ ਲੜਕੇ ਦੇ ਵਿਆਹ ਦੀ ਗੱਲ ਆਪਣੀ ਘਰਵਾਲੀ ਨਾਲ ਕਰਨ ਲੱਗਾ।' ਆਪਾਂ ਪੰਜ ਬੰਦੇ ਲਿਜਾਕੇ ਲੜਕਾ ਵਿਆਹ ਲਿਆਵਾਂਗੇ? ਮੇਰੀ ਗੱਲ ਸੁਣਕੇ ਤਾਂ ਉਹ ਪੁੱਠੇ ਪੈਰੀਂ ਘਰ ਵਿੱਚ ਗੇੜੇ ਕੱਢਣ ਲੱਗ ਗਈ। 'ਆਖੇ ਜਿਹਨੇ ਦੇ ਵੱਡੇ ਵੱਡੇ ਪੱਗੜ ਬੰਨਕੇ ਜਾਨਾ ਉਹ ਤੈਨੂੰ ਕੀ ਕਹਿਣਗੇ? ਆਪਣੀ ਵਾਰੀ ਆਈ ਤਾਂ ਅੰਦਰ ਵੜ ਗਿਆ। 'ਨਾ ਭਾਗਵਾਨੇ ਮੈਂ ਅੰਦਰ ਨੀ ਵੜਦਾ, ਜਿਹੜੇ ਤੈਨੂੰ ਆਖਣਗੇ ਮੈਨੂੰ ਲਿਸਟ ਬਣਾਕੇ ਉਹਨਾਂ ਦੀ ਦੇਵੀ, ਮੈਂ ਇੱਕ ਕੰਨ ਸੁਣਾਂਗਾ, ਦੂਜੇ ਕੰਨ ਕੱਢ ਦੇਵਾਂਗਾ।' "ਨਾ ਮੈਂ ਕਹਿੰਦੀ ਆ, ਕਿਤੇ ਵਿਆਹ ਰੋਜ਼ ਰੋਜ਼ ਹੁੰਦੇ ਆ ?" ਨਾ ਭਾਗਵਾਨੇ ਇੱਥੇ ਤੂੰ ਗਲਤ ਆ। ਆਪਣੀਆਂ ਫਰੈਡਾਂ ਦੇ ਨਿਆਣਿਆਂ ਵੱਲ ਨਿਗਾ ਮਾਰ, 'ਕਈਆ ਦੇ ਦੋ ਦੋ ਵਾਰ, 'ਤੇ ਕਈਆਂ ਦੇ ਤਿੰਨ ਤਿੰਨ ਵਾਰ ਵੀ ਵਿਆਹ ਹੋਕੇ ਡੀਵੋਰਸ ਹੋ ਚੁੱਕੇ ਨੇ, ਅੱਜਕੱਲ ਵਿਆਹ ਰੋਜ਼ ਰੋਜ਼ ਹੀ ਹੁੰਦੇ ਨੇ 'ਲਉ ਭਰਾਵੋਂ, ਮੇਰੀ ਗੱਲ ਸੁਣਕੇ ਮੇਰੀ ਘਰਵਾਲੀ ਅੱਧੀ ਠੰਢੀ ਹੋ ਗਈ। ਮੈਂ ਬੜੇ ਪਿਆਰ ਨਾਲ ਸਮਝਾਇਆ, 'ਕਦੇ ਤੂੰ ਪੇਪਰ ਪੜੇ ਤਾਂ ਪਤਾ ਲੱਗੇ, ਉੱਨੀ ਮਹਿੰਗਾਈ ਨੀ ਵਧੀ, ਨਾ ਕੈਂਸਰ, ਨਾ ਬਲੱਡ ਪ੍ਰੈਸਰ, ਨਾ ਬਿਜਲੀ ਤੇ ਗੈਸ ਦਾ ਬਿੱਲ ਉੱਨਾ ਵਧਿਆ, ਜਿੰਨਾ ਅੱਜਕੱਲ ਡੀਵੋਰਸ ਵਧੇ ਹੋਏ ਨੇ, ਵਿਆਹ ਘੱਟ ਤੇ ਡੀਵੋਰਸ ਜ਼ਿਆਦਾ ਹੁੰਦੇ ਨੇ ...।'

ਨਾਲੇ ਹੁਣ ਸਮੇਂ ਬਦਲ ਗਏ ਨੇ, ਅਗਲੇ ਤੁਹਾਡਾ ਮਾਲ ਖਾਕੇ ਤੁਸਾਂ ਨੂੰ ਟਿੱਚਰਾਂ ਕਰਦੇ ਤਿੱਤਰ ਹੁੰਦੇ ਨੇ, ਤੁਸੀ ਮਗਰੋਂ ਤੁਰੇ ਫਿਰੋ। 'ਨਾਲੇ ਆਪਾਂ ਜਿਹੜਾ ਦੋਵਾ ਧਿਰਾਂ ਨੇ ਅੱਸੀ ਨੱਬੇ ਹਜ਼ਾਰ ਪੌਂਡ ਲਾਉਣਾ, ਕਿਉ ਨੀ ਆਪਾਂ ਉਹੀ ਨਿਆਣਿਆਂ ਨੂੰ ਡੀਪੋਜਟ ਰੱਖਕੇ ਘਰ ਲੈ ਦੇਦੇਂ, ਨਾਲੇ ਆਪਾਂ ਸੌਖੇ, ਨਾਲੇ ਬੱਚਿਆਂ ਦੀ ਜ਼ਿੰਦਗੀ ਸੌਖੀ। 'ਨਾਲੇ ਤੂੰ ਜਿਹੜੀ ਕਹਿੰਦੀ ਆ "ਲੋਕ ਕੀ ਕਹਿਣਗੇ" ਜਦੋਂ ਤੂੰ ਕੋਟ ਕਚਹਿਰੀਆਂ ਵਿੱਚ ਤੁਰੀ ਫਿਰੀਂ ਵੇਖਾਂਗੇ ਕੌਣ ਆਉਂਦਾ ਤੇਰੀ ਬਾਂਹ ਫੜਨ।

ਮੈਂ ਤਾਂ ਜੀ ਇਹ ਗੱਲਾਂ ਸੋਚੀਆਂ ਨੀ "ਭਾਗਵਾਨੇ ਪੇਪਰ ਪੜ੍ਹਿਆ ਕਰ, ਚੰਗੇ ਬੰਦਿਆਂ ਕੋਲ ਬੈਠਿਆਂ ਕਰ, ਸਮੇਂ ਦੀ ਹਾਣ ਦੀ ਬਣ। ਤੈਂ ਉਹ ਤਾਂ ਸੁਣਿਆ ਹੋਣਾ।" ਨਾਲੇ ਰਾਂਝੇ ਦੀ ਰੰਨ ਗਈ, ਨਾਲੇ ਕੰਨ ਪਾਟੇ" ਕਈਆਂ ਨਾਲ ਅੱਜਕੱਲ ਇੱਦਾਂ ਹੁੰਦਾ।

ਜਦੋਂ ਮੈਂ ਆਪਣੇ ਲੜਕੇ ਪੁੱਛਿਆ, 'ਉਹ ਕਹਿੰਦਾ ਡੈਡੀ ਮੇਰੇ ਵੱਲੋਂ ਪੰਜ ਲਾਵੋ ਪੰਜਾਹ ਲਾਵੋ ਮੈਂ ਕਿਹੜੇ ਆਪਣੀ ਜੇਬ ਵਿੱਚੋ ਲਾਉਣੇ ਆ 'ਮੈਂ ਕਦੇ ਉਹਦੇ ਮੂੰਹ ਵੱਲ ਕਦੇ ਆਪਣੇ ਮੂੰਹ ਵੱਲ ਵੇਖਾ। ਕਿੱਦਾ ਅਸੀ ਮਰ ਮਰ ਕੇ ਪੈਸੇ ਕਮਾਉਂਦੇ ਆ ਇਹਨੂੰ ਕੋਈ ਪ੍ਰਵਾਹ ਨੀ, ਭਰਾਵੋ ਮੇਰੇ ਘਰ ਦੇ ਤਾਂ ਮੰਨ ਗਏ, ਹੁਣ ਮੇਰਾ ਹੋਣ ਵਾਲਾ ਕੁੜਮ ਨਾ ਪੈਰ ਨਾ ਥੱਲੇ ਲਾਵੇ। "ਆਖੇ ਲੋਕ ਕੀ ਕਹਿਣਗੇ, ਵੱਡੀ ਕੁੜੀ ਦਾ ਵਿਆਹ ਐਨਾ ਵਧੀਆ ਕੀਤਾ, ਛੋਟੀ ਵਾਰੀ ਹੱਥ ਘੁੱਟ ਲਿਆ"

ਮੈਨੂੰ ਇਹਦੀ ਵੱਡੀ ਲੜਕੀ ਦੀ ਸਾਰੀ ਸਟੋਰੀ ਪਤਾ ਸੀ ਇਹਨੇ ਵਿਤੋ ਵੱਧਕੇ ਵਿਆਹ ਕੀਤਾ, ਅਗਲਿਆਂ ਨੇ ਦੋ ਕੁ ਸਾਲ ਰੱਖਕੇ ਇੱਕ ਨਿਆਣਾ ਪੱਲੇ ਪਾਕੇ ਇਹਦੇ ਘਰ ਛੱਡ ਗਏ। ਫੇਰ ਇਹ ਵਕੀਲਾਂ ਦੇ ਚੱਕਰ ਵਿੱਚ ਪੈ ਗਿਆ ਤੁਸੀਂ ਸਭ ਜਾਣਦੇ ਹੋ, 'ਵਕੀਲ ਤਾਂ ਬੰਦੇ ਨੂੰ ਨਿੰਬੂ ਵਾਂਗ ਨਿਚੋੜ ਦਿੰਦੇ ਨੇ 'ਹਾਰ ਹੰਭਕੇ ਘਰ ਬੈਠ ਗਿਆ। ਜਦੋਂ ਮੈਂ ਲੜਕੀ ਦੀ ਸਾਰੀ ਕਹਾਣੀ ਸੁਣਾਈ ਬੜਾ ਸੋਹਣਾ ਸਿੱਧਾ ਹੋ ਗਿਆ। ਸੋ ਵਿਆਹ ਸਾਧਾਰਨ ਕੀਤਾ। 'ਅਸੀ ਵੀ ਖੁਸ਼, ਨਿਆਣੇ ਵੀ ਖੁਸ਼ 'ਪਰ ਇੱਕ ਗੱਲ ਆ, ਆਹ ਜਿਹੜੇ ਦੁਨੀਆ ਨੇ ਵੱਡਾ ਵਿਆਹ ਕਰਕੇ ਸਟਾਰ ਲੱਗਾਣੇ ਸੀ, ਉਹ ਨੀ ਲੱਗੇ। ਚਾਚਾ ਪਿਆਰਾ ਸਿੰਘ ਦੀ ਗੱਲ ਸੁਣਕੇ ਪੁੱਛ ਬੈਠਾ, "ਤੁਸੀ ਜੱਟ ਹੁੰਦੇ ਆ ?" ਹਾਂ ਚਾਚਾ ਜੱਟ ਆ।

ਪਿਆਰਾ ਸਿੰਘ 'ਤੋ ਬਾਦ ਮੋਹਨ ਸਿੰਘ ਨੇ ਗੱਲ ਸ਼ੁਰੂ ਕਰ ਲਈ। ਲਉ ਭਰਾਵੋ, ਵਿਆਹ ਤਾਂ ਮੈਂ ਵੀ ਬੱਚਿਆਂ ਦੇ ਪਿਆਰਾ ਸਿੰਘ ਵਾਂਗੂੰ ਕੀਤੇ ਆ, ਇਹ ਪੰਜ ਸਾਲ ਪਹਿਲਾਂ ਦੀ ਗੱਲ ਆ, ਮੇਰੀ ਘਰਵਾਲੀ ਨੇ ਰੋਜ਼ ਘਰ ਵਿੱਚ ਭਰਥੂ ਪਾਈ ਜਾਣਾ, ਗੱਲ ਕੋਈ ਦੱਸਣੀ ਨਾ, ਮੈਂ ਸੋਚੀ ਜਾਵਾ ਇਹ ਤਾਂ "ਸੀਤਾ ਮਾਤਾ" ਸੀ ਇਹ ਕਦੋ 'ਤੋ "ਚੰਡੀ ਮਾਤਾ" ਬਣ ਗਈ। ਕਈ ਮਹੀਨੇ ਇੱਦਾਂ ਕੰਮ ਚੱਲਦਾ ਰਹਿਆ। ਇੱਕ ਦਿਨ ਬੰਬ ਫਟ ਗਿਆ ਲੱਗ ਪਈ ਬੋਲਣ 'ਉਹ ਤੇਰਾ ਇੰਡੀਆ ਵਾਲਾ ਭਰਾ, 'ਤੇ ਭਰਜਾਈ ਕੱਲਮੂੰਹੀ ਜਿਹੜੀ ਜਿੰਨੀ ਪਿੱਛੇ ਨੂੰ ਚੌੜੀ ਆ, ਉਨੀ ਮੂਹਰੇ ਨੂੰ ਚੌੜੀ ਆ ਅਸੀ ਇੱਥੇ ਮਰ ਗਏ ਕਮਾਈਆਂ ਕਰਦੇ, ਕਿੰਨਾ ਚਿਰ ਤੈ ਉਹਨਾਂ ਦਾ ਲੇਖਾ ਦੇਈ ਜਾਣਾ। ਲੋਕੀ ਤਾਂ ਦੱਸ ਪੈਸੇ ਦੀ ਚੀਜ਼ ਨੀ ਛੱਡਦੇ, ਤੂੰ ਲੱਖਾ ਦੀ ਜਾਇਦਾਦ ਛੱਡਕੇ ਬੈਠਾ। "ਕਦੀ ਸੋਚਿਆ" ਸੋਚਣ ਜੋਗਾ ਹੁੰਦਾ ਮੈਂ ਕਾਹਨੂੰ ਕਲਪਦੀ, ਪਤਾ ਨੀ ਕਿਹੜੀ ਦੁਨੀਆ 'ਚੋ ਰਹਿੰਦਾ, ਰੋਟੀ ਖਾਕੇ ਘੁਰਾੜੇ ਮਾਰ ਲਏ, ਕੋਈ ਮਰੇ ਕੋਈ ਗਲੇ, ਤੇਰੇ ਥਾਂ ਕੋਈ ਹੋਰ ਹੁੰਦਾ ਸਵੇਰੇ ਜਹਾਜੇ ਚੜ ਜਾਂਦਾ। ਭਰਾਵੋ ਉਹ ਦਿਨ ਮੇਰੀ 'ਜ਼ਿੰਦਗੀ ਦਾ ਕਾਲਾ' ਦਿਨ ਸੀ। ਮੇਰੇ ਥਾਂ ਕੋਈ ਹੋਰ ਹੁੰਦਾ, ਸ਼ਾਇਦ ਖੂਨ ਗੱਲ ਪਾ ਲੈਂਦਾ। ਪਰ ਮੈਂ ਗੁੱਸੇ 'ਤੇ ਕਾਬੂ ਰੱਖਿਆ। ਮੈਨੂੰ ਪਤਾ ਸੀ ਇਹ ਕਿਸੇ ਦੀ ਚੁੱਕੀ ਹੋਈ ਬੋਲਦੀ ਆ, ਆਹ ਕਹਿ ਨੀ ਦੇਂਦੇ 'ਚੁੱਕ ਤਾਂ ਪੱਥਰ ਪਾੜ ਦਿੰਦੀ ਆ 'ਪਤਾ ਨੀ ਬਾਰੂਦ ਇਹਦੇ ਅੰਦਰ ਕਦੋਂ ਦਾ ਭਰ ਹੋ ਰਿਹਾ ਸੀ। ਪਟਾਕਾ ਤਾਂ ਅੱਜ ਪਿਆ ਸੀ। ਕਹਾਣੀ ਮੇਰੇ ਸਮਝ ਆ ਚੁੱਕੀ ਸੀ। ਮੈਂ ਪਿਆਰ ਨਾਲ ਸਮਝਾਇਆ 'ਮੂੰਹ 'ਚੋ ਫਾਇਰ ਕੀਤਿਆ ਮਸਲੇ ਹੱਲ ਨੀ ਹੁੰਦੇ 'ਟੇਬਲ 'ਤੇ ਬਹਿਕੇ ਗੱਲ ਕਰਦੇ ਆ। ਭਰਾਵੋ, ਅਸੀ ਦੋ ਭਰਾ ਸੀ, ਕੁਝ ਮੈਂ ਇਧਰ ਮਿਹਨਤ ਕੀਤੀ, ਕੁਝ ਉਧਰ ਉਹਨੇ, ਚਾਰ ਸਿਆੜ ਬਣ ਗਏ, ਮਕਾਨ ਸੋਹਣਾ ਬਣਾ ਲਿਆ, ਇਧਰ ਵੀ ਸਾਨੂੰ ਕੋਈ ਤੰਗੀ ਨੀ, ਵਧੀਆ ਘਰ, ਵਧੀਆ ਗੱਡੀ, ਚਾਰ ਪੈਸੇ ਕੋਲ, ਬੱਚੇ ਆਪਣੇ ਘਰੀ ਵਧੀਆ ਖਾਂਦੇ ਪੀਂਦੇ ਨੇ। ਪਰ ਇਹਦੇ ਨਾਲ ਕੰਮ ਕਰਦੀਆਂ ਨੇ ਇਹਨੂੰ ਚੁੱਕ ਦਿੱਤਾ। 'ਆਪਣੇ ਖਸਮ ਨੂੰ ਕਹਿਕੇ ਸਭ ਕਾਸੇ 'ਚੋ ਅੱਧ ਵੰਡਾ 'ਇਹ ਕੰਨਾਂ ਦੀ ਕੱਚੀ ਉਹਨਾਂ ਦੀ ਚੁੱਕ ਵਿੱਚ ਆ ਗਈ। ਮੈਂ ਬੜੇ ਪਿਆਰ ਨਾਲ ਸਮਝਾਇਆ 'ਭਾਗਵਾਨੇ ਹਰ ਪ੍ਰਦੇਸੀ ਰੋਟੀ ਦੀ ਖਾਤਰ ਆਪਣਾ ਦੇਸ਼ ਛੱਡਦਾ, ਇਹ ਤੇਰੇ ਦਿਲ ਦਾ ਵਹਿਮ ਆ ਉੱਥੇ ਹਰ ਕੋਈ ਐਸ ਕਰਦਾ, ਦੂਜੀ ਗੱਲ ਮੇਰੇ ਮਾਂ ਬਾਪ ਬੀਮਾਰ ਰਹਿੰਦੇ ਸੀ ਉਹਨੇ ਸਾਰੀ ਉਮਰ ਦੇਖ ਭਾਲ ਕੀਤੀ। ਮੇਰੇ ਵੀ ਕੁਝ ਭੈਣ ਭਰਾਵਾਂ ਲਈ ਫਰਜ ਨੇ, ਹੋਰ ਛੇ ਮਹੀਨੇ ਤੱਕ ਆਪਾ ਨੂੰ ਪੈਨਸ਼ਨ ਲੱਗ ਜਾਣੀ ਆ, ਤੈਨੂੰ ਇੱਥੇ ਕਿਸੇ ਚੀਜ ਦਾ ਘਾਟਾ ਨਹੀ, ਜਿਹੜੇ ਚਾਰ ਸਾਹ ਰਹਿੰਦੇ ਨੇ, ਰੀਲਕਸ ਕਰਨ ਦੇ ਨੇ, ਆਨੰਦ ਨਾਲ ਕੱਟਣ ਦੇ ਨੇ, ਤੂੰ ਚਾਹਿੰਦੀ ਏ, ਮੈਂ ਆਪਣੇ ਭਰਾ ਨਾਲ ਵੰਡ ਵੰਡਾਈ ਕਰਾਂ, ਵੈਰ ਵਾਧੂ ਦੇ ਪੈਣਗੇ ਕੋਟ ਕਚਹਿਰੀਆਂ ਦੇ ਚੱਕਰ, ਹੋ ਸਕਦੇ ਕਿਸੇ ਦਾ ਖੂਨ ਹੋ ਜਾਵੇ, ਜ਼ਿੰਦਗੀ ਦੇ ਆਖਰੀ ਦਿਨ ਇਹਨਾਂ ਪੰਗਿਆਂ 'ਚੋ ਗੁੱਜਰ ਜਾਣ। ਉੱਥੇ ਜਾਈਦਾ ਦਰਵਾਜ਼ਾ ਖੁਲਾ ਮਿਲਦਾ, ਕੱਪੜੇ ਲੀੜੇ ਧੋਤੇ ਮਿਲਦੇ, ਜਿੱਥੇ ਕਹੇ ਦਾ ਉਹ ਲੈਕੇ ਜਾਂਦਾ। ਕੁਝ ਸਬਰ ਕਰਿਆ ਕਰ, ਰੱਬ ਨੇ ਤੈਨੂੰ ਬਹੁਤ ਕੁਝ ਦਿੱਤਾ। ਕੁਝ ਨਾਲ ਨੀ ਜਾਣਾ, ਵੱਡੇ ਵੱਡੇ ਇੱਥੇ ਛੱਡ ਗਏ, ਲੋਭ ਲਾਲਚ ਛੱਡ, ਆ ਜ਼ਿੰਦਗੀ ਦਾ ਆਨੰਦ ਮਾਣੀਏ, ਚੰਗੀਆਂ ਬੀਬੀਆਂ ਕੋਲ ਬੈਠਿਆਂ ਕਰ, ਕਿਤਾਬਾਂ ਪੜ੍ਹਿਆ ਕਰ। "ਇੱਦਾਂ ਦਾ 'ਲਾਣਾ' ਲੋਕਾਂ ਦੇ ਘਰੀਂ ਅੱਗ ਲਾਕੇ ਤਮਾਸ਼ਾ ਵੇਖਦਾ, ਦੂਜਿਆਂ ਦੇ ਘਰਾਂ 'ਚੋ ਖ਼ੁਸ਼ੀ ਵੇਖਣ ਵਾਲੇ ਹੁਣ ਨੀ ਲੱਭਦੇ" ਇੰਨੀ ਗੱਲ ਸੁਣਕੇ ਤਾਂ ਉਹ ਮੇਰੇ ਕੋਲੋ ਮਾਫੀ ਮੰਗਣ ਲੱਗ ਪਈ, ਮੈਂ ਐਵੇਂ ਜੀ ਬੁੜੀਆ ਦੀ ਚੁੱਕ ਵਿੱਚ ਆ ਗਈ। ਮੈਂ ਆਖਿਆ ਜੇ ਸਵੇਰ ਦਾ ਭੁੱਲਿਆ ਉਦੋਂ ਮੁੜ ਆਵੇ, ਉਹਨੂੰ ਭੁੱਲਿਆ ਨੀ ਕਹਿੰਦੇ ਨੇ। ਏਸੇ ਗੱਲ 'ਤੋ ਬਾਦ ਤੀਜੇ ਦਿਨ ਮੇਰੇ ਬਾਪ ਦੀ ਮੌਤ ਹੋ ਗਈ। ਭਰਾ ਸਾਰੇ ਕੰਮ ਨਿਬੇੜ ਕੇ ਆਖਣ ਲੱਗਾ। 'ਭਰਾਵਾਂ ਆਪਾਂ ਜ਼ਮੀਨ ਵੰਡ ਲਈਏ 'ਤੂੰ ਵੱਡਾ ਆ ਜਿਧਰੋ ਮਰਜ਼ੀ ਲੈ ਲੈ ਆਪਣਾ ਹਿੱਸਾ। ਮੈਂ ਬੋਲਦਾ, ਘਰਵਾਲੀ ਪਹਿਲਾਂ ਬੋਲ ਪਈ 'ਨਾ ਦਿਉਰਾ ਸਾਨੂੰ ਤੁਹਾਡਾ ਪਿਆਰ ਚਾਹੀਦਾ, ਸਾਡੇ ਕੋਲ ਰੱਬ ਦਾ ਦਿੱਤਾ ਬਹੁਤ ਕੁਝ ਆ, ਬਾਪੂ ਚਲੇ ਗਿਆ, ਜ਼ਮੀਨ ਇੱਥੇ ਰਹਿ ਗਈ, ਇੱਕ ਅਸੀ ਚਲੇ ਜਾਣਾ ਜ਼ਮੀਨ ਨਾਲ ਨੀ ਲੈ ਜਾਣੀ। 'ਹੁਣ ਭਰਾਵੋ ਹਰੇਕ ਸਾਲ ਜਾਈਦਾ ਮਹੀਨਾ ਰਹੀਏ, ਦੋ ਮਹੀਨੇ ਰਹੀਏ, ਹੱਸਕੇ ਮਿਲਦੇ ਆ। 'ਮੋਹਣ ਸਿੰਘ ਦੀ ਗੱਲ ਮੁੱਕਣ 'ਤੋਂ ਬਾਦ ਚਾਚਾ ਫੇਰ ਪੁੱਛ ਬੈਠਾ। "ਬੜੇ ਭਾਈ ਤੁਸੀ ਜੱਟ ਹੁੰਦੇ ਆ ?" ਹਾਂ ਜੱਟ ਹਾਂ।

ਮੋਹਣ ਸਿੰਘ ਦੀ ਗੱਲ ਮੁੱਕਣ 'ਤੋ ਬਾਦ ਜਰਨੈਲ ਸਿੰਘ ਨੇ ਗੱਲ ਛੇੜ ਲਈ, ਭਰਾਵੋ ਮੈਨੂੰ 'ਤੇ ਮੇਰੀ ਘਰਵਾਲੀ ਨੂੰ ਗਾਰਡਨ ਦਾ ਬਹੁਤ ਸ਼ੌਕ ਆ। ਅਸੀ ਹਮੇਸ਼ਾ ਨਵੇਂ ਨਵੇਂ ਪੌਦੇ ਲਾਉਂਦੇ ਆਪਣੀ ਗਾਰਡਨ ਵਿੱਚ ਲਾਉਂਦੇ ਰਹਿੰਦੇ ਹਾਂ। ਆਹ ਥੋੜ੍ਹਾ ਚਿਰ ਪਹਿਲਾ ਦੀ ਗੱਲ ਆ।

**ਬਾਕੀ ਹਿੱਸਾ 43 ਪੰਨੇ 'ਤੇ**

# ਪੱਗ ਵਾਲਾ ਮੁੰਡਾ ਕਹਿੰਦੀ ਬ੍ਹਾਲਾ ਜੱਚਦਾ

ਲੇਖਿਕਾ
ਬਲਵਿੰਦਰ ਕੌਰ
ਚਾਹਲ (ਸਾਊਥਾਲ)





ਪੱਗ ਦੀ ਪ੍ਰਸਿੱਧੀ ਦਿਲਜੀਤ ਦੁਸਾਂਝ ਦੀ ਦੇਣ ਹੈ, ਪੰਜਾਬੀ ਨੂੰ ਸਾਰੇ ਦੇਸ਼ ਵਿੱਚ ਰਲ੍ਹਾ ਕੇ ਬੋਲਣ ਲਈ ਪੇਂਡੂ ਮੁੰਡੇ ਪੀ.ਈ.ਸੀ. ਤੋਂ ਭਰਤੀ, ਬੰਬਈ ਪਹੁੰਚੇ ਫਿਲਮਾਂ ਵਿੱਚ ਇਨ੍ਹਾਂ ਨੇ ਘੁਸਪੈਠ ਕਰਵਾ ਕੇ ਹਰ ਖਿੱਤੇ ਤੇ ਵਰਗ ਨੂੰ ਬੋਲੀ ਨਸ਼ਰ ਕਰਵਾਈ, ਮੈਂ ਹਸਪਤਾਲ ਚੈੱਕ-ਅੱਪ ਲਈ ਗਈ, ਜਦ ਮੈਂ ਕੁਰਸੀ ਤੋਂ ਉੱਠਣ ਲੱਗੀ ਤਾਂ ਉੱਚਾ ਲੰਮਾਂ ਸਡੌਲ ਹੱਸਮੁੱਖ (ਕਾਲਾ ਮੁੰਡਾ) ਬੋਲਿਆ, ਬੱਲੇ ਬੱਲੇ ਸ਼ਾਵਾ ਸ਼ਾਵਾ, ਮੈਨੂੰ ਸਮਝ ਨਾ ਆਈ ਬੇਟੀ ਹੱਸ ਪਈ ਮੈਂ ਖੜੀ ਸੀ ਤਾਂ ਉਹਨੇ ਫੇਰ ਆਖਿਆ ਮੈਂ ਹੱਸ ਪਈ ਕਹਿੰਦਾ ਲਵਲੀ ਮਮ, ਬੇਟੀ ਬੜੀ ਖੁਸ਼ ਹੋਈ, ਇਹ ਕੁਝ ਤਾਂ ਹਰ ਦੇਸ਼ ਵਿੱਚ ਵੱਸੋਂ ਕਰਕੇ ਪਰ ਫਿਲਮਾਂ ਕਰਕੇ ਗਾਣਿਆਂ ਕਰਕੇ ਬਹੁਤੀ ਹਰਮਨ ਪਿਆਰੀ ਹੋ ਗਈ, ਭੰਗੜੇ ਰੰਗ ਲਾ ਰਹੇ ਨੇ ਕਾਲੇ ਗੋਣ ਵਾਲੇ ਮੁੰਡੇ ਨੇ ਦੇਖੋ ਪਟਿਆਲਾ ਪੈੱਗ ਗਾ ਕੇ ਇਸ ਕਿੱਤੇ ਨੂੰ ਭੀ ਮਸ਼ਹੂਰ ਕੀਤਾ, ਸੋ ਧਰਮ ਹਰ ਥਾਂ ਨਹੀਂ ਵਰਤਣਾ ਚਾਹੀਦਾ, ਹਰ ਪਹਿਲੂ ਦੀ ਆਪਣੀ ਥਾਂ ਹੈ। ਭਾਰਤ ਵਿੱਚ ਹੀ ਨਹੀਂ ਸਾਰੇ ਦੇਸ਼ਾਂ ਵਿੱਚ ਹੀ ਹੁਣ ਪੰਜਾਬੀ ਪਹੁੰਚ ਗਈ ਹੈ, ਭਾਵੇਂ ਬਹੁਤਾ ਭਾਗ 84 ਦੀ ਕਤਲੇਆਮ (ਸ਼ਰਨਾਰਥੀ) ਬਣ ਸਿੱਖ ਹੀ ਨਹੀਂ ਦੂਜੇ ਵਰਗ ਭੀ ਭਾਗੀ ਸਹੀ ਹੈ ਧਰਮ ਭਾਵੇਂ ਲਾਭਾਂ ਲਈ ਹੀ ਸਹੀ ਪਰ ਗੁਰਦੁਆਰਿਆਂ ਦੀ ਭਰਮਾਰ ਨੇ ਪਸਾਰ ਤੇ ਸਾਰ-ਅੰਸ਼ ਕਿ ਵਿਕਸਤ ਲਈ ਕੇਵਲ ਗੁਰਮੁੱਖ ਹੀ ਹੱਕਦਾਰ ਨਹੀਂ, ਸਭਨਾਂ ਨੇ ਭਾਗ ਪਾਇਆ ਇਹ ਭੀ ਭੁੱਲਣਾ ਨਹੀਂ ਚਾਹੀਦਾ ਕਿ ਸਿੱਖਾਂ ਵਿੱਚ ਕਿੱਤੇ ਕਰਕੇ ਅੰਮ੍ਰਿਤ ਛਕਣਾ, ਪ੍ਰਚਾਰ, ਪਸਾਰ ਤੇ ਲੇਖਕ ਬੁੱਧੀ ਬਨਣਾ ਸਮੇਂ ਦੀ ਭਰਮਾਰ ਹੈ।

ਕਥਾਵਾਚਕਾਂ ਦੀ ਸੁਣੋ: ਕੁਝ ਵਰ੍ਹੇ ਹੋਏ ਦਰਬਾਰ ਹਾਲ ਵਿੱਚ ਬੈਠੀਆਂ ਕੋਲ ਜਵਾਨ ਪੜ੍ਹੀ ਲਿਖੀ ਬੀਬੀ ਬੈਠੀ ਸੀ, ਉਹ ਸ਼ਾਇਦ ਮੈਨੂੰ ਜਾਣਦੀ ਸੀ, ਨਵਾਂ ਬਣਿਆ ਕਥਾਵਾਚਕ ਕਹਿੰਦਾ ਆਹ ਸਾਡੀਆਂ ਬੀਬੀਆਂ ਤਾਂ ਭਰਵੱਟੇ ਮੁੰਨ ਕੇ ਰੋਮਾਂ ਦੀ ਬੇਅਦਬੀ ਕੁੜੀ ਨੂੰ ਚੜ੍ਹ ਰੋਹ ਗਿਆ ਤੇ ਪੰਜ ਸੱਤ ਅੰਗ੍ਰੇਜ਼ੀ ਵਿੱਚ ਕੱਢੀਆਂ ਗਾਲ੍ਹਾਂ ਤੇ ਕਹਿੰਦੀ ਅੰਟੀ ਇਹ ਕੁੜੀਆਂ ਵੱਲ ਹੀ ਦੇਖਦੇ ਨੇ, ਕੋਈ ਹਟਾ ਨੀ ਸਕਦਾ ਤੂੰ ਨੀ ਕੁਝ ਆਖਦੀ, ਮੈਂ ਕਿਹਾ ਬੇਟਾ ਚੱਲ ਮੈਂ ਤੇਰੇ ਨਾਲ ਪ੍ਰਬੰਧਕਾਂ ਕੋਲ ਚੱਲਦੀ ਹਾਂ, ਤੇਰੇ ਨਾਲ ਮੈਨੂੰ ਭੀ ਗੁਰਦੁਆਰਿਉਂ ਬਾਹਰ ਨਾ ਕੱਢਣ ਕਹਿੰਦੀ ਫਰਗੈੱਟ ਇੱਟ, ਕੀ ਕਰਨ ਆਉਣਾ ਏ ਕੀ ਕਦੀ ਕਿਸੇ ਹਿੰਦੂ ਨੇ ਅਜਿਹੀਆਂ ਗੱਲਾ ਕਰਕੇ ਕੌਮ ਵਿੱਚ ਦੁਬਿਧਾ ਪਾਈ, ਇਕ ਸੱਚੀ ਘਟਨਾ, ਜਦੋਂ ਕਮਿਊਨਿਟੀ ਕਮਿਸ਼ਨ ਸਥਾਪਤ ਹੋਇਆ, ਮਿਡਲੈਂਡ ਭਾਰੀ ਕਾਨਫਰੰਸ ਤੇ ਲੰਚ ਵੇਲੇ ਇਕ ਹਿੰਦੂ ਭਾਈਬੰਦ ਸਾਡੇ ਨਾਲ ਬੈਠ ਗਿਆ (ਅਸੀਂ ਭੀ ਕਮੇਟੀ 'ਤੇ ਸੀ) ਕਹਿੰਦਾ ਹਰ ਚੰਗਾ ਮਨੁੱਖ ਹਿੰਦੂ ਸਮਝਦੇ ਹਾਂ, ਮੈਂ ਤਾਂ ਚੁੱਪ ਰਹੀ ਪਰ ਸ਼੍ਰੀ ਮਾਨ ਜੀ ਕਹਿੰਦੇ ਮੈਂ ਤੇਰੇ ਸਾਹਮਣੇ ਸਿੱਖ ਬੈਠਾ ਹਾਂ ਚੰਗਾ ਮਨੁੱਖ ਨਹੀਂ, ਕਹਿੰਦਾ ਤੁਸੀਂ ਆਪਣੇ ਧਰਮ ਵਿੱਚ ਚੰਗੇ ਹੋ (ਸ਼੍ਰੀ ਮਾਨ ਜੀ ਇਥੇ ਆ ਕੇ ਮੋਨ ਘੋਨ ਨਹੀਂ ਹੋਏ ਸਨ) ਯਾਨੀ ਹਿੰਦੂ ਸੋਚ ਅਸੀਂ ਤਾਂ ਤੋੜਨ ਲਈ ਬੋਲਣ ਤਾਂ ਕੀ ਲਿਖਤਾਂ ਨਾਲ ਭੀ ਜੂਹੋ ਪਾਰ ਕਰਦੇ ਹਾਂ ਪਰ ਕੌਮੀ ਬਣਦੇ ਨੇ ਧਰਮ ਮਨੁੱਖ ਨੂੰ ਹਲੇਮੀ, ਨਿਮਰਤਾ ਅਤੇ ਸੰਤੋਖੀ ਦਾ ਰਾਹ ਦੱਸਦਾ ਹੈ, ਬਾਕੀ ਆਹ ਮਰਿਯਾਦਾ ਰਹਿਤ ਨਾਮੇ ਅਰਾਮ ਨਾਲ ਚੋਧਰੀ ਬਨਣਿਆਂ, ਨਾ ਕਿ ਮਿੱਟੀ, ਘੱਟਾ, ਕਿਤੇ ਨੇ ਘੜੇ ਨੇ। ਸਬੂਤ ਹਨ ਕਿ ਇਹ ਗੁਰੂ ਅਦੇਸ਼ ਹਨ, ਗੁਰੂ ਧਾਰਨੀ ਸਨ? ਮੇਰੀ ਸੋਚ ਹੈ ਕਿ ਦਸਮੇ ਗੁਰੂ ਸਾਹਬ ਮਗਰੋਂ ਕੇਸ ਦਾੜ੍ਹੀ ਅਦੇਸ਼ ਤਾਂ ਰੋਮ ਬੇਅਦ-ਬੀ ਜੋੜ ਦਿੱਤਾ ਪਰ ਕਿਸੇ ਬੀਬੀ ਨੂੰ ਤਾਂ ਅੰਮ੍ਰਿਤ ਛਕਾ ਕੇ ਪਿਆਰਿਆਂ ਵਿੱਚ ਕਦੇ ਭੀ ਥਾਂ ਨਹੀਂ, ਫੇਰ ਰੋਮਾਂ ਦੀ ਬੇਅਦਬੀ ਰਹਿਤ-ਨਾਮੇ ਵਿੱਚ ਕਦੋਂ ਲਿਖੀ, ਹੁਣ ਤਾਂ ਸੰਗ ਨੀ ਲੱਗਦੀ ਇਨ੍ਹਾਂ ਨੂੰ ਮੁੱਛਾਂ ਆਦਿ ਬੋਲਦਿਆਂ ਨੂੰ, ਬੀਬੀ ਜਗੀਰ ਕੌਰ ਦੀ ਸਮਰਥੱਕ ਨਹੀਂ ਪਰ ਆਹ ਅਸਭਿਅਕ ਬੋਲਣਾ ਫੇਰ ਆਗੂ, ਪ੍ਰੋਫੈਸਰ ਮਾਨ ਦਲ ਦਾ ਕਹਿੰਦਾ ਜਦੋਂ ਬੀਬੀ ਸਾਡੇ ਦਲ ਵਿੱਚ ਸੀ ਤਾਂ ਮੁੱਛਾਂ ਸਨ ਇਹਦੇ ਹੋਸ਼ ਟਿਕਾਣੇ ਨੀ ਲੱਗਦੇ, ਮਾਨ ਸਾਹਬ ਤਾਂ ਤੀਮੀਆਂ ਨੂੰ ਭੱਦੀ ਭਾਸ਼ਾ ਬੋਲਣ ਲਈ ਉਥੇ ਨੇਤਾ ਭੀ ਸੰਗ ਨੀ ਕਰਦੇ, ਸਿੱਖ ਬੁੱਧੀ ਭ੍ਰਿਸ਼ਟੀ ਗਈ। ਅਸਚਰਜਤਾ ਸਿੱਖ ਵਿਰੋਧ ਕੇਵਲ ਅਕਾਲੀ ਦਲ ਨਾਲ ਹੀ ਜੋੜ ਕੇ ਕਰਦੇ ਨੇ ਸਿੱਖ ਤਾਂ ਹਰ ਸਿਆਸੀ ਪਾਰਟੀ ਦੇ ਹਨ, ਕੀ ਅਕਾਲ ਤਖ਼ਤ ਦੇ ਹੁਕਮ ਕੇਵਲ ਸਿਆਸੀ ਧਿਰ ਲਈ ਹੀ ਹਨ? ਅਕਾਲੀ ਦਲ ਵਿੱਚ ਜੋ ਬੈਠੇ ਨੇ ਇਹ ਝੰਜਟ ਸਮਝਦੇ ਨਹੀਂ, ਝੱਟ ਸ਼ਿਕਾਇਤਾਂ ਅਕਾਲ ਤਖ਼ਤ 'ਤੇ ਲਿਜਾਂਦੇ ਨੇ, ਭਾਈ ਰਾਜਨੀਤੀ ਤੇ ਸਮਾਜਨੀਤੀ ਭੀ ਵੱਖ ਹਨ, ਧਾਰਮਿਕ ਰਹੁ ਰੀਤਾਂ ਭੀ ਜੁਦੀਆਂ, ਰਾਜਨੀਤੀ ਵਿੱਚ ਤਾਂ ਲੋਕਤੰਤਰ ਕਰਕੇ ਫੈਸਲੇ ਲਉ ਤੇ ਵਿਰੋਧਤਾ ਕਰਕੇ ਰੱਦ, ਕੀ ਫੇਰ ਧਰਮ ਭੀ ਇਸੇ ਤਰ੍ਹਾਂ ਚੱਲਣ ਲੱਗੂ? ਸਿੱਖ ਮੱਤ ਕੁਝ ਕੁਮੱਤ ਵੱਲ ਹੀ ਤੁਰੀ ਹੈ। ਦੇਖੋ ਆਹ ਜੋ ਕੱਲ੍ਹ ਅਫਸਰ ਬਣ ਪੈਸਾ ਭੀ ਬਟੋਰਿਆ ਹੁਣ ਹਰ ਪਾਸੇ ਮੂੰਹ, ਗੁਰਤੇਜ ਸਿੰਘ ਭਮੱਤਰਿਆ ਪਿਆ ਹੈ, ਹੱਥ ਪੈਰ ਮਾਰ ਮਾਰ ਹੁਣ ਵਕੀਲ ਰਾਜਵਿੰਦਰ ਸਿੰਘ ਬੈਂਸ ਨਾਲ ਜਾ ਬੈਠਾ ਕੀ ਬੈਂਸ ਪਰਿਵਾਰ ਸਿੱਖੀ ਧਾਰਨੀ ਹੈ ? ਪੱਕੇ ਕਾਮਰੇਡ ਯਾਨੀ ਬੰਦੇ ਦੇ ਤਾਂ ਅਸੂਲ ਹੁੰਦੇ ਹਨ ਬਿਰਤੀ ਉੱਖੜੀ ਪਈ ਹੈ।

ਸਮੇਂ, ਕਾਲ, ਧਰਮ, ਸਭਿਅਤਾ, ਸਮਾਜ ਕੀ : ਸ੍ਰਿਸ਼ਟੀ ਦੀ ਰਚਨਾ ਨਹੀਂ, ਮਨੁੱਖੀ ਦੇਣ ਸੰਸਾਰੀ ਹੋਂਦ ਵੇਲੇ ਤਾਂ ਕੇਵਲ ਧਰਤੀ ਤੇ ਅੰਬਰ ਨੇ ਸ਼ੁੱਭ ਕਰਮ ਕੀਤੇ ਜਨਮ ਦੇਣ ਤੋਂ ਪਹਿਲਾਂ ਪਰਵਰਿਸ਼ ਦਾ ਬੰਦੋਬਸਤ ਕੀਤਾ, ਪ੍ਰਕਿਰਤੀ ਦਰੱਖਤ, ਬੂਟੇ ਬੂਟੀਆਂ ਫਲ ਆਦਿ ਮਨੁੱਖ ਦੇ ਜਾਮੇ ਨੂੰ ਭੀ ਦੋ ਪੈਰੀ ਜਾਮੇ ਵਿੱਚੋਂ ਚੰਗਾ ਰੂਪ ਦਿੱਤਾ, ਬੁੱਧ ਬਖ਼ਸ਼ੀ ਤੇ ਚੰਗੇ ਸਰੂਪ ਆਦਿ, ਉਸ ਮੱਤ ਨੂੰ ਵਰਤਕੇ ਧਰਮ ਦਾ ਨਉਂ ਦਿੱਤੇ, ਸਨਾਤਨ ਯਾਨੀ ਸਰਬ, ਫੇਰ ਦੌੜ ਅਰੰਭ ਲਈ ਧਰਮਾਂ ਦੀ ਲੜੀ ਤੁਰੀ, ਸਿੱਖ ਤਾਂ ਕਿਤੇ ਜਾ ਕੇ ਨੇੜੇ ਦੇ ਹੀ ਸਮੇਂ ਵਿੱਚੋਂ ਹਨ, ਗੁਰੂ ਕਾਲ ਦਾ ਭੀ ਤੱਥਾਂ ਸਮੇਤ ਸਮਾਂ ਇਤਿਹਾਸਕ ਸੁਮੇਲ ਨਹੀਂ ਹੁਣ ਆਵਾਂ ਵਿਸ਼ੇ ਵੱਲ। ਅੱਜ ਹਰ ਕੰਮ, ਵਪਾਰ ਸਿਆਸਤ (ਗੁਰੂ) ਨਾਲ ਜੋੜ ਕੇ ਆਪਣੇ ਗੁਰ ਹੀ ਪ੍ਰਚਾਰੇ ਜਾਂਦੇ ਨੇ ਫਲਸਰੂਪ ਸਿੱਖ ਫਲਸਫਾ ਹੀ ਕੋਈ ਮਾਣਮੱਤਾ ਨਹੀਂ ਚੀਰ-ਪਾੜ ਵਿਸ਼ਾ ਬਣ ਰਿਹਾ ਹੈ ਕਿ ਕੀ ਇਹ ਉੱਤਮ ਧਰਮ ਦੀ ਫਿਲਾਸਫੀ ਹੈ? ਜੇਕਰ ਸਿੱਖਾਂ ਵਿੱਚ ਲੰਗਰ ਦੀ ਪ੍ਰਥਾ ਨਾ ਹੋਵੇ ਤਾਂ ਇਹਦਾ ਗਰਾਫ਼ ਕਿਥੇ? ਸਭ ਵੱਧ ਨਿਘਾਰ ਵੱਲ ਢਲਾਣ, ਨਾਸਤਕਾਂ ਨੇ ਘੁਸਪੈਠ ਕਰਕੇ ਸੋਸ਼ਲ ਮੀਡੀਏ, ਯੂ-ਟਿਊਬਾਂ 'ਤੇ ਆ ਪੋਸਟਾਂ ਨੇ ਹੇਠਲੀ ਉੱਤੇ ਲਿਆਂਦੀ ਹੈ ਪਰ ਨਿੰਦਕ ਕੋਈ ਨਹੀਂ, ਸਪੱਸ਼ਟ ਕਰਾਂ ਮੈਂ ਕਦੀ ਨਾ ਤਾਂ ਇਹ ਉਲ ਜਲੂਲ ਦੇਖਿਆ ਹੀ ਹੈ, ਨਾ ਘਰ ਵਿੱਚ ਵਾੜਿਆ ਹੈ, ਸਖਤ ਵਿਰੋਧੀ ਹਾਂ, ਸੱਚ ਲਿਖਾਂ ਮੈਂ ਮੋਬਾਈਲ ਫੂਨ ਭੀ ਨਹੀਂ ਵਰਤਦੀ ਸਾਰੇ ਮੈਨੂੰ ਕੋਸਦੇ ਨੇ ਪਰ ਮੈਂ ਪ੍ਰਵਾਹ ਨਹੀਂ ਕਰਦੀ, ਮੇਰਾ ਅਸੂਲ ਮਨ ਨੂੰ ਸੰਤੁਸ਼ਟੀ, ਸ਼ਾਂਤੀ ਤੇ ਭਟਕਣ ਰਹਿਤ, ਤਮਾਸ਼ੇ ਦੇਖਦੀ ਹਾਂ ਤਾਂ ਹੀ ਤਾਂ ਲਿਖਤੀ ਸਾਂਝਾਂ ਪਾ ਸਕਦੀ ਹਾਂ, ਹਾਂ ਭਾਈਚਾਰੇ ਨਾਲ ਵਿਚਰਨ ਦੀ ਹਾਮੀ ਹਾਂ, ਦੁੱਖ ਸੁੱਖ ਵਿੱਚ ਸਾਂਝੀ ਹੋਈਏ ਸਹਾਈ ਹੋਈਏ ਮਨ ਹੋਲਾ ਤਨ ਤੰਦਰੁਸਤ, ਕੁਝ ਸਿੱਖੋ ਕੁਝ ਸਿਖਾਉ।

(ਸਭ ਤੇ ਵੱਡਾ ਸਤਿਗੁਰ) ਨਾਨਕ ਸਾਰ ਨਾ ਜਾਣਾ ਤੇਰੀ, ਪੁਰਾਤਨ ਲਿਖਤਾਂ ਵਿੱਚ ਲੇਖਕ ਖਾਸ ਕਰ ਕਵੀ ਆਪਣਾ ਨਉਂ ਲਿਖਦੇ ਸਨ, ਅੰਤ ਵਿੱਚ ਇਹ (ਗੁਰੂ ਨਾਨਕ ਦੇਵ) ਦੇ ਕਥਨ ਨਾਲ ਜੋੜ ਕੇ ਆਖੀ ਗਈ ਜੀਹਦੇ ਭਾਵ ਅਰਥ ਨੇ ਕਿ ਗੁਰੂ ਜੀ ਆਖਦੇ ਹਨ ਕਿ ਸਭ ਤੋਂ ਵੱਡਾ ਤਾਂ ਉਪਰ ਵਾਲਾ ਸੱਚਾ ਗੁਰੂ ਹੈ, ਪਰ ਸਾਡੇ ਪ੍ਰਚਾਰਕ ਲੋਕਾਂ ਨੂੰ ਦੱਸਦੇ ਨੇ ਕਿ ਸਭ ਤੋਂ ਵੱਡਾ (ਗੁਰੂ ਨਾਨਕ ਹੈ) ਨਹੀਂ। ਹੁਣ ਅਕਾਲ ਤਖ਼ਤ ਨੂੰ ਭੀ ਯਾਨੀ ਗੁਰੂ ਉਪਾਧੀ, ਜਥੇਦਾਰ ਨੂੰ ਪੋਪ ਦੀ, ਰੀਸ ਪੂਜਣਾ, ਜੱਜ ਹੁਕਮ ਦੇਣਾ, ਇਸ ਯੁੱਗ ਵਿੱਚ (ਪਖੰਡ ਧਰਮ ਜੋ ਦੀਸੇ ਬਾਹਰਾ) ਸਮਝਾਵੋ ਲੋਕਾਂ ਨੂੰ ਇਹ ਸਾਰਾ ਦਿਨ ਗੁਰੂ ਘਰਾਂ ਵਿੱਚ ਜਾਂ ਪਾਠ ਪੜ੍ਹੀ ਸੁਣੀ ਜਾਣ ਵਾਲੇ ਕਿਹੜੀਆਂ ਅਰਸਤੂ ਦੀਆਂ ਪੜਤਾਂ ਦੇ ਧਾਰਨੀ ਹਨ ਗਿਆਨੀ ਪੜ੍ਹੇ ਇਹ ਪੀ.ਐਚ.ਡੀ. ਨੂੰ ਧਾਰਮਿਕ ਤੁਕ ਤਾਂ ਸੁਣਾ ਸਕਦੇ ਨੇ ਕਾਨੂੰਨ ਨਹੀਂ, ਪਰ ਆਪਣੇ ਮਨਸੂਬੇ ਗੁੰਦਣ ਲਈ ਸਿੱਖ ਜੋ ਅਨਜਾਣ, ਸ਼ਤਾਨ ਤੇ ਅਗਿਆਨ ਘੜੀਸੇ ਫਿਰਦੇ ਨੇ ਹਊਆ ਬਣਾ ਕੇ ਜੀ ਅਕਾਲ ਤਖ਼ਤ ਮਹਾਨ ਮੰਨਾਉਤਾ ਸਾਬਤ ਕਰਦੀਆਂ ਹਨ? ਕੌਣ ਇਨ੍ਹਾਂ ਨੂੰ ਜਥੇਦਾਰਾਂ ਨੂੰ ਅੱਜ ਮਹਾਨ ਮੰਨਦਾ ਹੈ, ਮੈਂ ਤਾਂ ਨਹੀਂ ਜਹਾਨ ਅਸਮਾਨ 'ਤੇ ਵੱਸਣ ਨੂੰ ਫਿਰਦਾ ਹੈ, ਇਹ ਰਾਜ ਭਾਗ ਕਰਨ ਵਾਲਿਆਂ ਦੇ ਦੁਆਲੇ ਹੋਏ ਨੇ, ਬਹੁਤੀ ਉਮਰ ਨਹੀਂ ਇਨ੍ਹਾਂ ਦੀ ਭਵਿੱਖ ਵਿਚਾਰੋ, ਜਾਗ੍ਰਿਤੀ ਪਸਰ ਰਹੀ ਹੈ, ਲਿਖਦੀ ਜਾਵਾਂ ਆਹ ਜੋ ਸਾਧਾਂ ਦੇ ਪਹੁਲੀ ਹਨ ਇਨ੍ਹਾਂ ਨੇ ਥੱਲਾ ਲਾ ਕੇ ਹਟਣਾ ਸੰਤ ਨੀ ਮਾੜੇ ਬੜੇ ਭਲਾਈ, ਸਮਾਜੀ ਕੰਮ ਕਰਦੇ ਨੇ ਪਰ ਆਹ ਚੈਨਲਾਂ 'ਤੇ ਜਾ ਕੇ ਇਕ ਸੁਆ-ਮੀ ਇਕ ਚੇਲਾ ਬਣ ਜੀ ਆਹ ਬੁੱਧੀਜੀਵੀ ਹੈ ਆਹ ਡਾਕਦਾਰ ਹੈ ਆਹ ਇਤਿਹਾਸਕਾਰ ਬੇੜਾ ਗਰਕ ਕਰ ਰਹੇ ਹਨ ਪੜ੍ਹਾਈ ਲਿਖਾਈ ਤੋਂ ਪਾਸੇ ਵੱਟ ਇਨ੍ਹਾਂ ਨੂੰ ਸੁਣੋ ਪੈਸੇ ਦਿਉ ਨੌਕਰੀਆਂ ਪੱਕੀਆਂ ਕਰਵਾਉ, ਧੰਨ ਹੁੱਝੋ, ਸਿੱਖੀ ਹੈ?

ਵਾਸਤਵ ਵਿੱਚ ਸਿੱਖੀ ਹੀ ਨਹੀਂ ਕੌਮ ਨੂੰ ਢਾਅ ਕੌਣ, ਸਮਾਜ ਨੂੰ ਕੌਣ ਤੇ ਸਭਿਅਤਾ ਨੂੰ ਕੌਣ, ਸਿੱਖੀ ਨੂੰ ਤਾਂ ਲਿਖ ਚੁੱਕੀ ਹਾਂ, ਸਮਾਜ ਨੂੰ ਮੰਨਦੀ ਹਾਂ ਕਿ ਲਚਰ ਇਕ ਪਹਿਲੂ ਹੈ, ਗਵੱਈਏ ਤੇ ਨਚਾਰ ਮੂਹਰੇ ਕਰਕੇ ਬਦਨਾਮ, ਪਰ ਗੀਤ ਕੌਣ ਲਿਖਦਾ ਹੈ? ਪਰ ਇਹ ਕੋਈ ਅੱਜ ਦੀ ਗੱਲ ਨਹੀਂ ਕਦੀਮ ਦੀ ਹੈ, ਨਸ਼ਰ ਸਾਧਨ ਨਹੀਂ ਸਨ ਤਾਂ ਹਵਾ ਗੰਧਲੀ ਨਹੀਂ ਸੀ, ਪਰ ਨਿੰਦਕ ਇਕ ਪਾਸੇ ਦੇ ਨਾ ਬਣੀਏ ਪਾਸਕੂ ਹੀ ਤਾਂ ਮਾਰੂ ਹੁੰਦਾ ਹੈ, ਸੋਚੋ ਕਿ ਆਹ ਬੀਬੀ ਰੋਮ ਬੇਅਦਬੀ, ਪ੍ਰਚਾਰਕ ਮਾਂਝੀ ਨੇ ਆਖੀ ਹੁਣ ਤਾਂ ਫੇਰ ਮੁੱਦਾ ਉੱਠਿਆ, ਅਕਾਲੀ ਬਾਗੀ ਸਧਾਰ ਵਾਲਿਆਂ ਸੁਖਬੀਰ ਸਿੰਘ ਬਾਦਲ ਨੂੰ ਆਪਣੀ ਪਾਰਟੀ ਠੋਸ ਲਈ ਦੋਸ਼ ਲਾ ਕੇ ਅਰਜੀ ਦਿੱਤੀ ਅਕਾਲ ਤਖ਼ਤ ਨੂੰ ਅੱਗੋਂ ਹੁਣ ਮੈਂ ਲਿਖ ਹੀ ਦੇਵਾਂ ਇਹ ਗੁਨਾਹਗਾਰ ਅੱਖਰ ਸਾਬਕਾ ਜਥੇਦਾਰ ਦਾ ਲੱਗਦਾ ਹੈ ਆਪਣੀ ਜਥੇਦਾਰੀ ਖੁਸਣ ਕਰਕੇ ਹੁਣ ਰਾਹ ਨੀ ਲੱਭਧਾ ਨਿਕਲਣ ਨੂੰ, ਰਾਜਨੀਤੀ ਵਿੱਚ ਫੈਸਲੇ ਲੋਕਾਂ ਦੀ ਮਨਜ਼ੂਰੀ ਰੱਦ ਭੀ ਵਿਰੋਧਤਾ ਕਰਕੇ, ਫੇਰ ਗੁਨਾਹ ਕੇਵਲ ਠਿੱਬੀ ਲਈ ਆਖੋ ਸੁਖਬੀਰ ਭੀ ਰੋਟੀ ਖਾਂਦਾ ਹੈ, ਭੱਤੇ ਨਹੀਂ, ਕੀ ਉਹ ਨੀ ਵਿਰੋਧੀ ਹੋਵੇ? ਇਥੇ ਦੋ ਚੈਨਲਾਂ ਬੈਠ ਜੀ ਆਹ ਸੀਨੀਅਰ ਪੱਤਰਕਾਰ ਸਰਕਾਰੂ ਭੱਤਿਆਂ 'ਤੇ ਪਲ਼ੋ ਨੌਕਰੀਆਂ ਕਰੋ, ਵਿਦੇਸ਼ੀ ਆ ਕੇ ਬੜਕਾਂ ਮਾਰੋ ਅਸੀਂ ਸੁਖਬੀਰ ਨੂੰ ਨੀ ਚਾਹੁੰਦੇ ਉਹ ਨੈਤਕਾ ਅਧਾਰ ਲਾਂਭੇ ਹੋਵੇ, ਤੁਸੀਂ ਨੈਤਕਾਂ ਤੋਂ ਤਲਾਕੀ ਹੋ ਤੁਸੀਂ ਹੈ ਕੌਣ ਜਾਤਾਂ-ਪਾਤਾਂ ਦੇ ਧਾਰਨੀ ਮੱਤਾਂ ਦੇਵੋ ਦੋਨੋਂ ਚੈਨਲ ਲੋਕਾਂ ਤੋਂ ਮੰਗਤੇ ਜਿਉਂ ਲੱਗਦਾ ਇਕੋ ਸਾਹ ਕਿ ਕਿਤੇ ਕਸਰ ਨਾ ਰਹਿ ਜਾਵੇ ਕਈ ਅਦਾਰੇ ਭੀ ਇਹਨੂੰ ਬਲਾਉਣ ਲੱਗ ਪਏ ਕਿ ਅਕਾਲੀ ਦੀ ਜੱਖਣਾ ਪੱਟੋ ਡੁੱਬੀ ਤਾਂ ਜੇ ਸਾਹ ਨਾ ਆਇਆ, ਆਹ ਬਾਗੀ ਨੇ ਹੁਲਾਰੇ ਦੇਣ ਬਾਦਲ ਸਾਹਬ ਦੀ ਬਦਖੋਹੀ ਕਰਕੇ ਤੁਸੀਂ ਪੰਥਕ ਨਹੀਂ ਬੀਬੀ ਕਿਸੇ ਦੀ ਸਕੀ ਨਹੀਂ, ਵਡਾਲਾ ਸਾਹਬ, ਸੁਖਪਾਲ ਖਹਿਰੇ ਨੂੰ ਅਸੀਂ ਬੜਾ ਦੁਰਕਾਰਿਆ ਏਹਦੇ ਪਿੱਛੇ ਪਰ ਠੂਹੀਂ ਹੈ ਡੇਰੇਦਾਰ ਹੈ, ਮੰਤਵ ਲਈ ਪੰਥਕ।

ਦਿਆਨਤਦਾਰੀ, ਸਦਾਚਾਰੀ ਮੁੱਲ ਨੀ ਵਿਕਦੀ, ਨਾਲ ਜੰਮਦੀ ਹੁੰਦੀ ਹੈ। ਕਿਵੇਂ ਵਿਦੇਸ਼ੀ ਪੰਜਾਬ ਹਿਤੈਸ਼ੀ ਬਣਦੇ ਫਿਰਦੇ ਨੇ ਕਿਸਾਨਾਂ ਨੂੰ ਉਕਸਾ ਕੇ ਪੁੱਠੇ ਰਾਹ ਪਾ ਕੇ ਬਾਰਡਰਾਂ 'ਤੇ ਬਿਠਾ ਕੇ ਜਾਨਾਂ ਗਈਆਂ, ਮੱਕਾਰੀ, ਸ਼ਹੀਦੀ, ਪ੍ਰਚਾਰ ਲੱਖਾਂ ਕਰੋੜਾਂ ਦੇ ਮੁਆਵਜ਼ੇ ਮੰਗਣ ਕਸੂਰ ਯੂਨੀਅਨ ਆਗੂਆਂ ਦਾ ਭਰੇ ਸਰਕਾਰ, ਹੁਣ ਹਰਿਆਣਾ ਜਿੱਤ ਭਾਜਪਾ ਨੇ ਛਿੱਥੇ ਕਰਕੇ ਭਗਵੰਤ ਦਾ ਲਹੂ ਪੀਣ ਨੂੰ ਕੇਂਦਰ ਨੇ ਤਾਂ ਮੁਰਮੁਰੇ ਦੇਣੇ ਨੇ ਚੱਬਣ ਨੂੰ, ਰਵਨੀਤ ਬਿੱਟੂ ਕਾਂਗਰਸ ਵਿੱਚੋਂ

ਬਾਕੀ ਹਿਸਾ ਸਫ਼ਾ 43 'ਤੇ

# ਚਾਚਾ ਬੋਲਦਾ ਹੈ

41 ਪੰਨੇ ਦਾ ਬਾਕੀ ਹਿੱਸਾ

ਅਸੀ ਇੰਡੀਆ ਗਏ, ਸਾਡੇ ਲਾਗੇ ਟੂਰਨਾਮੈਂਟ ਸੀ, ਉਹ ਪੰਜ ਜਣੇ ਆਕੇ ਆਖਣ ਲੱਗੇ। "ਵਲੈਤੀਆ ਕੱਢ ਦੋ ਲੱਖ ਰੁਪਈਆ ?" ਮੈਂ ਆਖਿਆ ਉੱਥੇ ਰੁਪਈਏ ਰੁੱਖਾਂ ਨੂੰ ਲੱਗਦੇ ਨੇ। ਇੱਥੇ ਤਾਂ ਵਲੈਤੀਏ ਦੋ ਦੋ ਲੱਖ ਲੈਕੇ ਜੇਬਾ ਵਿੱਚ ਘੁੰਮਦੇ ਨੇ, ਤੂੰ ਐਵੇ ਰੋਈ ਜਾਨਾ ? ਆਖ਼ਰ ਦੱਸ ਹਜ਼ਾਰ ਦੇ ਕੇ ਖਹਿੜਾ ਛੁਡਾਇਆ। ਪਤਾ ਮੈਨੂੰ ਵੀ ਸੀ ਇਹਨੀਂ ਮੈਨੂੰ ਘੰਟਾ ਕੁ ਫੂਲੀਆਂ ਪਾਉਣੀ, ਫੇਰ ਤੂੰ ਕੌਣ, ਮੈਂ ਕੌਣ। ਮੈਂ ਐਤਕੀਂ ਕੁਝ ਹੋਰ ਸੋਚ ਕੇ ਗਿਆ ਸੀ। ਮੈਂ ਸਰਪੰਚ ਨੂੰ ਨਾਲ ਲਿਆ। ਜਿਸ ਨੂੰ ਅਮਰੂਦਾਂ ਦੇ ਬੂਟੇ, ਜਾਮਣ ਦੇ ਬੂਟੇ, ਅੰਬਾਂ ਦੇ ਬੂਟੇ ਚਾਹੀਦੇ ਸੀ, ਸਭ ਲਿਸਟਾਂ ਬਣਾ ਲਈਆਂ। ਹਰ ਘਰ ਨੂੰ ਦੋ ਦੋ ਬੂਟੇ ਦੇ ਦਿੱਤੇ, ਕੁਝ ਖਾਲੀ ਥਾਂ 'ਤੇ ਲਾ ਦਿੱਤੇ। ਹੁਣ ਪਿੰਡ ਦੇ ਹਰ ਘਰ ਵਿੱਚ ਫਰੂਟ ਆ। ਪਿੰਡ ਵੀ ਹਰਿਆ ਭਰਿਆ ਆ। ਹਰ ਸਾਲ ਪਿੰਡ ਜਾਈਦਾ, ਲੋਕ ਦੂਰੋ ਹਾਕਾਂ ਮਾਰਦੇ ਨੇ, 'ਵਲੈਤੀਆ ਅੰਬ,ਅਮਰੂਦ, ਜਾਮਣਾਂ, ਖਾ ਜਾ 'ਚਾਚਾ ਹੈਰਾਨ ਹੋਇਆ ਪੁੱਛ ਬੈਠਾ। 'ਬੜੇ ਭਾਈ ਤੁਸੀ ਜੱਟ ਹੁੰਦੇ ਆ ?' ਹਾ ਚਾਚਾ ਕੋਈ ਸ਼ੱਕ।

ਜਰਨੈਲ ਸਿੰਘ 'ਤੋ ਬਾਦ ਗਿਆਨੀ ਕਿਰਪਾਲ ਸਿੰਘ ਨੇ ਗੱਲ ਛੇੜ ਲਈ। ਪਿਛਲੇ ਸਾਲ ਮੇਰੇ ਭਰਾ ਦੀ ਲੜਕੀ ਦਾ ਵਿਆਹ ਸੀ। ਅੱਜਕੱਲ ਨੈਟ ਦਾ ਜ਼ਮਾਨਾ ਮੈਂ ਆਪਣੇ ਭਰਾ ਦੇ ਕੁੜਮ ਨਾਲ ਸਾਰੀ ਗੱਲ ਬਾਤ ਕੀਤੀ, ਕੁਦਰਤੀ ਉਹਦੇ ਵਿਚਾਰ ਮੇਰੇ ਵਿਚਾਰ ਨਾਲ ਮਿਲਦੇ ਸੀ। ਜਦੋ ਮੈਂ ਆਪਣੇ ਭਰਾ ਨੂੰ ਕਿਹਾ,'ਮਿਲਣੀਆਂ ਪੰਜਾਹ ਕਰਨੀਆਂ 'ਮੇਰੇ ਭਰਾ ਨੇ ਤਾਂ ਧਰਤੀ ਪੁੱਟ ਦਿੱਤੀ। 'ਅਖੇ ਤੇਰਾ ਦਿਮਾਗ ਖਰਾਬ ਹੋ ਗਿਆ ਮਿਲਣੀਆਂ ਤਾਂ ਚਾਰ ਪੰਜ ਹੁੰਦੀਆਂ ਨੇ 'ਮੈਂ ਆਖਿਆ ਇਹ ਫਿਕਰ ਨਾ ਕਰ, ਮਿਲਣੀਆਂ ਦਾ ਖ਼ਰਚਾ ਮੇਰਾ, ਵਿਆਹ ਵਾਲਾ ਦਿਨ ਵੀ ਆ ਗਿਆ। ਜਦੋ ਮਿਲਣੀ ਹੋਣ ਲੱਗੀ 'ਨਾ ਮੁੰਦੀ, ਨਾ ਕੰਬਲ, ਨਾ ਹਾਰ ਗਲੇ 'ਚੋ ਪਾਉਣ ਦੀ ਬਜਾਏ, ਸਗੋਂ ਇੱਕ ਦੂਜੇ ਦੇ ਹੱਥ ਕਿਤਾਬਾਂ ਫੜਾਕੇ ਮਿਲਣੀਆਂ ਕੀਤੀਆਂ। ਪੰਜਾਹ ਕੁ ਕਿਤਾਬਾਂ ਅਸੀ ਭੇਟ ਕੀਤੀਆਂ, ਪੰਜਾਹ ਕੁ ਕਿਤਾਬਾਂ ਦੀ ਉਹਨੀ ਮਿਲਣੀ ਕੀਤੀ। ਮਠਿਆਈ ਦੀ ਥਾਂ ਕਿਤਾਬਾਂ ਨਾਲ ਮੂੰਹ ਮਿੱਠਾ ਕਰਾਇਆ 'ਚਾਚਾ ਗਿਆਨੀ ਦੀ ਗੱਲ ਸੁਣਕੇ ਪੁੱਛ ਬੈਠਾ। "ਗਿਆਨੀ ਜੀ ਤੁਸੀ ਜੱਟ ਹੁੰਦੇ ਆ ?" ਗਿਆਨੀ ਕੱਲੇ ਦੀ ਬੋਲਣ ਦੀ ਬਜਾਏ ਸਾਰੇ ਇਕੱਠੇ ਬੋਲ ਪਏ।

'ਨਾ ਚਾਚਾ ਜੱਟ ਬੰਦੇ ਨੀ ਹੁੰਦੇ ?'

ਘੰਟਾ ਹੋ ਗਿਆ ਸਾਰਿਆਂ ਨੂੰ ਇਹੀ ਪੁੱਛੀ ਜਾਨਾ, ਤੁਸੀ ਜੱਟ ਹੁੰਦੇ ਆ ? ਨਾਂ ਮੈਂ ਕਦੋ ਕਹਿੰਦਾ ਜੱਟ ਬੰਦੇ ਨੀ ਹੁੰਦੇ, ਥੋੜ੍ਹਿਆਂ ਨੂੰ ਛੱਡਕੇ ਬਾਕੀਆਂ ਦਿਆਂ ਕੰਮ ਬੰਦਿਆਂ ਵਾਲੇ ਨੀ ਹੁੰਦੇ। ਜਿਹੜੇ ਤੁਸੀਂ ਸਾਰਿਆਂ ਨੇ ਕੰਮ ਕੀਤੇ ਨੇ ਇਹੋ ਜਿਹੇ ਵਧੀਆ ਕੰਮ ਤਾਂ ਮੈਂ ਜ਼ਿੰਦਗੀ 'ਚੋ ਪਹਿਲੀ ਵਾਰ ਦੇਖੇ ਸੁਣੇ ਨੇ, ਹੋਰ ਤਾਂ ਵਥੇਰਿਆਂ ਦੇ ਮੂੰਹੋਂ ਇਹੋ ਸੁਣਦੇ ਆਏ ਆ, ਅਸੀ ਆ ਕਰਦੇ, ਅਸੀ ਇੱਦਾਂ ਕੀਤਾ, ਇਹੋ ਜਿਹਾ ਪਹਿਲੀ ਵਾਰ ਜ਼ਿੰਦਗੀ ਵਿੱਚ ਸੁਣਿਆ, ਬੱਸ ਭੁਲੇਖਾ ਜਿਹਾ ਲੱਗ ਗਿਆ ਸੀ। ਤਾਂਹੀ ਪੁੱਛ ਬੈਠਾ। ਫੇਰ ਕਹਿੰਦੇ ਚਾਚਾ ਬੋਲਦਾ।

-o-

# ਪਾਠਕਾਂ ਦੇ ਪੱਤਰ

To, Editor, Panjab Times
Bridle Gate Lane,
Derby. DE24 9QW, U.K.

ਪਾਠਕਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਪਾਠਕ ਆਪਣੇ ਪੱਤਰ ਦੇ ਨਾਲ ਆਪਣਾ ਸਹੀ ਪਤਾ ਅਤੇ ਟੈਲੀਫੋਨ ਨੰਬਰ ਜ਼ਰੂਰ ਲਿਖ ਕੇ ਭੇਜਣ, ਅਜਿਹਾ ਨਾ ਹੋਣ ਦੀ ਸੂਰਤ ਵਿਚ ਅਸੀਂ ਉਹ ਪੱਤਰ ਛਾਪਣ ਤੋਂ ਅਸਮਰੱਥ ਹੋਵਾਂਗੇ।

ਪੁਰੇਵਾਲ ਸਾਹਬ ਜੀ, ਵਾਰਤਾ ਤੋਂ ਪਹਿਲਾਂ ਖਿਮਾਂ ਮੰਗਦੀ ਹਾਂ ਕਿ ਪਰਚੇ ਦੇ ਕਈ ਸਫ਼ੇ ਘੇਰਦੀ ਹਾਂ ਧੰਨਵਾਦੀ ਭੀ ਹਾਂ ਸੱਚ ਸੁਣਾਏ ਸੱਚ ਕੀ ਵੇਲਾ, ਸਮੇਂ ਸਿਰ ਤੂੰਬੇ ਮਗਰੋਂ ਫੂਕਣੇ ਨੇ ਸਿਵੇ ਠੰਡੇ ਨਾ ਪੈ ਜਾਣ, ਹੋਰ ਕਤਲ ਕੁਰਬਾਨੀਆਂ ਅਤੇ ਬਹਾਦਰੀਆਂ ਦੇ ਕਿਸੇ ਸਿੱਖ ਸਿਧਾਂਤ ਤੇ ਖ਼ਾਲਸਾਈ ਰਵਾਇਤ ਮੱਤ, ਸੁਮੱਤ, ਕੁਮੱਤ ਤੇ ਗੁਰਮੱਤ, ਲੱਗਦਾ ਹੈ ਚਾਰੇ ਵਿਸਰੀਆਂ ਤੇ ਅਸੀਂ ਦੁਰਮੱਤ ਵਿੱਚ ਹਾਂ, ਵੱਡਾ ਸਵਾਲ ਕੀ ਗੁਰ ਆਦੇਸ਼, ਉਪਦੇਸ਼ ਤੇ ਖ਼ਾਲਸਾਈ ਰਵਾਇਤ ਵੱਖਰੀਆਂ ਹਨ? ਸੋਸ਼ਲ ਮੀਡੀਆ ਟਿਕਣ ਨੀ ਦਿੰਦਾ ਤੇ ਸਾਡੇ ਮਹਾਰਥੀ ਅੰਨੇ ਨੂੰ ਦੋ ਨੈਣ, ਇਸ ਹਫ਼ਤੇ ਉਏ ਆਪਣਾ ਤਾਂ ਜਿੰਦਾ ਸੁਖਾ ਸ਼ਹਾਦਤ ਤੇ ਕੁਰਬਾਨੀ ਭੁੱਲ ਹੀ ਗਏ। ਚਲੋ ਕਰੋ ਅਰੰਭ ਚੈਨਲ 'ਤੇ ਬੈਠ ਗਏ ਲਾਂਬੂ ਲਉਣੇ, ਸੁਣੋ ਇਤਿਹਾਸਕਾਰ ਬਣੇ, ਜੀ ਜਿੰਦਾ ਅਤਿਵਾਦੀ ਨਹੀਂ ਸੀ, ਦਿੱਲੀ ਦਾ ਪੁਲਸ ਮੁਖੀ ਲਿਖਦਾ ਏ ਪੜ੍ਹ ਕੇ ਸੁਣਾਵਾਂ, ਕੇਵਲ ਉਨੀਆ ਸੱਤਰਾਂ ਜੋ ਹੱਕ ਵਿੱਚ ਹਨ ਜੀ ਪੁਲਸ ਮੁਖੀ ਜਿੰਦੇ ਬਾਰੇ ਲਿਖਦਾ ਹੈ, ਬੜਾ ਬੁਲੰਦ ਬੰਦਾ ਸੀ ਹੋਰ ਭੀ ਪਰ ਜੋ ਗੱਲ ਹੱਕ ਵਿੱਚ ਉਹੀ ਪੜ੍ਹਨੀ ਹੈ।

ਬਾਕੀ ਜੀ ਸਮਾਂ ਲੱਗੂ ਆਪਾਂ ਨੂੰ ਇਹੀ ਠੀਕ ਮੈਂ ਜੋ ਉਸ ਲਹਿਰ ਵੇਲੇ ਪ੍ਰਸਿੱਧ ਮੀਡੀਏ ਦੀ ਅਤੇ ਬਹੁਗਿਣਤੀ ਲੋਕ ਮੰਨਤ ਸੀ ਕਿ ਨਾ ਕੋਈ ਹਿੰਦੂ, ਨਾ ਮੁਸਲਮਾਨ ਤੇ ਈਸਾਈ ਇਸ ਦੁਖਾਂਤ ਦਾ ਭਾਗੀ ਸੀ, ਸਿਖਾਂ ਨੇ ਆਪ ਹੀ ਸਹੇੜੀ, ਜਿੰਦਾ ਦੀ ਦਾਸਤਾਂ ਹਮਲੇ ਤੋਂ ਪਹਿਲਾਂ ਨੂੰ ਮਿਲਣਾ, ਪੁੱਛਣਾ ਕੀ ਸੇਵਾ ਸਾਡੇ ਲੈਕ ਫੇਰ ਬੰਕਾਰ ਵਿੱਚ ਜਾਣਾ, ਕਿਥੇ ਮਾਝਾ, ਮੁੜ ਆ ਕੇ ਪਤਾ ਨਹੀਂ ਕੀ ਕੀ ਗਤੀਵਿਧੀਆਂ ਦੁਖਾਂਤ ਵੇਲੇ ਤਾਂ ਇਥੇ ਨਹੀਂ ਸੀ, ਮੀਡੀਆ ਦੁਹਾਈ ਦੇਣ ਲੱਗਾ ਕਿ ਇਹ ਕਤਲੋਗਾਰਤ ਸਿੱਖ ਮੁੰਡੇ ਪੁਲਸ ਨਾਲ ਰੱਲ੍ਹ ਕੇ ਦਹਿਸ਼ਤ ਫਲਾ ਰਹੇ ਨੇ ਸਬੂਤ ਨਿਕਲੇ ਪੁਲਸ ਨੇ ਬਾਹਰ ਕੱਢ ਤੇ ਵਿਦੇਸ਼ੀ ਹੁਣ ਜਿੰਦੇ ਦੀ ਸੁਖੇ ਦੀ ਬੀਰਤਾ, ਕਿਥੇ ਪੰਜਾਬ ਦਿੱਲੀ ਮੁਖੀ ਤੇ ਅੰਤ ਜਨਰਲ ਵੈਦਿਆ ਦਾ ਕਤਲ, ਚੋਰੀ ਡਾਕਾ ਕਤਲ, ਕਦੇ ਭੇਤ ਬਗੈਰ ਨਹੀਂ ਚੈਨਲ ਡੌਂਡੀ ਸਿੱਧ ਕਰ ਗਈ। ਅੱਗੇ ਪਾਠਕ ਤੇ ਸਾਧਾਰਨ ਸਿੱਖ ਜਗਤ ਕੋਈ ਖਾਂਦਾ ਕੰਨ ਵਿੱਚ ਨੀ ਪਾਂਦਾ, ਹੁਣ ਜਗ ਲੱਗ ਗਿਆ ਫੰਡ ਰਾਸ਼ਣ ਹੂੰਝਣ ਨੂੰ ਯੂ. ਕੇ. ਵਿੱਚ ਭੀ ਇੰਨੇ ਗੁਰੂ ਘਰ ਕਬਜ਼ੇ ਵਿੱਚ ਕਈ ਸਪਤਾਹ ਪ੍ਰਚਾਰਕਾਂ ਰਾਗੀਆਂ ਢਾਡੀਆਂ ਲੇਖਕਾਂ ਚੈਨਲੀ ਧੁਤੂ ਤੇ ਬੁਲਾਰਿਆਂ ਦਾ ਮੁੱਦਾ ਭੱਖਦਾ ਹੈ, ਵੀਰ ਰਸ ਨਾਲ ਕਈ ਹੂੜ-ਮੱਤ ਫੱਸ ਜਾਣਗੇ ਮੇਰਾ ਸਵਾਲ ਹੈ ਕਿ ਕੀ ਸਿੱਖ ਮੱਤ ਜਾਂ ਗੁਰਮੱਤ ਇਸ ਨੂੰ ਖ਼ਾਲਸਾਈ ਰਵਾਇਤ ਧਾਰਮਿਕ ਧੁਰਾ ਮੰਨਦੀ ਹੈ ਕਿ ਬਦਲਾ ਲੈਣ ਲਈ ਕਤਲ ਕਰੋ, ਫੌਜਾਂ ਦੀ ਗੱਲ ਹੋਰ, ਕੀ ਸਿੱਖ ਧਰਮ ਵਿੱਚ ਵੰਡੀ ਹੈ ਕਿ ਜੋ ਖ਼ਾਲਸਾਈ ਰਵਾਇਤ ਹੈ ਉਹ ਗੁਰਮੱਤ ਨਹੀਂ ਧਰਮ ਦੀ ਵੰਡ ਹੈ?

ਭਵਿੱਖਤ ਵਿੱਚ ਧਰਮ ਦੇ ਹੋਰ ਟੁੱਕੜੇ ਜ਼ਿੰਮੇਵਾਰ ਆਹ ਜੋ ਅੱਜ ਨੇਤਾ ਬਣ ਲੋਭ ਲਾਲਚ ਵਿੱਚ ਫੱਸ ਕੌਮ ਨੂੰ ਭੁਆਟਣੀਆਂ ਦੇਣ ਕਤਲ ਆਪਸ ਵਿੱਚ ਕਿੜਾਂ ਕਰਕੇ ਹੋ ਰਹੇ ਹਨ ਇਹ ਕੌਮ, ਧਰਮ ਨਾਲ ਜੋੜਦੇ ਨੇ, ਹੁਣ ਕੋਈ ਹੋਰ ਗੁਰਪ੍ਰੀਤ ਸਿੰਘ ਹਰੀ ਨੌ ਪਤਾ ਕੌਣ, ਚੈਨਲ 'ਤੇ ਮਿਆਨੀ ਵਾਲਾ ਸੁਖਜੀਤ ਖੋਸਾ ਜੀਤੇ ਨਾਲ ਜੀ ਸਰਕਾਰ ਨੂੰ ਚਿਤਾਵਨੀ ਕਾਰਵਾਈਆਂ ਅਣਉਚਿਤ, ਪੰਜਾਬ ਬਰਬਾਦ ਲੋਕੀ ਭੈਅਭੀਤ ਆਹ ਕੁਰਬਾਨੀਆਂ ਤੇ ਬਹਾਦਰੀਆਂ, ਧਰਮ ਦੀ ਹੇਠੀ ਜ਼ਿੰਮੇਵਾਰ ਇਹ।

ਬਲਵਿੰਦਰ ਕੌਰ ਚਾਹਲ
ਸਾਊਥਾਲ

42 ਸਫ਼ੇ ਦੀ ਬਾਕੀ

# ਪੱਗ ਵਾਲਾ ਮੁੰਡਾ ਬਾਹ੍ਲਾ ਜੱਚਦਾ

ਗਿਆ ਕਰਕੇ ਜਾਣਦਾ ਹੈ ਤਾਂ ਬੋਲਦਾ ਹੈ ਭੂਤੀ ਪੰਗਾ ਟਿਕਣ ਨੀ ਦਿੰਦਾ, ਵੜਿੰਗ ਕਿਵੇਂ ਦੇਖੋ ਟੈਪੂ 'ਤੇ ਚੜ੍ਹ ਕੇ ਜਲੂਸ ਕੱਢਿਆ ਮੁਰਦਾਬਾਦ ਜਿੰਦਾਬਾਦ ਪੰਜਾਬ ਨੂੰ ਕੰਗਾਲ, ਵਿਕਾਸ ਰਹਿਤ, ਕਰਜਾਈ ਕਰਨ ਵਿੱਚ ਇਨ੍ਹਾਂ ਦਾ ਹੱਥ, ਰਹੀ ਗੱਲ ਕੇਜਰੀਵਾਲ ਉਹ ਤਾਂ ਦਿੱਲੀ ਤੋਂ ਵਿਹਲਾ ਪੰਜਾਬ ਨੂੰ ਦਬੱਲੂ ਭਗਵੰਤ ਮਾਨ ਭਾਵੇਂ ਐਨਾ ਊਂਧਾ ਤਾਂ ਨਹੀਂ ਜੱਟ ਹੈ, ਪਾਊ ਵਾਹਣੀ ਭਾਜਪਾ ਨੂੰ ਉਸਾਰੂ ਨੀਤੀ ਅਪਨਾਉਣੀ ਬਣਦੀ ਹੈ ਜੋ ਪੰਜਾਬ ਦਾ ਕਿਸਾਨ, ਮਜ਼ਦੂਰ ਤੇ ਭਈਆ ਵਰਗ ਗਰੀਬੀ ਰੇਖਾ ਤੋਂ ਪਰ੍ਹਾਂ ਨੀ ਹੁੰਦਾ ਨਾ ਤਾਂ ਭਾਜਪਾ ਦਾ ਬਣੂ ਨਾ ਅਕਾਲੀ ਦਲ ਕਿਸਾਨ ਆਗੂਆਂ ਨੂੰ ਅੜਿੰਗੋ ਅਤੇ ਆਹ ਵਿਦੇਸ਼ੀਆਂ ਦੇ ਭੀ ਖਿੱਤੇ ਫਰੋਲੋ ਕਿ ਕਿਵੇਂ ਪੈਸਾ ਲਿਆ ਕਿਵੇਂ ਵੰਡਿਆ, ਆਜੂ ਨਾਨੀ ਚੇਤੇ ਬਹੁਲਤਾ ਹਰ ਹੀ ਮਾੜੀ ਹੁੰਦੀ ਹੈ ਅੱਜ ਸਭ ਵਰਗਾਂ ਵਿਭਾਗਾਂ ਵਿੱਚ ਹੈ, ਕੁਦਰਤੀ ਮਾਹਾਂਮਾਰੀਆਂ ਤਾਂ ਹੀ ਸਾਨੂੰ ਮਾਰ ਕਰਦੀਆਂ ਹਨ ਪਰ ਅਸੀਂ ਰੱਬ ਨੂੰ ਘੜੱਬ ਜਾਣਦੇ ਹਾਂ, ਹਿੰਦੂ ਫਲਸਫਾ ਅੱਜ ਦਸ਼ਹਿਰੇ ਦਾ ਤਿਹਾਰ ਪ੍ਰਾਪੇਗੰਡਾ:- ਬਦੀ 'ਤੇ ਸੱਚ ਦੀ ਜਿੱਤ, ਸੱਚ:- ਰਾਵਣ ਵਲੀ, ਬੁੱਧੀਮਾਨ ਵੇਦਾਂ ਦਾ ਧਨੀ ਤੇ ਸ਼ਕਤੀਸ਼ਾਲੀ ਲੰਕਾ ਦਾ ਰਾਜਾ (ਲੰਕਾ ਪਤੀ ਰਾਵਣ) ਰਾਮ ਚੰਦਰ ਪਿਤਾ ਅਯੁੱਧਿਆ ਦਾ ਰਾਜਾ ਆਪਸੀ ਖੁੰਦਕ ਅਖੇ ਰਾਵਣ ਦੀ ਭੈਣ ਗੈਰੀ ਅੱਖ ਰੱਖਦੀ ਹੈ, ਸਾਡੇ ਯੁਵਕ 'ਤੇ ਨੱਕ ਵੱਢਤਾ ਤੇ ਬਣਵਾਸ ਗਏ ਰਾਮ ਲਛਮਣ ਤੇ ਸੀਤਾ, ਬਦਲੇ ਲਈ ਰਾਵਣ ਨੇ ਸੀਤਾ ਅਗਵਾ ਪਰ ਸੱਤ ਤੱਪ ਨਾਲ ਸੁਰੱਖਿਆ ਰੱਖੀ, ਪਰ ਯੁੱਧ ਕਰਕੇ ਰਾਵਣ ਦੇ ਭਰਾ ਦੀ ਮੁਖਬਰੀ 'ਤੇ ਰਾਵਣ ਮਾਰਿਆ ਗਿਆ, ਹਿੰਦੂ ਇਹਨੂੰ ਸੱਚ ਦੀ ਜਿੱਤ ਪ੍ਰਚਾਰ ਤਿਹਾਰ ਮਨਾਉਂਦੇ ਨੇ ਪਰ ਰਾਵਣ ਦੀ ਪੂਜਾ ਭੀ ਹੈ ਲੰਕਾ ਵਿੱਚ, ਸਿੱਖ ਭੀ ਇਹੋ ਜਿਹੇ ਪ੍ਰਚੰਡ ਦੇ ਧਾਰਨੀ।

ਆਹ ਵਪਾਰੀ ਤਬਕਾ (ਗੁਰੂ ਨਾਨਕ ਦੇਵ) ਦੇ ਵੱਟੇ ਦਿਖਾ ਕੇ ਕੀ ਧਰਮ ਪਾਲਦੇ ਨੇ ਜਾਂ ਕਾਰੋਬਾਰ, ਕਥਾਵਾਚਕ ਤਾਂ ਚੱਕੀ ਜਾਂਦੇ ਨੇ ਚੌਂਕੜੇ ਆੜੀਆਂ ਬੋਹਲ ਵਿੱਚੋਂ ਮੁੱਠੀ ਭਰ ਕੇ ਗਰੇਡਿੰਗ ਕਰਦਾ ਏ ਮੈਂ ਕੇਵਲ ਕੀਰਤਨ ਦੀ ਅਭਿਲਾਸ਼ੀ ਹਾਂ ਬਾਕੀ ਸਭ ਪਸਾਰਾ ਕੂੜ ਰਾਜਾ ਕੂੜ ਪ੍ਰਜਾ। ਲੇਖ ਲੰਮਾਂ ਭਾਵੇਂ ਹੋਵੇ ਪਰ ਅੱਜ ਹਿੰਦੂ ਦਸ਼ਹਿਰਾ ਧੂੰਮ ਨਾਲ ਮਨਾ ਹੋ ਰਿਹਾ ਹੈ, ਕਈ ਪੰਜਾਬੀ ਹਿੰਦੂ ਵੀਰ ਪਰਚੇ ਪੜ੍ਹਦੇ ਨੇ ਇਕ ਭਰਾ ਕਹਿੰਦਾ ਭੈਣ ਜੀ ਜਦੋਂ ਕਦੀ ਮੈਨੂੰ ਲੇਟ ਮਿਲੇ ਤਾਂ ਮੇਰਾ ਮਿੱਤਰ ਪਹਿਲਾਂ ਹੀ ਵਰਕੇ ਪਾੜ ਕੇ ਲੈ ਜਾਂਦਾ ਹੈ, ਮੈਂ ਕਿਹਾ ਭਾਅ ਜੀ ਅਸੀਂ ਰੱਖ ਕੇ ਜਾਈਦਾ ਏ, ਆਉ ਮੈਂ ਤਿਹਾਰ ਬਾਰੇ ਲਿਖਾਂ ਸਾਡਾ ਪਿੰਡ ਸ਼ਹਿਰ ਤੋਂ ਪੰਜ ਮੀਲ ਵਿੱਥ ਲਾਲੇ, ਸੂਦ, ਜਮੀਨਾਂ ਵੇਚ ਗਏ ਭਾਵੇਂ ਹੁਣ ਗਿਣਤੀ ਥੋੜ੍ਹੀ ਹੈ, ਦੂਜੀਆਂ ਜਾਤਾਂ ਤੇ ਜੱਟ ਬਹੁਤੇ ਪਿੰਡ ਵਿੱਚ ਦਸ਼ਹਿਰਾ ਕਮੇਟੀ ਹੈ, ਢਾ੍ਲ ਲਾ ਕੇ ਪੈਸੇ ਇਕੱਠੇ ਕਰਨੇ ਫੇਰ ਪਿੰਡ ਦੀ ਪੰਚਾਇਤੀ ਜਮੀਨ ਵਿੱਚ 10, 12 ਫੁੱਟ ਲੰਮਾ ਰਾਵਣ ਪੱਥਰ ਸੀਮਿੰਟ ਦਾ ਉਥੇ ਦੱਸ ਦਿਨ ਰਾਵਣ ਤੇ ਸਾਥੀਆਂ ਦੀਆਂ ਐਫ: ਜੀਆਂ ਚੜਾ ਕੇ ਆਉਣੀਆਂ, ਮੇਲਾ ਭਾਰੀ ਲਾਗਲੇ ਭੀ 10 ਕੁ ਪਿੰਡ ਪਹੁੰਚਣੇ, 14 ਸ਼ਰਾਧ 9 ਨਰਾਤੇ ਤੇ ਦੱਸਮੇ ਦਿਨ ਦਸ਼ਹਿਰਾ (ਮੇਲਾ) ਸ਼ਰਾਧ ਮ੍ਰਿਤਕਾਂ ਦੀਆਂ (ਬਰਸੀਆਂ) ਰੋਟੀਆਂ ਖੁਆਣੀਆਂ ਪੰਡਤਾਂ ਨੂੰ। ਨਰਾਤਿਆਂ ਵਿੱਚ ਰਾਮ ਸਰੂਪ (ਬੱਚਿਆਂ ਨੂੰ ਬਣਾ ਕੇ) ਪਾਠਾਂ ਦੀ ਤਰ੍ਹਾਂ ਰੋਟੀਆਂ, ਸਾਡੀ ਦਾਦੀ ਮਾਂ ਜੀ ਦੀ ਤਾਂ ਹਰ ਸਾਲ ਬੁਕਿੰਗ ਕੋਈ 100 ਕੁ ਬੰਦੇ ਦਾ ਰੋਟੀ ਪਾਣੀ ਸਾਕ ਸਕੀਰੀਆਂ ਵਿੱਚੋਂ ਨਾਨਕੀ, ਭੂਆ, ਮਾਸੀਆਂ ਦੇ ਨਿਆਣਿਆਂ ਦੋ ਹਫ਼ਤੇ ਰਹਿਣ ਆ ਜਾਣਾ, ਪੰਜ ਦਿਨ ਰਾਮ ਲੀਲਾ ਪੰਡਤ ਕਥਾ ਤੇ 4 ਦਿਨ (ਅਖੀਰਲੇ) ਚੱਬੇ-ਵਾਲ ਹੁਸ਼ਿਆਰਪੁਰ ਤੋਂ ਸੰਤ-ਰਾਮ ਦੀ ਰਾਸ (ਗਉਣ ਨੱਚਣ) ਲੱਗਣੀ ਸ਼ਾਮ ਨੂੰ 7 ਕੁ ਵਜੇ ਥਾਂ ਮੱਲਣ ਜਾਣਾ, ਨਾਲ ਦੇ ਪਿੰਡਾਂ ਤੋਂ ਭੀ ਆਉਂਦੇ ਦਸ਼ਹਿਰਾ ਵਾਲੇ ਦਿਨ ਤਾਂ ਰਿਸ਼ਤੇਦਾਰ ਰੌਣਕਾਂ ਲਈ ਪਧਾਰਦੇ ਹੀ ਸਨ, ਪਿੰਡ ਦੀ ਪਹੀ ਤੋਂ ਹੱਟੀਆਂ, ਦੂਜੇ ਪਿੰਡਾਂ ਤੋਂ ਆ ਰਹੇ ਰਸਤਿਆਂ 'ਤੇ ਭੀ ਹੱਟੀਆਂ ਹਰ ਚੀਜ਼ ਵਿਕਣੀ, ਘਰੀਂ ਭੀ ਪਕਵਾਨ, ਮੇਲੇ ਤੇ ਗੁਆਚਿਆਂ ਲੱਭਣਾ ਨਾ ਸ਼ਾਮ ਨੂੰ ਫੇਰ ਬੰਦਿਆਂ ਦੇ ਘੋਲ ਗਉਣੇ ਡੰਗਰਾਂ ਦੇ ਦਿਖਾਵੇ ਤੀਮੀਆਂ ਨੂੰ ਹੁਕਮ ਜਾਉ ਭਾਈ ਘਰਾਂ ਨੂੰ ਦੱਸਦੀ ਜਾਵਾਂ ਜੱਟਾਂ ਦੇ ਮੁੰਡੇ ਹੀ ਡਰਾਮਿਆਂ ਵਿੱਚ ਪੰਡਤਾਂ ਨਾਲ ਭਾਗੀ ਸਨ, ਕੋਈ ਵਿਤਕਰਾ ਹੁੰਦਾ ਹੀ ਨਹੀਂ ਸੀ, ਸਾਡੇ ਪਿੰਡ ਦਾ ਦਸ਼ਹਿਰਾ ਤਾਂ ਪ੍ਰਸਿੱਧ ਸੀ ਮੈਂ ਪਿਛਲੀ ਵਾਰ ਗਈ ਨੇ ਚਚੇਰੀ ਭਰਜਾਈ ਨੂੰ ਪੁੱਛਿਆ ਕਿ ਰਾਜ ਹੁਣ ਭੀ ਲੱਗਦਾ ਉੱਤਰ ਭੈਣ ਜੀ ਤਿੰਨ ਥਾਈਂ ਕਲੋਨੀਆਂ ਬਨਣ ਕਰਕੇ ਪੈਸੇ ਤਾਂ ਢਾਲ ਹੈ ਪੰਡਤ ਨੇ ਸਾਰੀ ਰਾਮ ਲੀਲਾ ਦੀ ਕਥਾ ਭੀ ਡਰਾਮੇ ਨਾਲ ਹੀ ਕਰਨੀ ਹੁਣ ਮੈਨੂੰ ਤਾਂ ਬਚਪਨ ਤੋਂ ਸੁਣਿਆ ਸਭ ਯਾਦ ਹੈ। ਇਕ ਵਾਰ ਹੱਸਦੀ ਨੇ (ਮਿੱਤਰ ਪਰਿਵਾਰ ਪੰਡਤ) ਕਿਹਾ ਪੰਡਤਾਂ ਨਾਲੋਂ ਤਾਂ ਮੈਂ ਵੱਧ ਜਾਣਦੀ ਹਾਂ, ਸਾਰ-ਅੰਸ਼:- ਬਦੀ ਕਿਉਂ ਗਰਦਾਨੀ ਸਿਆਸਤ ਫੇਰ (ਗੁਰੂ ਗ੍ਰੰਥ) ਵਿੱਚ ਅੰਕਤ ਮੂਰਖ ਰਾਵਣ ਕਿਆ ਲੇ ਗਿਆ) ਭਾਵੇਂ ਸੰਦੂਕ ਕਿਸੇ ਦੇ ਭੀ ਨਾਲ ਜਾਂਦਾ ਨਹੀਂ ਕੀ ਮੈਂ ਗਲਤ ਹਾਂ ਕਿ (ਗੁਰੂ ਗ੍ਰੰਥ) ਵਿੱਚ ਇਹ ਅੰਕਤ ਹਿੰਦੂ ਵੇਦਾਂ ਦੀ ਸਾਹਦੀ ਨੀ ਸਿੱਖ ਤਾਂ ਸਨ ਹੀ ਨਹੀਂ ਰਚੇਤਾ ਹਿੰਦੂ ਹੀ ਸਨ ਰਾਵਣ ਮੂਰਖ ਤਾਂ ਕੀ ਸਭ ਤੋਂ ਵੱਧ ਗੁਣੀ ਸੀ ਪਰ ਗੁੰਮਰਾਹਕੁੰਨ ਪ੍ਰਚਾਰ ਕੀ ਹੁਣ ਹਿੰਦੂਆਂ ਵਿੱਚ ਬਦੀ ਨਹੀਂ ਸਿੱਖਾਂ ਵਿੱਚ ਮੂਰਖ ਨਹੀਂ ਜਾਂ ਫੇਰ ਸਿੱਖਾਂ ਵਿੱਚ ਬਦੀ ਫੂਕੀ ਗਈ ਇਹ ਰੀਤ ਹੈ ਨਾਲੇ ਉੱਚੇ ਹੋਣ ਲਈ ਕੜੀ ਚਲੋ ਮੇਲੇ ਤਾਂ ਮਨੋਰੰਜਨ ਨੇ ਖ਼ੁਸ਼ ਹੋਵੋ, ਤਣਾਅ ਦੂਰ ਸੁੱਖਾਂ ਦੀਆਂ ਘੜੀਆਂ ਰੱਬ ਦੇਵੇ ਪਰ ਕਿਸੇ ਨੂੰ ਨੀਮਾਂ ਦਿਖਾ ਉੱਚੇ ਨਾ ਬਣੋ ਉੱਚੇ ਸੁੱਚੇ ਕੰਮ ਕਰੋ ਆਪੇ ਬਦੀ ਮਿੱਟ ਜਾਊ, ਸਾਡਾ ਭੀ ਅੱਜ ਇਹੀ ਹਾਲ ਹੈ (ਪ੍ਰਿਤੁਮ ਸੁਲਤਾਨ ਪੂਤ) ਜਿਉਂ ਲੱਗਦੇ ਨੇ (ਗੁਰੂ ਕਾਲ) ਲੜਾਈਆਂ, ਜੰਗਾਂ ਜਿੱਤੀਆਂ ਜੋ ਭੈੜੇ ਦਿਨ ਸਨ ਕਦੀ ਨਹੀਂ ਦੱਸਣਗੇ ਇਹ ਇਤਿਹਾਸ ਨੀ ਹੁੰਦਾ, ਮਿਥਹਾਸ ਹੈ ਅੱਜ ਦੇ ਸਮੇਂ ਵਿੱਚ ਨਾ ਤਾਂ ਕੋਈ ਮੰਨਦਾ ਹੀ ਹੈ ਨਾ ਮਾਨਤਾ ਦਿੰਦਾ ਬੱਸ ਹਉਮੇ ਨੂੰ ਪੱਠੇ, ਆਹ ਹੁਣ ਦੀਵਾਲੀ ਮਨਾਉਣਗੇ ਜੀ ਰਾਮ ਚੰਦਰ ਜੀ ਅਯੋਧਿਆ ਮੁੜੇ, ਰੋਸ਼ਨੀ ਹੋ ਗਈ ਸਾਡੇ ਗੁਰੂ ਰਿਹਾਅ।

ਬਲਵਿੰਦਰ ਕੌਰ ਚਾਹਲ ਸਾਊਥਾਲ

# ਕੈਨੇਡਾ ਤੇ ਇੰਡੀਆ ਵਿਚਾਲੇ ਤਣਾਅ ਕਾਰਣ ਵੀਜ਼ਾ ਬੰਦ ਹੋਣ ਦੇ ਸ਼ੰਕਿਆਂ ਤੋਂ ਭਾਰਤੀ ਮੂਲ ਦੇ ਲੋਕ ਚਿੰਤਤ

## ✪ ਲੱਖਾਂ ਭਾਰਤੀ ਵਿਦਿਆਰਥੀ ਹੋਣਗੇ ਪ੍ਰਭਾਵਿਤ

ਟੋਰਾਂਟੋ-ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਕੇਸ ਦੀ ਬੀਤੇ ਸਾਲ ਤੋਂ ਚੱਲ ਰਹੀ ਜਾਂਚ ਦਰਨਾਨ ਕੈਨੇਡਾ ਤੇ ਭਾਰਤ ਦੇ ਰਿਸ਼ਤਿਆਂ ਨੇ ਬੀਤੇ 48 ਕੁ ਘੰਟਿਆਂ ਦਰਨਾਨ ਤੇਜ਼ੀ ਨਾਲ ਨਿਘਾਰ ਵੱਲ ਰੁਖ ਕੀਤਾ ਹੈ, ਜਿਸ ਦਰਨਾਨ ਦੋਵਾਂ ਦੇਸ਼ਾਂ ਨੇ ਇਕ-ਦੂਜੇ ਦੇ ਰਾਜਦੂਤਾਂ ਸਮੇਤ ਦਰਜਨ ਕੂਟਨੀਤਕਾਂ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ ਹੈ। ਇਸੇ ਦਰਨਾਨ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬੀਤੇ ਦਿਨੀਂ ਰਾਜਧਾਨੀ ਓਟਾਵਾ ਵਿਖੇ ਪ੍ਰੈੱਸ ਕਾਨਫ਼ਰੰਸ ਕੀਤੀ। ਉਨ੍ਹਾਂ ਨਾਲ ਦੇਸ਼ ਦੇ ਜਨਤਕ ਸੁਰੱਖਿਆ ਮੰਤਰੀ ਡੋਮਨੀਕ ਲੇਬਲਾਂਕ ਅਤੇ ਵਿਦੇਸ਼ ਮੰਤਰੀ ਮੇਲਾਨੀ ਜੌਲੀ ਵੀ ਮੌਜੂਦ ਸਨ।ਟਰੂਡੋ ਨੇ ਕਿਹਾ ਕਿ ਅਸੀਂ ਭਾਰਤ ਦੀ ਪ੍ਰਭੂਸੱਤਾ ਦਾ ਸਤਿਕਾਰ ਕਰਦੇ ਹਾਂ ਤੇ ਬਦਲੇ 'ਚ ਭਾਰਤ ਤੋਂ ਵੀ ਇਹੀ ਆਸ ਰੱਖਦੇ ਹਾਂ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਵਿਚਕਾਰ ਲੋਕਾਂ ਤੋਂ ਲੋਕਾਂ ਤੱਕ ਡੂੰਘੇ ਇਤਿਹਾਸਕ ਰਿਸ਼ਤੇ ਹਨ ਤੇ ਦੋਵੇਂ ਦੇਸ਼ਾਂ 'ਚ ਲੋਕਤੰਤਰ ਮਜ਼ਬੂਤ ਹੈ। ਟਰੂਡੋ ਨੇ ਸਪੱਸ਼ਟ ਕਿਹਾ ਕਿ ਕੈਨੇਡਾ ਦੀ ਪ੍ਰਭੂਸੱਤਾ ਭੰਗ ਕਰਕੇ ਭਾਰਤ ਸਰਕਾਰ ਨੇ ਬੁਨਿਆਦੀ ਗਲਤੀ ਕੀਤੀ ਹੈ। ਮੰਤਰੀ ਜੌਲੀ ਅਤੇ ਲੇਬਲਾਂਕ ਨੇ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੇ ਅਧਿਕਾਰੀਆਂ (ਆਰ.ਸੀ.ਐਮ.ਪੀ.) ਦੇ ਹਵਾਲੇ ਨਾਲ ਦੱਸਿਆ ਕਿ ਕਤਲਾਂ ਦੀ ਸਾਜਿਸ਼, ਜਬਰੀ ਵਸੂਲੀ, ਚੋਣਾਂ 'ਚ ਦਖ਼ਲ, ਜਾਣਕਾਰੀ ਇਕੱਤਰ ਕਰਨ ਲਈ ਗੈਰ-ਕਾਨੂੰਨੀ ਤਰੀਕੇ ਅਪਣਾਉਣ ਜਿਹੇ ਜੁਰਮਾਂ ਲਈ ਕੈਨੇਡਾ ਦੀ ਧਰਤੀ ਨੂੰ ਵਰਤਣ ਨਹੀਂ ਦਿੱਤਾ ਜਾ ਸਕਦਾ। ਇਸ ਤੋਂ ਪਹਿਲਾਂ ਆਰ. ਸੀ. ਐਮ.ਪੀ. ਦੇ ਅਧਿਕਾਰੀਆਂ ਨੇ ਆਪਣੀ ਪ੍ਰੈੱਸ ਕਾਨਫ਼ਰੰਸ 'ਚ ਕਿਹਾ ਸੀ ਕਿ ਕੈਨੇਡਾ ਵਿਚ ਹਿੰਸਾ ਫੈਲਾਉਣ ਲਈ ਭਾਰਤ ਸਰਕਾਰ ਨੇ ਲਾਰੈਂਸ ਬਿਸ਼ਨੋਈ ਗੈਂਗ ਦੀ ਵਰਤੋਂ ਕੀਤੀ। ਇਹ ਵੀ ਕਿ ਭਾਈ ਨਿੱਝਰ ਕਤਲ ਕੇਸ ਬਾਰੇ ਜਾਣਕਾਰੀ ਜੱਗ-ਜ਼ਾਹਿਰ ਹੋਣ ਬਾਅਦ ਕੈਨੇਡਾ ਵਿਚ ਹਿੰਸਕ ਘਟਨਾਵਾਂ ਵਿਚ ਹੋਰ ਵਾਧਾ ਹੋ ਗਿਆ ਸੀ, ਜਿਸ ਵਿਚ ਐਬਟਸਫੋਰਡ, ਸਰੀ, ਵੈਨਕੂਵਰ, ਟੋਰਾਂਟੋ, ਬਰੈਂਪਟਨ ਆਦਿ ਸ਼ਹਿਰਾਂ ਤੱਕ ਗੋਲੀਬਾਰੀ ਤੇ ਜਬਰੀ ਵਸੂਲੀ ਦੀਆਂ ਘਟਨਾਵਾਂ ਵਾਪਰਦੀਆਂ ਰਹੀਆਂ ਅਤੇ ਇਨ੍ਹਾਂ ਵਾਰਦਾਤਾਂ ਲਈ ਗ੍ਰਿਫ਼ਤਾਰ ਕੀਤੇ ਗਏ ਸਾਰੇ ਸ਼ੱਕੀ (ਪੰਜਾਬੀ) ਭਾਰਤੀ ਨਾਗਰਿਕ ਹਨ। ਟਰੂਡੋ ਨੇ ਕਿਹਾ ਕਿ ਵਿਦੇਸ਼ੀ ਦਖ਼ਲ ਅਤੇ ਹਿੰਸਾ ਤੋਂ ਕੈਨੇਡਾ ਦੇ ਲੋਕਾਂ ਦੀ ਸੁਰੱਖਿਆ ਕਰਨਾ ਉਨ੍ਹਾਂ ਦਾ ਪਹਿਲਾ ਫਰਜ਼ ਹੈ। ਉਨ੍ਹਾਂ ਨੇ ਇਸ ਮਨਕੇ ਰਾਜਨੀਤਕ ਲਾਹਾ ਲੈਂਦੇ ਹੋਏ ਸਾਰੀਆਂ ਪਾਰਟੀਆਂ ਦੇ ਸੰਸਦ ਮੈਂਬਰਾਂ ਨੂੰ ਇਸ (ਪ੍ਰਭੂਸੱਤਾ ਦੇ) ਮੁੱਦੇ 'ਤੇ ਇਕਜੁੱਟ ਹੋਣ ਦੀ ਅਪੀਲ ਵੀ ਕੀਤੀ। ਭਾਵੇਂ ਕਿ ਦੇਸ਼ ਭਰ ਵਿਚ ਉਨ੍ਹਾਂ ਦੀ ਹਰਮਨਪਿਆਰਤਾ ਨੂੰ ਵੱਡਾ ਖੋਰਾ ਲੱਗ ਚੁੱਕਾ ਹੈ ਅਤੇ ਵਿਰੋਧੀ ਧਿਰ, ਕੰਜ਼ਰਵੇਟਿਵ ਪਾਰਟੀ ਵਲੋਂ ਸੰਸਦ 'ਚ ਲਗਾਤਾਰ ਬੇਭਰੋਸਗੀ ਮਤੇ ਪੇਸ਼ ਕੀਤੇ ਜਾਂਦੇ ਹਨ ਤੇ ਟਰੂਡੋ ਦੀ ਆਪਣੀ ਲਿਬਰਲ ਪਾਰਟੀ ਦੇ ਵੱਡੀ ਗਿਣਤੀ ਸੰਸਦ ਮੈਂਬਰ ਵੀ ਉਨ੍ਹਾਂ ਦੀਆਂ ਫਲਾਪ ਨੀਤੀਆਂ ਤੋਂ ਅਸੰਤੁਸ਼ਟ ਹੋ ਕੇ ਉਨ੍ਹਾਂ ਦੇ ਵਿਰੋਧ 'ਚ ਇਕੱਠੇ ਹੋ ਰਹੇ ਹਨ।ਲੇਬਲਾਂਕ ਨੇ ਕਿਹਾ ਕਿ ਸਿੱਖ ਭਾਈਚਾਰੇ ਨੂੰ ਕੈਨੇਡਾ ਦੇ ਅਧਿਕਾਰੀਆਂ ਨਾਲ ਮਿਲ ਕੇ ਕੰਮ ਕਰਦੇ ਰਹਿਣਾ ਚਾਹੀਦਾ ਹੈ। ਜੌਲੀ ਨੇ ਕਿਹਾ ਕਿ ਸੱਚ ਪਤਾ ਕਰਨ ਲਈ ਪੁਲਿਸ ਨੂੰ ਆਪਣਾ ਕੰਮ ਕਰਨ ਦਿੱਤਾ ਜਾਣਾ ਚਾਹੀਦਾ ਹੈ ਕਿਉਂਕਿ ਕੈਨੇਡਾ 'ਚ ਕੈਨੇਡੀਅਨ ਨਾਗਰਿਕ ਦੇ ਕਰਵਾਏ ਗਏ ਕਤਲ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਅਸੀਂ ਵਿਆਨਾ ਕਨਵੈਨਸ਼ਨ ਦਾ ਸਤਿਕਾਰ ਕਰਦੇ ਹੋਏ ਭਾਰਤ ਸਰਕਾਰ ਨੂੰ 6 ਭਾਰਤੀ ਕੂਟਨੀਤਕਾਂ ਦੀ ਇਮਿਊਨਿਟੀ ਖਤਮ ਕਰਨ ਬਾਰੇ ਕਿਹਾ ਸੀ ਪਰ ਭਾਰਤ ਨੇ ਇਸ ਤੋਂ ਇਕਦਮ ਨਾਂਹ ਕਰ ਦਿੱਤੀ ਤਾਂ ਉਨ੍ਹਾਂ ਕੂਟਨੀਤਕਾਂ ਨੂੰ ਦੇਸ਼ 'ਚੋਂ ਕੱਢਣਾ ਹੀ ਇਕ ਹੱਲ ਬਚਿਆ ਸੀ। ਉਨ੍ਹਾਂ ਦੱਸਿਆ ਕਿ ਵਿਆਨਾ ਕਨਵੈਨਸ਼ਨ ਅਨੁਸਾਰ ਕੂਟਨੀਤਕਾਂ ਨੂੰ ਦੇਸ਼ 'ਚੋਂ ਕੱਢਣਾ ਸਭ ਤੋਂ ਵੱਡੀ ਭਾਵ ਚੋਟੀ ਦੀ ਕਾਰਵਾਈ ਹੈ। ਇਸ ਦੇ ਨਾਲ਼ ਉਨ੍ਹਾਂ ਆਖਿਆ ਕਿ ਅਸੀਂ ਆਪਣੇ ਭਾਈਵਾਲ ਦੇਸ਼ਾਂ ਬਰਤਾਨੀਆ, ਆਸਟ੍ਰੇਲੀਆ, ਅਮਰੀਕਾ, ਨਿਊਜ਼ੀਲੈਂਡ ਨੂੰ ਵੀ ਭਾਰਤ ਨਾਲ ਬਣ ਰਹੀ ਸਥਿਤੀ ਤੋਂ ਜਾਣੂੰ ਕਰਵਾਇਆ ਹੈ। ਇਹ ਵੀ ਕਿ ਉਹ ਆਪਣੇ ਅਮਰੀਕੀ ਹਮਰੁਤਬਾ ਨਾਲ਼ ਵੀ ਲਗਾਤਾਰ ਸੰਪਰਕ 'ਚ ਹਨ। ਜੌਲੀ ਨੇ ਕਿਹਾ ਕਿ ਅਮਰੀਕੀ ਨਾਗਰਿਕ ਦੇ ਕਤਲ ਦੀ ਸਾਜਿਸ਼ ਬਾਰੇ ਜਾਂਚ 'ਚ ਭਾਰਤ ਵਲੋਂ ਅਮਰੀਕਾ ਨਾਲ ਸਹਿਯੋਗ ਕੀਤਾ ਜਾ ਰਿਹਾ ਹੈ ਤੇ ਉਸੇ ਤਰਾਂ ਦੇ ਸਹਿਯੋਗ ਲਈ ਅਸੀਂ ਅਪੀਲ ਕੀਤੀ ਸੀ ਜਿਸ ਨੂੰ ਭਾਰਤੀ ਸਰਕਾਰ ਨੇ ਠੁਕਰਾ ਦਿੱਤਾ।

### ਪੰਜਾਬੀ ਤਣਾਅ ਤੋਂ ਚਿੰਤਤ

ਇਸ ਮਾਮਲੇ 'ਚ ਬੀਤੇ ਸਾਲ ਭਾਰਤ ਸਰਕਾਰ ਨੇ ਕਾਰਵਾਈ ਕਰਦਿਆਂ ਕੈਨੇਡਾ ਦੇ ਨਾਗਰਿਕਾਂ ਲਈ ਵੀਜ਼ਾ ਸੇਵਾ ਬੰਦ ਕਰ ਦਿੱਤੀ ਸੀ, ਜਿਸ ਤੋਂ ਭਾਰਤੀ ਮੂਲ ਦੇ ਕੈਨੇਡਾ ਵਾਸੀ ਲੋਕ ਹੀ ਪ੍ਰਭਾਵਿਤ ਹੋਏ ਸਨ। ਦੋਵਾਂ ਦੇਸ਼ਾਂ ਵਿਚਕਾਰ ਤਲਖੀ ਵਧਣ ਤੋਂ ਹੁਣ ਇਕ ਵਾਰ ਫਿਰ ਲੋਕ ਵੀਜ਼ਾ ਬੰਦ ਹੋਣ ਦੇ ਸ਼ੰਕਿਆਂ ਤੋਂ ਚਿੰਤਤ ਹੋ ਰਹੇ ਹਨ। ਤਾਜ਼ਾ ਖ਼ਬਰ ਅਨੁਸਾਰ ਭਾਰਤ ਦੇ ਈ-ਵੀਜ਼ਾ ਦੀ ਸਰਵਿਸ ਅਜੇ ਤੱਕ ਨਿਰਵਿਘਨ ਚੱਲ ਰਹੀ ਹੈ

ਕੈਨੇਡਾ ਵਿਚ ਵੱਡੀ ਸੰਖਿਆ ਵਿਚ ਭਾਰਤੀ ਰਹਿੰਦੇ ਹਨ। ਹਰ ਸਾਲ ਹਜ਼ਾਰਾਂ ਵਿਦਿਆਰਥੀ ਕੈਨੇਡਾ 'ਚ ਪੜ੍ਹਾਈ ਕਰਨ ਲਈ ਜਾਂਦੇ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਨੇ ਵੀ ਭਾਰਤ ਨਾਲ ਵਪਾਰਕ ਤੇ ਨਾਗਰਿਕ ਸੰਬੰਧਾਂ ਦਾ ਜ਼ਿਕਰ ਕਰਦੇ ਹੋਏ ਕਿਹਾ ਸੀ ਉਹ ਭਾਰਤ ਨਾਲ ਖਰਾਬ ਰਿਸ਼ਤੇ ਨਹੀਂ ਚਾਹੁੰਦੇ ਹਨ। ਭਾਰਤ ਤੇ ਕੈਨੇਡਾ ਦਰਮਿਆਨ ਕਿੰਨਾ ਵਪਾਰ ਹੈ, ਜੇਕਰ ਸਾਲ 2022 ਦੀ ਗੱਲ ਕੀਤੀ ਜਾਵੇ ਤਾਂ ਭਾਰਤ ਕੈਨੇਡਾ ਦਾ 10ਵਾਂ ਵੱਡਾ ਵਪਾਰਕ



ਭਾਈਵਾਲ ਹੈ। 2021 ਦੇ ਸਰਕਾਰੀ ਅੰਕੜਿਆਂ ਅਨੁਸਾਰ ਦੋਵੇਂ ਦੇਸ਼ਾਂ ਵਿਚਕਾਰ 59 ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਦਾ ਕਾਰੋਬਾਰ ਹੈ। ਇਸ ਵਿਚ ਭਾਰਤ ਦਾ ਕੈਨੇਡਾ ਨੂੰ ਨਿਰਯਾਤ ਲਗਭਗ 40 ਹਜ਼ਾਰ ਕਰੋੜ ਰੁਪਏ ਦਾ ਹੈ ਜਦਕਿ ਬਾਕੀ 19 ਹਜ਼ਾਰ ਕਰੋੜ ਦਾ ਭਾਰਤ ਕੈਨੇਡਾ ਤੋਂ ਆਯਾਤ ਕਰਦਾ ਹੈ। ਨਿਊਜ਼ੀ ਏਜੈਂਸੀ ਰਾਈਟਰ ਦੀ ਰਿਪੋਰਟ ਅਨੁਸਾਰ 600 ਤੋਂ ਵੱਧ ਕੈਨੇਡੀਅਨ ਕੰਪਨੀਆਂ 'ਤੇ ਉਨ੍ਹਾਂ ਦਾ ਸੰਗਠਨ ਭਾਰਤ ਵਿਚ ਹੈ। ਕੈਨੇਡਾ ਵਿਚ ਵੱਡੀ ਸੰਖਿਆਂ 'ਚ ਵਿਦੇਸ਼ੀ ਵਿਦਿਆਰਥੀ ਪੜ੍ਹਾਈ ਕਰਨ ਲਈ ਜਾਂਦੇ ਹਨ। ਭਾਰਤ ਤੋਂ 230, 000 ਵਿਦਿਆਰਥੀ ਕੈਨੇਡਾ 'ਚ ਪੜ੍ਹਾਈ ਕਰ ਰਹੇ ਹਨ। ਕੈਨੇਡਾ 'ਚ ਵਿਦੇਸ਼ੀ ਵਿਦਿਆਰਥੀ ਕਮਾਈ ਦਾ ਵੱਡਾ ਸਰੋਤ ਹੈ। ਇਸ ਵੇਲੇ ਜੋ ਹਾਲਾਤ ਦੋਨਾਂ ਦੇਸ਼ਾਂ ਦਰਮਿਆਨ ਚਲ ਰਹੇ ਹਨ ਤੇ ਇਸ ਦਾ ਅਸਰ ਵਿਦਿਆਰਥੀਆਂ 'ਤੇ ਪੈ ਸਕਦਾ ਹੈ। ਕੈਨੇਡਾ 'ਚ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਨੂੰ ਵੀਜ਼ਾ ਮਿਲਣ 'ਚ ਦਿੱਕਤਾ ਪੇਸ਼ ਆ ਸਕਦੀਆਂ ਹਨ ਤੇ ਇਹ ਸੰਭਵ ਹੈ ਕਿ ਕੈਨੇਡਾ ਇਸ 'ਚ ਸਖ਼ਤੀ ਕਰ ਸਕਦਾ ਹੈ। ਇਸ ਦਾ ਪਹਿਲਾ ਹੀ ਅਸਰ ਵੇਖਣ ਨੂੰ ਮਿਲਿਆ ਹੈ ਤੇ ਕੈਨੇਡਾ ਵਲੋਂ ਭਾਰਤੀ ਵਿਦਿਆਰਥੀਆਂ ਨੂੰ ਵੀਜ਼ਾ ਘੱਟ ਦਿੱਤਾ ਜਾ ਰਿਹਾ ਹੈ ਤੇ ਇਸ ਤੋਂ ਇਲਾਵਾ ਕੈਨੇਡਾ 'ਚ ਵੀਜ਼ਾ ਨਿਯਮਾਂ 'ਚ ਤਬਦੀਲੀ ਦਾ ਪਹਿਲਾਂ ਹੀ ਵੱਡਾ ਅਸਰ ਭਾਰਤੀ ਤੇ ਵਿਦੇਸ਼ੀ ਵਿਦਿਆਰਥੀਆਂ ਤੇ ਵੇਖਣ ਨੂੰ ਮਿਲਿਆ ਹੈ। ਅਲ ਜਜੀਰਾ ਦੀ ਰਿਪੋਰਟ ਅਨੁਸਾਰ ਇਹ ਫ਼ੈਸਲਾ ਕੈਨੇਡਾ ਨੂੰ ਹੋਰ ਵੀ ਮੁਸ਼ਕਲ ਸਥਿਤੀ 'ਚ ਪਾ ਸਕਦਾ ਹੈ।ਇਸ ਵੇਲੇ ਐਸਾ ਸਮਾਂ ਹੈ ਜਦੋਂ ਯੂਰਪੀ ਸੰਘ, ਅਮਰੀਕਾ, ਆਸਟਰੇਲੀਆ ਭਾਰਤ ਨਾਲ ਆਪਣੇ ਸੰਬੰਧ ਚੰਗੇ ਬਣਾ ਕੇ ਇਸ 'ਚ ਵਾਧਾ ਕਰ ਰਿਹਾ ਹੈ ਤੇ ਇਸ ਨਾਲ ਕੈਨੇਡਾ ਆਪਣੇ ਸਾਰੇ ਸਹਿਯੋਗੀਆਂ ਤੋਂ ਵੀ ਹੋਰ ਦੂਰ ਹੋ ਜਾਵੇਗਾ।

### ਪੰਜਾਬ ਵਸਦੇ ਪਰਿਵਾਰਾਂ ਦੀ ਚਿੰਤਾ ਵਧਾਈ

ਭਾਰਤ-ਕੈਨੇਡਾ ਵਿੱਚ ਵਧ ਰਹੇ ਤਣਾਅ ਨੇ ਪੰਜਾਬ ਦੇ ਕਈ ਨੌਜਵਾਨਾਂ ਅਤੇ ਪਰਿਵਾਰਾਂ ਦੀ ਚਿੰਤਾ ਵਧਾ ਦਿੱਤੀ ਹੈ। ਹੁਸ਼ਿਆਰਪੁਰ ਦੇ ਨੌਜਵਾਨ ਕੁਨਾਲ ਸੈਣੀ (21) ਦਾ ਮੰਨਣਾ ਹੈ ਕਿ ਉਸ ਦਾ ਕੈਨੇਡਾ ਵਿੱਚ ਪੜ੍ਹਾਈ ਕਰਨ ਦਾ ਸੁਫ਼ਨਾ ਅਧੂਰਾ ਰਹਿ ਜਾਵੇਗਾ। ਇਸੇ ਤਰ੍ਹਾਂ ਹੁਸ਼ਿਆਰਪੁਰ ਦਾ ਅਰਵਿੰਦ ਸ਼ਰਮਾ, ਜਿਸ ਦਾ ਪੁੱਤਰ ਕੈਨੇਡਾ ਵਿੱਚ ਪੱਕੇ ਤੌਰ 'ਤੇ ਵਸਨੀਕ ਹੈ, ਨੂੰ ਡਰ ਹੈ ਕਿ ਆਪਣੇ ਪੁੱਤਰ ਨੂੰ ਮਿਲਣ ਲਈ ਉੱਤਰੀ ਅਮਰੀਕਾ ਦੇਸ਼ ਵਿੱਚ ਜਾਣ ਲਈ ਵੀਜ਼ਾ ਹਾਸਲ ਕਰਨਾ ਉਸ ਲਈ ਮੁਸ਼ਕਲ ਹੋ ਜਾਵੇਗਾ।

ਭਾਰਤ ਅਤੇ ਕੈਨੇਡਾ ਵਿਚਾਲੇ ਇਸ ਵਧ ਰਹੇ ਕੂਟਨੀਤਕ ਵਿਵਾਦ ਨੇ ਕਈ ਪਰਿਵਾਰਾਂ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ।

ਪੜ੍ਹਾਈ ਕਰਨ ਅਤੇ ਉੱਥੇ ਵੱਸਣ ਲਈ ਕੈਨੇਡਾ ਪੰਜਾਬੀਆਂ ਲਈ ਸਭ ਤੋਂ ਪਸੰਦੀਦਾ ਦੇਸ਼ਾਂ 'ਚੋਂ ਇੱਕ ਹੈ। ਕਪੂਰਥਲਾ, ਜਲੰਧਰ, ਹੁਸ਼ਿਆਰਪੁਰ ਅਤੇ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਜ਼ਿਲ੍ਹਿਆਂ ਵਾਲੇ ਦੋਆਬਾ ਖੇਤਰ ਦੇ ਵੱਡੀ ਗਿਣਤੀ ਲੋਕ ਵਿਦੇਸ਼ਾਂ 'ਚ ਵਸੇ ਹੋਏ ਹਨ। ਇਨ੍ਹਾਂ 'ਚੋਂ ਬਹੁਤੇ ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਵਿੱਚ ਰਹਿ ਰਹੇ ਹਨ। ਹੁਸ਼ਿਆਰਪੁਰ ਦੇ ਗੌਤਮ ਨਗਰ ਦੇ ਵਸਨੀਕ ਕੁਨਾਲ ਸੈਣੀ ਨੇ ਸਥਿਤੀ 'ਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਕੈਨੇਡਾ ਵਿੱਚ ਪੜ੍ਹਾਈ ਕਰਨ ਦਾ ਉਸ ਦਾ ਸੁਫਨਾ ਹੁਣ ਪੂਰਾ ਹੁੰਦਾ ਨਹੀਂ ਨਜ਼ਰ ਆ ਰਿਹਾ। ਤਿੰਨ ਸਾਲ ਪਹਿਲਾਂ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਗਈ ਉਸ ਦੀ ਭੈਣ ਕਨਿਕਾ ਸੈਣੀ ਉਸ ਨੂੰ ਕੈਨੇਡਾ ਵਿੱਚ ਦਰਪੇਸ਼ ਚੁਣੌਤੀਆਂ ਬਾਰੇ ਜਾਣਕਾਰੀ ਦੇ ਰਹੀ ਹੈ। ਉਸ ਨੇ ਆਪਣੇ ਭਰਾ ਨੂੰ ਦੱਸਿਆ ਕਿ ਕੈਨੇਡੀਅਨ ਸਰਕਾਰ ਨੇ ਉਨ੍ਹਾਂ 'ਤੇ ਸਖ਼ਤ ਪਾਬੰਦੀਆਂ ਲਾ ਦਿੱਤੀਆਂ ਹਨ। ਮੌਜੂਦਾ ਹਾਲਾਤ ਦੇਖਦਿਆਂ ਕੁਨਾਲ ਨੇ ਕੈਨੇਡਾ ਵਿੱਚ ਪੜ੍ਹਾਈ ਕਰਨ ਦੀ ਆਪਣੀ ਯੋਜਨਾ ਬਦਲਣ ਦਾ ਫ਼ੈਸਲਾ ਕੀਤਾ ਹੈ ਅਤੇ ਉਹ ਹੁਣ ਉੱਚ ਸਿੱਖਿਆ ਲਈ ਹੋਰ ਬਦਲ ਲੱਭ ਰਿਹਾ ਹੈ। ਜਾਣਕਾਰੀ ਅਨੁਸਾਰ ਕੈਨੇਡਾ ਜਾਣ ਵਾਲੇ ਕੁੱਲ ਭਾਰਤੀ ਵਿਦਿਆਰਥੀਆਂ 'ਚੋਂ 70 ਫੀਸਦ ਪੰਜਾਬੀ ਹਨ। ਫਗਵਾੜਾ ਦੇ ਇੱਕ ਵਿਅਕਤੀ ਨੇ ਕਿਹਾ ਕਿ ਦੋਵਾਂ ਦੇਸ਼ਾਂ ਨੂੰ ਕੂਟਨੀਤਕ ਰਿਸ਼ਤੇ ਜਲਦੀ ਸੁਲਝਾ ਲੈਣੇ ਚਾਹੀਦੇ ਹਨ।

### ਬੱਚਿਆਂ ਨੂੰ ਮਿਲਣ ਲਈ ਵਿਜ਼ਿਟਰ ਵੀਜ਼ਾ ਲੈਣ 'ਚ ਮਾਪਿਆਂ ਨੂੰ ਆ ਰਹੀ ਹੈ ਮੁਸ਼ਕਲ

ਕਪੂਰਥਲਾ ਦੇ ਰਿਸ਼ੀਪਾਲ, ਅਮਨਦੀਪ ਅਤੇ ਮਦਨ ਲਾਲ, ਜਿਨ੍ਹਾਂ ਦੇ ਬੱਚੇ ਕੈਨੇਡਾ ਵਿੱਚ ਪੜ੍ਹਾਈ ਲਈ ਗਏ ਹਨ, ਨੇ ਕਿਹਾ ਕਿ ਉਨ੍ਹਾਂ ਦੇ ਬੱਚਿਆਂ ਨੂੰ ਵਰਕ ਪਰਮਿਟ ਵਧਾਉਣ ਵਿੱਚ ਪਹਿਲਾਂ ਹੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਅਤੇ ਹੁਣ ਆਪੋ-ਆਪਣੇ ਬੱਚਿਆਂ ਨੂੰ ਮਿਲਣ ਲਈ ਕੈਨੇਡਾ ਜਾਣ ਵਾਸਤੇ ਵਿਜ਼ਿਟਰ ਵੀਜ਼ਾ ਹਾਸਲ ਕਰਨ ਲਈ ਵੀ ਉਨ੍ਹਾਂ ਨੂੰ ਸਮੱਸਿਆ ਆ ਰਹੀ ਹੈ। ਇਸੇ ਤਰ੍ਹਾਂ ਹੁਸ਼ਿਆਰਪੁਰ ਵਿੱਚ ਸਟੇਸ਼ਨਰੀ ਦੀ ਦੁਕਾਨ ਦੇ ਮਾਲਕ ਅਰਵਿੰਦ ਸ਼ਰਮਾ ਨੂੰ ਡਰ ਹੈ ਕਿ ਮੌਜੂਦਾ ਕੂਟਨੀਤਕ ਵਿਵਾਦ ਕਾਰਨ ਕੈਨੇਡਾ ਅਤੇ ਭਾਰਤ ਦੋਵਾਂ ਦੇਸ਼ਾਂ ਵਿੱਚ ਭਾਰਤੀਆਂ ਨੂੰ ਆਪੋ-ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਵੀਜ਼ਾ ਪ੍ਰਾਪਤ ਕਰਨ ਵਿੱਚ ਮੁਸ਼ਕਲ ਆ ਸਕਦੀ ਹੈ।

# ਭਗਵੇਂਵਾਦੀਆਂ ਵਲੋਂ ਲੰਕੇਸ਼ ਦੇ ਕਥਿਤ ਕਾਤਲਾਂ ਦਾ ਹਾਰ ਪਾਕੇ ਸਵਾਗਤ

**✪ ਫਿਰਕੂ ਦਹਿਸ਼ਤਗਰਦੀ ਤੇ ਹਿੰਦੂਤਵ ਵਿਰੋਧੀ ਸੀ ਗੌਰੀ ਲੰਕੇਸ਼ ✪ ਲੰਕੇਸ਼ ਦੀ 2017 ਨੂੰ ਬੇਂਗਲੁਰੂ ਵਿਖੇ ਗੋਲੀ ਮਾਰ ਕੇ ਕੀਤੀ ਸੀ ਹੱਤਿਆ**





## ਖਾਸ ਖਬਰ

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਪਿਛਲੇ ਦਿਨੀਂ ਆਰ ਐੱਸ ਐੱਸ ਮੁਖੀ ਮੋਹਨ ਭਾਗਵਤ ਵੱਲੋਂ ਦਿੱਤੇ ਗਏ ਇੱਕ ਬਿਆਨ ਦੇ ਜਵਾਬ ਵਿੱਚ ਕਿਹਾ ਸੀ ਕਿ ਭਾਰਤੀ ਜਨਤਾ ਪਾਰਟੀ ਇੱਕ ਦਹਿਸ਼ਤਗਰਦ ਪਾਰਟੀ ਹੈ। ਕੁਝ ਲੋਕ ਖੜਗੇ ਦੇ ਬਿਆਨ ਨੂੰ ਲੋੜੋਂ ਵੱਧ ਤਿੱਖਾ ਕਹਿ ਕੇ ਇਸ ਦੀ ਨਿੰਦਾ ਕਰ ਰਹੇ ਹਨ, ਪਰ ਹੈ ਇਹ ਬਿਲਕੁਲ ਹਕੀਕਤ।

ਖੜਗੇ ਦੇ ਬਿਆਨ ਤੋਂ ਅਗਲੇ ਦਿਨ ਹੀ ਇੱਕ ਘਟਨਾ ਨੇ ਉਸ ਦੇ ਕਹੇ ਨੂੰ ਸੱਚ ਸਾਬਤ ਕਰ ਦਿੱਤਾ। ਪੱਤਰਕਾਰ ਗੌਰੀ ਲੰਕੇਸ਼ ਦੀ ਹੱਤਿਆ ਦੇ ਦੋ ਮੁੱਖ ਮੁਲਜ਼ਮਾਂ ਨੂੰ 9 ਅਕਤੂਬਰ ਨੂੰ ਜ਼ਮਾਨਤ ਦੇ ਦਿੱਤੀ ਗਈ ਤੇ 11 ਅਕਤੂਬਰ ਨੂੰ ਉਹ ਜੇਲ੍ਹ ਤੋਂ ਬਾਹਰ ਆ ਗਏ। ਪਰਸੂਰਾਮ ਬਾਘਮੋਰੇ ਤੇ ਮਨੋਹਰ ਯਾਦਵ ਨਾਂਅ ਦੇ ਇਨ੍ਹਾਂ ਮੁਲਜ਼ਮਾਂ ਦੇ ਜੇਲ੍ਹ ਤੋਂ ਬਾਹਰ ਆਉਣ 'ਤੇ ਉਨ੍ਹਾਂ ਦਾ ਹਿੰਦੂਤਵੀ ਸਮੂਹਾਂ ਵੱਲੋਂ ਮਾਲਾ ਪਹਿਨਾ ਕੇ ਸਵਾਗਤ ਕੀਤਾ ਗਿਆ। ਰਾਮ ਸੈਨਾ ਦੇ ਜ਼ਿਲ੍ਹਾ ਪ੍ਰਧਾਨ ਨੀਲਕੰਤ ਕੰਡਗਲ ਨੇ ਬੀਬੀਸੀ ਹਿੰਦੀ ਨੂੰ ਦੱਸਿਆ ਕਿ ਇਹ ਹਿੰਦੂ ਕਾਰਕੁਨ ਹਨ। ਉਹ ਜ਼ਮਾਨਤ 'ਤੇ ਰਿਹਾਅ ਹੋਏ ਸੀ, ਇਸ ਲਈ ਅਸੀਂ ਫੁੱਲਾਂ ਦੇ ਹਾਰਾਂ ਨਾਲ ਉਨ੍ਹਾਂ ਦਾ ਸਵਾਗਤ ਕੀਤਾ। ਅਸੀਂ ਕਾਲਿਕਾ ਮੰਦਰ ਵਿੱਚ ਪੂਜਾ ਕੀਤੀ ਅਤੇ ਅਰਦਾਸ ਕੀਤੀ ਕਿ ਉਹ ਅਦਾਲਤ ਤੋਂ ਬਰੀ ਹੋ ਜਾਣ।

ਮੰਦਰ ਪਹੁੰਚਣ ਤੋਂ ਪਹਿਲਾਂ ਪਰਸ਼ੂਰਾਮ ਵਾਗਮੋਰ ਅਤੇ ਮਨੋਹਰ ਯਾਦਵੇ ਨੇ ਵਿਜੇਪੁਰਾ ਸ਼ਹਿਰ ਦੇ ਸ਼ਿਵਾਜੀ ਸਰਕਲ 'ਤੇ ਸ਼ਿਵਾਜੀ ਮਹਾਰਾਜ ਦੀ ਮੂਰਤੀ 'ਤੇ ਹਾਰ ਚੜਾਏ।

ਦੋਵਾਂ ਨੂੰ ਨੀਲਕੰਤ ਕੰਡਗਲ ਅਤੇ ਹੋਰਨਾਂ ਵੱਲੋਂ ਮੰਦਰ ਦੇ ਅੰਦਰ ਸਮਰਥਕਾਂ ਦੀ ਹਾਜ਼ਰੀ ਵਿੱਚ ਸਨਮਾਨਿਤ ਕੀਤਾ ਗਿਆ। ਇਸ ਦੀ ਨਾਂ ਤਾਂ ਮੀਡੀਆ ਨੂੰ ਜਾਣਕਾਰੀ ਦਿੱਤੀ ਅਤੇ ਨਾਂ ਹੀ ਮੰਦਰ ਅੰਦਰ ਜਾਣ ਦੀ ਇਜਾਜ਼ਤ ਸੀ। ਉਕਤ ਦੋਹਾਂ ਦੇ ਨਾਲ ਬਾਕੀ 8 ਮੁਲਜ਼ਮਾਂ ਨੂੰ ਵੀ ਜ਼ਮਾਨਤ ਦੇ ਦਿੱਤੀ ਗਈ ਸੀ।

ਦੂਜੇ ਪਾਸੇ ਗੌਰੀ ਲੰਕੇਸ਼ ਦੀ ਭੈਣ ਅਤੇ ਮਾਮਲੇ ਦੀ ਸ਼ਿਕਾਇਤਕਰਤਾ ਕਵਿਤਾ ਲੰਕੇਸ਼ ਨੇ ਦੱਸਿਆ, "ਬਲਾਤਕਾਰੀਆਂ ਨੂੰ ਹਾਰ ਪਾਏ ਜਾ ਰਹੇ ਹਨ ਅਤੇ ਇਨ੍ਹਾਂ ਲੋਕਾਂ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ। ਸਾਡਾ ਸਮਾਜ ਕਿੱਥੇ ਪਹੁੰਚ ਗਿਆ ਹੈ ?"

ਯਾਦ ਰਹੇ ਕਿ ਹਿੰਦੂਤਵੀ ਵਿਚਾਰਧਾਰਾ ਦੀ ਕੱਟੜ ਵਿਰੋਧੀ ਪੱਤਰਕਾਰ ਗੌਰੀ ਲੰਕੇਸ਼ ਦੀ 5 ਸਤੰਬਰ 2017 ਨੂੰ ਬੇਂਗਲੁਰੂ ਵਿਖੇ ਉਨ੍ਹਾ ਦੇ ਘਰ ਦੇ ਬਾਹਰ ਮੋਟਰਸਾਈਕਲ ਸਵਾਰ ਲੋਕਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਇਸ ਹੱਤਿਆ ਨੇ ਪੂਰੇ ਦੇਸ਼ ਨੂੰ ਸੁੰਨ ਕਰਕੇ ਰੱਖ ਦਿੱਤਾ ਸੀ। ਇਸ ਤੋਂ ਬਾਅਦ ਬੈਂਗਲੁਰੂ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਨੇ ਮਾਮਲੇ ਦੀ ਜਾਂਚ ਕੀਤੀ ਸੀ।

ਐੱਸਆਈਟੀ ਦੀ ਜਾਂਚ ਵਿੱਚ ਸਾਹਮਣੇ ਆਇਆ ਸੀ ਕਿ ਗੌਰੀ ਲੰਕੇਸ਼ ਦੇ ਕਤਲ ਦਾ ਸਬੰਧ ਤਰਕਸ਼ੀਲ ਨਰਿੰਦਰ ਦਾਭੋਲਕਰ, ਸੀਪੀਆਈ ਆਗੂ ਗੋਵਿੰਦ ਪੰਸਾਰੇ ਅਤੇ ਵਿਦਵਾਨ ਐੱਮਐੱਮ ਕਲਬੁਰਗੀ ਦੇ ਕਤਲ ਨਾਲ ਵੀ ਹੈ। ਇਹ ਸਾਰੇ ਵਿਦਵਾਨ ਸੰਘ ਪਰਿਵਾਰ ਤੇ ਹਿੰਦੂਤਵੀ ਹਿੰਸਾ ਤੇ ਫਿਰਕੂ ਵਾਦ ਵਿਰੁੱਧ ਸਨ।

ਗੌਰੀ ਲੰਕੇਸ਼ ਦੀ ਹੱਤਿਆ ਦੇ 14 ਮਹੀਨੇ ਬਾਅਦ ਪੁਲਸ ਨੇ 18 ਵਿਅਕਤੀਆਂ ਨੂੰ ਮੁਲਜ਼ਮ ਬਣਾਇਆ ਸੀ। ਪੇਸ਼ ਕੀਤੀ ਚਾਰਜਸ਼ੀਟ ਵਿੱਚ ਕਿਹਾ ਕਿ ਸੀ ਕਿ ਸਾਰੇ ਮੁਲਜ਼ਮ ਸਨਾਤਨ ਸੰਸਥਾ ਦੇ ਮੈਂਬਰ ਹਨ ਤੇ ਉਹ ਪੰਜ ਸਾਲ ਤੋਂ ਗੌਰੀ ਨੂੰ ਮਾਰਨ ਦੀ ਸਾਜਿਸ਼ ਬਣਾ ਰਹੇ ਸਨ। ਦਸੰਬਰ 2023 ਵਿੱਚ ਮੁੱਖ ਮੰਤਰੀ ਸਿਧਾਰਮੱਈਆ ਨੇ ਇਸ ਮਾਮਲੇ ਵਿੱਚ ਤੇਜ਼ੀ ਲਿਆਉਣ ਲਈ ਇੱਕ ਵਿਸ਼ੇਸ਼ ਅਦਾਲਤ ਦਾ ਗਠਨ ਕੀਤਾ ਸੀ।

ਪਿਛਲੇ ਹਫ਼ਤੇ ਬੇਂਗਲੁਰੂ ਦੀ ਸੈਸ਼ਨ ਅਦਾਲਤ ਨੇ ਇਨ੍ਹਾਂ ਮੁਲਜ਼ਮਾਂ ਅਮੋਲ ਕਾਲੇ, ਰਾਜੇਸ਼, ਵਾਸੂਦੇਵ, ਰੁਸ਼ੀਕੇਸ਼, ਪਰਸੂਰਾਮ ਬਾਘਮੋਰੇ, ਗਣੇਸ਼, ਅਮਿਤ ਤੇ ਮਨੋਹਰ ਯਾਦਵ ਨੂੰ ਜ਼ਮਾਨਤ ਦੇ ਦਿੱਤੀ ਸੀ। ਇਸ ਤੋਂ ਪਹਿਲਾਂ ਕਰਨਾਟਕ ਹਾਈਕੋਰਟ ਨੇ ਵੀ 4 ਮੁਲਜ਼ਮਾਂ ਭਰਤ, ਸ੍ਰੀਕਾਂਤ, ਸਜੀਤ ਤੇ ਸੁੰਧਵਾ ਨੂੰ ਜ਼ਮਾਨਤ ਦੇ ਦਿੱਤੀ ਸੀ।

ਇੰਡੀਆ ਟੂਡੇ ਦੀ ਇੱਕ ਰਿਪੋਰਟ ਮੁਤਾਬਕ ਇੱਕ ਪ੍ਰਮੁੱਖ ਹਿੰਦੂ ਨੇਤਾ ਨੇ ਕਿਹਾ ਕਿ 'ਅੱਜ ਵਿਜੇ ਦਸ਼ਮੀ ਦਾ ਦਿਨ ਸਾਡੇ ਲਈ ਮਹੱਤਵਪੂਰਨ ਹੈ। ਸਾਡੇ ਸਾਥੀਆਂ ਪਰਸੂਰਾਮ ਤੇ ਮਨੋਹਰ ਦਾ ਅਸੀਂ ਸਵਾਗਤ ਕਰ ਰਹੇ ਹਾਂ, ਜਿਨ੍ਹਾਂ ਨੂੰ ਗਲਤ ਤਰੀਕੇ ਨਾਲ ਗੌਰੀ ਲੰਕੇਸ਼ ਦੀ ਹੱਤਿਆ ਦੇ ਕੇਸ ਵਿੱਚ ਫਸਾਇਆ ਗਿਆ ਸੀ। ਬੇਂਗਲੁਰੂ ਵਿੱਚ ਹੋਏ ਸਵਾਗਤ ਸਮਾਰੋਹ ਵਿੱਚ ਹਿੰਦੂਤਵੀ ਨੇਤਾ ਉਮੇਸ਼ ਬੰਸਲ ਵੱਲੋਂ ਦੋਹਾਂ ਮੁਲਜ਼ਮਾਂ ਨੂੰ ਸ਼ਾਲ ਤੇ ਫੁੱਲਮਾਲਾ ਪਾ ਕੇ ਸਨਮਾਨਿਤ ਕੀਤਾ ਗਿਆ। ਇਹ ਸਮਾਰੋਹ ਸੰਘ ਨਾਲ ਜੁੜੀ ਸ੍ਰੀਰਾਮ ਸੈਨਾ ਵੱਲੋਂ ਕਰਾਇਆ ਗਿਆ ਸੀ। ਇਹ ਪਹਿਲੀ ਵਾਰ ਨਹੀਂ ਹੈ, ਇਸ ਤੋਂ ਪਹਿਲਾਂ ਅਜਿਹੀ ਘਿਨੌਣੀ ਘਟਨਾ ਜਦੋਂ ਵੀ ਵਾਪਰੀ, ਹਿੰਦੂਤਵੀ ਦੋਸ਼ੀਆਂ ਦਾ ਇਸੇ ਤਰ੍ਹਾਂ ਮਹਿਮਾ ਮੰਡਨ ਕਰਦੇ ਆ ਰਹੇ ਹਨ।

ਨਿਰਪਖ ਧਿਰਾਂ ਦਾ ਮੰਨਣਾ ਹੈ ਕਿ ਗੌਰੀ ਦੇ ਮਾਮਲੇ ਵਿੱਚ ਇਹ ਉਸਦੇ ਕਤਲ ਦਾ ਜਸ਼ਨ ਮਨਾਉਣ ਵਰਗਾ ਹੈ। ਇਹ 5 ਸਤੰਬਰ, 2017 ਨੂੰ ਮੁੜ ਜ਼ਿੰਦਾ ਕਰਨ ਵਰਗਾ ਹੈ, ਜਿਸ ਦਿਨ ਉਸ ਦਾ ਕਤਲ ਹੋਇਆ ਸੀ। ਇਹ ਭਿਆਨਕ ਹੈ। ਸਮਾਜ ਨੂੰ ਇਹ ਸੰਦੇਸ਼ ਦੇਣਾ ਖਤਰਨਾਕ ਹੈ। ਪਰ ਸਰਕਾਰ ਇਸ ਦਹਿਸ਼ਤਗਰਦੀ ਬਾਰੇ ਕੋਈ ਕਦਮ ਨਹੀਂ ਚੁਕ ਰਹੀ, ਜਿਸ ਕਰਕੇ ਭਗਵੇਂਵਾਦੀ ਮੱਛਰੇ ਹੋਏ ਹਨ।

### ਜ਼ਮਾਨਤ ਕਿਉਂ ਹੋਈ ਦੋਸ਼ੀਆਂ ਦੀ

ਇਸ ਕੇਸ ਵਿੱਚ 18 ਵਿੱਚੋਂ 16 ਮੁਲਜ਼ਮਾਂ ਨੂੰ ਜ਼ਮਾਨਤ ਮਿਲਣ ਦਾ ਮੁੱਖ ਕਾਰਨ ਮੁਕੱਦਮੇ ਵਿੱਚ ਦੇਰੀ ਹੋਣਾ ਸੀ। ਚਾਰਜਸ਼ੀਟ ਵਿੱਚ ਦਰਜ 527 ਗਵਾਹਾਂ ਵਿੱਚੋਂ ਹੁਣ ਤੱਕ 140 ਦੇ ਕਰੀਬ ਗਵਾਹਾਂ ਤੋਂ ਪੁੱਛਗਿੱਛ ਕੀਤੀ ਜਾ ਚੁੱਕੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਸੁਣਵਾਈ ਮੁਕੰਮਲ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ। ਕਰਨਾਟਕ ਹਾਈ ਕੋਰਟ ਨੇ ਮੋਹਨ ਨਾਇਕ ਉਰਫ਼ ਸੰਪੰਜੇ ਨੂੰ ਜ਼ਮਾਨਤ ਦੇ ਦਿੱਤੀ ਸੀ ਪਰ ਇਸ ਫੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਸੀ ਅਤੇ ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਫੈਸਲੇ ਨੂੰ ਬਰਕਰਾਰ ਰੱਖਿਆ ਸੀ। ਇਸ ਤੋਂ ਬਾਅਦ ਕੇਟੀ ਨਵੀਨ ਕੁਮਾਰ, ਅਮਿਤ ਦਿਗਵੇਕਰ ਅਤੇ ਸੁਰੇਸ਼ ਐੱਚਐੱਲ ਨੂੰ ਵੀ ਜੁਲਾਈ 2024 ਵਿੱਚ ਹਾਈ ਕੋਰਟ ਤੋਂ ਜ਼ਮਾਨਤ ਮਿਲ ਗਈ ਸੀ।

ਫਿਰ ਭਰਤ ਕੁਮਾਰ, ਸ਼੍ਰੀਕਾਂਤ ਪਾਂਗਰਕਰ, ਸੁਜੀਤ ਕੁਮਾਰ ਅਤੇ ਸੁਧਾਨਾ ਗੋਂਧਕਰ ਨੂੰ ਸਤੰਬਰ 2024 ਵਿੱਚ ਜ਼ਮਾਨਤ ਮਿਲ ਗਈ ਸੀ।

ਪਿਛਲੇ ਹਫਤੇ ਸੈਸ਼ਨ ਕੋਰਟ ਨੇ ਵਾਗਮੋਰ ਅਤੇ ਯਾਦਵੇ ਸਮੇਤ ਅੱਠ ਮੁਲਜ਼ਮਾਂ ਨੂੰ ਜ਼ਮਾਨਤ ਦੇ ਦਿੱਤੀ ਸੀ। ਜ਼ਮਾਨਤ ਦਿੱਤੇ ਗਏ ਹੋਰਨਾਂ ਮੁਲਜ਼ਮਾਂ ਵਿੱਚ ਅਮਿਤ ਕਾਲੇ, ਰਾਜੇਸ਼ ਡੀ ਬੰਗੇਰਾ, ਵਾਸੂਦੇਵ ਸੂਰਿਆਵੰਸ਼ੀ, ਰੁਸ਼ੀਕੇਸ਼ ਦੇਵਦਾਰ, ਗਣੇਸ਼ ਮਿਸਕੀਨ ਅਤੇ ਅੰਮ੍ਰਿਤ ਰਾਮਚੰਦਰ ਬੱਦੀ ਸ਼ਾਮਲ ਹਨ।

ਵਿਕਾਸ ਪਟੇਲ ਉਰਫ ਦਾਦਾ ਉਰਫ ਨਿਹਾਲ ਅਜੇ ਫਰਾਰ ਹੈ। ਦੋ ਹੋਰ ਲੋਕਾਂ ਨੇ ਅਜੇ ਤੱਕ ਅਦਾਲਤ ਦਾ ਰੁਖ ਨਹੀਂ ਕੀਤਾ ਹੈ।

ਮੁਲਜ਼ਮਾਂ 'ਤੇ ਭਾਰਤੀ ਦੰਡਾਵਲੀ (ਆਈਪੀਸੀ), ਭਾਰਤੀ ਹਥਿਆਰ ਐਕਟ ਅਤੇ ਕਰਨਾਟਕ ਕੰਟਰੋਲ ਆਫ਼ ਆਰਗੇਨਾਈਜ਼ਡ ਕ੍ਰਾਈਮ ਐਕਟ ਦੀਆਂ ਧਾਰਾਵਾਂ ਤਹਿਤ ਇਲਜ਼ਾਮ ਲਗਾਏ ਗਏ ਹਨ।

## ਟੋਰਾਂਟੋ ਤੋਂ ਪੰਜਾਬ ਦਾ ਹਵਾਈ ਸਫ਼ਰ ਹੋਵੇਗਾ ਸੌਖਾ

**ਅੰਮ੍ਰਿਤਸਰ**-ਕਤਰ ਏਅਰਵੇਜ਼ ਦੀ ਟੋਰਾਂਟੋ ਤੋਂ ਦੋਹਾ ਵਾਸਤੇ 11 ਦਸੰਬਰ ਤੋਂ ਸ਼ੁਰੂ ਹੋਣ ਵਾਲੀ ਸਿੱਧੀ ਉਡਾਣ ਨਾਲ ਟੋਰਾਂਟੋ ਤੋਂ ਪੰਜਾਬ ਦਾ ਹਵਾਈ ਸਫਰ ਸੁਖਾਲਾ ਹੋ ਜਾਵੇਗਾ।




ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਜਥੇਬੰਦੀ ਦੇ ਉੱਤਰੀ ਅਮਰੀਕਾ ਵਿੱਚ ਕਨਵੀਨਰ ਅਨੰਤਦੀਪ ਸਿੰਘ ਢਿੱਲੋਂ ਅਤੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਹੈ ਕਿ ਕਤਰ ਏਅਰਵੇਜ਼ ਦੀ ਇਹ ਨਵੀਂ ਉਡਾਣ ਟੋਰਾਂਟੋ ਨੂੰ ਦੋਹਾ ਰਾਹੀਂ ਅੰਮ੍ਰਿਤਸਰ ਨਾਲ ਸਿੱਧਾ ਜੋੜੇਗੀ। ਅੰਮ੍ਰਿਤਸਰ ਤੋਂ ਕਤਰ ਏਅਰਵੇਜ਼ ਦੀ ਉਡਾਣ ਰੋਜ਼ਾਨਾ ਸਵੇਰੇ 4:10 ਵਜੇ ਰਵਾਨਾ ਹੋ ਕੇ ਸਵੇਰੇ 6:05 ਵਜੇ ਦੋਹਾ ਪਹੁੰਚੇਗੀ। ਦੋਹਾ ਪਹੁੰਚ ਕੇ 3 ਘੰਟੇ 45 ਮਿੰਟ ਬਾਅਦ ਅਗਲੀ ਉਡਾਣ ਆਰੰਭ ਹੋਵੇਗੀ। ਉਨ੍ਹਾਂ ਦੱਸਿਆ ਕਿ ਯਾਤਰੀ ਹਫਤੇ 'ਚ ਤਿੰਨ ਦਿਨ ਬੁੱਧਵਾਰ, ਸ਼ੁੱਕਰਵਾਰ ਅਤੇ ਐਤਵਾਰ ਸਵੇਰੇ 9:50 ਵਜੇ ਦੋਹਾ ਤੋਂ ਉਡਾਣ ਲੈ ਕੇ ਉਸੇ ਦਿਨ ਬਾਅਦ ਦੁਪਹਿਰ ਨੂੰ 3:55 ਵਜੇ ਟੋਰਾਂਟੋ ਪੁੱਜਣਗੇ। ਟੋਰਾਂਟੋ ਤੋਂ ਇਹ ਉਡਾਣ ਉਸੇ ਦਿਨ ਸ਼ਾਮ ਨੂੰ 8 ਵਜੇ ਰਵਾਨਾ ਹੋ ਕੇ ਅਗਲੇ ਦਿਨ ਸ਼ਾਮ ਨੂੰ 4:30 ਵਜੇ ਦੋਹਾ ਪਹੁੰਚੇਗੀ। ਅੰਮ੍ਰਿਤਸਰ-ਟੋਰਾਂਟੋ ਯਾਤਰਾ 20 ਘੰਟਿਆਂ 'ਚ ਪੂਰੀ ਹੋ ਜਾਵੇਗੀ।

# ਠੱਗ ਟਰੈਵਲ ਏਜੰਸੀਆਂ ਵਿਰੁਧ ਪੰਜਾਬ ਪੁਲਿਸ ਸਰਗਰਮ

**ਪੰਜਾਬ ਦੀਆਂ 18 ਗੈਰ-ਕਾਨੂੰਨੀ ਟਰੈਵਲ ਏਜੰਸੀਆਂ ਵਿਰੁੱਧ ਕੇਸ ਦਰਜ ○ ਪੰਜਾਬ ਸਰਕਾਰ ਠੱਗ ਟਰੈਵਲ ਏਜੰਟਾਂ ਵਿਰੁਧ ਨੀਤੀ ਘੜਨ ਵਿਚ ਅਸਫਲ**

**ਚੰਡੀਗੜ੍ਹ**-ਪੰਜਾਬ ਦੇ ਲੋਕਾਂ ਅੰਦਰ ਵਿਦੇਸ਼ ਜਾਣ ਦਾ ਰੁਝਾਨ ਕਾਫ਼ੀ ਜ਼ਿਆਦਾ ਦੇਖਿਆ ਜਾਂਦਾ ਹੈ। ਵਿਦੇਸ਼ ਜਾ ਕੇ ਆਪਣਾ ਭਵਿੱਖ ਸਵਾਰਨ ਲਈ ਏਜੰਟਾਂ ਵੱਲੋਂ ਇਨ੍ਹਾਂ ਲੋਕਾਂ ਨਾਲ ਕਈ ਤਰ੍ਹਾਂ ਦੇ ਵਾਅਦੇ ਅਤੇ ਲਾਲਚ ਦਿੱਤੇ ਜਾਂਦੇ ਹਨ। ਪਰ ਇਸ ਦੇ ਨਾਲ ਹੀ ਕੁਝ ਫ਼ਰਜ਼ੀ ਏਜੰਟਾਂ ਵੱਲੋਂ ਪੰਜਾਬੀ ਨੌਜਵਾਨਾਂ ਨੂੰ ਝਾਂਸੇ ਵਿਚ ਲੈ ਕੇ, ਲੱਖਾਂ ਰੁਪਏ ਠੱਗ ਕੇ, ਵਿਦੇਸ਼ ਭੇਜਣ ਦੇ ਮਾਮਲੇ ਸਾਹਮਣੇ ਆਉਣਾ ਵੀ ਕੋਈ ਨਵੀਂ ਗੱਲ ਨਹੀਂ ਹੈ। ਫਰਜ਼ੀ ਟ੍ਰੈਵਲ ਏਜੰਟਾਂ ਦਾ ਜਾਲ ਪੰਜਾਬ ਦੀ ਆਰਥਿਕਤਾ ਨੂੰ ਘੁਣ ਵਾਂਗ ਖਾ ਰਿਹਾ ਹੈ। ਇਕ ਪਾਸੇ ਤਾਂ ਇਹ ਲੋਕ ਕਰੋੜਾਂ ਰੁਪਏ ਦੀ ਠੱਗੀ ਮਾਰ ਰਹੇ ਹਨ, ਜਦਕਿ ਦੂਜੇ ਪਾਸੇ ਇਨ੍ਹਾਂ ਦੀ ਠੱਗੀ ਦਾ ਸ਼ਿਕਾਰ ਹੋਏ ਲੋਕ ਆਪਣੇ ਪੈਸੇ ਵਾਪਸ ਕਰਵਾਉਣ ਲਈ ਥਾਣਿਆਂ ਅਤੇ ਅਦਾਲਤਾਂ ਦੇ ਚੱਕਰ ਕੱਟਣ ਲਈ ਮਜਬੂਰ ਹੋ ਰਹੇ ਹਨ। ਇਮੀਗ੍ਰੇਸ਼ਨ ਉਦਯੋਗ ਵਿਚ ਫੈਲੀ ਧੋਖਾਦੇਹੀ ਨੇ ਕਈ ਘਰਾਂ ਨੂੰ ਤਬਾਹ ਕਰ ਦਿੱਤਾ ਹੈ। ਆਪਣੇ ਬੱਚਿਆਂ ਦੇ ਹੱਥੋਂ ਮਜ਼ਬੂਰ ਮਾਪੇ ਨਾ ਸਿਰਫ਼ ਆਪਣਾ ਸਭ ਕੁਝ ਦੇਣ ਲਈ ਮਜਬੂਰ ਹੁੰਦੇ ਹਨ, ਸਗੋਂ ਠੱਗੀ ਦਾ ਸ਼ਿਕਾਰ ਹੋ ਕੇ ਇਹ ਲੋਕ ਸਾਲਾਂਬੱਧੀ ਆਪਣੇ ਪੈਸੇ ਵਾਪਸ ਲੈਣ ਲਈ ਟ੍ਰੈਵਲ ਏਜੰਟਾਂ ਦੇ ਦਫ਼ਤਰਾਂ ਦੇ ਚੱਕਰ ਕੱਟਦੇ ਹਨ।ਇਨ੍ਹਾਂ ਠੱਗ ਏਜੰਟਾਂ ਵਲੋਂ ਗਾਹਕ ਦੇ ਪੈਸੇ ਇਹ ਕਹਿ ਕੇ ਲਏ ਜਾਂਦੇ ਹਨ ਕਿ ਜੇਕਰ ਵੀਜ਼ਾ ਲੱਗ ਗਿਆ ਤਾਂ ਤੁਹਾਡੀ ਕਿਸਮਤ ਵਿਚ ਨਹੀਂ ਤਾਂ ਅੱਧੇ ਪੈਸੇ ਵਾਪਸ ਆ ਜਾਣਗੇ। ਇਸ ਮਾਮਲੇ ਵਿਚ ਫਰਜ਼ੀ ਟ੍ਰੈਵਲ ਏਜੰਟ ਡੇਢ ਤੋਂ ਦੋ ਲੱਖ ਦੀ ਠੱਗੀ ਮਾਰਦੇ ਹਨ।

ਟ੍ਰੈਵਲ ਏਜੰਟਾਂ ਦੇ ਸ਼ਿਕਾਰ ਹੋਣ ਵਾਲਿਆਂ ਵਿਚ 48 ਫੀਸਦੀ ਨੌਜਵਾਨ ਘੱਟ ਪੜ੍ਹੇ-ਲਿਖੇ, ਬੇਰੋਜ਼ਗਾਰ ਅਤੇ ਪਿੰਡਾਂ ਤੋਂ ਆਏ ਹੋਏ ਹਨ, ਜਿਨ੍ਹਾਂ ਨੂੰ ਇਹ ਟ੍ਰੈਵਲ ਏਜੰਟ ਵੱਡੇ-ਵੱਡੇ ਸੁਫ਼ਨੇ ਦਿਖਾ ਕੇ ਆਪਣੇ ਜਾਲ ਵਿਚ ਫਸਾ ਲੈਂਦੇ ਹਨ ਅਤੇ ਉਸ ਤੋਂ ਬਾਅਦ ਹੌਲੀ-ਹੌਲੀ ਉਨ੍ਹਾਂ ਤੋਂ ਪੈਸੇ ਦੀ ਲੁੱਟ ਸ਼ੁਰੂ ਕਰ ਦਿੰਦੇ ਹਨ। ਜਦੋਂ ਤੱਕ ਇਸ ਨੌਜਵਾਨ ਪੀੜ੍ਹੀ ਨੂੰ ਏਜੰਟ ਬਾਰੇ ਪਤਾ ਚੱਲਦਾ ਹੈ, ਬਹੁਤ ਸਾਰਾ ਪੈਸਾ ਪਹਿਲਾਂ ਹੀ ਉਨ੍ਹਾਂ ਕੋਲ ਜਾ ਚੁੱਕਾ ਹੁੰਦਾ ਹੈ। ਅੰਕੜਿਆਂ ਅਨੁਸਾਰ ਹਰ ਮਹੀਨੇ ਦੋ ਹਜ਼ਾਰ ਤੋਂ ਵੱਧ ਸ਼ਿਕਾਇਤਾਂ ਆਉਂਦੀਆਂ ਹਨ, ਜਿਨ੍ਹਾਂ ਵਿੱਚੋਂ ਸਿਰਫ਼ 20 ਫ਼ੀਸਦੀ ਸ਼ਿਕਾਇਤਾਂ 'ਤੇ ਕਾਰਵਾਈ ਕੀਤੀ ਜਾਂਦੀ ਹੈ।

### ਟ੍ਰੇਸਿੰਗ : ਚੇਨ ਸਿਸਟਮ ਨਾਲ ਜੁੜੇ ਹੋਏ ਹਨ ਫਰਜ਼ੀ ਟ੍ਰੈਵਲ ਏਜੰਟ

ਝੂਠੇ ਜਾਂ ਫਰਜ਼ੀ ਤਰੀਕਿਆਂ ਨਾਲ ਵਿਦੇਸ਼ ਭੇਜਣ ਦੇ ਕਾਰੋਬਾਰ ਵਿਚ ਲੱਗੇ ਜ਼ਿਆਦਾਤਰ ਟ੍ਰੈਵਲ ਏਜੰਟ ਚੇਨ ਸਿਸਟਮ ਨਾਲ ਜੁੜੇ ਹੋਏ ਹਨ। ਕੁਝ ਵੱਡੇ ਟਰੈਵਲ ਏਜੰਟਾਂ ਨੇ ਆਪਣੇ ਦਲਾਲਾਂ ਨੂੰ ਬਾਜ਼ਾਰ ਵਿਚ ਛੱਡ ਦਿੱਤਾ ਹੈ, ਜੋ ਸ਼ਹਿਰਾਂ 'ਚ ਆਈਲੈਟਸ ਕਰਨ ਵਾਲੇ ਤੇ ਕਾਲਜ ਦੇ ਵਿਦਿਆਰਥੀਆਂ 'ਤੇ ਨਜ਼ਰ ਰੱਖਦੇ ਹਨ, ਉਹ ਇੱਛਾ ਦੇਖ ਕੇ ਟ੍ਰੈਵਲ ਏਜੰਟ ਨੂੰ ਸਾਰੀ ਜਾਣਕਾਰੀ ਦੇ ਦਿੰਦੇ ਹਨ। ਅੱਗੇ ਦੇ ਖੇਡ ਟ੍ਰੈਵਲ ਏਜੰਟਾਂ ਵਲੋਂ ਟੈਲੀਮਾਰਕੀਟਿੰਗ 'ਤੇ ਬਿਠਾਈਆਂ ਗਈਆਂ ਲੜਕੀਆਂ ਪੂਰਾ ਕਰਦੀਆਂ ਹਨ। ਉਨ੍ਹਾਂ ਵੱਲੋਂ ਹਰ ਤਰ੍ਹਾਂ ਦੇ ਵੀਜ਼ੇ ਫ਼ੋਨ 'ਤੇ ਭੇਜੇ ਜਾਣ ਦਾ ਦਾਅਵਾ ਵੀ ਕੀਤਾ ਜਾਂਦਾ ਹੈ, ਇੱਥੋਂ ਤੱਕ ਕਿ ਰੱਦ ਕੀਤੀਆਂ ਫਾਈਲਾਂ 'ਤੇ ਪੀੜਤ ਟ੍ਰੈਵਲ ਏਜੰਟ ਦੇ ਦਫ਼ਤਰ ਪਹੁੰਚਦਿਆਂ ਕਿਸੇ ਨਾ ਕਿਸੇ ਤਰ੍ਹਾਂ ਉਸ ਨੂੰ ਫਸਾਇਆ ਜਾਂਦਾ ਹੈ ਅਤੇ ਭਰੋਸਾ ਦਿੱਤਾ ਜਾਂਦਾ ਹੈ ਕਿ ਹੁਣ ਉਹ ਜਲਦੀ ਵਿਦੇਸ਼ ਵਿਚ ਸੈਟਲ ਹੋ ਜਾਵੇਗਾ। ਭਰੋਸਾ ਮਿਲਣ ਤੋਂ ਬਾਅਦ ਲੱਖਾਂ ਰੁਪਏ ਦੀ ਠੱਗੀ ਮਾਰੀ ਜਾਂਦੀ ਹੈ।

## ਨਵੀਆਂ ਦਰਜ ਕੀਤੀਆਂ ਗੈਰ-ਕਾਨੂੰਨੀ ਟਰੈਵਲ ਏਜੰਸੀਆਂ ਦੇ ਨਾਮ

1. ਵਨ ਪੁਆਇੰਟ ਸਰਵਿਸਿਜ਼, ਐਸ.ਸੀ.ਓ.-15, ਸੈਕਟਰ-115, ਖਰੜ, ਐਸ. ਏ. ਐਸ. ਨਗਰ।
2. ਸਾਈ ਏਂਜਲ ਗਰੁੱਪ, ਐਸ.ਸੀ.ਐਫ.-02, ਦੂਜੀ ਮੰਜ਼ਿਲ, ਸੈਕਟਰ-78, ਐਸ.ਏ.ਐਸ. ਨਗਰ।
3. ਭਾਰਤ ਇਮੀਗ੍ਰੇਸ਼ਨ, ਨੇੜੇ ਸੇਵਕ ਪੈਟਰੋਲ ਪੰਪ, ਅਮਲੋਹ, ਫਤਹਿਗੜ੍ਹ ਸਾਹਿਬ।
4. ਮਾਸਟਰ ਮਾਈਂਡ ਇਮੀਗ੍ਰੇਸ਼ਨ, ਸਟੱਡੀ ਵੀਜ਼ਾ ਕੰਸਲਟੈਂਟ, ਆਨੰਦਪੁਰ ਸਾਹਿਬ, ਰੂਪਨਗਰ।
5. ਏ.ਵੀ.ਪੀ. ਇਮੀਗ੍ਰੇਸ਼ਨ, ਬਠਿੰਡਾ।
6. ਸਕਾਈ ਬ੍ਰਿਜ ਇਮੀਗ੍ਰੇਸ਼ਨ, ਬਠਿੰਡਾ।
7. ਗੇਟਵੇ ਇਮੀਗ੍ਰੇਸ਼ਨ, ਪਟਿਆਲਾ।
8. ਮਾਸਟਰ ਇਮੀਗ੍ਰੇਸ਼ਨ, ਰਾਜਪੁਰਾ, ਪਟਿਆਲਾ।
9. ਹੰਬਲ ਇਮੀਗ੍ਰੇਸ਼ਨ, ਅੰਮ੍ਰਿਤਸਰ।
10. ਦਿ ਹੰਬਲ ਇਮੀਗ੍ਰੇਸ਼ਨ, ਲੁਧਿਆਣਾ।
11. ਈ.ਵੀ.ਏ.ਏ. ਇਮੀਗ੍ਰੇਸ਼ਨ, ਲੁਧਿਆਣਾ।
12. ਕੌਰ ਇਮੀਗ੍ਰੇਸ਼ਨ ਸੈਂਟਰ, ਮੋਗਾ।
13. ਸ਼ਿਵ ਕੰਸਲਟੈਂਸੀ ਇਮੀਗ੍ਰੇਸ਼ਨ, ਐਫ.ਸੀ.ਆਰ. ਰੋਡ, ਅੰਮ੍ਰਿਤਸਰ।
14. ਆਹੂਜਾ ਇਮੀਗ੍ਰੇਸ਼ਨ, ਜੰਡਿਆਲਾ ਰੋਡ, ਨੇੜੇ ਐਚਡੀਐਫਸੀ ਬੈਂਕ, ਤਰਨਤਾਰਨ।
15. ਜੇ.ਐਮ.ਸੀ. ਅੰਮ੍ਰਿਤਸਰ, ਪਹਿਲੀ ਮੰਜ਼ਿਲ, 100 ਐਫ.ਟੀ. ਰੋਡ, ਅੰਮ੍ਰਿਤਸਰ ਕਲੋਨੀ, ਅੰਮ੍ਰਿਤਸਰ।
16. ਰੁਦਰਾਕਸ਼ ਇਮੀਗ੍ਰੇਸ਼ਨ ਐਸ.ਸੀ.ਓ. 15-16, ਟਾਪ ਫਲੋਰ, ਫੇਜ਼ 1, ਮੋਹਾਲੀ।
17. ਯੂਨੀਕ ਐਂਟਰਪ੍ਰਾਈਜਿਜ਼, ਐਸ.ਸੀ.ਓ. 13, ਮੈਗਾ ਮਾਰਕੀਟ, ਨਿਊ ਸੰਨੀ ਐਨਕਲੇਵ, ਸੈਕਟਰ 123, ਮੋਹਾਲੀ।
18. ਸੈਣੀ ਐਸੋਸੀਏਟਸ (ਗਲਫ ਜੌਬਸ ਐਂਡ ਯੂਰੋਪ ਗਲਫ ਵੀਜ਼ਾ), ਪਹਿਲੀ ਮੰਜ਼ਿਲ, ਖੰਨਾ ਕੰਪਲੈਕਸ, ਰੂਪਨਗਰ।




### ਪੰਜਾਬ ਪੁਲਿਸ ਵਲੋਂ ਕਾਰਵਾਈ

ਪੰਜਾਬ ਪੁਲਿਸ ਦੇ ਐਨਆਰਆਈ ਮਾਮਲੇ ਵਿੰਗ ਅਤੇ ਸਾਈਬਰ ਕ੍ਰਾਈਮ ਵਿੰਗ ਵੱਲੋਂ ਪ੍ਰੋਟੈਕਟੋਰੇਟ ਆਫ਼ ਇਮੀਗ੍ਰੈਂਟਸ, ਚੰਡੀਗੜ੍ਹ ਨਾਲ ਤਾਲਮੇਲ ਕਰ ਕੇ ਸੂਬੇ ਵਿੱਚ 18 ਹੋਰ ਟਰੈਵਲ ਏਜੰਸੀਆਂ ਵਿਰੁੱਧ ਗੈਰ-ਕਾਨੂੰਨੀ ਢੰਗ ਨਾਲ ਸੋਸ਼ਲ ਮੀਡੀਆ 'ਤੇ ਰੋਜ਼ਗਾਰ ਸਬੰਧੀ ਇਸ਼ਤਿਹਾਰ ਦੇਣ ਬਾਰੇ ਮਾਮਲਾ ਦਰਜ ਕੀਤਾ ਗਿਆ ਹੈ।

ਇਹ ਕਾਰਵਾਈ ਅਗਸਤ, 2024 ਦੇ ਮਹੀਨੇ ਵਿੱਚ ਅਜਿਹੀਆਂ 25 ਗੈਰ-ਕਾਨੂੰਨੀ ਟਰੈਵਲ ਏਜੰਸੀਆਂ ਦੇ ਖਿਲਾਫ ਘੱਟੋ-ਘੱਟ 20 ਐੱਫ. ਆਈ. ਆਰਜ਼. ਦਰਜ ਕਰਨ ਉਪਰੰਤ ਅਮਲ ਵਿੱਚ ਲਿਆਂਦੀ ਗਈ। ਹੁਣ ਤੱਕ ਦਰਜ ਕੀਤੇ ਮਾਮਲਿਆਂ ਵਿੱਚ ਗੈਰ-ਕਾਨੂੰਨੀ ਟਰੈਵਲ ਏਜੰਸੀਆਂ ਦੀ ਗਿਣਤੀ 43 ਤੱਕ ਪਹੁੰਚ ਗਈ ਹੈ।

ਜ਼ਿਕਰਯੋਗ ਹੈ ਕਿ ਪ੍ਰੋਟੈਕਟੋਰੇਟ ਆਫ਼ ਇਮੀਗ੍ਰੈਂਟਸ ਨੇ ਅਜਿਹੀਆਂ ਟਰੈਵਲ ਏਜੰਸੀਆਂ ਵੱਲੋਂ ਵਿਦੇਸ਼ਾਂ ਵਿੱਚ ਨੌਕਰੀਆਂ ਲਈ ਇੰਸਟਾਗ੍ਰਾਮ ਅਤੇ ਫੇਸਬੁੱਕ 'ਤੇ ਦਿੱਤੇ ਜਾਂਦੇ ਇਸ਼ਤਿਹਾਰਾਂ ਸਬੰਧੀ ਗੰਭੀਰ ਨੋਟਿਸ ਲਿਆ ਹੈ।

ਏਡੀਜੀਪੀ ਐਨਆਰਆਈ ਮਾਮਲੇ ਪ੍ਰਵੀਨ ਕੇ ਸਿਨਹਾ ਨੇ ਦੱਸਿਆ ਕਿ ਇਹ ਟਰੈਵਲ ਏਜੰਸੀਆਂ ਬਿਨਾਂ ਲੋੜੀਂਦੇ ਲਾਇਸੈਂਸ ਅਤੇ ਇਜਾਜ਼ਤਾਂ ਦੇ ਇੰਸਟਾਗ੍ਰਾਮ ਅਤੇ ਫੇਸਬੁੱਕ 'ਤੇ ਵਿਦੇਸ਼ਾਂ ਵਿੱਚ ਨੌਕਰੀਆਂ ਬਾਰੇ ਇਸ਼ਤਿਹਾਰ ਦੇ ਰਹੀਆਂ ਸਨ।

ਉਨ੍ਹਾਂ ਅੱਗੇ ਦੱਸਿਆ ਕਿ ਆਨਲਾਈਨ ਪਲੇਟਫਾਰਮਾਂ ਦੀ ਜਾਂਚ ਕੀਤੀ ਗਈ, ਉਨ੍ਹਾਂ ਦੇ ਪ੍ਰਮਾਣ ਪੱਤਰਾਂ ਦੀ ਗੁਪਤ ਤੌਰ 'ਤੇ ਤਸਦੀਕ ਕੀਤੀ ਗਈ ਅਤੇ ਉਨ੍ਹਾਂ ਵਿਰੁੱਧ ਐਫ.ਆਈ.ਆਰਜ਼ ਦਰਜ ਕੀਤੀਆਂ ਗਈਆਂ। ਸੂਬੇ ਦੇ ਵੱਖ-ਵੱਖ ਐਨ. ਆਰ. ਆਈ ਥਾਣਿਆਂ ਵਿੱਚ ਇਮੀਗ੍ਰੇਸ਼ਨ ਐਕਟ ਦੀਆਂ ਧਾਰਾਵਾਂ 24/25 ਤਹਿਤ ਕੁੱਲ 18 ਨਵੀਆਂ ਐਫਆਈਆਰ ਦਰਜ ਕੀਤੀਆਂ ਗਈਆਂ ਹਨ, ਜਿਸ ਵਿੱਚ ਅੰਮ੍ਰਿਤਸਰ, ਐਸ.ਏ.ਐਸ. ਨਗਰ, ਲੁਧਿਆਣਾ ਅਤੇ ਪਟਿਆਲਾ ਜ਼ਿਲ੍ਹੇ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਦਰਜ ਕੀਤੀਆਂ 18 ਨਵੀਆਂ ਐਫ.ਆਈ.ਆਰਜ਼ ਵਿੱਚੋਂ ਸਤੰਬਰ ਮਹੀਨੇ ਵਿੱਚ 6 ਅਤੇ ਅਕਤੂਬਰ ਵਿੱਚ 12 ਐਫਆਈਆਰਜ਼ ਦਰਜ ਕੀਤੀਆਂ ਗਈਆਂ ਸਨ। ਏਡੀਜੀਪੀ ਨੇ ਕਿਹਾ ਕਿ ਅਗਸਤ ਅਤੇ ਸਤੰਬਰ 2024 ਦੇ ਮਹੀਨਿਆਂ ਵਿੱਚ ਦਰਜ ਕੀਤੀਆਂ ਇਨ੍ਹਾਂ 26 ਐਫ.ਆਈ.ਆਰਜ਼ ਵਿੱਚ ਕੁੱਲ 34 ਮੁਲਜ਼ਮਾਂ ਵਿੱਚੋਂ 25 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅਗਲੇਰੀ ਜਾਂਚ ਜਾਰੀ ਹੈ ਅਤੇ ਬਾਕੀ ਮੁਲਜ਼ਮ ਟਰੈਵਲ ਏਜੰਟਾਂ ਨੂੰ ਨੋਟਿਸ ਭੇਜੇ ਜਾ ਰਹੇ ਹਨ।

ਏਡੀਜੀਪੀ ਪ੍ਰਵੀਨ ਸਿਨਹਾ ਨੇ ਨਾਗਰਿਕਾਂ ਨੂੰ ਸਾਵਧਾਨ ਰਹਿਣ ਅਤੇ ਟ੍ਰੈਵਲ ਏਜੰਟਾਂ ਨੂੰ ਦਸਤਾਵੇਜ਼ ਅਤੇ ਪੈਸੇ ਸੌਂਪਣ ਤੋਂ ਪਹਿਲਾਂ ਉਨ੍ਹਾਂ ਦੇ ਪ੍ਰਮਾਣ ਪੱਤਰਾਂ ਦੀ ਪੁਸ਼ਟੀ ਕਰਨ ਲਈ ਕਿਹਾ। ਉਨ੍ਹਾਂ ਨੇ ਸਲਾਹ ਦਿੱਤੀ ਕਿ ਸਿਰਫ਼ ਉਹਨਾਂ ਏਜੰਸੀਆਂ ਨਾਲ ਸੰਪਰਕ ਕੀਤਾ ਜਾਵੇ ਜਿਹਨਾਂ ਕੋਲ ਇਮੀਗ੍ਰੇਸ਼ਨ ਐਕਟ, 1983 ਤਹਿਤ ਇੱਕ ਵੈਧ ਭਰਤੀ ਏਜੰਟ (ਆਰ. ਏ.) ਲਾਇਸੈਂਸ ਹੋਵੇ ਅਤੇ ਉਕਤ ਐਕਟ ਤਹਿਤ ਜਾਰੀ ਏਜੰਸੀ ਦੇ ਲਾਇਸੈਂਸ ਨਾਲ ਸੰਪਰਕ ਕੀਤਾ ਜਾਵੇ। ਉਨ੍ਹਾਂ ਅੱਗੇ ਕਿਹਾ ਕਿ ਟਰੈਵਲ ਏਜੰਟਾਂ ਨਾਲ ਸੰਪਰਕ ਕਰਦੇ ਸਮੇਂ ਉਨ੍ਹਾਂ ਦੀ ਜਾਂਚ ਕਰਨ ਉਪਰੰਤ ਹੀ ਉਨ੍ਹਾਂ 'ਤੇ ਭਰੋਸਾ ਕੀਤਾ ਜਾਵੇ।

### ਸਰਕਾਰ ਵਲੋਂ ਠੋਸ ਕਦਮ ਚੁੱਕਣ ਦੀ ਹੈ ਲੋੜ

ਹੁਨਰਮੰਦ ਕਾਮਿਆਂ ਲਈ ਅਜਿਹਾ ਪਲੇਸਮੈਂਟ ਸੈੱਲ ਬਣਾਇਆ ਜਾਣਾ ਚਾਹੀਦਾ ਹੈ, ਜਿੱਥੇ ਸਰਕਾਰ ਵਿਦੇਸ਼ ਜਾਣ ਵਾਲੇ ਵਿਅਕਤੀ ਨੂੰ ਹਰ ਜਾਣਕਾਰੀ ਪ੍ਰਦਾਨ ਕਰਦੀ ਹੈ। ਰਜਿਸਟਰਡ ਟ੍ਰੈਵਲ ਏਜੰਟਾਂ ਦੀ ਸੂਚੀ ਸਰਕਾਰੀ ਰੋਜ਼ਗਾਰ ਵਿਭਾਗ ਵਿਚ ਹੋਣੀ ਚਾਹੀਦੀ ਹੈ, ਜਿੱਥੋਂ ਵਿਦੇਸ਼ ਜਾਣ ਵਾਲਾ ਯਾਤਰੀ, ਉਨ੍ਹਾਂ ਹੀ ਟ੍ਰੈਵਲ ਏਜੰਟਾਂ ਨਾਲ ਜੁੜ ਸਕਦਾ ਹੈ। ਧੋਖਾਦੇਹੀ ਦੇ ਸ਼ਿਕਾਰ ਲੋਕਾਂ ਲਈ ਇਕ ਵੱਖਰਾ ਸੈੱਲ ਬਣਾਇਆ ਜਾਵੇ ਤਾਂ ਜੋ ਸਮਾਂ ਸੀਮਾ ਅੰਦਰ ਉਸ ਮਾਮਲੇ ਦੀ ਜਾਂਚ ਹੋਵੇ ਅਤੇ ਉਸ ਤੋਂ ਬਾਅਦ ਟ੍ਰੈਵਲ ਏਜੰਟ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾ ਸਕੇ।

ਬਲੈਕ ਲਿਸਟ ਹੋਣ ਵਾਲੇ ਟ੍ਰੈਵਲ ਏਜੰਟਾਂ 'ਤੇ ਨਜ਼ਰ ਰੱਖਣ ਲਈ ਸਰਕਾਰ ਕੁਝ ਖ਼ਾਸ ਪ੍ਰਬੰਧ ਕਰੇ ਤਾਂ ਜੋ ਉਹ ਆਪਣੇ ਦਫ਼ਤਰ ਬਦਲ ਕੇ ਲੋਕਾਂ ਨੂੰ ਆਪਣਾ ਸ਼ਿਕਾਰ ਨਾ ਬਣਾ ਸਕਣ। ਸਾਰੀਆਂ ਟ੍ਰੈਵਲ ਏਜੰਸੀਆਂ ਦਾ ਆਧਾਰ ਵੋਟ ਪੈਨ ਕਾਰਡ ਨਾਲ ਲਿੰਕ ਕੀਤਾ ਜਾਵੇ ਤਾਂ ਜੋ ਸਰਕਾਰ ਨੂੰ ਉਨ੍ਹਾਂ ਦੇ ਆਉਣ ਵਾਲੇ ਪਤੇ ਬਾਰੇ ਪੂਰੀ ਜਾਣਕਾਰੀ ਮਿਲ ਸਕੇ।

ਲਾਈਸੈਂਸ ਜਾਰੀ ਕਰਨ ਤੋਂ ਪਹਿਲਾਂ ਟ੍ਰੈਵਲ ਏਜੰਟ ਨੂੰ ਬੈਂਕ ਗਾਰੰਟੀ ਦੇਣ ਦੀ ਵਿਵਸਥਾ ਹੋਣੀ ਚਾਹੀਦੀ ਹੈ ਤਾਂ ਜੋ ਫਰਾਰ ਟ੍ਰੈਵਲ ਏਜੰਟਾਂ ਦਾ ਸ਼ਿਕਾਰ ਹੋਏ ਲੋਕਾਂ ਨੂੰ ਕੁਝ ਰਾਹਤ ਮਿਲ ਸਕੇ। ਰੋਜ਼ਗਾਰ ਵਿਭਾਗ ਵਿਚ ਵਿਦੇਸ਼ੀ ਰੋਜ਼ਗਾਰ ਸੈੱਲ ਬਣਾਇਆ ਜਾਵੇ ਤਾਂ ਜੋ ਨੌਜਵਾਨ ਪੀੜ੍ਹੀ ਨੂੰ ਉੱਥੋਂ ਜਾਣਕਾਰੀ ਮਿਲ ਸਕੇ।

### ਪੰਜਾਬ ਸਰਕਾਰ ਨੀਤੀ ਘੜਨ ਵਿਚ ਸੁਸਤ

ਦੇਸ਼ ਦੀ ਸੁਪਰੀਮ ਕੋਰਟ ਦੀਆਂ ਹਦਾਇਤਾਂ ਦੇ ਬਾਵਜੂਦ ਅੱਜ ਤੱਕ ਪੰਜਾਬ ਵਿਚ ਅਜਿਹੀ ਕੋਈ ਠੋਸ ਨੀਤੀ ਨਹੀਂ ਬਣਾਈ ਜਾ ਸਕੀ, ਜਿਸ ਨਾਲ ਕਰੋੜਾਂ ਰੁਪਏ ਦੀ ਠੱਗੀ ਮਾਰਨ ਵਾਲੇ ਟ੍ਰੈਵਲ ਏਜੰਟਾਂ ਨੂੰ ਕਾਨੂੰਨੀ ਦਾਇਰੇ ਵਿਚ ਲਿਆਂਦਾ ਜਾ ਸਕੇ। ਬੇਸ਼ੱਕ ਹਰ ਸ਼ਹਿਰ ਵਿਚ ਪੁਲਸ ਵਿਭਾਗ ਵੱਲੋਂ ਵੱਖਰਾ ਇਮੀਗ੍ਰੇਸ਼ਨ ਵਿੰਗ ਸਥਾਪਤ ਕੀਤਾ ਗਿਆ ਹੈ, ਜੋ ਸ਼ਹਿਰ ਦੇ ਟ੍ਰੈਵਲ ਏਜੰਟਾਂ 'ਤੇ ਨਜ਼ਰ ਰੱਖਦਾ ਹੈ ਅਤੇ ਉਨ੍ਹਾਂ ਦੀ ਸੂਚੀ ਬਣਾਉਂਦਾ ਹੈ। ਇਹ ਇਮੀਗ੍ਰੇਸ਼ਨ ਸਮੇਂ-ਸਮੇਂ 'ਤੇ ਸ਼ਹਿਰ 'ਚ ਚੱਲ ਰਹੇ ਟ੍ਰੈਵਲ ਏਜੰਟਾਂ ਦੇ ਲਾਇਸੈਂਸ ਚੈੱਕ ਕਰਨ ਦਾ ਦਾਅਵਾ ਕਰਦੀ ਹੈ ਪਰ ਇਸ ਦੇ ਬਾਵਜੂਦ ਲੋਕਾਂ ਨਾਲ ਕਰੋੜਾਂ ਰੁਪਏ ਦੀ ਠੱਗੀ ਮਾਰੀ ਜਾ ਰਹੀ ਹੈ। ਇਸ ਲਈ ਪੁਲਸ ਦੀ ਲਾਪ੍ਰਵਾਹੀ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ। ਇਹ ਅਣਗਹਿਲੀ ਭ੍ਰਿਸ਼ਟਾਚਾਰ ਵੱਲ ਵੀ ਇਸ਼ਾਰਾ ਕਰਦੀ ਹੈ।

ਹਰ ਦਿਨ ਠੱਗੀ ਦਾ ਸ਼ਿਕਾਰ ਹੋ ਰਹੇ ਭੋਲੇ ਭਾਲੇ ਲੋਕਾਂ ਨੂੰ ਫਰਜ਼ੀ ਟ੍ਰੈਵਲ ਏਜੰਟਾਂ ਤੋਂ ਬਚਾਉਣ ਲਈ ਸਰਕਾਰ ਨੂੰ ਕੋਈ ਠੋਸ ਰਣਨੀਤੀ ਬਣਾਉਣ ਦੀ ਜ਼ਰੂਰਤ ਹੈ ਤਾਂ ਕਿ ਮਾਰਕਿਟ ਵਿਚ ਬੈਠੇ ਅਜਿਹੇ ਟ੍ਰੈਵਲ ਏਜੰਟ ਕਿਸੇ ਵੀ ਵਿਅਕਤੀ ਦੀ ਕਮਾਈ ਨੂੰ ਠੱਗ ਨਾ ਸਕਣ।

5 ਪੰਨੇ ਦਾ ਬਾਕੀ ਹਿੱਸਾ

## ਵਿਰਸਾ ਸਿੰਘ ਵਲਟੋਹਾ ਅਤੇ ਬਾਦਲ ਅਕਾਲੀ ਦਲ ਦਾ ਮਾਮਲਾ ਭਖਿਆ

ਆਰ. ਐੱਸ. ਐੱਸ. ਵਲੋਂ ਜਥੇਦਾਰ ਸਾਹਿਬਾਨ 'ਤੇ ਦਬਾਅ ਦੇ ਦੋਸ਼ਾਂ ਬਾਰੇ ਉਸ ਵਲੋਂ ਕੋਈ ਠੋਸ ਸਬੂਤ ਪੇਸ਼ ਨਾ ਕਰ ਸਕਣਾ, ਮੇਰੇ ਘਰ ਆ ਕੇ ਸੁਖਬੀਰ ਸਿੰਘ ਬਾਦਲ ਦੇ ਚਲਦੇ ਮਸਲੇ 'ਤੇ ਰਾਜਨੀਤਕ ਫ਼ੈਸਲਾ ਨਾ ਕਰਨ ਲਈ ਧਮਕੀ ਦੇਣਾ ਤੇ ਮੇਰੇ ਨਾਲ ਹੋਈ ਗੱਲਬਾਤ ਦੀ ਬਿਨਾਂ ਦੱਸੇ ਰਿਕਾਰਡਿੰਗ ਕਰਕੇ ਵਿਸ਼ਵਾਸਘਾਤ ਕਰਨਾ, ਸੁਣੀਆਂ-ਸੁਣਾਈਆਂ ਗੱਲਾਂ ਦੇ ਆਧਾਰ 'ਤੇ ਮੀਡੀਆ ਵਿਚ ਜਥੇਦਾਰ ਸਾਹਿਬਾਨ ਦੀ ਕਿਰਦਾਰਕੁਸ਼ੀ ਕਰਨਾ, ਜਥੇਦਾਰ ਸਾਹਿਬਾਨ ਦੀਆਂ ਵਿਦੇਸ਼ ਵਿਚ ਜਾਇਦਾਦਾਂ ਸੰਬੰਧੀ ਦਿੱਤੇ ਝੂਠੇ ਬਿਆਨ ਸੰਬੰਧੀ ਕੋਈ ਪੁਖਤਾ ਸਬੂਤ ਪੇਸ਼ ਕਰਨ ਦੀ ਬਜਾਏ ਝੂਠੀਆਂ ਤੇ ਬੇਬੁਨਿਆਦ ਗੱਲਾਂ ਕਰਕੇ ਸਿੰਘ ਸਾਹਿਬਾਨ ਦੀ ਕਿਰਦਾਰਕੁਸ਼ੀ ਕਰਨਾ, ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ 'ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਭਾਜਪਾ/ ਆਰ. ਐੱਸ. ਐੱਸ. ਵਲੋਂ ਦਬਾਅ ਪਾ ਕੇ ਸੁਖਬੀਰ ਨੂੰ ਅਹੁਦੇ ਤੋਂ ਹਟਾਉਣ ਸੰਬੰਧੀ ਵਾਰਤਾਲਾਪ ਦੇ ਝੂਠੇ ਦਾਅਵੇ ਕਰਨਾ ਅਤੇ ਬਤੌਰ ਬੁਲਾਰਾ ਅਕਾਲੀ ਦਲ, ਮੀਡੀਆ ਵਿਚ ਬਦਜ਼ੁਬਾਨੀ ਕਰਕੇ ਪੰਥਕ ਜਮਾਤ ਸ਼੍ਰੋਮਣੀ ਅਕਾਲੀ ਦਲ ਦਾ ਭਾਰੀ ਨੁਕਸਾਨ ਕਰਨ ਦੇ ਦੋਸ਼ ਸਾਬਿਤ ਹੁੰਦੇ ਹਨ।

ਜਥੇਦਾਰ ਨੇ ਕਿਹਾ ਕਿ 10 ਕੁ ਦਿਨ ਪਹਿਲਾਂ ਵਲਟੋਹਾ ਨੇ ਮੇਰੀ ਖ਼ਬਰ ਲੈਣ ਦੇ ਬਹਾਨੇ ਗੱਲਾਂ ਬਾਤਾਂ ਦੌਰਾਨ ਧਮਕੀ ਦਿੱਤੀ ਕਿ ਕਿ ਸੁਖਬੀਰ ਸਿੰਘ ਬਾਦਲ ਖਿਲਾਫ ਕੋਈ ਰਾਜਨੀਤਿਕ ਸਖਤ ਫੈਸਲਾ ਨਾ ਲਿਆ ਜਾਵੇ। ਨਹੀਂ ਤਾਂ ਖੰਡਾ ਖੜਕਾਵਾਂਗਾ। ਉਨ੍ਹਾਂ ਨੇ ਦੋਸ਼ ਲਗਾਇਆ ਕਿ ਵਲਟੋਹਾ ਨੇ ਬਿਨਾਂ ਦੱਸੇ ਮੇਰੀ ਰਿਕਾਰਡਿੰਗ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਵਿਰਸਾ ਸਿੰਘ ਵਲਟੋਹਾ ਨਾਲ ਸਵਾਲ ਜਵਾਬ ਦੀ ਵੀਡੀਓ ਗਰਾਫੀ ਕੀਤੀ ਗਈ। ਸਿੰਘ ਸਾਹਿਬਾਨ ਨੇ ਕਿਹਾ ਕਿ

ਭਾਵੇਂ ਵਿਰਸਾ ਸਿੰਘ ਵਲਟੋਹਾ ਨੇ ਲਿਖਤੀ ਆਪਣੀਆਂ ਗਲਤੀਆਂ ਦੀ ਮੁਆਫੀ ਮੰਗੀ ਹੈ, ਪਰ ਇਸਦੀ ਮੀਡੀਆ ਵਿਚ ਕੀਤੀ ਬਿਆਨਬਾਜ਼ੀ ਨਾਲ ਤਖ਼ਤ ਸਾਹਿਬਾਨ ਦੀ ਮਾਣ-ਮਰਿਆਦਾ ਨੂੰ ਢਾਹ ਲੱਗੀ ਹੈ।

ਹੁਣ ਸਿੰਘ ਸਾਹਿਬਾਨ ਨੇ ਸਾਫ ਲਫਜਾਂ ਵਿਚ ਕਿਹਾ ਕਿ ਜੇਕਰ ਉਨ੍ਹਾਂ ਉਪਰ ਦਬਾਅ ਪਾਇਆ ਗਿਆ ਉਹ ਅਸਤੀਫਾ ਦੇ ਦੇਣਗੇ। ਇਸ ਦਾ ਸਾਫ ਅਰਥ ਹੈ ਕਿ ਸੁਖਬੀਰ ਬਾਦਲ ਆਪਣੇ ਪਿਤਾ ਪ੍ਰਕਾਸ਼ ਸਿੰਘ ਬਾਦਲ ਵਾਂਗ ਅਕਾਲ ਤਖਤ ਦੇ ਜਥੇਦਾਰਾਂ ਨੂੰ ਗੁਲਾਮ ਬਣਾਉਣਾ ਚਾਹੁੰਦੇ ਹਨ ਤੇ ਆਪਣੀ ਮਨ ਮਰਜੀ ਨਾਲ ਫੈਸਲੇ ਅਕਾਲ ਤਖਤ ਤੋਂ ਕਰਾਉਣਾ ਚਾਹੁੰਦੇ ਹਨ। ਪਰ ਇਹ ਵਕਤ ਬਾਦਲਕਿਆਂ ਦਾ ਨਹੀਂ ਰਿਹਾ। ਸਮੁਚਾ ਸਿਖ ਪੰਥ ਉਨ੍ਹਾਂ ਦੇ ਖਿਲਾਫ ਹੈ। ਇਸ ਇਕੱਤਰਤਾ ਵਿਚ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਜੀਤ ਸਿੰਘ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੰਜ ਪਿਆਰੇ ਭਾਈ ਸੁਖਦੇਵ ਸਿੰਘ ਵੀ ਸ਼ਾਮਿਲ ਸਨ।

### ਕੀ ਰਾਹ ਹੈ ਸੁਖਬੀਰ ਸਿੰਘ ਬਾਦਲ ਕੋਲ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕੋਲ ਇਕੋ ਰਾਹ ਹੈ ਕਿ ਅਕਾਲ ਤਖਤ ਸਾਹਿਬ ਰਾਹੀਂ ਖਾਲਸਾ ਪੰਥ ਅਗੇ ਆਤਮ ਸਮਰਪਣ ਕਰੇ ਕਿ ਜਥੇਦਾਰ ਅਕਾਲੀ ਦਲ ਦੀ ਪੁਨਰ ਸਿਰਜਣਾ ਕਰਨ ਮੈਂ ਇਕ ਵਰਕਰ ਵਾਂਗ ਸਿਖ ਪੰਥ ਤੇ ਅਕਾਲੀ ਦਲ ਦਾ ਹਿਸਾ ਬਣਾਂਗਾ ਜੇਕਰ ਅਜਿਹਾ ਨਹੀਂ ਕਰਦੇ ਤਾਂ ਤਨਖਾਹੀਆ ਸ਼ਬਦ ਉਨ੍ਹਾਂ ਨਾਲ ਚੰਬੜਿਆ ਰਹੇਗਾ ਤੇ ਸਿਖ ਕਦੇ ਉਸ ਨੂੰ ਸਵੀਕਾਰ ਨਹੀਂ ਕਰਨਗੇ।

ਸਿਖ ਚਿੰਤਕ ਭਾਈ ਹਰਸਿਮਰਨ ਸਿੰਘ ਨੇ ਕਿਹਾ ਕਿ ਸੁਖਬੀਰ ਬਾਦਲ ਸਿਖ ਪੰਥ ਦੀ ਸਿਆਸਤ ਵਿਚ ਸੁਪਰ ਤਾਕਤ ਵਜੋਂ ਹੁਣ ਨਹੀਂ ਚਮਕ ਸਕੇਗਾ। ਇਹ ਵਿਚਾਰ ਉਸਨੂੰ ਆਪਣੇ ਮਨ ਵਿਚ ਵਸਾ ਲੈਣਾ ਚਾਹੀਦਾ ਕਿ ਬਾਦਲਕਿਆਂ ਦਾ ਯੁਗ ਬੀਤ ਗਿਆ। ਸਿੰਘ ਸਾਹਿਬਾਨ ਨੂੰ ਇਸ ਮਸਲੇ ਦਾ ਹਲ ਕਰਨ ਲਈ 50 ਸੌ ਦਾ ਪੰਥਕ ਨੁਮਾਇੰਦਾ ਇਕੱਠ ਬੁਲਾਉਣਾ ਚਾਹੀਦਾ ਹੈ ਤੇ ਅਕਾਲੀ ਦਲ ਦੀ ਪੁਨਰ ਸਥਾਪਨਾ ਲਈ ਇਤਿਹਾਸਕ ਰੌਲ ਅਦਾ ਕਰਨਾ ਚਾਹੀਦਾ ਹੈ ਜੋ ਬਾਬਾ ਸਾਹਿਬ ਸਿੰਘ ਬੇਦੀ ਜਥੇਦਾਰ ਅਕਾਲ ਤਖਤ ਨੇ 1799 ਵਿਚ ਸਮੁਚੀਆਂ ਮਿਸਲਾਂ ਇਕਠੀਆਂ ਕਰਕੇ ਪੰਥਕ ਰਾਜਨੀਤੀ ਸਿਰਜੀ ਸੀ ਜਿਸਨੇ ਪੰਥ ਦੀ ਝੋਲੀ ਵਿਚ ਖਾਲਸਾ ਰਾਜ ਪਾਇਆ ਸੀ ਤੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਵਰਗੇ ਨਾਇਕ ਦੀ ਸਿਰਜਣਾ ਕੀਤੀ ਸੀ ਉਨ੍ਹਾਂ ਕਿਹਾ ਕਿ ਸਿੰਘ ਸਾਹਿਬਾਨ ਨੂੰ ਅਸਤੀਫਾ ਦੇਣ ਲਈ ਬਿਲਕੁਲ ਸੋਚਣਾ ਨਹੀਂ ਚਾਹੀਦਾ, ਖਾਲਸਾ ਪੰਥ ਲਈ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਇਹੀ ਉਨ੍ਹਾਂ ਦਾ ਇਤਿਹਾਸਕ ਕਾਰਜ ਹੈ। ਗੁਰੂ ਖਾਲਸਾ ਪੰਥ ਉਨ੍ਹਾਂ ਨਾਲ ਹੈ।

ਪੰਥਕ ਵਿਦਵਾਨ ਸਰਦਾਰ ਗੁਰਤੇਜ ਸਿੰਘ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਨਾਮਵਰ ਆਗੂ ਸ.ਵਿਰਸਾ ਸਿੰਘ ਵਲਟੋਹਾ ਦੇ ਖਿਲਾਫ ਲਏ ਗਏ ਫ਼ੈਸਲੇ ਦਾ ਜ਼ੋਰਦਾਰ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਜਥੇਦਾਰ ਸਿੰਘ ਸਾਹਿਬਾਨ ਦੀ ਦਰਿਆ ਦਿਲੀ ਹੈ ਕਿ ਉਨ੍ਹਾਂ ਨੇ ਵਲਟੋਹਾ ਵੱਲੋਂ ਕੀਤੀਆਂ ਗਈਆਂ ਵੱਡੀਆਂ ਕਰਤੂਤਾਂ ਦੇ ਬਾਵਜੂਦ ਕੇਵਲ ਉਸ ਨੂੰ ਅਕਾਲੀ ਦਲ 'ਚੋਂ ਬਾਹਰ ਕਰਨ ਦੇ ਨਿਰਦੇਸ਼ ਦਿੱਤੇ ਹਨ, ਜਦੋਂ ਕਿ ਪੰਥ ਦੀਆ ਸਭ ਤੋਂ ਵੱਧ ਸਤਿਕਾਰਯੋਗ ਪੰਥਕ ਸ਼ਖ਼ਸੀਅਤਾਂ ਵਜੋਂ ਪੰਥ ਦੀ ਸਿਰਮੌਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਜੋ ਕਿ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਵੀ ਹਨ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਖਿਲਾਫ ਕਿਰਦਾਰਕੁਸ਼ੀ ਦੀ ਵੱਡੀ ਸਾਜ਼ਿਸ਼ ਕੀਤੀ ਹੋਵੇ ਉਹ ਕਿਸੇ ਤਰ੍ਹਾਂ ਵੀ ਪੰਥ ਵਿਚ ਬਣੇ ਰਹਿਣ ਦੇ ਲਾਇਕ ਨਹੀਂ।

ਉਨ੍ਹਾਂ ਕਿਹਾ ਕਿ ਕੋਈ ਵੀ ਗੁਰਸਿੱਖ ਸ੍ਰੀ ਤਖ਼ਤ ਸਾਹਿਬਾਨ ਅਤੇ ਜਥੇਦਾਰਾਂ ਖਿਲਾਫ ਕਿਸੇ ਕਿਸਮ ਦੀ ਸਾਜ਼ਿਸ਼ ਘੜਨ ਬਾਰੇ ਸੁਪਨੇ ਵਿਚ ਵੀ ਨਹੀਂ ਸੋਚ ਸਕਦਾ। ਇਹ ਬੜੀ ਚਿੰਤਾ ਅਤੇ ਸ਼ਰਮ ਦੀ ਗਲ ਹੈ ਕਿ ਜਿੱਥੇ ਅਕਾਲੀ ਆਗੂਆਂ ਵੱਲੋਂ ਸਿਆਸੀ ਮੁਫ਼ਾਦ ਲਈ ਵਿਰੋਧੀਆਂ ਦੀ ਨਜਾਇਜ਼ ਰਿਕਾਰਡਿੰਗ ਕਰਦਿਆਂ ਵਿਸ਼ਵਾਸਘਾਤ ਦੀ ਆਦਤ ਹੁਣ ਸਿੰਘ ਸਾਹਿਬਾਨ ਤਕ ਪਹੁੰਚ ਗਈ ਹੈ ਜੋ ਅਕਾਲ ਤਖਤ ਸਾਹਿਬ ਨੂੰ ਬਲੈਕਮੇਲ ਕਰਨ ਦੀ ਕਾਰਵਾਈ ਹੈ। ਉਨ੍ਹਾਂ ਕਿਹਾ ਕਿ ਅਕਾਲੀ ਸਿਆਸਤ ਨਿਵਾਣਾਂ ਵਲ ਜਾ ਚੁੱਕੀ ਹੈ। ਵਲਟੋਹਾ ਨੇ ਸੁਖਬੀਰ ਸਿੰਘ ਬਾਦਲ ਦੇ ਮਾਮਲੇ ਵਿਚ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਦਬਾਅ ਪਾਉਣ ਲਈ ਹੀ ਨੀਵੇਂ ਪੱਧਰ 'ਤੇ ਜਾ ਕੇ ਸਾਜ਼ਿਸ਼ ਤਹਿਤ ਰਿਕਾਰਡਿੰਗ ਕੀਤੀ, ਇਸ ਬਾਰੇ ਸੁਖਬੀਰ ਸਿੰਘ ਬਾਦਲ ਨੂੰ ਆਪਣੀ ਸਥਿਤੀ ਸਪਸ਼ਟ ਕਰਨੀ ਚਾਹੀਦੀ ਹੈ ਅਤੇ ਇਸ ਗੁਨਾਹ ਲਈ ਸ਼੍ਰੋਮਣੀ ਕਮੇਟੀ ਨੂੰ ਵਲਟੋਹਾ ਦੇ ਖਿਲਾਫ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ।

## ਪੰਥਕ ਸੰਕਟ ਅਕਾਲ ਤਖਤ ਸਾਹਿਬ ਨੂੰ ਚੁਣੌਤੀ ਦੇਣ ਦਾ ਜ਼ਿੰਮੇਵਾਰ ਬਾਦਲ ਦਲ ਤੇ ਬਾਦਲ ਪਰਿਵਾਰ

1 ਜੁਲਾਈ ਨੂੰ ਅਕਾਲ ਤਖਤ ਸਾਹਿਬ 'ਤੇ ਪਹੁੰਚਿਆ ਸ਼੍ਰੋਮਣੀ ਅਕਾਲੀ ਦਲ ਦਾ ਸੰਕਟ ਸਪੱਸ਼ਟ ਤੌਰ 'ਤੇ ਸਿੱਖ ਪੰਥ ਲਈ ਤਿਲਕਣ ਵਾਲਾ ਮੈਦਾਨ ਬਣਿਆ ਹੋਇਆ ਹੈ ਅਤੇ ਇਸ ਨੇ ਸਿੰਘ ਸਾਹਿਬਾਨਾਂ ਦੀ ਭਰੋਸੇਯੋਗਤਾ ਨੂੰ ਕਈ ਚੁਣੌਤੀਆਂ ਖੜ੍ਹੀਆਂ ਕਰ ਦਿੱਤੀਆਂ ਹਨ, ਜਿਸ ਦਾ ਪ੍ਰਗਟਾਵਾ ਅਕਾਲੀ ਦਲ ਦੇ ਸੀਨੀਅਰ ਆਗੂ ਵਿਰਸਾ ਸਿੰਘ ਵਲਟੋਹਾ ਨੇ ਕੀਤਾ ਸੀ। ਵਲਟੋਹਾ ਨੇ ਉਨ੍ਹਾਂ 'ਤੇ ਆਰਐਸਐਸ-ਭਾਜਪਾ ਦੇ ਦਬਾਅ ਦਾ ਦੋਸ਼ ਲਗਾਇਆ ਸੀ।

ਇਸ ਤਾਜ਼ਾ ਚੁਣੌਤੀ ਨੇ ਸਿੰਘ ਸਾਹਿਬਾਨਾਂ ਨੂੰ ਦਰਪੇਸ਼ ਸਥਿਤੀ ਦੀ ਗੁੰਝਲਦਾਰਤਾ ਨੂੰ ਹੋਰ ਵੀ ਵਧਾ ਦਿੱਤਾ ਹੈ, ਕਿਉਂਕਿ ਉਨ੍ਹਾਂ ਨੇ ਸਿਖ ਪੰਥ ਦੀਆਂ ਚਿੰਤਾਵਾਂ ਨੂੰ ਵੀ ਹੱਲ ਕਰਨਾ ਹੈ ਅਤੇ ਅਕਾਲੀ ਦਲ ਨੂੰ ਵੀ ਬਚਾਉਣਾ ਹੈ। ਹਾਲਾਂਕਿ, ਇਹ ਪਹਿਲੀ ਵਾਰ ਨਹੀਂ ਹੈ ਕਿ ਅਕਾਲੀ ਦਲ ਨੇ ਅਕਾਲ ਤਖ਼ਤ ਦੇ ਜਥੇਦਾਰ ਦੀ ਨਿਰਪੱਖਤਾ ਅਤੇ ਭਰੋਸੇਯੋਗਤਾ 'ਤੇ ਸਵਾਲ ਉਠਾਏ ਹਨ। 1994 ਅਤੇ 1999 ਵਿੱਚ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਨੇ ਅਕਾਲ ਤਖ਼ਤ ਦੇ ਤਤਕਾਲੀ ਜਥੇਦਾਰਾਂ ਦੀ ਨਿਰਪੱਖਤਾ ਅਤੇ ਭਰੋਸੇਯੋਗਤਾ 'ਤੇ ਸਵਾਲ ਉਠਾਏ ਸਨ ਅਤੇ ਦੋਵਾਂ ਮੌਕਿਆਂ 'ਤੇ ਬਾਦਲਕਿਆਂ ਦੀ ਭੂਮਿਕਾ ਸਿਖ ਪੰਥ ਵਿਰੋਧੀ ਸੀ। ਉਂਜ, ਇਸ ਵਾਰ ਘੱਟੋ-ਘੱਟ ਫਿਲਹਾਲ ਅਕਾਲੀ ਲੀਡਰਸ਼ਿਪ ਚੌਕਸ ਨਜ਼ਰ ਆ ਰਹੀ ਹੈ, ਹਾਲਾਂਕਿ ਇਸ ਵਾਰ ਦੋਸ਼ ਜ਼ਿਆਦਾ ਗੰਭੀਰ ਹਨ। ਸੁਖਬੀਰ ਸਿੰਘ ਬਾਦਲ ਦੇ ਖੇਮੇ ਵਿੱਚੋਂ ਕਿਸੇ ਨੇ ਵੀ ਹੁਣ ਤੱਕ ਵਲਟੋਹਾ ਦੇ ਦੋਸ਼ਾਂ ਦਾ ਖੰਡਨ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਦਾ ਸਾਫ ਅਰਥ ਹੈ ਕਿ ਅਕਾਲ ਤਖਤ ਸਾਹਿਬ ਦੀ ਮਹਾਨਤਾ ਤੇ ਭਰੋਸੇਯੋਗਤਾ ਨੂੰ ਖਤਮ ਕਰਨ ਵਿਚ ਬਾਦਲਕੇ ਫਿਰ ਸਿਖ ਵਿਰੋਧੀ ਇਤਿਹਾਸ ਦੁਹਰਾ ਰਹੇ ਹਨ।

1990ਵਿਆਂ ਦੀ ਸਥਿਤੀ ਅਤੇ ਮੌਜੂਦਾ ਸਥਿਤੀ ਵਿੱਚ ਇੱਕ ਵੱਡਾ ਫਰਕ ਇਹ ਸੀ ਕਿ 1994 ਅਤੇ 1999 ਵਿੱਚ ਅਕਾਲ ਤਖ਼ਤ ਦੇ ਜਥੇਦਾਰਾਂ ਦੀ ਨਿਯੁਕਤੀ ਗੁਰਚਰਨ ਸਿੰਘ ਟੌਹੜਾ ਦੀ ਅਗਵਾਈ ਵਾਲੀ ਸ਼੍ਰੋਮਣੀ ਕਮੇਟੀ ਵੱਲੋਂ ਕੀਤੀ ਗਈ ਸੀ ਪਰ ਮੌਜੂਦਾ ਸਿੰਘ ਸਾਹਿਬਾਨ ਅਸਲ ਵਿੱਚ ਬਾਦਲਾਂ ਦੇ ਕੰਟਰੋਲ ਵਾਲੀ ਸ਼੍ਰੋਮਣੀ ਕਮੇਟੀ ਵੱਲੋਂ ਨਿਯੁਕਤ ਕੀਤੇ ਗਏ ਹਨ।

ਅਪ੍ਰੈਲ 1994 ਵਿੱਚ, ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ, ਪ੍ਰੋ: ਮਨਜੀਤ ਸਿੰਘ ਨੇ ਬੁਰੀ ਤਰ੍ਹਾਂ ਟੁੱਟ ਚੁੱਕੇ ਅਕਾਲੀ ਧੜਿਆਂ ਵਿੱਚ ਏਕਤਾ ਕਾਇਮ ਕਰਨ ਦੀ ਕੋਸ਼ਿਸ਼ ਕੀਤੀ। ਹਾਲਾਂਕਿ, ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦੇ ਧੜੇ ਨੇ ਇਸ ਕਦਮ ਦਾ ਸਖ਼ਤ ਵਿਰੋਧ ਕੀਤਾ। ਉਸ ਸਮੇਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ ਗਠਨ ਹੋਇਆ ਸੀ ਅਤੇ ਅੰਮ੍ਰਿਤਸਰ ਐਲਾਨਨਾਮਾ ਵੀ ਕੀਤਾ ਗਿਆ ਸੀ।

ਸ਼੍ਰੋਮਣੀ ਕਮੇਟੀ ਦੇ ਤਤਕਾਲੀ ਸਕੱਤਰ ਕੁਲਵੰਤ ਸਿੰਘ ਨੇ ਆਪਣੀ ਕਿਤਾਬ 'ਜੂਨ 84, ਸ਼੍ਰੋਮਣੀ ਕਮੇਟੀ ਦੁਪਹਿਰੇ ਗ੍ਰਹਿਣ (ਜੂਨ 84 ਜਦੋਂ ਐਸਜੀਪੀਸੀ ਨੂੰ ਗ੍ਰਹਿਣ ਲੱਗ ਗਿਆ)' ਵਿੱਚ ਬਾਦਲ ਸੀਨੀਅਰ ਦੇ ਇਸ ਕਦਮ ਦੇ ਵਿਰੋਧ ਦਾ ਦਸਤਾਵੇਜ਼ੀਕਰਨ ਕੀਤਾ ਹੈ। ਮਈ 1994 ਵਿਚ, ਜਦੋਂ ਬਾਦਲ ਨੂੰ ਅਕਾਲ ਤਖ਼ਤ 'ਤੇ ਤਲਬ ਕੀਤਾ ਗਿਆ, ਤਾਂ ਦਰਬਾਰ ਸਾਹਿਬ ਕੰਪਲੈਕਸ ਵਿਚ ਕੁਝ ਸਿਖ ਪੰਥ ਵਿਰੋਧੀ ਦ੍ਰਿਸ਼ ਦੇਖੇ ਗਏ ,ਕਿਉਂਕਿ ਜਥੇਦਾਰ ਮਨਜੀਤ ਸਿੰਘ ਨੂੰ ਬਾਦਲ ਦੇ ਵਫ਼ਾਦਾਰਾਂ ਦੇ ਗੁੱਸੇ ਦਾ ਸਾਹਮਣਾ ਕਰਨਾ ਪਿਆ।

ਪ੍ਰਕਾਸ਼ ਸਿੰਘ ਬਾਦਲ ਅਤੇ ਟੌਹੜਾ ਦਰਮਿਆਨ 1998 ਦੇ ਅੰਤ ਤੱਕ ਸ਼ੁਰੂ ਹੋਏ ਅਤੇ 1999 ਵਿੱਚ ਵਧਦੇ ਝਗੜੇ ਦੌਰਾਨ, ਬਾਦਲ ਦਲ ਨੇ ਨਾ ਸਿਰਫ ਉਸ ਵੇਲੇ ਦੇ ਅਕਾਲ ਤਖ਼ਤ ਦੇ ਜਥੇਦਾਰ ਭਾਈ ਰਣਜੀਤ ਸਿੰਘ ਦੀ ਨਿਰਪੱਖਤਾ 'ਤੇ ਸਵਾਲ ਖੜ੍ਹੇ ਕੀਤੇ, ਸਗੋਂ ਉਨ੍ਹਾਂ ਨੂੰ ਬਰਖਾਸਤ ਕਰਨ ਲਈ ਵੀ ਧੱਕਾ ਕੀਤਾ, ਜੋ ਕਿ 1999 ਵਿੱਚ ਵਾਪਰਿਆ ਸੀ। 10 ਫਰਵਰੀ 1999 ਮੌਜੂਦਾ ਉਥਲ-ਪੁਥਲ ਵਿੱਚ, ਜਥੇਦਾਰਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ 'ਤਨਖਾਹੀਆ' ਕਰਾਰ ਦਿੱਤੇ ਜਾਣ ਤੋਂ ਬਾਅਦ 'ਤਨਖਾਹ' (ਧਾਰਮਿਕ ਸਜ਼ਾ) ਬਾਰੇ ਫੈਸਲਾ ਸੁਣਾਉਣ ਦੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ - ਇਸ ਮਾਮਲੇ ਵਿੱਚ, ਉਹ ਘੋਰ ਪੰਥਕ ਸਿਆਸੀ ਦੁਰਵਿਹਾਰ ਜੱਥੇਦਾਰਾਂ ਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਸੁਖਬੀਰ ਦੇ ਖਿਲਾਫ ਉਨ੍ਹਾਂ ਦਾ ਫੈਸਲਾ ਸਿੱਖ ਪੰਥ ਨੂੰ ਪ੍ਰਵਾਨ ਹੋਵੇ। ਇਸ ਨਵੇਂ ਵਿਵਾਦ ਨੇ ਉਨ੍ਹਾਂ ਦੀ ਚੁਣੌਤੀ ਨੂੰ ਗੁੰਝਲਦਾਰ ਬਣਾ ਦਿੱਤਾ ਹੈ, ਜਿਥੇ ਹੁਣ ਸਿੰਘ ਸਾਹਿਬਾਨ ਦੀ ਪਰਖ ਹੋਣੀ ਹੈ। ਇਹ ਮੌਜੂਦਾ ਸਥਿਤੀਆਂ ਦੀ ਗੁੰਝਲਤਾ ਹੀ ਨਹੀਂ ਹੈ ਜੋ ਉਨ੍ਹਾਂ ਦੇ ਕੰਮ ਨੂੰ ਔਖਾ ਬਣਾ ਰਹੀ ਹੈ, ਸਗੋਂ ਉਨ੍ਹਾਂ ਨੂੰ ਅਕਾਲ ਤਖ਼ਤ ਦੇ ਅਧਿਕਾਰ ਅਤੇ ਭਰੋਸੇਯੋਗਤਾ ਨੂੰ ਬਹਾਲ ਕਰਨ ਦੀ ਚੁਣੌਤੀ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ, ਜੋ ਕਿ ਗਿਆਨੀ ਗੁਰਬਚਨ ਸਿੰਘ ਦੇ ਕਾਰਜਕਾਲ ਦੌਰਾਨ ਵਿਵਾਦਪੂਰਨ ਫੈਸਲਿਆਂ ਕਾਰਨ ਤਬਾਹ ਹੋ ਗਿਆ ਹੈ। ਤਖ਼ਤ ਦੇ ਜਥੇਦਾਰ ਗੁਰਬਚਨ ਸਿੰਘ, ਜਿਨ੍ਹਾਂ ਨੇ ਸਤੰਬਰ 2015 ਵਿੱਚ ਸਿਰਸਾ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਇੱਕਤਰਫ਼ਾ ਮੁਆਫ਼ੀ ਦਾ ਐਲਾਨ ਕਰਨ ਵਿੱਚ ਸਿੰਘ ਸਾਹਿਬਾਨਾਂ ਦੀ ਅਗਵਾਈ ਕੀਤੀ ਸੀ।

ਇਸ ਦੇ ਨਾਲ ਹੀ ਸੁਖਬੀਰ ਦੇ ਖੇਮੇ ਦੀ ਸਭ ਤੋਂ ਵੱਡੀ ਚਿੰਤਾ ਇਹ ਹੈ ਕਿ ਉਨਾਂ ਸਿਆਸੀ ਭਵਿੱਖ ਖਤਰੇ ਵਿਚ ਹੈ। ਇਸ ਦੇ ਲਈ ਕਿਤੇ ਅਕਾਲ ਤਖਤ ਸਾਹਿਬ ਤੋਂ ਸਖਤ ਸਜ਼ਾ ਨਾ ਲਗ ਜਾਵੇ। ਕਿਉਂਕਿ ਭਾਈਚਾਰੇ ਦੇ ਕਈ ਲੋਕ ਇਹ ਵਕਾਲਤ ਕਰ ਰਹੇ ਹਨ ਕਿ ਸੁਖਬੀਰ ਨੂੰ ਆਮ ਧਾਰਮਿਕ ਸਜ਼ਾ ਤੋਂ ਇਲਾਵਾ ਸਿਆਸੀ ਕੀਮਤ ਚੁਕਾਉਣੀ ਪਵੇਗੀ।

# ਸ਼ੰਭੂ ਬਾਰਡਰ 'ਤੇ ਧਰਨਾਕਾਰੀ ਕਿਸਾਨ ਸੁਪਰੀਮ ਕੋਰਟ ਦੀ ਕਮੇਟੀ ਨੂੰ ਮਿਲਣ ਤੋਂ ਇਨਕਾਰੀ

**✪ ਕਿਸਾਨਾਂ ਕਿਹਾ ਕਿ ਰਸਤਾ ਕਿਸਾਨਾਂ ਨੇ ਨਹੀਂ ਬਲਕਿ ਹਰਿਆਣਾ ਸਰਕਾਰ ਨੇ ਰੋਕਿਆ ਹੋਇਆ**





**ਪਟਿਆਲਾ**-ਸ਼ੰਭੂ ਬਾਰਡਰ 'ਤੇ ਸੰਘਰਸ਼ ਕਰ ਰਹੀਆਂ ਕਿਸਾਨ ਜਥੇਬੰਦੀਆਂ ਨੇ ਰਾਹ ਖੋਲ੍ਹਣ ਲਈ ਸੁਪਰੀਮ ਕੋਰਟ ਵੱਲੋਂ ਬਣਾਈ ਗਈ ਕਮੇਟੀ ਨਾਲ ਮੁਲਾਕਾਤ ਤੋਂ ਸਾਫ ਇਨਕਾਰ ਕਰ ਦਿੱਤਾ ਹੈ। ਕਿਸਾਨ ਜਥੇਬੰਦੀਆਂ ਨੇ ਮੀਟਿੰਗ ਦਾ ਸੱਦਾ ਠੁਕਰਾ ਦਿੱਤਾ ਹੈ।

ਇਹ ਫੈਸਲਾ ਕਿਸਾਨ ਮਜ਼ਦੂਰ ਮੋਰਚੇ ਤੇ ਸੰਯੁਕਤ ਕਿਸਾਨ ਮੋਰਚਾ ਗੈਰ ਸਿਆਸੀ ਨੇ ਲਿਆ ਹੈ। ਕਿਸਾਨਾਂ ਨੇ ਇਸ ਦੇ ਲਈ ਕਮੇਟੀ ਨੂੰ ਪੱਤਰ ਲਿਖਿਆ ਹੈ। ਉਨ੍ਹਾਂ ਨੇ ਦਲੀਲ ਦਿੱਤੀ ਹੈ ਕਿ ਰਸਤਾ ਕਿਸਾਨਾਂ ਨੇ ਨਹੀਂ ਬਲਕਿ ਹਰਿਆਣਾ ਸਰਕਾਰ ਨੇ ਰੋਕਿਆ ਹੋਇਆ ਹੈ।

ਕਮੇਟੀ ਵੱਲੋਂ ਦੋਵੇ ਫੋਰਮਾਂ ਨੂੰ ਮੀਟਿੰਗ ਦੇ ਲਈ ਸੱਦਾ ਦਿੱਤਾ ਗਿਆ ਸੀ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਕਿਸੇ ਵੀ ਜਥੇਬੰਦੀ ਨੇ ਸੁਪਰੀਮ ਕੋਰਟ ਤੋਂ ਕਿਸੇ ਵੀ ਤਰ੍ਹਾਂ ਦੀ ਕਮੇਟੀ ਦੇ ਗਠਨ ਦੀ ਮੰਗ ਨਹੀਂ ਕੀਤੀ ਸੀ। ਨਾ ਹੀ ਉਹ ਅਦਾਲਤ ਵਿੱਚ ਚੱਲ ਰਹੇ ਕੇਸ ਵਿੱਚ ਪਾਰਟੀ ਹਨ। ਰਸਤਾ ਤਾਂ ਗੈਰ ਕਾਨੂੰਨੀ ਰੂਪ ਵਿੱਚ ਹਰਿਆਣਾ ਸਰਕਾਰ ਨੇ ਬੰਦ ਕੀਤਾ ਹੈ।

ਦਰਅਸਲ ਪੰਜਾਬ ਹਰਿਆਣਾ ਹਾਈਕੋਰਟ ਨੇ ਹਰਿਆਣਾ ਸਰਕਾਰ ਨੂੰ ਰਸਤਾ ਖੋਲ੍ਹਣ ਦੇ ਆਦੇਸ਼ ਦਿੱਤੇ ਸਨ ਜਿਸ ਦੇ ਖਿਲਾਫ ਹਰਿਆਣਾ ਸਰਕਾਰ ਸੁਪਰੀਮ ਕੋਰਟ ਪਹੁੰਚ ਗਈ।

ਸੁਣਵਾਈ ਦੇ ਦੌਰਾਨ ਦੇਸ਼ ਦੀ ਸੁਪ੍ਰੀਮ ਅਦਾਲਤ ਨੇ ਕਿਸਾਨਾਂ ਨਾਲ ਗੱਲਬਾਤ ਦੇ ਜ਼ਰੀਏ ਕਮੇਟੀ ਬਣਾਉਣ ਦੀ ਹਦਾਇਤ ਦਿੱਤੀ। ਕਮੇਟੀ ਵਿੱਚ ਹਰਿਆਣਾ ਅਤੇ ਪੰਜਾਬ ਦੇ ਨਿਰਪੱਖ ਮੈਂਬਰਾਂ ਨੂੰ ਸ਼ਾਮਲ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ। ਕਮੇਟੀ ਦੇ ਨਾਵਾਂ 'ਤੇ ਸੁਪਰੀਮ ਕੋਰਟ ਨੇ ਹੀ ਮੋਹਰ ਲਗਾਈ ਸੀ।

ਸੁਪਰੀਮ ਕੋਰਟ ਵੱਲੋਂ ਬਣਾਈ ਗਈ ਕਮੇਟੀ ਨੂੰ ਹੁਣ ਆਪਣੀ ਰਿਪੋਰਟ ਸੁਪਰੀਮ ਕੋਰਟ ਵਿੱਚ ਰੱਖਣੀ ਹੈ। ਜਿਸ ਤੋਂ ਬਾਅਦ ਅਦਾਲਤ ਹੀ ਅਗਲਾ ਫੈਸਲਾ ਕਰੇਗੀ

# ਯੂ.ਪੀ. ਦੇ ਬਹਿਰਾਇਚ ਵਿਚ ਭਗਵੇਂ ਵਾਦੀਆਂ ਨੇ ਕੀਤੀ ਹਿੰਸਾ

**✪ ਮਸਜਿਦ ਉਪਰ ਲਗਾਇਆ ਭਗਵਾਂ ਝੰਡਾ ✪ ਭੀੜ ਨੇ ਦੁਕਾਨਾਂ ਤੇ ਵਾਹਨਾਂ ਨੂੰ ਲਾਈ ਅੱਗ**





**ਸ੍ਰੀ ਆਨੰਦਪੁਰ ਸਾਹਿਬ**-ਸ੍ਰੀ ਆਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਵਿਕ ਰਹੇ ਨਸ਼ੇ ਦਾ ਮੁੱਦਾ ਚੁੱਕਦਿਆਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੇ ਇਸ ਸਬੰਧ ਵਿੱਚ ਸਰਕਾਰ ਤੋਂ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਗਿਆਨੀ ਸੁਲਤਾਨ ਸਿੰਘ ਨੇ ਕਿਹਾ ਕਿ ਇਸ ਪਵਿੱਤਰ ਧਰਤੀ 'ਤੇ ਬੀੜੀਆਂ, ਸਿਗਰਟਾਂ, ਜਰਦਾ, ਚੈਨੀ-ਖੈਨੀ ਅਤੇ ਗੁਟਖਾ ਆਦਿ ਵਸਤਾਂ ਦਾ ਨਸ਼ਾ ਆਮ ਹੋ ਗਿਆ ਹੈ, ਜੋ ਕਿ ਪ੍ਰਸ਼ਾਸਨ ਦੀ ਕਾਰਗੁਜ਼ਾਰੀ 'ਤੇ ਇੱਕ ਵੱਡਾ ਸਵਾਲ ਹੈ ਅਤੇ ਵੱਡੀ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਜਥੇਦਾਰ ਸੁਲਤਾਨ ਸਿੰਘ ਨੇ ਕਿਹਾ ਕਿ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਹਮਣੇ ਮੁੱਖ ਮਾਰਗ 'ਤੇ ਬਣੀਆਂ ਦੁਕਾਨਾਂ ਉੱਤੇ ਇਹ ਨਸ਼ੇ ਵੇਚੇ ਵੀ ਜਾਂਦੇ ਹਨ ਅਤੇ ਇਨ੍ਹਾਂ ਦਾ ਸੇਵਨ ਵੀ ਕੀਤਾ ਜਾਂਦਾ ਹੈ ਪਰ ਪ੍ਰਸ਼ਾਸਨ ਇਸ ਪਾਸੇ ਕੋਈ ਧਿਆਨ ਨਹੀਂ ਦੇ ਰਿਹਾ। ਉਨ੍ਹਾਂ ਕਿਹਾ ਕਿ ਪਾਰਕਿੰਗ ਗਰਾਊਂਡ ਦੇ ਬਿਲਕੁਲ ਨਾਲ ਮੁੱਖ ਮਾਰਗ 'ਤੇ ਬਹੁਤ ਸਾਰੇ ਨੌਜਵਾਨ, ਜੋ ਜ਼ਿਆਦਾਤਰ ਪਰਵਾਸੀ ਨਜ਼ਰ ਆਉਂਦੇ ਹਨ, ਸੜਕ 'ਤੇ ਬੀੜੀਆਂ-ਸਿਗਰਟਾਂ ਦਾ ਧੂੰਆਂ ਉਡਾ ਰਹੇ ਹੁੰਦੇ ਹਨ।

ਜਥੇਦਾਰ ਨੇ ਕਿਹਾ ਕਿ ਧਾਰਮਿਕ ਸਥਾਨ ਨੇੜੇ ਮੁੱਖ ਮਾਰਗ 'ਤੇ ਅਜਿਹਾ ਸਭ ਕੁਝ ਹੋਣ ਕਾਰਨ ਦੂਰੋਂ ਆਉਂਦੀ ਸੰਗਤ 'ਤੇ ਮਾੜਾ ਪ੍ਰਭਾਵ ਪੈਂਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਤੇ ਪ੍ਰਸ਼ਾਸਨ ਨੂੰ ਇਸ ਸ਼ਹਿਰ ਦੀ ਪਵਿੱਤਰਤਾ ਦੇ ਮੱਦੇਨਜ਼ਰ ਨਸ਼ਾ ਵੇਚਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ।

# ਮਸਜਿਦ 'ਚ 'ਜੈ ਸ਼੍ਰੀ ਰਾਮ' ਦੇ ਨਾਅਰੇ ਲਗਾਉਣਾ ਅਪਰਾਧ ਨਹੀਂ

## ✪ ਕਰਨਾਟਕ ਹਾਈਕੋਰਟ ਭਗਵੇਂ ਦੋਸ਼ੀਆਂ ਦੇ ਹੱਕ ਵਿਚ ਭੁਗਤੀ




**ਬੈਂਗਲੂਰੂ**-ਕਰਨਾਟਕ ਹਾਈ ਕੋਰਟ ਨੇ ਮਸਜਿਦ ਦੇ ਅੰਦਰ 'ਜੈ ਸ਼੍ਰੀ ਰਾਮ' ਦੇ ਕਥਿਤ ਨਾਅਰੇ ਲਗਾਉਣ ਦੇ ਮਾਮਲੇ ਵਿਚ ਅਹਿਮ ਫੈਸਲਾ ਸੁਣਾਇਆ ਹੈ। ਦਰਅਸਲ, ਅਦਾਲਤ ਨੇ ਪੁਲਿਸ ਵੱਲੋਂ ਦੋ ਵਿਰਕੂ ਹਿੰਦੂਤਵੀਆਂ ਖ਼ਿਲਾਫ਼ ਦਰਜ ਅਪਰਾਧਿਕ ਕੇਸ ਨੂੰ ਖਾਰਜ ਕਰ ਦਿੱਤਾ ਹੈ। ਹਾਈਕੋਰਟ ਨੇ ਕਿਹਾ ਕਿ ਮਸਜਿਦ ਵਿਚ ਜੈ ਸ਼੍ਰੀ ਰਾਮ ਦੇ ਨਾਅਰੇ ਲਗਾਉਣਾ ਬਿਲਕੁਲ ਵੀ ਗਲਤ ਨਹੀਂ ਹੈ।

ਦੋਸ਼ੀ ਵਿਅਕਤੀਆਂ ਦੀ ਅਪੀਲ ਪਟੀਸ਼ਨ 'ਤੇ ਵਿਚਾਰ ਕਰਦਿਆਂ ਇਹ ਹੁਕਮ ਸੁਣਾਉਂਦੇ ਹੋਏ ਜਸਟਿਸ ਐਮ. ਨਾਗਪ੍ਰਸੰਨਾ ਦੀ ਅਗਵਾਈ ਵਾਲੇ ਸਿੰਗਲ ਬੈਂਚ ਨੇ ਕਿਹਾ ਕਿ ਇਹ ਸਮਝ ਤੋਂ ਬਾਹਰ ਹੈ ਕਿ 'ਜੈ ਸ਼੍ਰੀ ਰਾਮ' ਦੇ ਨਾਅਰੇ ਲਗਾਉਣ ਨਾਲ ਕਿਸੇ ਵੀ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਕਿਵੇਂ ਠੇਸ ਪਹੁੰਚੇਗੀ। ਦੋਸ਼ੀਆਂ 'ਤੇ ਮਸਜਿਦ 'ਚ ਕਥਿਤ ਤੌਰ 'ਤੇ 'ਜੈ ਸ਼੍ਰੀ ਰਾਮ' ਦੇ ਨਾਅਰੇ ਲਗਾਉਣ ਦੇ ਦੋਸ਼ 'ਚ ਆਈਪੀਸੀ ਦੀ ਧਾਰਾ 295ਏ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ।

ਦੋਸ਼ੀ 'ਤੇ ਭਾਰਤੀ ਦੰਡਾਵਲੀ (ਆਈਪੀਸੀ) ਦੀ ਧਾਰਾ 447 (ਅਪਰਾਧਿਕ ਉਲੰਘਣ), 505 (ਜਨਤਕ ਸ਼ਰਾਰਤ ਪੈਦਾ ਕਰਨ ਦੀ ਸੰਭਾਵਨਾ ਵਾਲੇ ਬਿਆਨ ਦੇਣਾ), 506 (ਅਪਰਾਧਿਕ ਧਮਕੀ), 34 (ਸਾਧਾਰਨ ਇਰਾਦਾ) ਅਤੇ 295ਏ (ਧਾਰਮਿਕ ਭਾਵਨਾਵਾਂ ਨੂੰ ਭੜਕਾਉਣਾ) ਦੇ ਤਹਿਤ ਵੀ ਮਾਮਲਾ ਦਰਜ ਕੀਤਾ ਗਿਆ ਸੀ।

### ਹਾਈਕੋਰਟ ਨੇ ਕੀਤੀ ਅਹਿਮ ਟਿੱਪਣੀ

ਬੈਂਚ ਨੇ ਕਿਹਾ ਕਿ ਮਾਮਲੇ ਵਿੱਚ ਸ਼ਿਕਾਇਤਕਰਤਾ ਨੇ ਖੁਦ ਕਿਹਾ ਹੈ ਕਿ ਸਬੰਧਤ ਖੇਤਰ ਵਿੱਚ ਹਿੰਦੂ ਅਤੇ ਮੁਸਲਮਾਨ ਸਦਭਾਵਨਾ ਨਾਲ ਰਹਿ ਰਹੇ ਹਨ।

ਬੈਂਚ ਨੇ ਰੇਖਾਂਕਿਤ ਕੀਤਾ ਕਿ ਪਟੀਸ਼ਨਕਰਤਾਵਾਂ ਵਿਰੁੱਧ ਅਗਲੀ ਕਾਰਵਾਈ ਦੀ ਇਜਾਜ਼ਤ ਦੇਣਾ ਕਾਨੂੰਨ ਦੀ ਪ੍ਰਕਿਰਿਆ ਦੀ ਦੁਰਵਰਤੋਂ ਹੋਵੇਗੀ।

ਸੁਪਰੀਮ ਕੋਰਟ ਦੇ ਹੁਕਮਾਂ ਦਾ ਹਵਾਲਾ ਦਿੰਦੇ ਹੋਏ ਬੈਂਚ ਨੇ ਕਿਹਾ ਕਿ ਆਈਪੀਸੀ ਦੀ ਧਾਰਾ 295ਏ ਤਹਿਤ ਕੋਈ ਵੀ ਕੰਮ ਅਪਰਾਧ ਨਹੀਂ ਹੋਵੇਗਾ।

### ਪੁਲੀਸ ਨੇ ਇਹ ਦੋਸ਼ ਲਾਏ ਸਨ

ਕਰਨਾਟਕ ਪੁਲਿਸ ਨੇ ਦੋਸ਼ ਲਗਾਇਆ ਸੀ ਕਿ ਦੋਸ਼ੀ ਵਿਅਕਤੀ 24 ਸਤੰਬਰ, 2023 ਨੂੰ ਰਾਤ ਨੂੰ ਮਸਜਿਦ ਵਿੱਚ ਦਾਖਲ ਹੋਇਆ ਅਤੇ ਜੈ ਸ਼੍ਰੀ ਰਾਮ ਦੇ ਨਾਅਰੇ ਲਗਾਏ। ਉਸ 'ਤੇ ਧਮਕੀਆਂ ਦੇਣ ਦਾ ਵੀ ਦੋਸ਼ ਸੀ। ਜਦੋਂ ਸ਼ਿਕਾਇਤ ਦਰਜ ਕਰਵਾਈ ਗਈ ਤਾਂ ਮੁਲਜ਼ਮਾਂ ਨੂੰ ਅਣਪਛਾਤੇ ਵਿਅਕਤੀ ਦਿਖਾ ਕੇ ਬਾਅਦ ਵਿੱਚ ਮੁਲਜ਼ਮਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਹਾਲਾਂਕਿ, ਦੋਸ਼ਾਂ ਨੂੰ ਚੁਣੌਤੀ ਦਿੰਦੇ ਹੋਏ, ਮੁਲਜ਼ਮਾਂ ਨੇ ਕਰਨਾਟਕ ਹਾਈ ਕੋਰਟ ਵਿੱਚ ਅਪੀਲ ਦਾਇਰ ਕੀਤੀ ਅਤੇ ਇਸ ਸਬੰਧ ਵਿੱਚ ਉਨ੍ਹਾਂ ਦੇ ਖ਼ਿਲਾਫ਼ ਕੇਸ ਰੱਦ ਕਰ ਦਿੱਤਾ ਗਿਆ।

ਬੈਂਚ ਨੇ ਇਹ ਵੀ ਕਿਹਾ ਕਿ ਸ਼ਿਕਾਇਤ ਕਰਤਾ ਨੇ ਜ਼ਿਕਰ ਕੀਤਾ ਹੈ ਕਿ ਇਲਾਕੇ ਵਿੱਚ ਹਿੰਦੂ ਅਤੇ ਮੁਸਲਮਾਨ ਸਦਭਾਵਨਾ ਨਾਲ ਰਹਿੰਦੇ ਹਨ।

# ਜਥੇਦਾਰਾਂ ਦੀ ਦਰਿਆਦਿਲੀ ਹੈ ਕਿ ਵਲਟੋਹਾ ਖਿਲਾਫ ਵੱਡਾ ਐਕਸ਼ਨ ਨਹੀਂ ਲਿਆ : ਪ੍ਰੋ. ਸਰਚਾਂਦ ਸਿੰਘ

## ✪ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਖਿਲਾਫ ਕਿਰਦਾਰਕੁਸ਼ੀ ਦੀ ਵੱਡੀ ਸਾਜ਼ਿਸ਼ ਕਰਨ ਵਾਲਾ ਕਿਸੇ ਤਰਾਂ ਵੀ ਪੰਥ 'ਚ ਬਣੇ ਰਹਿਣ ਦੇ ਲਾਇਕ ਨਹੀਂ



**ਅੰਮ੍ਰਿਤਸਰ**-ਸਿੱਖ ਚਿੰਤਕ ਅਤੇ ਭਾਰਤੀ ਜਨਤਾ ਪਾਰਟੀ ਦੇ ਸੂਬਾਈ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਨਾਮਵਰ ਆਗੂ ਸ. ਵਿਰਸਾ ਸਿੰਘ ਵਲਟੋਹਾ ਦੇ ਖਿਲਾਫ ਲਏ ਗਏ ਫ਼ੈਸਲੇ ਦਾ ਜ਼ੋਰਦਾਰ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਜਥੇਦਾਰ ਸਿੰਘ ਸਾਹਿਬਾਨ ਦੀ ਦਰਿਆ ਦਿਲੀ ਹੈ ਕਿ ਉਨ੍ਹਾਂ ਨੇ ਵਲਟੋਹਾ ਵੱਲੋਂ ਕੀਤੀਆਂ ਗਈਆਂ ਵੱਡੀਆਂ ਕਰਤੂਤਾਂ ਦੇ ਬਾਵਜੂਦ ਕੇਵਲ ਉਸ ਨੂੰ ਅਕਾਲੀ ਦਲ 'ਚੋਂ ਬਾਹਰ ਕਰਨ ਦੇ ਨਿਰਦੇਸ਼ ਦਿੱਤੇ ਹਨ, ਜਦੋਂ ਕਿ ਪੰਥ ਦੀਆ ਸਭ ਤੋਂ ਵੱਧ ਸਤਿਕਾਰਯੋਗ ਧਾਰਮਿਕ ਸ਼ਖ਼ਸੀਅਤਾਂ ਵਜੋਂ ਪੰਥ ਦੀ ਸਿਰਮੌਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਜੋ ਕਿ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਵੀ ਹਨ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਖਿਲਾਫ ਕਿਰਦਾਰਕੁਸ਼ੀ ਦੀ ਵੱਡੀ ਸਾਜ਼ਿਸ਼ ਕੀਤੀ ਹੋਵੇ ਉਹ ਕਿਸੇ ਤਰਾਂ ਵੀ ਪੰਥ 'ਚ ਬਣੇ ਰਹਿਣ ਦੇ ਲਾਇਕ ਨਹੀਂ।

ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਤਖ਼ਤ ਸਾਹਿਬਾਨ ਸਿੱਖ ਪੰਥ ਦੀਆਂ ਸਿਰਮੌਰ ਸੰਸਥਾਵਾਂ ਹਨ ਅਤੇ ਇਸ 'ਤੇ ਸੇਵਾਵਾਂ ਨਿਭਾ ਰਹੇ ਜਥੇਦਾਰ ਸਿੰਘ ਸਾਹਿਬਾਨ ਦਾ ਪੰਥ 'ਚ ਆਪਣਾ ਉੱਚਾ ਰੁਤਬਾ ਅਤੇ ਮੁਕਾਮ ਹੈ। ਕੋਈ ਵੀ ਗੁਰਸਿੱਖ ਸ੍ਰੀ ਤਖ਼ਤ ਸਾਹਿਬਾਨ ਅਤੇ ਜਥੇਦਾਰਾਂ ਖਿਲਾਫ ਕਿਸੇ ਕਿਸਮ ਦੀ ਸਾਜ਼ਿਸ਼ ਘੜਨ ਬਾਰੇ ਸੁਪਨੇ 'ਚ ਵੀ ਨਹੀਂ ਸੋਚ ਸਕਦਾ। ਇਹ ਬੜੀ ਚਿੰਤਾ ਅਤੇ ਸ਼ਰਮ ਦੀ ਗਲ ਹੈ ਕਿ ਜਿੱਥੇ ਅਕਾਲੀ ਆਗੂਆਂ ਵੱਲੋਂ ਸਿਆਸੀ ਮੁਫ਼ਾਦ ਲਈ ਵਿਰੋਧੀਆਂ ਦੀ ਨਜਾਇਜ਼ ਰਿਕਾਰਡਿੰਗ ਕਰਦਿਆਂ ਵਿਸ਼ਵਾਸਘਾਤ ਦੀ ਆਦਤ ਹੁਣ ਸਿੰਘ ਸਾਹਿਬਾਨ ਤਕ ਪਹੁੰਚ ਗਈ ਹੋਵੇ ਉੱਥੇ ਆਮ ਵਿਅਕਤੀ ਦਾ ਨਿੱਜ ਕਿਵੇਂ ਸੁਰੱਖਿਅਤ ਰਹਿ ਸਕਦੀ ਹੈ।

ਉਨ੍ਹਾਂ ਕਿਹਾ ਕਿ ਅਕਾਲੀ ਸਿਆਸਤ ਨਿਵਾਣਾਂ ਵਲ ਜਾ ਚੁੱਕੀ ਹੈ। ਵਲਟੋਹਾ ਨੇ ਸੁਖਬੀਰ ਸਿੰਘ ਬਾਦਲ ਦੇ ਮਾਮਲੇ 'ਚ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਦਬਾਅ ਪਾਉਣ ਲਈ ਹੀ ਨੀਵੇਂ ਪੱਧਰ 'ਤੇ ਜਾ ਕੇ ਸਾਜ਼ਿਸ਼ ਤਹਿਤ ਰਿਕਾਰਡਿੰਗ ਕੀਤੀ, ਇਸ ਬਾਰੇ ਸੁਖਬੀਰ ਸਿੰਘ ਬਾਦਲ ਨੂੰ ਆਪਣੀ ਸਥਿਤੀ ਸਪਸ਼ਟ ਕਰਨੀ ਚਾਹੀਦੀ ਹੈ ਅਤੇ ਇਸ ਗੁਨਾਹ ਲਈ ਸ਼੍ਰੋਮਣੀ ਕਮੇਟੀ ਨੂੰ ਵਲਟੋਹਾ ਦੇ ਖਿਲਾਫ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ।

ਭਾਜਪਾ ਆਗੂ ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਸਿੰਘ ਸਾਹਿਬਾਨ ਦੇ ਫ਼ੈਸਲੇ ਨੇ ਭਾਜਪਾ ਅਤੇ ਆਰ ਐਸ ਐਸ ਖਿਲਾਫ ਅਕਾਲੀ ਆਗੂਆਂ ਵੱਲੋਂ ਲਗਾਏ ਜਾ ਰਹੇ ਬੇਬੁਨਿਆਦ ਇਲਜ਼ਾਮਾਂ ਦਾ ਸੱਚ ਵੀ ਸਾਹਮਣੇ ਲਿਆ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੇ ਬੇਸ਼ੱਕ ਸਤਿਕਾਰ ਵਜੋਂ ਕਰਤਾਰਪੁਰ ਲਾਂਘਾ, ਗੁਰੂ ਸਾਹਿਬਾਨ ਦੀਆਂ ਸ਼ਤਾਬਦੀਆਂ ਮਨਾਉਣ ਅਤੇ ਵੀਰ ਬਾਲ ਦਿਵਸ ਵਰਗੇ ਧਾਰਮਿਕ ਖੇਤਰ 'ਚ ਵੱਡੇ ਫ਼ੈਸਲੇ ਲਏ ਹਨ, ਪਰ ਸਿੱਖ ਪੰਥ ਦੇ ਅੰਦਰੂਨੀ ਧਾਰਮਿਕ ਮਾਮਲਿਆਂ 'ਚ ਕਦੀ ਦਖ਼ਲ ਅੰਦਾਜ਼ੀ ਨਹੀਂ ਕੀਤੀ। ਸਿੱਖਾਂ ਦੀ ਆਨ ਤੇ ਸ਼ਾਨ ਦਾ ਪ੍ਰਤੀਕ ਸਾਡੀਆਂ ਇਹਨਾਂ ਸਿੱਖ ਸੰਸਥਾਵਾਂ ਨੂੰ ਆਪਣੇ ਸਵਾਰਥ ਲਈ ਅਕਾਲੀ ਦਲ ਅਤੇ ਬਾਦਲ ਪਰਿਵਾਰ ਵੱਲੋਂ ਕੀਤੀ ਜਾਂਦੀ ਰਹੀ ਦੁਰਵਰਤੋਂ ਦੀਆਂ ਅਨੇਕਾਂ ਮਿਸਾਲਾਂ ਹਨ, ਗਿਣਾਉਣ ਜਾਂ ਦੱਸਣ ਦੀ ਲੋੜ ਨਹੀਂ। ਪੰਥ ਦੀ ਜਮਾਤ ਸ਼੍ਰੋਮਣੀ ਅਕਾਲੀ ਦਲ ਨੂੰ ਕਮਜ਼ੋਰ ਕਿਸੇ ਹੋਰ ਨੇ ਨਹੀਂ ਪੰਥ ਅੰਦਰ ਬੈਠ ਕੇ ਪੰਥ ਵਿਰੋਧੀ ਮਨਸੂਬੇ ਘੜਨ ਵਾਲਿਆਂ ਦੀ ਸੋਚ ਤੇ ਸਾਜ਼ਿਸ਼ਾਂ ਨੇ ਕੀਤਾ ਹੈ, ਜਿਸ ਤੋਂ ਅੱਜ ਹਰ ਕੋਈ ਵਾਕਫ਼ ਹੋ ਚੁਕਾ ਹੈ। ਸਿੱਖ ਪੰਥ ਦਹਾਕਿਆਂ ਤੋਂ ਜਾਗਰੂਕ ਹੈ, ਹੁਣ ਅਕਾਲੀ ਦਲ ਬਾਦਲ ਆਪਣੀਆਂ ਨਾਕਾਮੀਆਂ ਨੂੰ ਕੇਂਦਰੀ ਹਕੂਮਤ, ਭਾਜਪਾ ਅਤੇ ਆਰ ਐਸ ਐਸ ਦੇ ਖਾਤੇ ਪਾ ਕੇ ਸੁਰਖ਼ਰੂ ਨਹੀਂ ਹੋਇਆ ਜਾ ਸਕਦਾ।

ਪ੍ਰੋ. ਸਰਚਾਂਦ ਸਿੰਘ ਨੇ ਵਲਟੋਹਾ ਵੱਲੋਂ ਕੀਤੇ ਗਏ ਖ਼ੁਲਾਸੇ ਜਿਸ ਵਿਚ ਸੁਖਬੀਰ ਸਿੰਘ ਬਾਦਲ ਬਾਬਤ ਸ਼੍ਰੀ ਅਕਾਲ ਤਖ਼ਤ ਸਾਹਿਬ ਤੋਂ ਧਾਰਮਿਕ ਸਜ਼ਾ/ਤਨਖ਼ਾਹ ਸੁਣਾਏ ਜਾਣ ਦਾ ਫ਼ੈਸਲਾ ਹੋਰ ਨਾ ਲਮਕਾਉਣ ਲਈ ਅਕਾਲੀ ਆਗੂਆਂ ਵੱਲੋਂ ਵਾਰ ਵਾਰ ਜਥੇਦਾਰ ਸਾਹਿਬਾਨ ਪਹੁੰਚ ਕਰਨ ਨੂੰ ਗੈਰ ਸਿਧਾਂਤਕ ਅਤੇ ਸ਼ਰਮ ਕਰਨ ਵਾਲੀ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਕਿਸੇ ਵੀ ਤਨਖ਼ਾਹੀਆ ਨਾਲ ਮੇਲ ਮਿਲਾਪ ਨਾ ਰੱਖਣ ਲਈ ਰਹਿਤ ਮਰਯਾਦਾ 'ਚ ਸਪਸ਼ਟ ਆਦੇਸ਼ ਮੌਜੂਦ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 30/08/ 2024 ਨੂੰ ਸੁਣਾਏ ਗਏ ਫ਼ੈਸਲੇ 'ਚ ਸੁਖਬੀਰ ਸਿੰਘ ਬਾਦਲ ਉਸ ਵਕਤ ਤਕ ਤਨਖ਼ਾਹੀਆ ਹੈ ਜਦੋਂ ਤਕ ਉਹ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਆਪਣੇ "ਗੁਨਾਹਾਂ" ਦੀ ਮੁਆਫ਼ੀ ਨਹੀਂ ਮੰਗ ਲੈਂਦਾ। ਸੁਖਬੀਰ ਸਿੰਘ ਬਾਦਲ ਦੇ ਮਾਮਲੇ 'ਤੇ ਟਿੱਪਣੀ ਕਰਦਿਆਂ ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਇਸ ਸ਼੍ਰੇਣੀ ਨਾਲ ਸੰਬੰਧਿਤ ਪੁਰਾਣੇ ਹੁਕਮਨਾਮਿਆਂ 'ਚ ਜਿਨ੍ਹਾਂ ਸ਼ਖ਼ਸੀਅਤਾਂ ਨੂੰ ਤਨਖ਼ਾਹੀਆ ਕਰਾਰ ਦਿੱਤੇ ਗਏ ਹਨ, ਉਨ੍ਹਾਂ 'ਚ ਜਗਦੇਵ ਸਿੰਘ ਤਲਵੰਡੀ ਬਾਰੇ "ਕਿਸੇ ਵੀ ਸਿੱਖ ਸਟੇਜ 'ਤੇ ਬੁਲਾਇਆ ਨਾ ਜਾਵੇ ਅਤੇ ਕਿਸੇ ਵੀ ਸਿੱਖ ਜਥੇਬੰਦੀ ਵਿਚ ਪ੍ਰਤੀਨਿਧਤਾ ਨਾ ਦਿੱਤੀ ਜਾਵੇ", ਗਿਆਨੀ ਜ਼ੈਲ ਸਿੰਘ ਦੇ ਬਾਰੇ 'ਚ "ਕਿਸੇ ਪ੍ਰਕਾਰ ਦੀ ਇਸ ਨਾਲ ਮਿਲਵਰਤਨ ਨਾ ਕਰੇ", ਬੂਟਾ ਸਿੰਘ ਦੇ ਬਾਰੇ 'ਚ "ਤਨਖ਼ਾਹ ਨਹੀਂ ਲਵਾ ਲੈਂਦਾ ਕੋਈ ਸਿੱਖ ਮਿਲਵਰਤਨ ਨਾ ਕਰੇ", ਸੁਰਜੀਤ ਸਿੰਘ ਬਰਨਾਲਾ ਦੇ ਸੰਬੰਧ 'ਚ "ਅਗਲੇ ਹੁਕਮਾਂ ਤਕ ਕੋਈ ਸਬੰਧ ਨਾ ਰੱਖੇ ਤੇ ਮਿਲਵਰਤਨ ਨਾ ਦੇਵੇ" ਆਦਿ ਦਰਜ ਕੀਤੇ ਗਏ। ਉਪਰੋਕਤ ਦੀ ਰੋਸ਼ਨੀ ਵਿਚ ਇਹ ਕਿਹਾ ਜਾਵੇ ਤਾਂ ਗ਼ਲਤ ਨਹੀਂ ਹੋਵੇਗਾ ਕਿ ਤਨਖ਼ਾਹੀਆ ਹੋਣ ਕਾਰਨ ਸੁਖਬੀਰ ਬਾਦਲ ਨੂੰ ਕਿਸੇ ਵੀ ਪੰਥਕ ਸਟੇਜ 'ਤੇ ਬੋਲਣ ਦੇਣਾ ਤਾਂ ਕੀ ਉਸ ਕੋਲ ਪੰਥਕ ਜਮਾਤ ਦੀ ਮੈਂਬਰਸ਼ਿਪ ਜਾਂ ਪ੍ਰਤੀਨਿਧਤਾ ਦਾ ਹੱਕ ਵੀ ਨਹੀਂ ਹੈ। ਇਸ ਨੁਕਤੇ 'ਤੇ ਅਮਲ ਨਾ ਕਰ ਕੇ ਅਕਾਲੀ ਦਲ ਸਿਧਾਂਤ ਹੀਣਤਾ ਦਾ ਪ੍ਰਗਟਾਵਾ ਨਹੀਂ ਕਰ ਰਿਹਾ?

ਵਲਟੋਹਾ ਜੀ ਨੇ ਆਪਣੀਆਂ ਦਲੀਲਾਂ ਨੂੰ ਪੁਖ਼ਤਾ ਕਰਨ ਲਈ ਰਹਿਤ ਮਰਯਾਦਾ ਦੀਆਂ ਕਾਪੀਆਂ ਵੀ ਪੇਸ਼ ਕੀਤੀਆਂ ਹਨ। ਪਰ ਇਹ ਕਾਪੀਆਂ ਕੇਵਲ ਸ਼ਖ਼ਸੀ ਰਹਿਣੀ 'ਚ ਆਈ ਢਿਲਿਆਈ, ਧਾਰਮਿਕ ਗ਼ਲਤੀਆਂ ਜਾਂ ਅਵੱਗਿਆ ਕਾਰਨ ਹੋਈ ਮਰਯਾਦਾ ਦੀ ਉਲੰਘਣਾ ਬਾਰੇ ਹੈ। ਇਸ ਲਈ ਸੁਖਬੀਰ ਬਾਦਲ ਨੂੰ ਇਸ ਸ਼੍ਰੇਣੀ 'ਚ ਨਹੀਂ ਰੱਖਿਆ ਜਾ ਸਕਦਾ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਏ ਆਦੇਸ਼ 'ਚ ਸਾਫ਼ ਕਿਹਾ ਗਿਆ ਹੈ ਕਿ ਸੁਖਬੀਰ ਸਿੰਘ ਬਾਦਲ ਵੱਲੋਂ ਬਤੌਰ ਉਪ ਮੁੱਖ ਮੰਤਰੀ ਅਤੇ ਅਕਾਲੀ ਦਲ ਦੇ ਪ੍ਰਧਾਨ ਵਜੋਂ ਲਏ ਗਏ ਫ਼ੈਸਲਿਆਂ ਨਾਲ ਪੰਥਕ ਸਰੂਪ ਦੇ ਅਕਸ ਨੂੰ ਬਹੁਤ ਭਾਰੀ ਢਾਹ ਲੱਗਣ, ਅਕਾਲੀ ਦਲ ਦੀ ਹਾਲਤ ਬਹੁਤ ਪਤਲੀ ਹੋ ਜਾਣ ਅਤੇ ਸਿੱਖ ਹਿਤਾਂ ਨੂੰ ਬਹੁਤ ਭਾਰੀ ਨੁਕਸਾਨ ਪਹੁੰਚਣ ਦਾ 'ਗੁਨਾਹ' ਕੀਤਾ ਹੈ। ਸੋ ਇਹ ਜਾਣੇ ਅਨਜਾਣੇ ਹੋਈ ਗ਼ਲਤੀ ਨਹੀਂ। ਜਾਣਬੁੱਝ ਕੇ ਕੀਤੇ ਗਏ ਗੁਨਾਹ ਹਨ। ਉਨ੍ਹਾਂ ਸਵਾਲ ਕੀਤਾ ਕਿ ਸੌਦਾਸਾਧ ਬਾਰੇ ਬਾਈਕਾਟ ਸੰਬੰਧੀ ਜਾਰੀ ਹੁਕਮਨਾਮੇ ਦੀ ਜਾਣਬੁੱਝ ਕੇ ਵਾਰ ਵਾਰ ਉਲੰਘਣਾ ਕਰਨੀ ਕੀ ਗੁਰੂ ਨੂੰ ਪਿੱਠ ਦੇਣ ਦਾ ਵਤੀਰਾ ਨਹੀਂ। ਜੇ ਇਹ ਪਿੱਠ ਦੇਣ ਦਾ ਵਤੀਰਾ ਹੈ ਤਾਂ 'ਬੇਦਾਵਾ' ਕਿਉਂ ਨਹੀਂ ਕਿਹਾ ਜਾਣਾ ਚਾਹੀਦਾ? ਬੇਦਾਵੇ ਦੀ ਮੁਆਫ਼ੀ ਤਾਂ ਕੁਰਬਾਨੀ ਰਾਹੀਂ ਹੀ ਮਿਲ ਸਕਦੀ ਹੈ ਜਿਵੇਂ ਇਤਿਹਾਸ 'ਚ ਭਾਈ ਮਹਾਂ ਸਿੰਘ ਅਤੇ ਚਾਲੀ ਮੁਕਤਿਆਂ ਨੇ ਰਾਹ ਦਿਖਾਇਆ।

**-ਮਾਮਲਾ ਦਿੱਲੀ ਦੇ ਆਸ-ਪਾਸ ਦੇ ਇਲਾਕਿਆਂ ਵਿਚ ਪ੍ਰਦੂਸ਼ਣ ਦਾ-**

# ਸੁਪਰੀਮ ਕੋਰਟ ਵੱਲੋਂ ਪੰਜਾਬ ਤੇ ਹਰਿਆਣਾ ਦੇ ਮੁੱਖ ਸਕੱਤਰ ਤਲਬ

## ✪ ਦੁਸਹਿਰੇ ਦੇ ਪ੍ਰਦੂਸ਼ਣ ਬਾਰੇ ਸੁਪਰੀਮ ਕੋਰਟ ਕਿਉਂ ਚੁੱਪ ਹੈ ?


**ਦਿੱਲੀ**-ਪੰਜਾਬ ਅਤੇ ਹਰਿਆਣਾ ਵਿੱਚ ਪਰਾਲੀ ਸਾੜਨ ਦੇ ਮਾਮਲੇ ਲਗਾਤਾਰ ਵੱਧ ਰਹੇ ਹਨ। ਜਿਸ ਸਬੰਧੀ ਦੇਸ਼ ਦੀ ਸਰਬ ਉੱਚ ਅਦਾਲਤ ਸਖ਼ਤ ਨਜਰ ਆ ਰਹੀ ਹੈ। ਦਿੱਲੀ ਵਿੱਚ ਵਧ ਰਹੇ ਪ੍ਰਦੂਸ਼ਣ ਦੇ ਮੱਦੇਨਜ਼ਰ ਪਰਾਲੀ ਸਾੜਨ ਦੇ ਮਾਮਲਿਆਂ ਵਿੱਚ ਐਫਆਈਆਰ ਦਰਜ ਕਰਕੇ ਕਾਰਵਾਈ ਨਾ ਕੀਤੇ ਜਾਣ ਤੋਂ ਨਾਰਾਜ਼ ਸੁਪਰੀਮ ਕੋਰਟ ਨੇ ਹਰਿਆਣਾ ਦੇ ਮੁੱਖ ਸਕੱਤਰ ਨੂੰ ਅਗਲੇ ਬੁੱਧਵਾਰ ਨੂੰ ਨਿੱਜੀ ਤੌਰ 'ਤੇ ਪੇਸ਼ ਹੋਣ ਲਈ ਹੁਕਮ ਦਿੱਤੇ ਹਨ। ਅਦਾਲਤ ਨੇ ਕਿਹਾ ਕਿ ਰਾਜ ਪਰਾਲੀ ਸਾੜਨ ਦੇ ਮਾਮਲਿਆਂ ਵਿੱਚ ਮਾਮੂਲੀ ਜੁਰਮਾਨੇ ਲਗਾ ਕੇ ਲੋਕਾਂ ਨੂੰ ਛੱਡ ਰਿਹਾ ਹੈ। ਇਸ ਤਰ੍ਹਾਂ ਪਰਾਲੀ ਸਾੜਨ ਦੀਆਂ ਘਟਨਾਵਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ ਹਨ। ਅਦਾਲਤ ਨੇ ਕਿਹਾ ਕਿ ਇਹ ਕੋਈ ਸਿਆਸੀ ਮੁੱਦਾ ਨਹੀਂ ਹੈ, ਸੂਬਾ ਸਰਕਾਰ ਉਚਿਤ ਧਾਰਾਵਾਂ ਤਹਿਤ ਐਫਆਈਆਰ ਦਰਜ ਕਰਨ ਤੋਂ ਕਿਉਂ ਬਚ ਰਹੀ ਹੈ।



ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਫਟਕਾਰ ਲਗਾਉਂਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਦਾ ਰਵੱਈਆ ਹਰਿਆਣਾ ਵਰਗਾ ਹੀ ਹੈ। ਪਿਛਲੇ ਤਿੰਨ ਸਾਲਾਂ ਵਿੱਚ ਪਰਾਲੀ ਸਾੜਨ ਦੇ ਦੋਸ਼ ਵਿੱਚ ਕਿਸੇ ਵੀ ਵਿਅਕਤੀ ਖ਼ਿਲਾਫ਼ ਮੁਕੱਦਮਾ ਨਹੀਂ ਚਲਾਇਆ ਗਿਆ, ਸਿਰਫ਼ ਮਾਮੂਲੀ ਜੁਰਮਾਨਾ ਲਗਾਇਆ ਗਿਆ ਅਤੇ ਉਨ੍ਹਾਂ ਨੂੰ ਛੱਡ ਦਿੱਤਾ ਗਿਆ।


ਅਦਾਲਤ ਨੇ ਪੰਜਾਬ ਸਰਕਾਰ ਦੇ ਵਕੀਲ ਨੂੰ ਕਿਹਾ ਕਿ ਪਿਛਲੀ ਸੁਣਵਾਈ ਦੌਰਾਨ ਤੁਸੀਂ ਕੇਂਦਰ ਸਰਕਾਰ 'ਤੇ ਅਸਹਿਯੋਗ ਦਾ ਦੋਸ਼ ਲਗਾਇਆ ਸੀ ਪਰ ਕੀ ਤੁਸੀਂ ਕੇਂਦਰ ਸਰਕਾਰ ਨੂੰ ਟਰੈਕਟਰਾਂ ਜਾਂ ਡੀਜ਼ਲ ਲਈ ਫੰਡਾਂ ਦੀ ਮੰਗ ਕਰਨ ਲਈ ਕੋਈ ਪ੍ਰਸਤਾਵ ਭੇਜਿਆ ਹੈ? ਜਦੋਂ ਤੁਸੀਂ ਕੇਂਦਰ ਸਰਕਾਰ ਨੂੰ ਅਜਿਹਾ ਕੋਈ ਪ੍ਰਸਤਾਵ ਨਹੀਂ ਭੇਜੋਗੇ, ਤਾਂ ਤੁਸੀਂ ਉਨ੍ਹਾਂ ਤੋਂ ਕੋਈ ਉਮੀਦ ਕਿਵੇਂ ਰੱਖ ਸਕਦੇ ਹੋ।

**ਪੰਜਾਬ ਟਾਈਮਜ ਦਾ ਮੰਨਣਾ ਹੈ ਕਿ ਇਹ ਪ੍ਰਦੂਸ਼ਣ ਸਿਰਫ ਪਰਾਲੀ ਕਰਕੇ ਨਹੀਂ ਹੈ, ਇਹ ਦਸਹਿਰੇ ਦੌਰਾਨ ਰਾਵਣ ਫੂਕਣ ਕਰਕੇ ਵੀ ਹੈ। ਸੁਪਰੀਮ ਕੋਰਟ ਇਸ ਬਾਰੇ ਚੁਪ ਕਿਉਂ ਹੈ।**



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

*NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW*

Respectable Jatt Sikh family seek a suitable match for their good looking son. He is 35 years old, 5’11" tall, education Msc Accounting and Finance and runs his own Business, Girl should be from Jatt Sikh family, divorce & student welcome with no children. Please contact Mobile: 07859 056930 or reply to ref. 872 (3048)

For Hindu boy, very handsome, never married, 50 years, 5'10, M.S & B.E in IT, Software professional in Reading city. Looking Sikh/Hindu bride, tall, well educated professional match. Please contact: 07472 334567 or email: s2009king@gmail.com or reply to ref. 844 (3044)



## ਹਾਸੇ ਦੀ ਪਟਾਰੀ



**ਕੁੜੀ,** ਮੈਂ ਤੇਰੇ ਲਈ ਅੱਗ ‘ਤੇ ਤੁਰ ਸਕਦੀ ਹਾਂ, ਨਦੀ ਵਿੱਚ ਛਾਲ ਮਾਰ ਸਕਦੀ ਹਾਂ।”
ਮੁੰਡਾ, ਲਵ ਯੂ ਜਾਨੂੰ, ਕੀ ਤੂੰ ਮੈਨੂੰ ਹੁਣੇ ਮਿਲਣ ਲਈ ਆ ਸਕਦੀ ਏਂ ?
ਕੁੜੀ, ਪਾਗਲ ਹੋ ਗਿਆ ਏਂ ? ਧੁੱਪ ਦੇਖੀ ਹੈ ਕਿੰਨੀ ਤੇਜ਼ ਹੈ ?

*----*----*

**ਪਤਨੀ,** ਜਦੋਂ ਦੇਖੋ ਲੜਦੇ ਰਹਿੰਦੇ ਹੋ।
ਪਤੀ, ਤੂੰ ਹਰਕਤਾਂ ਹੀ ਅਜਿਹੀਆਂ ਕਰਦੀ ਏਂ।
ਪਤਨੀ, ਚੰਗਾ ਦੱਸੋ, ਤੁਹਾਨੂੰ ਕਿਹੋ ਜਿਹੀ ਪਤਨੀ ਪਸੰਦ ਹੈ ?
ਪਤੀ, ਅਜਿਹੀ ਪਤਨੀ ਜੋ ਮੈਨੂੰ ਪਿਆਰ ਦੇਵੇ, ਅਜਿਹੀ ਪਤਨੀ ਜੋ ਸਵਾਦਿਸ਼ਟ ਖਾਣਾ ਬਣਾਏ, ਅਜਿਹੀ ਪਤਨੀ ਜੋ ਮੇਰਾ ਹਰ ਵੇਲੇ ਖਿਆਲ ਰੱਖੇ।
ਪਤਨੀ, ਮੈਨੂੰ ਪਹਿਲਾਂ ਹੀ ਪਤਾ ਸੀ ਕਿ ਤੁਹਾਡੀ ਨੀਅਤ ਖਰਾਬ ਹੈ, ਤੁਸੀਂ ਤਿੰਨ - ਤਿੰਨ ਪਤਨੀਆਂ ਰੱਖਣੀਆਂ ਚਾਹੁੰਦੇ ਹੋ।

*----*----*

**CHANGE OF NAME**

I, MRS JASBIR KAUR WIFE OF MR DIDAR SINGH DHILLON WHOSE PERMANENT ADDRESS IN INDIA IS VILL: DALEWAL, P.O. GORAYA, DISTT: JALANDHAR, PUNJAB AND NOW LIVING AT 51 KENTON AVENUE, SOUTHALL, UB1 3QG U.K. HEREBY GIVE NOTICE OF MY INTENTION TO CHANGE MY NAME TO JASBIR KAUR DHILLON. (U/I)

**CHANGE OF NAME**

Please one tick box
☐ £30 Print in UK only
☐ £60 Print UK & India
☐ £80 Print UK & India (Express)

NOTE: Please allow 28 days for publication in India

I MR / MRS / MISS ______
SON / DAUGHTER / WIFE OF MR ______
WHOSE PERMANENT ADDRESS IN INDIA IS ______
______
AND IS NOW LIVING AT ______
______ HEREBY GIVE NOTICE OF MY INTENTION
TO CHANGE MY NAME TO ______
TEL ______

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

TO PAY BY CREDIT CARD TEL: 01332-372851

Account Name: Punjab Times Trust Ltd
Account No: 20853011 Sort Code: 20-25-85

# ਅਕਾਲੀ ਦਲ ਨੇ ਵਲਟੋਹਾ ਦਾ ਅਸਤੀਫ਼ਾ ਕੀਤਾ ਮਨਜ਼ੂਰ

**ਅੰਮ੍ਰਿਤਸਰ**-ਸ਼੍ਰੋਮਣੀ ਅਕਾਲੀ ਦਲ ਨੇ ਸੀਨੀਅਰ ਆਗੂ ਵਿਰਸਾ ਸਿੰਘ ਵਲਟੋਹਾ ਦਾ ਅਸਤੀਫਾ ਪ੍ਰਵਾਨ ਕਰ ਲਿਆ ਹੈ। ਅਕਾਲੀ ਦਲ ਨੇ ਵਲਟੋਹਾ ਦਾ ਮੁੱਢਲੀ ਮੈਂਬਰਸ਼ਿਪ ਅਤੇ ਅਕਾਲੀ ਦਲ ਦੇ ਸਾਰੇ ਅਹੁਦਿਆਂ ਤੋਂ ਦਿੱਤਾ ਅਸਤੀਫ਼ਾ ਤਰੁੰਤ ਪ੍ਰਭਾਵ ਨਾਲ ਪ੍ਰਵਾਨ ਕਰ ਲਿਆ ਹੈ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਪਾਰਟੀ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਇਕ ਟਵੀਟ ਕਰ ਕੇ ਦੱਸਿਆ ਕਿ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਵਿਰਸਾ ਸਿੰਘ ਵਲਟੋਹਾ ਵੱਲੋਂ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਅਤੇ ਅਹੁਦਿਆਂ ਤੋਂ ਦਿੱਤਾ ਅਸਤੀਫਾ ਪ੍ਰਵਾਨ ਕਰ ਲਿਆ ਹੈ।

### ਵਿਰਸਾ ਸਿੰਘ ਵਲਟੋਹਾ ਨੇ ਮੰਨੀ ਰਿਕਾਰਡਿੰਗ ਦੀ ਗੱਲ

ਦੂਜੇ ਬੰਨੇ ਵਿਰਸਾ ਸਿੰਘ ਵਲਟੋਹਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਮੁਲਕਾਤ ਦੌਰਾਨ ਰਿਕਾਰਡਿੰਗ ਦੀ ਗੱਲ ਕਬੂਲੀ ਹੈ। ਉਨ੍ਹਾਂ ਨੇ ਕਿਹਾ ਕਿ ਅਣਜਾਣੇ ’ਚ ਜਥੇਦਾਰ ਸਾਹਿਬ ਨਾਲ ਗੱਲਬਾਤ ਹੋਈ ਰਿਕਾਰਡ ਹੈ। ਉਨ੍ਹਾਂ ਨੇ ਦੀ ਰਿਕਾਰਡ ਕਰਨ ਦੀ ਕੋਈ ਮੰਸ਼ਾ ਨਹੀਂ ਸੀ।

### ਵਲਟੋਹਾ ਨੇ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਸੀ

ਦਸ ਦਈਏ ਕਿ ਲੰਘੇ ਕੱਲ੍ਹ ਸ਼੍ਰੋਮਣੀ ਅਕਾਲੀ ਦਲ ਵੱਲੋਂ ਪਾਰਟੀ ਵਿੱਚੋਂ ਕੱਢੇ ਜਾਣ ਤੋਂ ਪਹਿਲਾਂ ਹੀ ਵਿਰਸਾ ਸਿੰਘ ਵਲਟੋਹਾ ਨੇ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਸੀ। ਜ਼ਿਕਰਯੋਗ ਹੈ ਕਿ ਜਥੇਦਾਰ ਅਕਾਲ ਤਖਤ ਸਾਹਿਬ ਗਿਆਨੀ ਰਘਬੀਰ ਸਿੰਘ ਵੱਲੋਂ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਨੂੰ 10 ਸਾਲਾਂ ਵਾਸਤੇ ਅਕਾਲੀ ਦਲ ਵਿੱਚੋਂ ਬਾਹਰ ਕੱਢਣ ਦੇ ਆਦੇਸ਼ ਦਿੱਤੇ ਗਏ ਸਨ। ਸਿੰਘ ਸਾਹਿਬਾਨਾਂ ਨੇ ਹੁਕਮ ਜਾਰੀ ਕਰਦਿਆਂ ਕਿਹਾ ਕਿ ਵਲਟੋਹਾ ਨੇ ਸਿੰਘ ਸਾਹਿਬਾਨ ਦੀ ਕਿਰਦਾਰਕੁਸ਼ੀ ਕੀਤੀ ਹੈ।

# ਭਗਵੰਤ ਮਾਨ ਨਾਲ ਕੇਜਰੀਵਾਲ ਔਖੇ ?

## ✪ ਸ਼ਕਤੀਸ਼ਾਲੀ ਅਹੁਦਿਆਂ ’ਤੇ ਆਪਣੇ ਬੰਦੇ ਬਿਠਾਕੇ ਦਿੱਲੀ ਦੀਆਂ ਚੋਣਾਂ ਵਿਚ ਵਰਤਿਆ ਜਾਵੇਗਾ ਪੰਜਾਬ ਦਾ ‘ਖ਼ਜ਼ਾਨਾ’ ?

ਚੰਡੀਗੜ੍ਹ-ਪੰਜਾਬ ਵਿੱਚ ਭਗਵੰਤ ਮਾਨ ਕਦੇ ਵੀ ਕੇਜਰੀਵਾਲ ਦੀ ਪਹਿਲੀ ਪਸੰਦ ਨਹੀਂ ਰਹੇ। ਦੂਸਰੀ ਪਸੰਦ ਦੀ ਰਾਜ ਵਿੱਚ ਕੋਈ ਗੁੰਜਾਇਸ਼ ਨਹੀਂ ਸੀ। ਇਸ ਲਈ ਮੁੱਖ ਮੰਤਰੀ ਦੀ ਕੁਰਸੀ ਭਗਵੰਤ ਮਾਨ ਨੂੰ ਸੌਂਪਣ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ। ਆਮ ਆਦਮੀ ਪਾਰਟੀ ਦਾ ਇੱਕ ਸਾਬਕਾ ਅਹੁਦੇਦਾਰ ਇਹ ਗੱਲ ਪੂਰੇ ਭਰੋਸੇ ਨਾਲ ਕਹਿੰਦਾ ਹੈ। ਭਗਵੰਤ ਮਾਨ ਪੰਜਾਬ ਵਿੱਚ ਆਮ ਆਦਮੀ ਪਾਰਟੀ ਦਾ ਸਭ ਤੋਂ ਹਰਮਨ ਪਿਆਰਾ ਚਿਹਰਾ ਹੈ। ਕਈ ਦਿਨਾਂ ਤੋਂ ਇਹ ਚਰਚਾਵਾਂ ਹਨ ਕਿ ਹੁਣ ਅਰਵਿੰਦ ਕੇਜਰੀਵਾਲ ਭਗਵੰਤ ਮਾਨ ਦੀ ਤਾਕਤ ਨੂੰ ਘਟਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਅਰਵਿੰਦ ਕੇਜਰੀਵਾਲ ਦੇ ਜੇਲ੍ਹ ਜਾਣ ਤੇ ਲੋਕ ਸਭਾ ਚੋਣਾਂ ਲਈ ਫੰਡ ਨਾ ਮਿਲਣ ਕਾਰਨ ਕੇਜਰੀਵਾਲ ਅਤੇ ਭਗਵੰਤ ਮਾਨ ਦੇ ਰਿਸ਼ਤੇ ਵਿਗੜ ਗਏ ਹਨ।

ਸੂਤਰ ਅਨੁਸਾਰ ਇਸ ਦਾ ਅਸਰ ਲੋਕ ਸਭਾ ਚੋਣਾਂ ਤੋਂ ਬਾਅਦ ਦਿਖਾਈ ਦੇਣ ਲੱਗਾ ਹੈ। ਕੇਜਰੀਵਾਲ ਨੇ ਭਗਵੰਤ ਮਾਨ ’ਤੇ ਲਗਾਮ ਕੱਸਣੀ ਸ਼ੁਰੂ ਕਰ ਦਿੱਤੀ ਹੈ। ਇਸ ਦੇ ਲਈ ਦਿੱਲੀ ਤੋਂ ਦੋ ਵਿਸ਼ੇਸ਼ ਵਿਅਕਤੀਆਂ ਨੂੰ ਵੱਡੀ ਜ਼ਿੰਮੇਵਾਰੀ ਦੇ ਕੇ ਪੰਜਾਬ ਭੇਜਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਨ੍ਹਾਂ ਵਿੱਚੋਂ ਇੱਕ ਵਿਜੇ ਨਾਇਰ ਹੈ, ਜੋ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੇ ਕਰੀਬੀ ਹਨ। ਦੂਸਰਾ ਬਿਭਵ ਕੁਮਾਰ ਹੈ, ਜੋ ਅਰਵਿੰਦ ਕੇਜਰੀਵਾਲ ਦੇ ਸਭ ਤੋਂ



ਭਰੋਸੇਮੰਦ ਲੋਕਾਂ ਵਿੱਚੋਂ ਇੱਕ ਹੈ। ਇਸ ਮੌਕੇ ਇਹ ਵੀ ਕਿਆਫੇ ਲਾ ਰਹੇ ਹਨ ਕਿ, ਕੀ ਕੇਜਰੀਵਾਲ ਦਿੱਲੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਵਿੱਚ ਆਪਣੀ ਪਕੜ ਮਜ਼ਬੂਤ ਕਰ ਰਿਹਾ ਹੈ, ਤਾਂ ਜੋ ਪਾਰਟੀ ਚੋਣਾਂ ਵਿੱਚ ਫੰਡਾਂ ਅਤੇ ਸਾਧਨਾਂ ਪੱਖੋਂ ਕਮਜ਼ੋਰ ਨਾ ਹੋ ਜਾਵੇ

ਪੰਜਾਬ ਵਿੱਚ ਭਗਵੰਤ ਮਾਨ ਦੀ ਥਾਂ ਕਿਸੇ ਹੋਰ ਨੂੰ ਮੁੱਖ ਮੰਤਰੀ ਬਣਾਏ ਜਾਣ ਦੀ ਖ਼ਬਰ ਵੀ ਮੀਡੀਆ ਵਿੱਚ ਆਈ ਹੈ। ਸੂਤਰਾਂ ਦਾ ਕਹਿਣਾ ਹੈ ਕਿ ਇਹ ਖ਼ਬਰ ਆਮ ਆਦਮੀ ਪਾਰਟੀ ਦੀ ਦਿੱਲੀ ਸੋਸ਼ਲ ਮੀਡੀਆ ਟੀਮ ਰਾਹੀਂ ਵੀ ਫੈਲਾਈ ਗਈ ਸੀ। ਦਰਅਸਲ ਭਗਵੰਤ ਮਾਨ ਬੀਮਾਰੀ ਕਾਰਨ ਹਸਪਤਾਲ ’ਚ ਦਾਖਲ ਸਨ। ਕੇਜਰੀਵਾਲ ਇਸ ਖਬਰ ਰਾਹੀਂ ਜਾਣਨਾ ਚਾਹੁੰਦੇ ਸਨ ਕਿ ਜੇਕਰ ਮਾਨ ਨੂੰ ਸੱਚਮੁੱਚ ਬਦਲ ਦਿੱਤਾ ਗਿਆ ਤਾਂ ਪੰਜਾਬ ਵਿੱਚ ਕੀ ਪ੍ਰਤੀਕਰਮ ਹੋਵੇਗਾ। ਆਮ ਆਦਮੀ ਪਾਰਟੀ ਨੇ ਇਸ ਖਬਰ ਨੂੰ ਨਾ ਤਾਂ ਮਨਜ਼ੂਰ ਕੀਤਾ ਅਤੇ ਨਾ ਹੀ ਇਨਕਾਰ ਕੀਤਾ।

# ਨਵੇਂ ਸਾਲ ਦੇ ਖ਼ੂਬਸੂਰਤ ਕੈਲੰਡਰ ਤਿਆਰ

TO BUY OR PRINT YOUR OWN NEW YEAR'S CALANDERS
PLEASE CONTACT US ON 01332-372 851

ਪੰਜਾਬ ਟਾਈਮਜ਼ ਵੱਲੋਂ ਨਵੇਂ ਸਾਲ 2025 ਦੇ ਬਹੁਤ ਸੋਹਣੇ ਕੈਲੰਡਰ ਬਣਾਏ ਜਾ ਰਹੇ ਹਨ । ਵਪਾਰਕ ਅਦਾਰਿਆਂ ਲਈ ਆਪਣੇ ਕਾਰੋਬਾਰ ਨੂੰ ਵਧਾਉਣ ਦਾ ਇਹ ਬਹੁਤ ਵਧੀਆ ਮੌਕਾ ਹੁੰਦਾ ਹੈ । ਕੈਲੰਡਰ ਹਰ ਘਰ ਵਿਚ ਸਾਰਾ ਸਾਲ ਲੱਗਾ ਰਹਿੰਦਾ ਹੈ, ਜਿਸ ਨਾਲ ਸਬੰਧਿਤ ਸੰਸਥਾ ਜਾਂ ਕੰਪਨੀ ਨਾਲ ਲੋਕਾਂ ਦਾ ਰਾਬਤਾ ਬਣਿਆ ਰਹਿੰਦਾ ਹੈ। ਤੁਸੀਂ ਆਪਣੇ ਕੈਲੰਡਰ ਛਪਵਾ ਕੇ ਕਾਰੋਬਾਰ ਵਿਚ ਚੋਖਾ ਵਾਧਾ ਕਰ ਸਕਦੇ ਹੋ। ਸੋ ਦੇਰ ਨਾ ਕਰੋ, ਜਿਹੜਾ ਕੈਲੰਡਰ ਪਹਿਲਾਂ ਮਿਲ ਜਾਵੇ ਲੋਕ ਉਹੀ ਘਰ ਵਿੱਚ ਲਗਾ ਲੈਂਦੇ ਹਨ, ਫਿਰ ਦੇਰ ਨਾਲ ਮਿਲਣ ਵਾਲੇ ਕੈਲੰਡਰਾਂ ਵੱਲ ਕੋਈ ਧਿਆਨ ਨਹੀਂ ਦਿੰਦਾ ।

ਵਿਸ਼ੇਸ਼ ਨੋਟ:- ਤੁਸੀਂ ਆਪਣੀ ਸੰਸਥਾ, ਕੰਪਨੀ ਨਾਲ ਸਬੰਧਿਤ ਜਾਂ ਕੋਈ ਪਰਿਵਾਰਕ ਫੋਟੋ ਜਾਂ ਹੋਰ ਕੋਈ ਵੀ ਆਪਣੀ ਮਨਪਸੰਦ ਫੋਟੋ ਆਪਣੇ ਕੈਲੰਡਰ ਉੱਤੇ ਛਪਵਾ ਸਕਦੇ ਹੋ ।

* ਗੁਰੂ ਘਰਾਂ ਦੇ ਸਾਲਾਨਾ ਕੈਲੰਡਰ ਛਾਪਣ ਲਈ ਵਿਸ਼ੇਸ਼ ਰਿਆਇਤੀ ਦਰਾਂ ਹਨ, ਜਾਨਣ ਲਈ ਫ਼ੋਨ ਕਰੋ;

What's App Contact: 07966 388 388





Specialist in Full Colour and all other Commercial Printing.

ਅਸੀਂ ਹਰ ਤਰ੍ਹਾਂ ਦੇ ਵੱਖ-ਵੱਖ ਸਾਈਜ਼ਾਂ 'ਚ ਪੋਸਟਰ, ਕਿਤਾਬਾਂ ਅਤੇ ਰਸਾਲੇ ਆਦਿ ਬਹੁਤ ਹੀ ਸਸਤੇ ਭਾਅ 'ਤੇ ਛਾਪਦੇ ਹਾਂ ।

CALL NOW AND SPEAK TO MANINDER SINGH OR HARJINDER SINGH MANDER ON: 01332-372851


# * ਹੂੰਝਾ-ਪੂੰਝਾ *

ਲੇਖਕ - ਨਿਰਮਲ ਸਿੰਘ ਕੰਧਾਲਵੀ





*ਪੰਜਾਬ ਵਿਚ ਕਾਂਗਰਸ ਛੱਡਣ ਵਾਲੇ ਸਿਆਸੀ ਆਗੂ ਘੁੰਮਣ ਘੇਰੀਆਂ ਵਿਚ ਫ਼ਸੇ -ਇਕ ਖ਼ਬਰ

-ਦੁਬਿਧਾ ਮੇਂ ਦੋਨੋਂ ਗਏ, ਮਾਇਆ ਮਿਲੀ ਨਾ ਰਾਮ।



* ਕੇਰਲ ਵਿਚ ਇਕ ਮੰਦਰ ਚੋਂ ਸੋਨਾ ਚੋਰੀ ਕਰਨ ਦੇ ਦੋਸ਼ ਵਿਚ ਪੁਜਾਰੀ ਗ੍ਰਿਫ਼ਤਾਰ -ਇਕ ਖ਼ਬਰ

-ਵਾਹ ਭਾਈ ਜੀ ਵਾਹ! ਪੜ੍ਹਨੀਆਂ ਪੋਥੀਆਂ ਤੇ ਕੰਮ ਕਰਨੇ ਆਹ।



* ਜੇ ਚੋਣ ਜਿੱਤਿਆ ਤਾਂ ਪਰਵਾਸੀਆਂ 'ਤੇ ਸ਼ਿਕੰਜਾ ਕੱਸਾਂਗਾ -ਟਰੰਪ

-ਮਾਂ ਮਾਂ ਜੇ ਮੈਂ ਠਾਣੇਦਾਰ ਬਣਿਆਂ ਤਾਂ ਪਹਿਲਾਂ ਤੇਰੇ ਚਿ...ੜ ਸੇਕੂੰ।



* ਮੇਰੀ ਪਾਰਟੀ ਸਰਕਾਰ ਵਿਰੁੱਧ ਰੋਸ ਮੁਜ਼ਾਹਰੇ ਜਾਰੀ ਰੱਖੇਗੀ -ਇਮਰਾਨ ਖ਼ਾਨ

-ਟੁੰਡੀਲਾਟ ਦੀ ਨਹੀਂ ਪਰਵਾਹ ਸਾਨੂੰ, ਕਾਨਾ ਟਿੰਡ ਵਿਚ ਅਸੀਂ ਖੜਕਾਉਣਾ।

* ਵਿਦੇਸ਼ੀ ਨਿਵੇਸ਼ਕਾਂ ਨੇ ਭਾਰਤੀ ਸ਼ੇਅਰ ਬਾਜ਼ਾਰ ਤੋਂ ਮੂੰਹ ਮੋੜਿਆ -ਇਕ ਖ਼ਬਰ

-ਚਲ ਉੜ ਜਾ ਰੇ ਪੰਛੀ ਕਿ ਅਬ ਯੇਹ ਦੇਸ਼ ਹੂਆ ਬੇਗਾਨਾ।

* ਕਰਾਚੀ ਵਿਚ ਆਸ਼ਕ ਨਾਲ ਵਿਆਹ ਕਰਵਾਉਣ ਲਈ ਲੜਕੀ ਨੇ ਆਪਣੇ ਹੀ ਟੱਬਰ ਦੇ 13 ਜੀਅ ਮਾਰੇ- ਇਕ ਖ਼ਬਰ

-ਵਾਰਸਸ਼ਾਹ ਨਾ ਮੁੜਾਂ ਰੰਝੇਟੜੇ ਤੋਂ, ਭਾਵੇਂ ਬਾਪ ਦੇ ਬਾਪ ਦਾ ਬਾਪ ਆਵੇ।



* ਹਰਿਆਣਾ ਚੋਣਾਂ ਵਿਚ ਆਮ ਆਦਮੀ ਪਾਰਟੀ ਨੂੰ ਇਕ ਵੀ ਸੀਟ ਨਹੀਂ ਮਿਲੀ-ਇਕ ਖ਼ਬਰ

-ਓ ਭਾਈ, 'ਆਪ' ਜਿੱਤਣ ਲਈ ਨਹੀਂ ਸੀ ਆਈ, ਕਿਸੇ ਹੋਰ ਨੂੰ ਜਿਤਾਉਣ ਲਈ ਆਈ ਸੀ।




* ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਲਈ ਪੰਥਕ ਸਰਗਰਮੀਆਂ ਹੋਈਆਂ ਤੇਜ਼-ਇਕ ਖ਼ਬਰ

-ਰੁੱਤ ਯਾਰੀਆਂ ਲਾਉਣ ਦੀ ਆਈ, ਬੇਰੀਆਂ ਦੇ ਬੇਰ ਪੱਕ ਗਏ।



* ਸੁਖਬੀਰ ਬਾਦਲ ਨੇ ਇਕ ਸਮਾਗਮ ਵਿਚ ਹਾਜ਼ਰੀ ਭਰ ਕੇ ਸ੍ਰੀ ਅਕਾਲ ਤਖ਼ਤ ਦੇ ਸਿਧਾਂਤਾਂ ਦੀ ਕੀਤੀ ਉਲੰਘਣਾ - ਬਾਗ਼ੀ ਧੜਾ

-ਇਹ ਉਲੰਘਣਾ ਕਿਤੇ ਪਹਿਲੀ ਵਾਰੀ ਕੀਤੀ ਗਈ ਐ।

* ਅੰਮ੍ਰਿਤਸਰ ਵਿਚ ਜੇਲ੍ਹ ਵਾਰਡਨ ਹੀ ਕਰਦਾ ਸੀ ਕੈਦੀਆਂ ਨੂੰ ਹੈਰੋਇਨ ਸਪਲਾਈ-ਇਕ ਖ਼ਬਰ


-ਸੁਣ ਲੈ ਨਿਹਾਲੀਏ ਚੋਰਾਂ ਦੀਆਂ ਗੱਲਾਂ।

* ਅਖ਼ਿਲੇਸ਼ ਨੇ ਨਿਤੀਸ਼ ਨੂੰ ਮੋਦੀ ਨਾਲ਼ ਸਬੰਧ ਤੋੜਨ ਦੀ ਕੀਤੀ ਅਪੀਲ-ਇਕ ਖ਼ਬਰ

-ਭੌਂ ਦੇ ਵਿਚੋਂ ਭੌਂ ਵੰਡ ਲੈ, ਨਾਲੇ ਵੰਡ




ਬਲਦਾਂ ਦੀ ਜੋੜੀ।



* ਜਾਖੜ ਦੀ ਪ੍ਰਧਾਨਗੀ ਨੂੰ ਲੈ ਕੇ ਅਨਿਸ਼ਚਤਾ ਦੀ ਸਥਿਤੀ ਬਰਕਰਾਰ-ਇਕ ਖ਼ਬਰ

-ਸੋਹਣੀ ਸ਼ਕਲ ਫ਼ਰਿਸ਼ਤਿਆਂ ਵਾਂਗ ਏਹਦੀ, ਬੇਲੇ ਵਿਚ ਮੁਸੀਬਤਾਂ ਭਾਰੀਆਂ ਨੇ।



*ਕੇਂਦਰ ਵਲੋਂ ਪੰਜਾਬ ਨਾਲ਼ ਮਤਰੇਈ ਮਾਂ ਵਾਲਾ ਸਲੂਕ ਖ਼ਤਰਨਾਕ - ਸਿਹਤ ਮੰਤਰੀ ਬਲਬੀਰ ਸਿੰਘ

-ਕਿਹੜੇ ਹੌਸਲੇ ਲੰਮਾ ਤੰਦ ਪਾਵਾਂ, ਪੁਤ ਤੇਰਾ ਵੈਲੀ ਸੱਸੀਏ।



* ਸਾਨੂੰ ਜੰਤਰ ਮੰਤਰ 'ਤੇ ਭੁੱਖ ਹੜਤਾਲ ਕਰਨ ਦੀ ਇਜਾਜ਼ਤ ਨਹੀਂ ਮਿਲੀ - ਸੋਨਮ ਵਾਂਗਚੁਕ

-ਬਾਰ੍ਹਾਂ ਬਰਸ ਚਰਵਾ ਕੇ ਮੱਝੀਆਂ ਨੂੰ, ਆਖਰ ਵਕਤ ਹੈ ਕੋਰਾ ਜਵਾਬ ਹੋਇਆ।



*ਹਰਿਆਣਾ ਵਿਚ ਤੰਤਰ ਦੀ ਜਿੱਤ ਹੋਈ ਹੈ ਤੇ ਲੋਕਤੰਤਰ ਦੀ ਹਾਰ- ਜੈਰਾਮ ਰਮੇਸ਼ (ਕਾਂਗਰਸ)

-ਬਹਿ ਕੇ ਟੇਸ਼ਣ 'ਤੇ, ਵੈਣ ਬੁੱਢੇ ਦੇ ਪਾਵਾਂ।

## ਹਾਸੇ ਦੀ ਪਟਾਰੀ

➢ ਟੀਚਰ—ਦੱਸੋ ਦਿਨ ਵਿੱਚ ਤਾਰੇ ਕਿਉਂ ਨਹੀਂ ਵਿਖਾਈ ਦਿੰਦੇ ?

ਸ਼ਾਮ-ਕਮਾਲ ਹੈ ਪਤਾ ਨਹੀਂ ਤੁਹਾਨੂੰ ਕਿਉਂ ਨਹੀਂ ਦਿਸਦੇ, ਮੰਮੀ ਨੇ ਤਾਂ ਮੈਨੂੰ ਦਿਨ ਵਿੱਚ ਕਈ ਵਾਰ ਵਿਖਾਏ ਹਨ।

➢ ਪਹਾੜ ਦੀ ਢਲਾਨ 'ਤੇ ਅਚਾਨਕ ਗੱਡੀ ਦੇ ਬ੍ਰੇਕ ਫੇਲ੍ਹ ਹੋ ਗਏ। ਡਰਾਈਵਰ ਕਹਿਣ ਲੱਗਾ, ਸਾਹਿਬ ਬ੍ਰੇਕ ਫੇਲ ਹੋ ਗਏ ਹਨ।

ਸਵਾਰੀ ਨੇ ਜਵਾਬ ਦਿੱਤਾ-ਕੋਈ ਗੱਲ ਨਹੀਂ, ਤੁਸੀਂ ਟੈਕਸੀ ਤਾਂ ਬੰਦ ਕਰ ਦਿਓ।

➢ ਮਰੀਜ਼ ਦੀ ਜਾਂਚ ਕਰਨ ਪਿੱਛੋਂ ਡਾਕਟਰ ਪ੍ਰਵੀਨ ਨੇ ਪੁੱਛਿਆ, "ਤੁਸੀਂ ਸਵੇਰੇ ਕੀ ਲੈਂਦੇ ਹੋ, ਚਾਹ ਜਾਂ ਕੌਫੀ ?"

ਮਰੀਜ਼, "ਰਹਿਣ ਦਿਓ ਡਾਕਟਰ ਸਾਹਿਬ, ਖੇਚਲ ਕਰਨ ਦੀ ਕੀ ਲੋੜ ਹੈ।"



# ਯੂ ਕੇ ਦੇ ਉੱਘੇ ਕਬੱਡੀ ਪ੍ਰਮੋਟਰ ਅਤੇ ਸਾਊਥਾਲ ਕਬੱਡੀ ਕਲੱਬ ਦੇ ਸਾਬਕਾ ਪ੍ਰਧਾਨ ਪ੍ਰਮਜੀਤ ਸਿੰਘ ਰੰਧਾਵਾ ਦੇ 60ਵੇਂ ਜਨਮ ਦਿਨ ਮੌਕੇ ਪ੍ਰੀਵਾਰ ਵੱਲੋਂ ਸ਼ਾਨਦਾਰ ਪਾਰਟੀ




**ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਪ੍ਰਧਾਨ ਸ: ਹਿੰਮਤ ਸਿੰਘ ਸੋਹੀ, ਇੰਗਲੈਂਡ ਕਬੱਡੀ ਫੈਡਰੇਸ਼ਨ ਅਤੇ ਕਬੱਡੀ ਕਲੱਬਾਂ ਦੇ ਨੁਮਾਇੰਦਿਆਂ ਸਮੇਤ ਭਾਈਚਾਰਕ ਆਗੂ ਸ਼ੁਭ ਕਾਮਨਾਵਾਂ ਦੇਣ ਲਈ ਉਚੇਚੇ ਤੌਰ ਤੇ ਪਹੁੰਚੇ**



ਖ਼ਬਰ ਅੰਦਰ ਦੇਖੋ:

ਪਰਮਜੀਤ ਸਿੰਘ ਰੰਧਾਵਾ ਦਾ 60ਵਾਂ ਜਨਮ ਦਿਨ ਮਨਾਉਣ ਸਮੇਂ ਉਹਨਾਂ ਦਾ ਪਰਿਵਾਰ, ਰਿਸ਼ਤੇਦਾਰ ਅਤੇ ਦੋਸਤ ਮਿੱਤਰ ਵੱਡੀ ਗਿਣਤੀ ਵਿੱਚ ਪਾਰਟੀ 'ਚ ਸ਼ਾਮਿਲ ਹੋ ਕੇ ਖੁਸ਼ੀਆਂ ਮਨਾਉਂਦੇ ਹੋਏ

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

## ਨੇਹਾ ਕੱਕੜ ਤੇ ਉਸ ਦੇ ਪਤੀ ਨੂੰ ਨਿਹੰਗ ਸਿੰਘਾਂ ਨੇ ਕੀਤੀ ਤਾੜਨਾ !

# ‘ਲੋਕਾਂ ਸਾਹਮਣੇ ਅਸ਼ਲੀਲ ਹਰਕਤਾਂ ਨਾ ਕਰੋ



ਜਲੰਧਰ-ਬਾਲੀਵੁੱਡ ਗਾਇਕਾ ਨੇਹਾ ਕੱਕੜ ਅਤੇ ਉਨ੍ਹਾਂ ਦੇ ਪਤੀ ਗਾਇਕ ਰੋਹਨਪ੍ਰੀਤ ਸਿੰਘ ਨੂੰ ਧਮਕੀਆਂ ਮਿਲਣ ਦਾ ਮਾਮਲਾ ਸਾਹਮਣੇ ਆਇਆ ਹੈ। ਬਾਬਾ ਬੁੱਢਾ ਦਲ ਦੇ ਨਿਹੰਗ ਮਾਨ ਸਿੰਘ ਅਕਾਲੀ ਨੇ ਵੀਡੀਓ ਜਾਰੀ ਕਰਕੇ ਦੋਵਾਂ ਨੂੰ ਚੇਤਾਵਨੀ ਦਿੱਤੀ ਹੈ। ਨਿਹੰਗ ਮਾਨ ਸਿੰਘ ਅਕਾਲੀ ਨੇ ਕਿਹਾ ਕਿ ਨੇਹਾ ਕੱਕੜ ਨੂੰ ਆਪਣੇ ਪਤੀ ਨੂੰ ਪਰਦੇ ਪਿੱਛੇ ਰੱਖਣਾ ਚਾਹੀਦਾ ਹੈ। ਲੋਕਾਂ ਦੇ ਸਾਹਮਣੇ ਇਤਰਾਜ਼ਯੋਗ ਹਰਕਤਾਂ ਕਰਕੇ ਤੁਸੀਂ ਕੀ ਦੱਸਣਾ ਚਾਹੁੰਦੇ ਹੋ ?

ਨਿਹੰਗ ਮਾਨ ਸਿੰਘ ਅਕਾਲੀ ਨੇ ਅੱਗੇ ਕਿਹਾ ਕਿ ਸੋਸ਼ਲ ਮੀਡੀਆ ’ਤੇ ਗ਼ਲਤ ਸਮੱਗਰੀ ਪੋਸਟ ਕਰਨ ਵਾਲਿਆਂ ਨੂੰ ਪਹਿਲਾਂ ਪਿਆਰ ਨਾਲ ਸਮਝਾਇਆ ਜਾਵੇਗਾ। ਦੂਜੀ ਵਾਰ ਉਨ੍ਹਾਂ ਨੂੰ ਸਬਕ ਸਿਖਾਇਆ ਜਾਵੇਗਾ। ਇਸ ਲਈ ਭਾਵੇਂ ਸਾਨੂੰ ਜੇਲ੍ਹ ਜਾਣਾ ਪਵੇ। ਅਸੀਂ ਸਮਾਜ ਵਿੱਚ ਕਿਸੇ ਵੀ ਤਰ੍ਹਾਂ ਦੀ ਗੰਦਗੀ ਨਹੀਂ ਫੈਲਣ ਦੇਵਾਂਗੇ।

ਨਿਹੰਗ ਮਾਨ ਸਿੰਘ ਅਕਾਲੀ ਨੇ ਵੀਡੀਓ ਜਾਰੀ ਕਰਦਿਆਂ ਕਿਹਾ- ਹੁਣ ਵਾਰੀ ਹੈ ਬਾਲੀਵੁੱਡ ਗਾਇਕਾ ਨੇਹਾ ਕੱਕੜ ਦੀ। ਨੇਹਾ ਕੱਕੜ ਤੱਕ ਸਾਡਾ ਸੁਨੇਹਾ ਪਹੁੰਚਾ ਦੇਣਾ ਕਿ ਬੀਬੀ ਆਪਣੇ ਪਤੀ ਨੂੰ ਪਰਦੇ ਪਿੱਛੇ ਰੱਖ। ਤੁਸੀਂ ਲੋਕਾਂ ਨੇ ਪੰਜਾਬ ਦਾ ਬੇੜਾ ਗਰਕ ਕਰ ਦਿੱਤਾ ਹੈ। ਥੋੜੀ ਸ਼ਰਮ ਕਰੋ, ਤੁਸੀਂ ਲੋਕ ਕਿਹੜੀਆਂ ਚੀਜ਼ਾਂ ਲੈ ਕੇ ਬੈਠੇ ਹੋ ? ਅਸੀਂ ਮੰਨ ਗਏ ਕਿ ਤੁਸੀਂ ਲੋਕ ਫਿਲਮ ਸਟਾਰ ਅਤੇ ਚੰਗੇ ਗਾਇਕ ਹੋ, ਤਾਂ ਕੋਈ ਚੰਗਾ ਕੰਮ ਕਰ ਲਉ ਤੇ ਆਪਣੇ ਵਿਚਾਰ ਵੀ ਚੰਗੇ ਰੱਖੋ। ਤੁਸੀਂ ਲੋਕ ਆਪਣੇ ਬੱਚਿਆਂ ਨੂੰ ਕੀ ਪਰੋਸ ਰਹੇ ਹੋ ? ਪੰਜਾਬ ਵਿੱਚ ਇਸ ਸਮੇਂ ਨਸ਼ਿਆਂ ਅਤੇ ਅਸ਼ਲੀਲਤਾ ਦੇ ਦੋ ਦਰਿਆ ਵਹਿ ਰਹੇ ਹਨ।

ਉਨ੍ਹਾਂ ਕਿਹਾ ਕਿ ਅਸ਼ਲੀਲਤਾ ਪਰੋਸਣ ਵਾਲੇ ਕੋਈ ਨਹੀਂ ਸਗੋਂ ਸਾਡਾ ਆਪਣੇ ਸਰਦਾਰ ਭਰਾ ਹਨ। ਪਰ, ਉਹ ਲੋਕ ਅਸਲੀ ਸਰਦਾਰ ਨਹੀਂ ਹਨ, ਸਗੋਂ ਇੱਥੋਂ-ਉਧਰੋਂ ਆ ਕੇ ਸਰਦਾਰ ਬਣ ਗਏ ਹਨ। ਜਿਨ੍ਹਾਂ ਨੂੰ ਪੁਰਖਿਆਂ ਦੀ ਸਰਦਾਰੀ ਵਿਰਾਸਤ ਵਿੱਚ ਮਿਲੀ ਹੈ, ਉਹ ਇਸ ਦਾ ਸਤਿਕਾਰ ਕਰਦੇ ਹਨ। ਬਹੁਤ ਸਾਰੇ ਲੋਕ ਸਾਡੇ ਰਾਡਾਰ ’ਤੇ ਹਨ, ਜੋ ਸੋਸ਼ਲ ਮੀਡੀਆ ’ਤੇ ਗਲਤ ਸਮੱਗਰੀ ਪੋਸਟ ਕਰਦੇ ਹਨ। ਸਾਡਾ ਧਿਆਨ ਸਾਰਿਆਂ ਵੱਲ ਹੈ। ਸਭ ਨੂੰ ਇੱਕ ਵਾਰ ਪਿਆਰ ਨਾਲ ਸਮਝਾਇਆ ਜਾਵੇਗਾ, ਦੂਜੀ ਵਾਰ ਸਬਕ ਸਿਖਾਇਆ ਜਾਵੇਗਾ। ਸਾਨੂੰ ਜੇਲ੍ਹ ਜਾਣਾ ਮਨਜ਼ੂਰ ਹੈ, ਪਰ ਅਸੀਂ ਕਿਸੇ ਨੂੰ ਵੀ ਸਮਾਜ ਵਿੱਚ ਗੰਦਗੀ ਫੈਲਾਉਣ ਦੀ ਇਜਾਜ਼ਤ ਨਹੀਂ ਦੇਵਾਂਗੇ।

### ਕੌਣ ਹੈ ਨਿਹੰਗ ਮਾਨ ਸਿੰਘ ਅਕਾਲੀ ?

ਮਾਨ ਸਿੰਘ ਅਕਾਲੀ ਪੰਜਵੇਂ ਤਖ਼ਤ ਦੇ ਸਿੰਘ ਬਾਬਾ ਬੁੱਢਾ ਦਲ 96 ਕਰੋੜੀ ਨਾਲ ਸਬੰਧਿਤ ਹਨ, ਜੋ ਲੋਕਾਂ ਦੀ ਮਦਦ ਕਰਨ ਅਤੇ ਸੋਸ਼ਲ ਮੀਡੀਆ ’ਤੇ ਅਸ਼ਲੀਲਤਾ ਫੈਲਾਉਣ ਵਾਲੇ ਸਿੱਖਾਂ ਵਿਰੁੱਧ ਆਵਾਜ਼ ਬੁਲੰਦ ਕਰਨ ਲਈ ਮਸ਼ਹੂਰ ਹਨ। ਮਾਨ ਸਿੰਘ ਅਕਾਲੀ ਨੇ ਆਪਣਾ ਨੰਬਰ ਵੀ ਆਪਣੇ ਸੋਸ਼ਲ ਮੀਡੀਆ ਅਕਾਊਂਟ ’ਤੇ ਜਾਰੀ ਕੀਤਾ ਹੈ।

## ਸ਼੍ਰੋਮਣੀ ਕਮੇਟੀ ਮੈਂਬਰ ਰੋਗਲਾ ਨੂੰ ਸੌਦਾ ਸਾਧ ਦੀ ਤਾਰੀਫ ਕਾਰਣ ਤਨਖਾਹ ਲੱਗੀ

ਸਿੰਘ ਸਾਹਿਬਾਨ ਵਲੋਂ ਸ਼੍ਰੋਮਣੀ ਕਮੇਟੀ ਮੈਂਬਰ ਹਰਿੰਦਰ ਸਿੰਘ ਰੋਗਲਾ, ਜਿਸ ਵਲੋਂ ਬੀਤੇ ਦਿਨੀਂ ਕਿਸੇ ਸਮਾਗਮ ਦੌਰਾਨ ਡੇਰਾ ਸਿਰਸਾ ਤੇ ਡੇਰਾ ਪ੍ਰੇਮੀਆਂ ਦੀ ਸ਼ਲਾਘਾ ਕੀਤੀ ਗਈ ਸੀ, ਵਲੋਂ ਅਕਾਲ ਤਖ਼ਤ ਸਾਹਿਬ ਵਿਖੇ ਲਿਖਤੀ ਤੇ ਸੰਗਤ ਵਿਚ ਮੁਆਫੀ ਮੰਗਣ ’ਤੇ ਪੰਜ ਸਿੰਘ ਸਾਹਿਬਾਨ ਵਲੋਂ ਉਸ ਨੂੰ 11 ਦਿਨ ਆਪਣੇ ਨਗਰ ਦੇ ਕਿਸੇ ਗੁਰਦੁਆਰਾ ਸਾਹਿਬ ਵਿਖੇ ਝਾੜੂ ਫੇਰਨ, ਜੋੜੇ ਸਾਫ ਕਰਨ ਤੇ ਸੰਗਤ ਦੇ ਜੂਠੇ ਬਰਤਨ ਸਾਫ ਕਰਨ ਤੇ ਨਿਤਨੇਮ ਤੋਂ ਇਲਾਵਾ ਪੰਜ ਹੋਰ ਬਾਣੀਆਂ ਦਾ ਪਾਠ ਕਰਨ ਤੋਂ ਇਲਾਵਾ ਆਪਣੇ ਪਿੰਡ ਦੇ ਕਿਸੇ ਗਰੀਬ ਸਿੱਖ ਦਾ ਘਰ ਬਣਾ ਕੇ ਦੇਣ ਜਾਂ ਮੁਰੰਮਤ ਲਈ ਸਵਾ ਲੱਖ ਰੁਪਏ ਦੀ ਆਰਥਿਕ ਸਹਾਇਤਾ ਦੇਣ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ 500 ਰੁਪਏ ਦੀ ਕੜਾਹ ਪ੍ਰਸ਼ਾਦਿ ਦੀ ਦੇਗ ਕਰਾਉਣ ਅਤੇ ਇੰਨੀ ਹੀ ਮਾਇਆ ਗੋਲਕ ਵਿਚ ਪਾ ਕੇ ਗ੍ਰੰਥੀ ਸਿੰਘ ਤੋਂ ਅਰਦਾਸ ਕਰਾਉਣ ਦੀ ਧਾਰਮਿਕ ਸੇਵਾ ਲਗਾਈ ਗਈ।

# ਕੁੱਲ੍ਹੜ ਪੀਜ਼ਾ ਜੋੜਾ ਪਹੁੰਚਿਆ ਹਾਈਕੋਰਟ !

### ✪ ਅਦਾਲਤ ਨੂੰ ਕੀਤੀ ਅਪੀਲ



ਜਲੰਧਰ-ਜਲੰਧਰ ਦੇ ਮਸ਼ਹੂਰ ਕੁੱਲ੍ਹੜ ਪੀਜ਼ਾ ਕੱਪਲ ਇੱਕ ਵਾਰ ਮੁੜ ਤੋਂ ਚਰਚਾ ਵਿੱਚ ਹਨ। ਕੱਪਲ ਨੇ ਆਪਣੀ ਸੁਰੱਖਿਆ ਨੂੰ ਲੈਕੇ ਚਿੰਤਾ ਜਤਾਉਂਦੇ ਹੋਏ ਪੰਜਾਬ ਤੇ ਹਰਿਆਣਾ ਹਾਈਕੋਰਟ ਦਾ ਰੁਖ਼ ਕੀਤਾ ਹੈ। ਆਪਣੀ ਪਟੀਸ਼ਨ ਵਿੱਚ ਕੱਪਲ ਦੇ ਵੱਲੋਂ ਸੁਰੱਖਿਆ ਦੀ ਮੰਗ ਕੀਤੀ ਗਈ ਹੈ।

ਦਰਅਸਲ ਬਾਬਾ ਬੁੱਢਾ ਗਰੁੱਪ ਦੇ ਨਿਹੰਗਾਂ ਨੇ ਕੁੱਲ੍ਹੜ ਪੀਜ਼ਾ ਦੀ ਦੁਕਾਨ ਵਿੱਚ ਜੰਮਕੇ ਹੰਗਾਮਾ ਕਰਦੇ ਹੋਏ ਚਿਤਾਵਨੀ ਦਿੱਤੀ ਸੀ ਕਿ ਜੇ ਪੀਜ਼ਾ ਕੱਪਲ ਸਹਿਜ ਅਰੋੜਾ ਅਤੇ ਗੁਰਪ੍ਰੀਤ ਕੌਰ ਨੇ ਆਪਣੇ ਵੀਡੀਓ ਸੋਸ਼ਲ ਮੀਡੀਆ ’ਤੇ ਅਪਲੋਡ ਕਰਨੇ ਬੰਦ ਨਾ ਕੀਤੇ ਤਾਂ ਉਨ੍ਹਾਂ ਨੂੰ ਪੱਗ ਲਾਹੁਣੀ ਹੋਵੇਗੀ।

ਨਿਹੰਗ ਜਥੇਬੰਦੀਆਂ ਨੇ ਇਲਜ਼ਾਮ ਲਗਾਇਆ ਕਿ ਪੀਜ਼ਾ ਕੱਪਲ ਦੀਆਂ ਹਰਕਤਾਂ ਦੀ ਵਜ੍ਹਾ ਕਰਕੇ ਸਿੱਖ ਭਾਈਚਾਰੇ ਨੂੰ ਨਾਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ। ਉਧਰ ਸਹਿਜ ਅਰੋੜਾ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਇਸ ਦੇ ਖ਼ਿਲਾਫ਼ ਅਪੀਲ ਕਰਨ ਦੀ ਗੱਲ ਕਹੀ ਸੀ। ਨਿਹੰਗਾਂ ਦੇ ਵਿਰੋਧ ਦੇ ਬਾਅਦ ਕੁੱਲ੍ਹੜ ਪੀਜ਼ਾ ਕੱਪਲ ਨੇ ਇੱਕ ਵੀਡੀਓ ਜਾਰੀ ਕੀਤਾ ਸੀ। ਜਿਸ ਵਿੱਚ ਕੱਪਲ ਨੇ ਕਿਹਾ ਸੀ ਕਿ ਆਪਣੇ ਪਰਿਵਾਰ ਦੇ ਨਾਲ ਸ੍ਰੀ ਅਕਾਲ ਤਖਤ ਸਾਹਿਬ ਜਾਣਗੇ ਅਤੇ ਉੱਥੇ ਆਪਣੀ ਅਰਜ਼ੀ ਲਗਾਉਣਗੇ।

ਸਹਿਜ ਸਿੰਘ ਅਰੋੜਾ ਨੇ ਕਿਹਾ ਸੀ ਕਿ ਉਹ ਸ੍ਰੀ ਦਰਬਾਰ ਸਾਹਿਬ ਜਾਕੇ ਪੁੱਛਣਗੇ ਕਿ ਮੈਂ ਪੱਗ ਸਜਾ ਸਕਦਾ ਹਾਂ ਜਾਂ ਨਹੀਂ, ਜੇ ਮੈਂ ਗ਼ਲਤ ਹੋਇਆ ਤਾਂ ਮੈਨੂੰ ਸਜ਼ਾ ਮਿਲਣੀ ਚਾਹੀਦੀ ਹੈ। ਵੀਡੀਓ ਵਿੱਚ ਸਹਿਜ ਦੇ ਨਾਲ ਪਤਨੀ ਗੁਰਪ੍ਰੀਤ ਵੀ ਮੌਜੂਦ ਸੀ। ਸੋਸ਼ਲ ਮੀਡੀਆ ’ਤੇ ਇਹ ਵੀਡੀਓ ਕਾਫੀ ਵਾਇਰਲ ਹੋ ਰਿਹਾ ਹੈ। ਜਿਸ ਦੇ ਬਾਅਦ ਨਿਹੰਗ ਬਾਬਾ ਮਾਨ ਸਿੰਘ ਨੇ ਨਵਾਂ ਵੀਡੀਓ ਜਾਰੀ ਕੀਤਾ।

## ਡੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ

rajinder.pardesi7@gmail.com



# ਜਿਣਸੀ ਸ਼ੋਸ਼ਣ, ਪਖੰਡੀ ਡੇਰਿਆਂ, ਅੰਧ ਵਿਸ਼ਵਾਸ਼ਾਂ ਦਾ ਜ਼ਿੰਮੇਵਾਰ ਕੌਣ ?

**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**


• • •



ਜਦੋਂ ਤੋਂ ਇਸ ਧਰਤੀ 'ਤੇ ਕਬੀਲਿਆਂ ਦੇ ਰੂਪ ਵਿੱਚ ਮਨੁੱਖ ਨੇ ਜਨਮ ਲਿਆ, ਉਦੋਂ ਜ਼ਿਆਦਾ ਉਨ੍ਹਾਂ ਵਿੱਚ ਜਿਣਸੀ ਭੁੱਖ ਹੁੰਦੀ ਸੀ, ਜਿਸ ਨੂੰ ਹੌਲੀ-ਹੌਲੀ ਕਬੀਲਿਆ ਦੇ ਮੁਖੀਆਂ ਨੇ ਆਪਣੀ ਸਮਰੱਥਾ ਮੁਤਾਬਕ ਨੇਮਬੱਧ ਕਰਨ ਲਈ ਸਮੇਂ-ਸਮੇਂ ਸੰਘਰਸ਼ ਕੀਤਾ ਹੋਵੇਗਾ, ਪਰ ਅੱਜ ਤਕ ਸੰਪੂਰਨ ਸਮਾਜ ਅਜਿਹੀਆਂ ਨਮੋਸ਼ੀਯੋਗ ਘਟਨਾਵਾਂ ਤੋਂ ਪਾਕਿ ਨਹੀਂ ਹੋ ਸਕਿਆ। ਅੱਜ ਵੀ ਦੁਨੀਆ ਭਰ ਦੇ ਸਮੁੱਚੇ ਦੇਸਾਂ ਵਿੱਚੋਂ ਕੋਈ ਦੇਸ਼ ਸੰਪੂਰਨ ਛੁਟਕਾਰਾ ਨਹੀਂ ਪਾ ਸਕਿਆ।

ਅੱਜ ਦੁਨੀਆ ਦੇ ਦੇਸ਼ ਇਸ ਸ਼ਰਮਨਾਕ ਘਟਨਾਵਾਂ ਨਾਲ ਆਪੋ-ਆਪਣੇ ਤਰੀਕੇ ਨਾਲ ਲੜ ਰਹੇ ਹਨ, ਪਰ ਇਸ 'ਤੇ ਪੂਰਨ ਕਾਬੂ ਨਹੀਂ ਪਾ ਸਕੇ। ਅਜਿਹੇ ਭੱਦੇ ਦੋਸ਼ ਘਰ ਦੀਆਂ ਗਰੀਬ ਨੌਕਰਾਣੀ ਤੋਂ ਲੈ ਕੇ ਦੇਸ਼ਾਂ ਦੇ ਮੁਖੀਆਂ ਤਕ ਲਗਦੇ ਰਹੇ ਹਨ। ਇਸ ਦੋਸ਼ ਨਾਲ ਹਰ ਦੇਸ਼ ਦਾ ਉਹ ਸਮਾਂ ਵੀ ਬਚ ਨਹੀਂ ਸਕਿਆ, ਜਦੋਂ ਵਿੱਦਿਆ ਦੀ ਘਾਟ ਕਰਕੇ ਸਾਧੂ, ਸੰਤਾਂ, ਕਰਾਮਾਤੀਆ, ਜਾਦੂ-ਟੂਣਿਆਂ ਦਾ ਯੁਗ ਸੀ। ਅੱਜ ਕੱਲ੍ਹ ਦੇ ਉਨ੍ਹਾਂ ਸਾਧੂਆਂ, ਸੰਤਾਂ, ਗੁਰੂਆਂ 'ਤੇ ਜੇ ਤੁਸੀਂ ਪੂਰੀ ਨੀਝ ਨਾਲ ਝਾਤੀ ਮਾਰ ਕੇ ਸਮਝਣਾ ਚਾਹੋਗੇ ਤਾਂ ਤੁਹਾਨੂੰ ਸਭ ਜੇਲ੍ਹਾਂ ਵਿੱਚ ਬਿਰਾਜਮਾਨ ਹੋਏ ਮਿਲਣਗੇ। ਗੁਰੂ ਦਾ ਅਹੁਦਾ ਮਾਤਾ-ਪਿਤਾ ਤੋਂ ਵੀ ਉੱਪਰ ਹੁੰਦਾ ਹੈ, ਉਹ ਵੀ ਗੁਰੂ ਦਾ ਰੋਲ ਨਿਭਾਉਂਦੇ-ਨਿਭਾਉਂਦੇ ਆਖਰ ਭੇੜੀਏ ਬਣੇ ਦੇਖੋਗੇ।

ਸਮਾਜ ਵਿੱਚ ਅਜਿਹੀਆਂ ਘਟਨਾਵਾਂ ਨੂੰ ਜਨਮ ਦੇਣ ਦਾ ਜੋ ਮੁੱਖ ਕਾਰਨ ਬਣਦਾ ਹੈ, ਉਹ ਹੈ ਸਮਾਜ ਵਿੱਚ ਵਿੱਦਿਆ ਦੀ ਘਾਟ। ਅਸੀਂ ਆਪਣੇ ਬੱਚਿਆਂ ਨੂੰ ਬਣਦੇ ਮੌਕਿਆਂ 'ਤੇ ਅਜਿਹੀ ਸਿੱਖਿਆ ਨਹੀਂ ਦਿੰਦੇ। ਪੰਜਾਬੀ ਵਾਰਤਕ ਦੇ ਪਿਤਾਮਾ ਸਰਦਾਰ ਗੁਰਬਖਸ਼ ਸਿੰਘ ਪ੍ਰੀਤਲੜੀ ਆਖਿਆ ਕਰਦੇ ਸਨ ਅਤੇ ਲਿਖਦੇ ਵੀ ਸਨ ਕਿ ਜਦੋਂ ਤੁਸੀਂ ਆਪਣੇ ਡੰਗਰ ਗਊ-ਮੱਝ ਆਦਿ ਨੂੰ ਤੁਸੀਂ ਸਾਨ੍ਹਾਂ ਅਤੇ ਝੋਟਿਆਂ ਪਾਸ ਲਿਜਾਂਦੇ ਹੋ ਤਾਂ ਉਸ ਸਮੇਂ



ਨਾਲ ਗਏ ਬੱਚਿਆਂ ਨੂੰ ਸਮਝਾਇਆ ਜਾਵੇ ਕਿ ਅਜਿਹਾ ਕਰਨਾ ਸਾਡੇ ਲਈ ਕਿਉਂ ਜ਼ਰੂਰੀ ਹੈ? ਅਗਰ ਉਸ ਸਮੇਂ ਬੱਚਿਆਂ ਨੂੰ ਡੀਟੇਲ ਵਿੱਚ ਸਮਝਾਅ ਦਿਉਗੇ ਤਾਂ ਬੱਚਾ ਸਮਝ ਜਾਵੇਗਾ। ਜੇਕਰ ਬੱਚਿਆਂ ਨੂੰ ਅਜਿਹੇ ਵਕਤ ਦੱਸਿਆ ਜਾਵੇਗਾ ਕਿ ਇਸ ਤੋਂ ਬਾਅਦ ਇਹ ਜਾਨਵਰ ਬੱਚਾ ਦੇਵੇਗਾ, ਸਾਨੂੰ ਦੁੱਧ ਦੇਵੇਗਾ, ਜਿਸ ਨੂੰ ਪੀ ਕੇ ਅਸੀਂ ਤਕੜੇ ਹੋਵਾਂਗੇ। ਇਸ ਸੰਬੰਧ ਵਿੱਚ ਸਭ ਮਾਵਾਂ ਦਾ ਫ਼ਰਜ਼ ਬਣਦਾ ਹੈ ਕਿ ਉਹ ਆਪਣੀ ਪਿਆਰੀ ਧੀ ਨੂੰ ਆਪਣਾ ਫ਼ਰਜ਼ ਸਮਝ ਕੇ ਸਮੇਂ-ਸਮੇਂ ਸਮਝਾਉਣ ਕਿ ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ ਕਰਨਾ ਚਾਹੀਦਾ?

ਜਿਣਸੀ ਸ਼ੋਸ਼ਣ ਦਾ ਰੋਗ ਫੌਜ ਦੇ ਤਿੰਨਾਂ ਅੰਗਾਂ, ਜੁਡੀਸ਼ਰੀ, ਵਿੱਦਿਅਕ ਖੇਤਰ, ਸਭ ਸਰਕਾਰੀ ਅਦਾਰਿਆਂ ਵਿੱਚ ਵਧ-ਘੱਟ ਅਨੁਪਾਤ ਨਾਲ ਫੈਲਿਆ ਹੋਇਆ ਹੈ। ਅੱਜ ਦੇ ਦਿਨ ਵੀ ਕਹਿੰਦੇ-ਕਹਾਉਂਦੇ ਧਾਰਮਕ ਡੇਰੇ ਵੀ ਇਸ ਤੋਂ ਬਿਲਕੁਲ ਮੁਕਤ ਨਹੀਂ ਹਨ। ਉਨ੍ਹਾਂ ਡੇਰਿਆਂ ਦੀ ਮਾੜੀ ਗੱਲ ਬਾਹਰ ਇਸ ਕਰਕੇ ਨਹੀਂ ਆਉਂਦੀ, ਕਿਉਂਕਿ ਉਨ੍ਹਾਂ ਨੂੰ ਸਿਆਸੀ ਪਨਾਹ ਮਿਲੀ ਹੋਈ ਹੁੰਦੀ ਹੈ। ਬਹੁਤੇ ਧਾਰਮਿਕ ਡੇਰਿਆਂ ਦੀਆਂ ਸਮੇਂ-ਸਮੇਂ ਸਿਰ ਅਜਿਹੀਆਂ ਤਸਵੀਰਾਂ ਆਮ ਛਪਦੀਆਂ ਰਹਿੰਦੀਆਂ ਹਨ, ਜਿਨ੍ਹਾਂ ਵਿੱਚ ਸਮੇਂ-ਸਮੇਂ ਰਾਜ ਕਰ ਚੁੱਕੇ ਸਿਆਸੀ ਆਗੂਆਂ ਨੂੰ ਉਨ੍ਹਾਂ ਦੇ ਡੇਰਿਆਂ ਵਿੱਚ ਪਾਖੰਡੀ ਗੁਰੂਆਂ ਦੇ ਚਰਨਾਂ ਵਿੱਚ ਬੈਠਿਆਂ ਜਾਂ ਝੁਕ ਕੇ ਅਸ਼ੀਰਵਾਦ ਲੈਂਦਿਆਂ ਆਮ ਦੇਖਿਆ ਜਾ ਸਕਦਾ ਹੈ। ਜਦੋਂ ਕਿਸੇ ਵੀ ਅਖੌਤੀ ਡੇਰੇ ਨੂੰ ਸਿਆਸੀ ਪਨਾਹ ਮਿਲ ਜਾਂਦੀ ਹੈ, ਫਿਰ ਅਜਿਹੇ ਡੇਰਿਆਂ ਵਿੱਚ ਧਰਮ ਦੇ ਉਹਲੇ ਕੁਕਰਮ ਸ਼ੁਰੂ ਹੋ ਜਾਂਦਾ ਹੈ। ਆਮ ਦੇਖਿਆ ਗਿਆ ਹੈ ਕਿ ਅਜਿਹੇ ਡੇਰਿਆਂ ਦੇ ਮੁਖੀ ਜਦੋਂ ਸੀਖਾਂ ਪਿੱਛੇ ਵੀ ਹੁੰਦੇ ਹਨ, ਤਦ ਵੀ ਉਨ੍ਹਾਂ ਦੇ ਚੇਲੇ ਮੰਨਣ ਤੋਂ ਇਨਕਾਰੀ ਹੋਣ ਦੀ ਬਜਾਏ ਉਨ੍ਹਾਂ ਨੂੰ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਨਾਲ ਜੋੜਦੇ ਹਨ ਕਿ ਉਹ ਵੀ ਜੇਲ੍ਹ ਵਿੱਚ ਰਹੇ ਸਨ। ਇਸ ਸਭ ਵਿੱਦਿਆ ਅਤੇ ਤਰਕਸ਼ੀਲਤਾ ਦੀ ਘਾਟ ਕਰਕੇ ਹੈ। ਬੱਚਿਆਂ ਨੂੰ ਬਣਦੀ ਉਮਰ ਸਮੇਂ ਸਹੀ ਜਾਣਕਾਰੀ ਹਾਸਲ ਕਰਾਉਣੀ ਚਾਹੀਦੀ ਹੈ। ਜਿਣਸੀ ਸ਼ੋਸ਼ਣ ਦੀ ਦੌੜ ਵਿੱਚ ਸਭ ਸ਼ਾਮਲ ਹਨ। ਇਸ ਦੌੜ ਵਿੱਚ ਇੱਕ ਬਾਪ (ਮਤਰੇਆ ਪਿਓ) ਤੋਂ ਲੈ ਕੇ ਗੁਰੂ ਤਕ ਸ਼ਾਮਲ ਹਨ।, ਜਿਸ ਨੂੰ ਪੜ੍ਹ ਕੇ ਆਮ ਮਨੁੱਖ ਪੂਰੇ ਦਾ ਪੂਰਾ ਹਿੱਲ ਜਾਂਦਾ ਹੈ।





ਅਜਿਹੀਆਂ ਖ਼ਬਰਾਂ ਪੜ੍ਹ ਕੇ ਮਨੁੱਖ ਸੋਚਦਾ ਹੈ ਕਿ ਮਨੁੱਖ ਯਕੀਨ ਕਰੇ ਤਾਂ ਕਿਸ 'ਤੇ ਕਰੇ? ਅਜਿਹੀਆਂ ਹਰਕਤਾਂ ਬਾਰੇ ਜਾਨਣ ਲਈ ਜਦੋਂ ਲੇਖਕ ਨੇ ਪਸ਼ੂਆਂ ਬਾਰੇ ਜਾਨਣ ਦੀ ਕੋਸ਼ਿਸ਼ ਕੀਤੀ ਤਾਂ ਹੈਰਾਨੀ ਦਾ ਕੋਈ ਟਿਕਾਣਾ ਨਾ ਰਿਹਾ। ਜਦੋਂ ਲੇਖਕ ਊਠਾਂ-ਊਠਣੀਆਂ ਬਾਰੇ ਜਾਣਕਾਰੀ ਹਾਸਲ ਕਰਨ ਲਈ ਪੜ੍ਹ ਰਿਹਾ ਸੀ ਤਾਂ ਪਤਾ ਲੱਗਾ ਕਿ ਇੱਕ ਵਾਰ ਜਦੋਂ ਊਠਣੀ ਸਾਹੇ ਤੋਂ ਬਾਅਦ ਊਠ ਪਾਸ ਲਿਆਂਦੀ ਗਈ। ਊਠ ਨੂੰ ਊਠਣੀ ਨਾਲ ਸੰਬੰਧ ਬਣਾਉਣ ਤੋਂ ਪਹਿਲਾਂ ਊਠ ਦੀਆਂ ਅੱਖਾਂ 'ਤੇ ਪੱਟੀ ਬੰਨ੍ਹ ਦਿੱਤੀ ਗਈ। ਜਦੋਂ ਬਾਅਦ ਵਿੱਚ ਊਠ ਦੀਆਂ ਅੱਖਾਂ 'ਤੇ ਪੱਟੀ ਖੋਲ੍ਹੀ ਗਈ ਤਾਂ ਊਠ ਨੇ ਦੇਖਿਆ ਕਿ ਸੰਬੰਧਤ ਊਠਣੀ ਰਿਸ਼ਤੇ ਤੋਂ ਉਸ ਦੀ ਮਾਂ ਲਗਦੀ ਸੀ। ਫਿਰ ਕੀ ਸੀ, ਉਹ ਬਹੁਤ ਦਹਾੜਿਆ, ਖਾਣਾ-ਪੀਣਾ ਪ੍ਰਾਣ ਤਿਆਗਣ ਤਕ ਉਸ ਨੇ ਤਿਆਗਿਆ, ਇਹ ਹੈ ਕਿ ਇੱਕ ਜਾਨਵਰ ਦਾ ਵਧੀਆ ਰਵੱਈਆ ਆਪਣੇ ਪਰਿਵਾਰ ਬਾਰੇ, ਪਰ ਮਨੁੱਖ ਅੱਜ ਵੀਹਵੀਂ ਸਦੀ ਵਿੱਚ ਸਭ ਹੱਦਾਂ ਟੱਪ ਜਾਂਦਾ ਹੈ ਜਾਂ ਟੱਪਣ ਨੂੰ ਤਿਆਰ ਰਹਿੰਦਾ ਹੈ।

ਜਦੋਂ ਅਸੀਂ ਜਿਣਸੀ ਸ਼ੋਸ਼ਣ ਬਾਰੇ ਲਿਖ ਰਹੇ ਹਾਂ ਤਾਂ ਇੱਕ ਬਹੁਤ ਵੱਡੀ ਖ਼ਬਰ ਆ ਰਹੀ ਹੈ ਕਿ ਭਾਰਤ ਦੇ ਇੰਦੌਰ ਸ਼ਹਿਰ ਵਿੱਚ ਦੋ ਫੌਜੀ ਅਤੇ ਉਨ੍ਹਾਂ ਦੀਆਂ ਦੋ ਮਹਿਲਾ ਮਿੱਤਰ ਆਪਣੇ ਤੌਰ 'ਤੇ ਪਿਕਨਿਕ ਮਨਾ ਰਹੇ ਸਨ। ਉਨ੍ਹਾਂ ਨੂੰ ਛੇ ਬਦਮਾਸ਼ਾਂ ਰੋਕ ਕੇ ਲੁੱਟ ਲਿਆ ਅਤੇ ਇੱਕ ਮਹਿਲਾ ਨਾਲ ਸਮੂਹਿਕ ਬਲਾਤਕਾਰ ਕੀਤਾ। ਦੋ ਬਲਾਤਕਾਰੀ ਫੜੇ ਗਏ। ਜੇ ਇਹ ਹਾਲ ਇੰਦੌਰ ਦਾ ਹੈ, ਫਿਰ ਅਸੀਂ ਸੁਰੱਖਿਅਤ ਕਿੱਥੇ ਹਾਂ? ਜਿੰਨਾ ਅਸੀਂ ਵੱਖ-ਵੱਖ ਖੇਤਰਾਂ ਵਿੱਚ ਤਰੱਕੀ ਕਰਨ ਲਈ ਯਤਨਸ਼ੀਲ ਹਾਂ, ਓਨਾ ਅਸੀਂ ਕਈ ਮਾਮਲਿਆਂ ਵਿੱਚ ਨਿਵਾਣਾ ਛੂਹ ਰਹੇ ਹਾਂ। ਖ਼ਬਰਾਂ ਮੁਤਾਬਕ ਛੱਤੀਸਗੜ੍ਹ ਸੂਬੇ ਦੇ ਸਕੂਲਾਂ ਵਿੱਚ ਵਿਦਿਆਰਥੀ ਅਤੇ ਵਿਦਿਆਰਥਣਾਂ ਬੀਅਰ ਅਤੇ ਸ਼ਰਾਬ ਪੀਣ ਤਕ ਪਹੁੰਚ ਗਏ ਹਨ। ਅਜਿਹੇ ਹਾਲਤਾਂ ਵਿੱਚ ਤੁਸੀਂ ਆਉਣ ਵਾਲੀ ਪੀੜ੍ਹੀ ਤੋਂ ਕੀ ਆਸ ਰੱਖ ਸਕਦੇ ਹੋ।

ਸਮਾਜ ਦੇ ਵੱਖ-ਵੱਖ ਖੇਤਰਾਂ ਵਿੱਚ ਅਜਿਹੀਆਂ ਘਿਨਾਉਣੀਆਂ ਆਦਤਾਂ ਫੈਲੀਆਂ ਹੋਈਆਂ ਹਨ, ਉਨ੍ਹਾਂ ਨੂੰ ਨੱਥ ਪਾਉਣ ਲਈ ਸਭ ਵੱਲੋਂ ਸਾਂਝੇ ਯਤਨ ਸ਼ੁਰੂ ਕਰਨੇ ਪੈਣਗੇ। ਅੰਧ-ਵਿਸ਼ਵਾਸਾਂ ਖ਼ਿਲਾਫ਼ ਸਾਂਝੇ ਤੌਰ 'ਤੇ ਯਤਨ ਕਰਨੇ ਹੋਣਗੇ। ਉਂਝ ਵੀ ਭਾਰਤੀ ਸੰਵਿਧਾਨ ਦੇ ਅਨੁਛੇਦ '51-ਏ' ਮੁਤਾਬਕ ਸਭ ਦੇਸ਼ ਵਾਸੀਆਂ ਨੂੰ ਅੰਧ-ਵਿਸ਼ਵਾਸ ਅਤੇ ਪਾਖੰਡ ਦੇ ਖ਼ਿਲਾਫ਼ ਲਿਖਣ ਅਤੇ ਬੋਲਣੇ ਦਾ ਸੰਪੂਰਨ ਹੱਕ ਹੈ। ਸਾਨੂੰ ਸਭ ਨੂੰ ਸਮਾਜ ਨੂੰ ਜਾਗ੍ਰਿਤ ਕਰਨ ਲਈ ਇਸ ਅਧਿਕਾਰ ਦਾ ਵੱਧ ਤੋਂ ਵੱਧ ਪ੍ਰਚਾਰ ਕਰਨਾ ਚਾਹੀਦਾ ਹੈ ਤਾਂ ਕਿ ਸਾਡਾ ਵੀ ਆਪਣੇ ਵਿੱਤ ਮੁਤਾਬਕ ਹਿੱਸਾ ਪੈਂਦਾ ਰਹੇ। ਲੰਮੀ ਲੜਾਈ ਬਹੁਤ ਲੜਨ ਦੀ ਲੋੜ ਹੈ। ਅਗਰ ਬਹੁਤਿਆਂ ਵੱਲੋਂ ਰਲ ਕੇ ਹੰਭਲਾ ਮਾਰਿਆ ਜਾਵੇ ਤਾਂ ਇਸ ਨਾ-ਮੁਰਾਦ ਬਿਮਾਰੀ ਨੂੰ ਘਟਾਉਣ ਵਿੱਚ ਅਸੀਂ ਆਪਣਾ ਹਿੱਸਾ ਪਾ ਕੇ ਮਾਣ ਮਹਿਸੂਸ ਕਰਾਂਗੇ।

# ਬਹੁਜਨ ਸਮਾਜ ਲਈ ਸਿਖਿਆ ਵਿਚ ਰੋਲ ਮਾਡਲ ਪ੍ਰੋਫੈਸਰ ਸ਼ੈਲਜਾ

## ✪ ਦਲਿਤ ਔਰਤਾਂ 'ਤੇ ਖੋਜ ਕਰਨ ਲਈ 8 ਲੱਖ ਡਾਲਰ ਦੀ ਮੈਕਆਰਥਰ "ਜੀਨੀਅਸ" ਗ੍ਰਾਂਟ ਮਿਲੀ

ਸਿਨਸਿਨਾਟੀ ਯੂਨੀਵਰਸਿਟੀ ਵਿਚ ਇਤਿਹਾਸਕਾਰ ਤੇ ਪ੍ਰੋਫੈਸਰ ਸ਼ੈਲਜਾ ਪਾਈਕ ਨੂੰ ਬੀਤੇ ਦਿਨੀਂ ਭਾਰਤ ਵਿੱਚ ਦਲਿਤ ਔਰਤਾਂ ਨੂੰ ਦਰਪੇਸ਼ ਚੁਣੌਤੀਆਂ ਬਾਰੇ ਖੋਜ ਕੰਮ ਲਈ ਮੈਕਆਰਥਰ ਫਾਊਂਡੇਸ਼ਨ ਦੁਆਰਾ 8 ਲੱਖ ਡਾਲਰ ਦਾ "ਜੀਨੀਅਸ" ਗ੍ਰਾਂਟ ਨਾਲ ਸਨਮਾਨਿਤ ਕੀਤਾ ਗਿਆ ਸੀ। ਇਹ ਸਾਲਾਨਾ ਫੈਲੋਸ਼ਿਪ ਬੇਮਿਸਾਲ ਪ੍ਰਾਪਤੀਆਂ ਵਾਲੇ ਵਿਅਕਤੀਆਂ ਨੂੰ ਦਿੱਤੀ ਜਾਂਦੀ ਹੈ ਮੈਕਆਰਥਰ ਫਾਊਂਡੇਸ਼ਨ ਨੇ ਕਿਹਾ ਕਿ ਪ੍ਰੋਫੈਸਰ ਸ਼ੈਲਜਾ ਦਲਿਤ ਔਰਤਾਂ ਦੇ ਬਹੁਪੱਖੀ ਤਜ਼ਰਬਿਆਂ 'ਤੇ ਆਪਣੇ ਫੋਕਸ ਦੁਆਰਾ, ਜਾਤੀ ਵਿਤਕਰੇ ਦੀ ਸਥਾਈ ਪ੍ਰਕਿਰਤੀ ਅਤੇ ਛੂਤ-ਛਾਤ ਨੂੰ ਬਰਕਰਾਰ ਰੱਖਣ ਵਾਲੀਆਂ ਬ੍ਰਾਹਮਣਵਾਦੀ ਸ਼ਕਤੀਆਂ ਬਾਰੇ ਚਾਨਣਾ ਪਾਉਂਦੀ ਹੈ।

ਪੁਣੇ ਦੇ ਯਰਵਦਾ ਵਿੱਚ ਸਿਧਾਰਥ ਨਗਰ ਦੀਆਂ ਝੁੱਗੀਆਂ ਵਿੱਚ ਸ਼ੈਲਜਾ ਇੱਕ 20 ਫੁੱਟ ਲੰਬੇ ਅਤੇ ਇੰਨੇ ਹੀ ਚੌੜੇ ਕਮਰਾ ਨੁਮਾ ਘਰ ਵਿੱਚ ਆਪਣੀਆਂ ਤਿੰਨ ਹੋਰ ਭੈਣਾਂ ਨਾਲ ਪਲੀ ਸੀ। ਉਸ ਇਲਾਕੇ ਵਿੱਚ ਸਰਕਾਰੀ ਟੂਟੀ ਹੀ ਰੋਜ਼ਾਨਾ ਦੇ ਜੀਵਨ, ਸਫ਼ਾਈ ਲਈ ਪਾਣੀ ਅਤੇ ਖਾਣਾ ਪਕਾਉਣ ਵਰਗੀਆਂ ਲੋੜਾਂ ਪੂਰੀਆਂ ਕਰਨ ਦਾ ਜ਼ਰੀਆ ਸੀ। ਉਹ ਯਾਦ ਕਰਦੀ ਹੈ ਕਿਵੇਂ ਉਹ ਇੱਕ ਲੰਬੀ ਲਾਈਨ ਵਿੱਚ ਲੱਗ ਕੇ ਪਾਣੀ ਲਿਆਇਆ ਕਰਦੀ ਸੀ। ਉਹ ਬਹੁਤ ਹੀ ਗੁਰਬਤ ਦੇ ਮਾਹੌਲ ਵਿੱਚ ਰਹਿੰਦੀ ਹੋਈ ਬਹੁਤ ਮੁਸ਼ਕਿਲ ਭਰਪੂਰ ਜੀਵਨ ਜਿਊਂਦੀ ਸੀ। ਉਸਨੇ ਦਸਿਆ ਕਿ ਮੇਰੇ ਮਾਪਿਆਂ ਨੇ ਮੇਰੇ ਵਿਕਾਸ ਲਈ ਮੈਨੂੰ ਪੜ੍ਹਨ ਲਈ ਪ੍ਰੇਰਿਆ। ਸ਼ੈਲਜਾ ਦਾ ਜੀਵਨ ਸੰਘਰਸ਼ ਇੱਕ ਪ੍ਰੇਰਨਾ ਸਰੋਤ ਹੈ। ਉਸਨੇ ਜਾਤੀ ਵਿਤਕਰੇ ਦੀਆਂ ਚੁਣੌਤੀਆਂ ਦਾ ਸਾਹਮਣਾ ਕੀਤਾ ਅਤੇ ਝੁੱਗੀ-ਝੌਂਪੜੀਆਂ ਤੋਂ ਉੱਠ ਕੇ ਸਾਵਿਤਰੀਬਾਈ ਫੂਲੇ ਯੂਨੀਵਰਸਿਟੀ ਤੋਂ



ਮਾਸਟਰ ਡਿਗਰੀ ਹਾਸਲ ਕੀਤੀ, ਜਿਸ ਤੋਂ ਬਾਅਦ ਵਾਰਵਿਕ ਯੂਨੀਵਰਸਿਟੀ ਤੋਂ ਡਾਕਟਰੇਟ ਕੀਤੀ। ਉਸ ਨੇ ਕਿਹਾ ਕਿ ਸਿੱਖਿਆ ਅਤੇ ਰੁਜ਼ਗਾਰ ਝੁੱਗੀਆਂ ਵਿੱਚੋਂ ਬਾਹਰ ਨਿਕਲਣ ਲਈ ਜਾਦੂ ਦੀ ਛੜੀ ਸਨ।

ਸ਼ੈਲਜਾ ਦੀ ਖੋਜ ਇਸ ਗੱਲ 'ਤੇ ਕੇਂਦ੍ਰਿਤ ਹੈ ਕਿ ਕਿਵੇਂ ਜਾਤੀ ਦੇ ਦਬਦਬਾ, ਨਸਲਵਾਦ ਅਤੇ ਕਾਮੁਕਤਾ ਦੇ ਨਾਲ, ਦਲਿਤ ਔਰਤਾਂ ਨੂੰ ਉਨ੍ਹਾਂ ਦੀ ਇੱਜ਼ਤ ਅਤੇ ਪਛਾਣ ਨੂੰ ਮਿੱਟੀ ਵਿਚ ਰੋਲ ਦਿਤਾ ਜਾਂਦਾ ਹੈ। ਉਨ੍ਹਾਂ ਨੇ ਦੋ ਕਿਤਾਬਾਂ- ਆਧੁਨਿਕ ਭਾਰਤ ਵਿੱਚ ਦਲਿਤ ਔਰਤਾਂ ਦੀ ਸਿੱਖਿਆ : ਦੂਹਰਾ ਵਿਤਕਰਾ (2014) ਅਤੇ 'ਵਲਗੈਰਿਟੀ ਆਫ਼ ਕਾਸਟ: ਦਲਿਤਸ, ਸੈਕਸੂਐਲਿਟੀਐਂਡ ਹਿਊਮੈਨਿਟੀ ਇਨ ਮਾਡਰਨ ਇੰਡੀਆ' ਲਿਖੀਆਂ ਹਨ। ਉਸਦੀ ਪਹਿਲੀ ਕਿਤਾਬ ਮਹਾਰਾਸ਼ਟਰ ਵਿੱਚ ਦਲਿਤ ਮਹਿਲਾਵਾਂ ਦੇ ਸਾਹਮਣੇ ਆਉਣ ਵਾਲੀਆਂ ਦਰਪੇਸ਼ ਚੁਣੌਤੀਆਂ ਨੂੰ ਉਘਾੜਦੀ ਹੈ। ਉਸਦੀ ਦੂਜੀ ਕਿਤਾਬ ਮਹਾਰਾਸ਼ਟਰ ਦੇ ਤਮਾਸ਼ਾ ਕਲਾਕਾਰਾਂ ਅਰਥਾਤ ਮਦਾਰੀਆਂ ਦੇ ਜੀਵਨ ਦੀ ਪੜਚੋਲ ਕਰਦੀ ਹੈ, ਜਿਸ ਵਿੱਚ ਬਹੁਤ ਸਾਰੀਆਂ ਦਲਿਤ ਔਰਤਾਂ ਵੀ ਸ਼ਾਮਲ ਹਨ।

ਆਪਣੇ ਸਮੁੱਚੇ ਅਧਿਐਨ ਬਾਰੇ ਉਹ ਕਹਿੰਦੀ ਹੈ ਕਿ ਦਲਿਤ ਭਾਰਤ ਦੀ ਅਬਾਦੀ ਦੇ 17 ਫ਼ੀਸਦੀ ਹਨ। ਦਲਿਤ ਔਰਤਾਂ ਦੀ ਸਿੱਖਿਆ ਬਾਰੇ ਬਹੁਤ ਥੋੜ੍ਹਾ ਕੰਮ ਹੋਇਆ ਹੈ। ਡੇਟਾ ਮਿਲਦਾ ਹੈ ਪਰ ਇਸ ਸੰਬੰਧ ਵਿੱਚ ਗਿਣਾਤਮਿਕ ਖੋਜ ਨਹੀਂ ਮਿਲਦੀ। ਕਿਸੇ ਨੇ ਇਨ੍ਹਾਂ ਦਲਿਤ ਔਰਤਾਂ ਦਾ ਇਤਿਹਾਸ ਨਹੀਂ ਲਿਖਿਆ ਹੈ। ਇਸ ਲਈ ਮੈਂ ਇਹ ਫੈਸਲਾ ਕੀਤਾ ਕਿ ਮੈਂ ਇਹ ਕੰਮ ਕਰਨਾ ਚਾਹੁੰਦੀ ਹਾਂ। ਸ਼ੈਲਜਾ ਦਸਦੀ ਹੈ ਕਿ ਇਤਿਹਾਸਕ ਤੌਰ ਉੱਤੇ ਇੰਨੀ ਵੱਡੀ ਵਸੋਂ ਨੂੰ ਚੱਪਲਾਂ ਜਾਂ ਕਿਸੇ ਵੀ ਕਿਸਮ ਦੇ ਨਵੇਂ ਕੱਪੜੇ ਨਹੀਂ ਪਾਉਣ ਦਿੱਤੇ ਗਏ ਸਨ। ਉਨ੍ਹਾਂ ਨੂੰ ਸਿੱਖਿਆ, ਪਾਣੀ ਦੇ ਸਰੋਤਾਂ ਅਤੇ ਖੂਹਾਂ ਤੋਂ ਵੀ ਦੂਰ ਰੱਖਿਆ ਗਿਆ। ਦਲਿਤ ਔਰਤਾਂ ਤਾਂ ਬਿਨਾਂ ਸ਼ੱਕ ਇਸ ਤੋਂ ਵੀ ਜ਼ਿਆਦਾ ਵਿਹੂਣੀਆਂ ਅਤੇ ਦਬੀਆਂ, ਕੁਚਲੀਆਂ ਹਨ। ਲਿੰਗਕ ਅਤੇ ਸਿਆਸੀ ਨੁਕਤਾ ਨਿਗਾਹ ਤੋਂ ਉਸਦੀ ਸਥਿਤੀ ਤਾਂ ਬਿਲਕੁਲ ਹੀ ਨਿਗੂਣੀ ਹੈ। ਇਸ ਲਈ ਦਲਿਤ ਔਰਤਾਂ ਦਲਿਤਾਂ ਵਿੱਚ ਵੀ ਦਲਿਤ ਹਨ।

ਪ੍ਰੋਫੈਸਰ ਸ਼ੈਲਜਾ ਆਖਦੀ ਹੈ ਕਿ ਇਹ ਉਹ ਭਾਈਚਾਰਾ ਹੈ ਜਿਸ ਤੋਂ ਮੈਂ ਆਉਂਦੀ ਹਾਂ। ਇਸ ਲਈ ਇਹ ਪਿਛਲੇ 25 ਸਾਲ ਤੋਂ ਮੇਰੇ ਅਧਿਐਨ, ਖੋਜ ਅਤੇ ਲੇਖਣੀ ਦਾ ਵਿਸ਼ਾ ਰਿਹਾ ਹੈ।

ਮੈਕਆਰਥਰ ਫੈਲੋਸ਼ਿਪ ਤੋਂ ਇਲਾਵਾ, ਪ੍ਰੋਫੈਸਰ ਪਾਈਕ ਨੂੰ ਕਈ ਹੋਰ ਪੁਰਸਕਾਰ ਵੀ ਮਿਲੇ ਹਨ। ਇਨ੍ਹਾਂ ਵਿਚ ਫਰੈਡਰਿਕ ਬਰਕਹਾਰਟ ਫੈਲੋਸ਼ਿਪ, ਸਟੈਨਫੋਰਡ ਹਿਊਮੈਨਿਟੀਜ਼ ਸੈਂਟਰ ਫੈਲੋਸ਼ਿਪ, ਅਤੇ ਅਮਰੀਕਨ ਇੰਸਟੀਚਿਊਟ ਆਫ ਇੰਡੀਅਨ ਸਟੱਡੀਜ਼ ਫੈਲੋਸ਼ਿਪ ਸਮੇਤ ਪ੍ਰਾਪਤ ਕੀਤੇ ਹਨ। ਹਾਲ ਹੀ ਵਿੱਚ ਉਸਨੂੰ 2023 ਦਾ ਜੌਹਨ ਐਫ ਰਿਚਰਡਸ ਅਵਾਰਡ ਅਤੇ ਦ ਵੁਲਗਰਿਟੀ ਆਫ ਕਾਸਟ ਲਈ ਆਨੰਦ ਕੈਂਟਿਸ਼ ਕੁਮਾਰਸਵਾਮੀ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ।

ਪਾਈਕ ਨੇ ਕਿਹਾ ਕਿ ਮੈਕਆਰਥਰ ਗ੍ਰਾਂਟ ਉਸ ਦੀ ਨਿਰੰਤਰ ਖੋਜ ਅਤੇ ਲੇਖਣੀ ਵਿੱਚ ਸਹਾਇਤਾ ਕਰੇਗੀ। ਇਸ ਫੰਡਿੰਗ ਨਾਲ, ਮੈਂ ਆਪਣੀ ਖੋਜ ਜਾਰੀ ਰੱਖ ਸਕਾਂਗੀ ਅਤੇ ਦੂਜਿਆਂ ਨੂੰ ਦਲਿਤਾਂ ਦੇ ਜੀਵਨ ਅਤੇ ਜਾਤੀ ਪ੍ਰਣਾਲੀ ਦੇ ਦੋਸ਼ਾਂ ਬਾਰੇ ਦੱਸ ਸਕਾਂਗੀ।

ਅਸਲ ਵਿਚ ਸਿਖਿਆ ਖੇਤਰ ਵਿਚ ਦਲਿਤ ਭਾਈਚਾਰਾ ਬਹੁਤ ਤਰਕੀ ਕਰ ਰਿਹਾ ਹੈ ਦਲਿਤ ਇਸਤਰੀ ਜਾਤੀ ਦਾ ਵਿਦਿਅਕ ਖੇਤਰ ਵਿਚ ਤਰਕੀ ਕਰਨਾ ਅਹਿਮ ਪ੍ਰਾਪਤੀ ਹੈ। ਵਿਦਿਆ ਹੀ ਵੱਡਾ ਹਥਿਆਰ ਹੈ ਜਿਸ ਸਦਕਾ ਅਸੀਂ ਆਪਣੀ ਕੌਮ ਨੂੰ ਮਾਣਮਤੇ ਸਥਾਨ ਉਪਰ ਪਹੁੰਚਾ ਸਕਦੇ ਹਾਂ। ਸਤਿਗੁਰੂ ਨਾਨਕ ਭਾਰਤ ਵਿਚ ਪਹਿਲੇ ਮਹਾਪੁਰਖ ਸਨ ਜਿਹਨਾਂ ਔਰਤ ਦੀ ਬਰਾਬਰੀ ਤੇ ਸਿਖਿਆ ਉਪਰ ਅਹਿਮ ਜੋਰ ਦਿਤਾ। ਜਾਤੀ ਵਿਵਸਥਾ ਉਪਰ ਅਟੈਕ ਕਰਕੇ ਇਨਕਲਾਬ ਸਿਰਜਿਆ।

ਬਾਬਾ ਸਾਹਿਬ ਅੰਬੇਡਕਰ ਨੇ ਕਿਹਾ ਸੀ ਕਿ ਇਸਤਰੀ ਜਾਤੀ ਨੂੰ ਵਿਦਿਆ ਦੇਣ ਦਾ ਅਰਥ ਆਪਣੇ ਪਰਿਵਾਰ ਤੇ ਸਮਾਜ ਦਾ ਵਿਕਾਸ ਕਰਨਾ ਹੈ। ਇਸ ਪਖੋਂ ਸ਼ੈਲਜਾ ਬਹੁਜਨ ਸਮਾਜ ਦੀਆਂ ਔਰਤਾਂ ਲਈ ਰੋਲ ਮਾਡਲ ਹੈ।

**ਹੈਲਥ ਨਿਊਜ਼**

# ਤੁਲਸੀ ਸਿਹਤ ਲਈ ਗੁਣਕਾਰੀ

ਤੁਲਸੀ ਇੱਕ ਅਜਿਹਾ ਪੌਦਾ ਹੈ ਜੋ ਜ਼ਿਆਦਾਤਰ ਘਰਾਂ ਵਿੱਚ ਪਾਇਆ ਜਾਂਦਾ ਹੈ। ਤੁਲਸੀ ਇਮਿਊਨਿਟੀ ਵਧਾਉਣ, ਪਾਚਨ ਕਿਰਿਆ ਨੂੰ ਸੁਧਾਰਨ, ਤਣਾਅ ਘਟਾਉਣ ਤੇ ਚਮੜੀ ਨੂੰ ਚਮਕਦਾਰ ਬਣਾਉਣ ਵਿੱਚ ਮਦਦ ਕਰਦੀ ਹੈ। ਤੁਲਸੀ ਦਾ ਸੇਵਨ ਕਈ ਤਰੀਕਿਆਂ ਨਾਲ ਕੀਤਾ ਜਾ ਸਕਦਾ ਹੈ, ਇਸ ਦੀਆਂ ਪੱਤੀਆਂ ਨੂੰ ਉਬਾਲ ਕੇ ਚਾਹ ਬਣਾਉਣਾ ਜਾਂ ਖਾਲੀ ਪੱਤੀਆਂ ਦਾ ਸੇਵਨ ਕਰਨਾ ਵੀ ਫ਼ਾਇਦੇਮੰਦ ਹੁੰਦਾ ਹੈ, ਹਾਲਾਂਕਿ ਰੋਜ਼ਾਨਾ ਤੁਲਸੀ ਦੀਆਂ ਪੱਤੀਆਂ ਦਾ ਪਾਣੀ ਪੀਣਾ ਸਿਹਤ ਲਈ ਕਈ ਤਰ੍ਹਾਂ ਨਾਲ ਫ਼ਾਇਦੇਮੰਦ ਹੁੰਦਾ ਹੈ।

**ਤੁਲਸੀ ਦਾ ਪਾਣੀ ਤਿਆਰ ਕਰਨ ਦਾ ਤਰੀਕਾ**-ਸਭ ਤੋਂ ਪਹਿਲਾਂ ਤੁਲਸੀ ਦੀਆਂ ਪੱਤੀਆਂ ਨੂੰ ਚੰਗੀ ਤਰ੍ਹਾਂ ਧੋ ਲਓ। ਹੁਣ ਇਕ ਬਰਤਨ ਵਿਚ 2 ਕੱਪ ਪਾਣੀ ਪਾ ਕੇ ਉਬਾਲ



ਲਓ। ਜਦੋਂ ਪਾਣੀ ਉਬਲਣ ਲੱਗੇ ਤਾਂ ਇਸ ਵਿਚ ਤੁਲਸੀ ਦੀਆਂ ਪੱਤੀਆਂ ਪਾ ਦਿਓ। ਇਸ ਨੂੰ 5-10 ਮਿੰਟ ਤੱਕ ਉਬਾਲਣ ਦਿਓ, ਹੁਣ ਇਸ ਨੂੰ ਛਾਣ ਕੇ ਕੱਪ 'ਚ ਪਾ ਕੇ ਪੀਓ। ਇਸ ਦਾ ਸਵਾਦ ਵਧਾਉਣ ਲਈ ਤੁਸੀਂ ਇਸ ਵਿਚ ਸ਼ਹਿਦ ਵੀ ਮਿਲਾ ਸਕਦੇ ਹੋ।

**ਜ਼ੁਕਾਮ ਤੇ ਖੰਘ ਤੋਂ ਰਾਹਤ ਪ੍ਰਦਾਨ ਕਰਦਾ**-ਤੁਲਸੀ ਵਿਚ ਐਂਟੀਬੈਕਟੀਰੀਅਲ ਗੁਣ ਹੁੰਦੇ ਹਨ ਜੋ ਇਨਫੈਕਸ਼ਨ ਨਾਲ ਲੜਨ ਵਿਚ ਮਦਦ ਕਰਦੇ ਹਨ। ਰੋਜ਼ਾਨਾ ਤੁਲਸੀ ਦਾ ਪਾਣੀ ਪੀਣ ਨਾਲ ਜ਼ੁਕਾਮ, ਖਾਂਸੀ ਅਤੇ ਗਲੇ ਦੀ ਸੋਜ ਤੋਂ ਰਾਹਤ ਮਿਲਦੀ ਹੈ ਅਤੇ ਜ਼ੁਕਾਮ ਅਤੇ ਖਾਂਸੀ ਹੋਣ ਦੀ ਸੰਭਾਵਨਾ ਵੀ ਘੱਟ ਜਾਂਦੀ ਹੈ।

**ਡਿਟਾਕਸ ਕਰਦੈ**-ਸਵੇਰੇ ਖਾਲੀ ਪੇਟ ਤੁਲਸੀ ਦਾ ਪਾਣੀ ਪੀਣ ਨਾਲ ਸਰੀਰ ਵਿਚੋਂ ਜ਼ਹਿਰੀਲੇ ਪਦਾਰਥ ਬਾਹਰ ਨਿਕਲਣ 'ਚ ਮਦਦ ਮਿਲਦੀ ਹੈ, ਜਿਸ ਨਾਲ ਸਰੀਰ ਸਾਫ ਹੁੰਦਾ ਹੈ ਤੇ ਵਿਅਕਤੀ ਸਿਹਤਮੰਦ ਰਹਿੰਦਾ ਹੈ।

**ਦਿਲ ਦੀ ਸਿਹਤ**-ਤੁਲਸੀ ਵਿਚ ਚੰਗੀ ਮਾਤਰਾ 'ਚ ਓਮੇਗਾ-3 ਫੈਟੀ ਐਸਿਡ ਅਤੇ ਹੋਰ ਪੋਸ਼ਕ ਤੱਤ ਪਾਏ ਜਾਂਦੇ ਹਨ ਜੋ ਦਿਲ ਨੂੰ ਸਿਹਤਮੰਦ ਰੱਖਣ 'ਚ ਮਦਦ ਕਰਦੇ ਹਨ। ਇਸ ਦਾ ਪਾਣੀ ਰੋਜ਼ਾਨਾ ਪੀਣ ਨਾਲ ਹਾਰਟ ਅਟੈਕ ਵਰਗੀਆਂ ਗੰਭੀਰ ਬੀਮਾਰੀਆਂ ਦਾ ਖਤਰਾ ਘੱਟ ਹੋ ਜਾਂਦਾ ਹੈ।

**ਪਾਚਨ ਕਿਰਿਆ ਨੂੰ ਠੀਕ ਰੱਖਦੈ**-ਤੁਲਸੀ ਦਾ ਪਾਣੀ ਪੀਣ ਨਾਲ ਪਾਚਨ ਤੰਤਰ ਠੀਕ ਰਹਿੰਦਾ ਹੈ। ਇਸ ਨਾਲ ਐਸੀਡਿਟੀ ਅਤੇ ਗੈਸਟ੍ਰਿਕ ਵਰਗੀਆਂ ਸਮੱਸਿਆਵਾਂ ਤੋਂ ਰਾਹਤ ਮਿਲਦੀ ਹੈ। ਰੋਜ਼ਾਨਾ ਇਸ ਦਾ ਸੇਵਨ ਪੇਟ ਲਈ ਫ਼ਾਇਦੇਮੰਦ ਹੁੰਦਾ ਹੈ।

**ਤਣਾਅ ਘਟਾਉਂਦਾ ਹੈ**-ਤੁਲਸੀ ਨੂੰ ਇੱਕ ਅਡਾਪਟੋਜਨ ਮੰਨਿਆ ਜਾਂਦਾ ਹੈ ਜੋ ਤਣਾਅ ਅਤੇ ਚਿੰਤਾ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ। ਰੋਜ਼ਾਨਾ ਇਸ ਦਾ ਸੇਵਨ ਕਰਨ ਨਾਲ ਮਨ ਅਤੇ ਸਰੀਰ ਨੂੰ ਆਰਾਮ ਮਿਲਦਾ ਹੈ।

**ਸਕਿਨ ਲਈ ਫ਼ਾਇਦੇਮੰਦ**-ਤੁਲਸੀ ਵਿੱਚ ਐਂਟੀਬੈਕਟੀਰੀਅਲ ਅਤੇ ਐਂਟੀਫੰਗਲ ਗੁਣ ਹੁੰਦੇ ਹਨ ਜੋ ਕਿ ਮੁਹਾਸੇ ਵਰਗੀਆਂ ਸਕਿਨ ਦੀਆਂ ਸਮੱਸਿਆਵਾਂ ਤੋਂ ਬਚਾਉਣ ਵਿੱਚ ਮਦਦ ਕਰਦੇ ਹਨ। ਇਸ ਦੇ ਰੋਜ਼ਾਨਾ ਸੇਵਨ ਨਾਲ ਸਕਿਨ ਸਿਹਤਮੰਦ ਰਹਿੰਦੀ ਹੈ।

# ਸ.ਫਲ ਪ੍ਰਬੰਧਕ ਤੇ ਵਿਦਿਅਕ ਮਾਹਰ: ਮਰਹੂਮ ਉਪ ਕੁਲਪਤੀ ਡਾ. ਜੋਗਿੰਦਰ ਸਿੰਘ ਪੁਆਰ

## ਬਰਸੀ 'ਤੇ ਵਿਸ਼ੇਸ਼

**ਉਜਾਗਰ ਸਿੰਘ**



ਜੋਗਿੰਦਰ ਸਿੰਘ ਪੁਆਰ ਮਾਹਿਰ ਭਾਸ਼ਾ ਵਿਗਿਆਨੀ ਸੀ। ਉਸ ਦਾ ਪੰਜਾਬੀ ਭਾਸ਼ਾ ਦੇ ਸ਼ਬਦ ਜੋੜਾਂ ਬਾਰੇ ਆਪਣਾ ਸਥਾਪਤ ਕੀਤਾ ਹੋਇਆ ਦ੍ਰਿਸ਼ਟੀਕੋਣ ਸੀ। ਉਸਦੀ ਜ਼ਿੰਦਗੀ ਜਦੋਜਹਿਦ ਵਾਲੀ ਸੀ। ਉਪ ਕੁਲ ਪਤੀ ਬਣਨਾਂ ਉਸ ਦਾ ਨਿਸ਼ਾਨਾ ਸੀ, ਜਿਸਦੀ ਪ੍ਰਾਪਤੀ ਦਾ ਬਿਖੜਾ ਪੈਂਡਾ ਇਸ ਪ੍ਰਕਾਰ ਸੀ "ਆਹ ਜਿਹੜਾ ਝੋਲਾ ਜਿਹਾ ਚੁੱਕੀ ਫਿਰਦੈਂ, ਇਸ ਨੇ ਇਨਕਲਾਬ ਨਹੀਂ ਲਿਆਉਣਾ ਜੁਗਿੰਦਰ ਸਿਆਂ। ਇਨਕਲਾਬ ਲਿਆਉਣ ਲਈ ਤੁਹਾਡੇ ਵਰਗੇ ਯੂਨੀਵਰਸਿਟੀਆਂ ਦੇ ਪ੍ਰੋਫ਼ੈਸਰਾਂ, ਕਾਲਜਾਂ ਅਤੇ ਸਕੂਲਾਂ ਦੇ ਅਧਿਆਪਕਾਂ ਨੂੰ ਵਿਦਿਆਰਥੀਆਂ ਨੂੰ ਨਕਲ ਮਾਰ ਕੇ ਪਾਸ ਹੋਣ ਤੋਂ ਰੋਕਣਾ ਪਵੇਗਾ। ਜਿਹੜੇ ਵਿਦਿਆਰਥੀ ਨਕਲ ਮਾਰਕੇ ਪਾਸ ਹੋਣਗੇ, ਉਹ ਦੇਸ਼ ਦਾ ਭਵਿਖ ਤਹਿ ਨਹੀਂ ਕਰ ਸਕਦੇ। ਖਾਸ ਤੌਰ 'ਤੇ ਪੰਜਾਬ ਦੇ ਵਿਦਿਆਰਥੀਆਂ ਦਾ ਭਵਿਖ ਤੁਹਾਡੇ ਹੱਥ ਵਿੱਚ ਹੈ ਕਿਉਂਕਿ ਪੰਜਾਬ ਵਿੱਚ ਹਾਲਾਤ ਸਾਜ਼ਗਾਰ ਨਹੀਂ ਹਨ। ਨੌਜਵਾਨ ਗੁਮਰਾਹ ਹੋ ਕੇ ਭੱਟਕੇ ਹੋਏ ਹਨ। ਪੰਜਾਬ ਦੇ ਬੱਚਿਆਂ ਨੂੰ ਸਿੱਧੇ ਰਸਤੇ ਤੁਸੀਂ ਹੀ ਪਾਉਣਾ ਹੈ। ਮਾਪਿਆਂ ਨੂੰ ਸਮਝੌਣਾ ਵੀ ਅਧਿਆਪਕਾਂ ਨੇ ਹੀ ਹੈ, ਨਕਲ ਮਾਰ ਕੇ ਪਾਸ ਹੋਣ ਤੋਂ ਬਾਅਦ ਪੀ. ਸੀ. ਐਸ., ਆਈ. ਏ. ਐਸ. ਅਤੇ ਆਈ.ਪੀ.ਐਸ.ਨਹੀਂ ਬਣ ਸਕਦੇ। ਪੰਜਾਬ ਦਾ ਭਵਿਖ ਨੌਜਵਨਾ 'ਤੇ ਨਿਰਭਰ ਕਰਦਾ ਹੈ।" ਇਹ ਗੱਲਾਂ 1980-81 ਦੀਆਂ ਹਨ, ਜਦੋਂ ਤਤਕਾਲੀ ਮਾਲ ਮੰਤਰੀ ਪੰਜਾਬ ਸ੍ਰ.ਬੇਅੰਤ ਸਿੰਘ ਨੇ ਪਟਿਆਲਾ ਸਰਕਟ ਹਾਊਸ ਵਿੱਚ ਉਨ੍ਹਾਂ ਨੂੰ ਮਿਲਣ ਲਈ ਆਏ ਡਾ.ਜੋਗਿੰਦਰ ਸਿੰਘ ਪੁਆਰ ਨੂੰ ਕਹੀਆਂ ਸਨ। ਡਾ.ਜੋਗਿੰਦਰ ਸਿੰਘ ਪੁਆਰ ਕਹਿਣ ਲੱਗਿਆ 'ਮੈਂ ਵਿਦਿਅਕ ਇਨਕਲਾਬ ਤਾਂ ਲਿਆਵਾਂਗਾ ਪ੍ਰੰਤੂ ਜਦੋਂ ਤੁਸੀਂ ਪੰਜਾਬ ਦੇ ਮੁੱਖ ਮੰਤਰੀ ਅਤੇ ਮੈਂ ਪੰਜਾਬੀ ਯੂਨੀਵਰਸਿਟੀ ਦਾ ਉਪ ਕੁਲਪਤੀ ਬਣਾਂਗਾ' ਸ੍ਰ.ਬੇਅੰਤ ਸਿੰਘ ਕਹਿਣ ਲੱਗੇ ਮੈਨੂੰ ਸਾਧਾਰਨ ਕਿਸਾਨ ਨੂੰ ਕਿਸ ਨੇ ਮੁੱਖ ਮੰਤਰੀ ਬਣਾਉਣੈ, ਐਵੇਂ ਖਿਆਲੀ ਪੁਲਾਓ ਨਾ ਬਣਾਓ, "ਨਾ ਮੈਂ ਮੁੱਖ ਮੰਤਰੀ ਬਣਨਾ ਅਤੇ ਨਾ ਹੀ ਜੋਗਿੰਦਰ ਸਿਆਂ ਤੂੰ ਉਪ ਕੁਲਪਤੀ ਬਣਨੈ।" ਡਾ.ਜੋਗਿੰਦਰ ਸਿੰਘ ਪੁਆਰ ਵਾਰ-ਵਾਰ ਕਹਿ ਰਹੇ ਸੀ ਕਿ "ਮੇਰਾ ਮਨ ਕਹਿੰਦਾ ਇੱਕ-ਨਾ-ਇੱਕ ਦਿਨ ਤੁਸੀਂ ਮੁੱਖ ਮੰਤਰੀ ਜ਼ਰੂਰ ਬਣੋਗੇ। ਮੈਨੂੰ ਤਾਂ ਉਪ ਕੁਲਪਤੀ ਤੁਸੀਂ ਹੀ ਬਨਾਉਣਾ ਹੈ। ਮੇਰੀਆਂ ਆਸਾਂ 'ਤੇ ਪਾਣੀ ਨਾ ਫੇਰੋ, ਤੁਹਾਡੇ ਤੋਂ ਬਿਨਾ ਹੋਰ ਤਾਂ ਮੈਨੂੰ ਕਿਸੇ ਨੇ ਬਣਾਉਣਾ ਹੀ ਨਹੀਂ"। ਸ੍ਰ. ਬੇਅੰਤ ਸਿੰਘ ਕਹਿਣ ਲੱਗੇ ਚਲੋ ਛੱਡੋ ਇਨ੍ਹਾਂ ਗੱਲਾਂ ਨੂੰ ਤੁਸੀਂ ਕੰਮ ਦੱਸੋ ਕੀ ਹੈ? ਡਾ.ਜੋਗਿੰਦਰ ਸਿੰਘ ਪੁਆਰ ਕਹਿੰਦਾ ਮੈਨੂੰ ਕੋਈ ਕੰਮ ਨਹੀਂ, ਮੈਂ ਤਾਂ ਤੁਹਾਨੂੰ ਮਿਲਣ ਹੀ ਆਇਆ ਹਾਂ। ਇਸ ਤੋਂ ਪਹਿਲਾਂ ਮੈਂ ਡਾ.ਪੁਆਰ ਨੂੰ ਜਾਣਦਾ ਨਹੀਂ ਸੀ। ਮੈਂ ਉਨ੍ਹਾਂ ਦੇ ਕੋਲ ਬੈਠਾ ਸੋਚੀ ਜਾ ਰਿਹਾ ਸੀ ਕਿ ਇਹ ਬਾਬੂ ਕੌਣ ਹੋ ਸਕਦੈ, ਜਿਹੜਾ ਐਨੀ ਅਪਣੱਤ ਨਾਲ ਗੱਲਾਂ ਕਰ ਰਿਹਾ ਹੈ, ਉਦੋਂ ਡਾ.ਪੁਆਰ ਕਲੀਨ ਸ਼ੇਵਨ ਹੁੰਦੇ ਸਨ। ਫਰਵਰੀ 1992 ਵਿੱਚ ਸ੍ਰ.ਬੇਅੰਤ ਸਿੰਘ ਪੰਜਾਬ ਦੇ ਮੁੱਖ ਮੰਤਰੀ ਬਣ ਗਏ। ਥੋੜ੍ਹੇ ਦਿਨਾ ਬਾਅਦ ਸ੍ਰ.ਬੇਅੰਤ ਸਿੰਘ ਦਾ ਪੁਰਾਣਾ ਸਾਥੀ ਅਤੇ ਗਰਾਈਂ ਮਹਿੰਗਾ ਸਿੰਘ ਜਲੰਧਰ ਤੋਂ ਮੁੱਖ ਮੰਤਰੀ ਨੂੰ ਮਿਲਣ ਲਈ ਆਏ ਤਾਂ ਉਨ੍ਹਾਂ ਦੇ ਨਾਲ ਉਹੀ ਬਾਬੂ ਜਿਹੜਾ ਪਟਿਆਲਾ ਸਰਕਟ ਹਾਊਸ ਵਿੱਚ ਸ੍ਰ.ਬੇਅੰਤ ਸਿੰਘ ਨੂੰ ਮਿਲਿਆ ਸੀ ਆਇਆ। ਮੇਰੀਆਂ ਅੱਖਾਂ ਅੱਗੇ ਸਰਕਟ ਹਾਊਸ ਵਾਲਾ ਸੀਨ ਘੁੰਮਣ ਲੱਗ ਪਿਆ। ਮਹਿੰਗਾ ਸਿੰਘ ਨੇ ਕੁੱਝ ਕਾਗਜ਼ ਮੁੱਖ ਮੰਤਰੀ ਨੂੰ ਦੇ ਕੇ ਕਹਿਣ ਲੱਗਾ ਜੋਗਿੰਦਰ ਸਿੰਘ ਨੂੰ ਵੀ.ਸੀ. ਬਣਾ ਦਿਓ। ਸ੍ਰ.ਬੇਅੰਤ ਸਿੰਘ ਕਾਗਜ਼ ਵੇਖਣ ਲੱਗ ਪਏ, ਪ੍ਰੰਤੂ ਬੋਲੇ ਕੁਝ ਨਹੀਂ ਤੇ ਕਾਗਜ਼ ਮੈਨੂੰ ਪਕੜਾ ਦਿੱਤੇ। ਉਨ੍ਹਾਂ ਦੀ ਚੰਗੀ ਆਓ ਭਗਤ ਕੀਤੀ ਗਈ। ਜਦੋਂ ਉਹ ਦੋਵੇਂ ਚਲੇ ਗਏ ਤਾਂ ਮੈਂ ਮੁੱਖ ਮੰਤਰੀ ਨੂੰ ਕਿਹਾ ਇਹ ਤਾਂ ਉਹੀ ਬਾਬੂ ਹੈ, ਜਿਹੜਾ ਪਟਿਆਲਾ ਸਰਕਟ ਹਾਊਸ ਵਿੱਚ ਤੁਹਾਨੂੰ ਮਿਲਿਆ ਸੀ, ਜਦੋਂ ਤੁਸੀਂ ਦਰਬਾਰਾ ਸਿੰਘ ਦੀ ਸਰਕਾਰ ਵਿੱਚ ਮਾਲ ਮੰਤਰੀ ਸੀ। ਇਸ ਦੀ ਗੱਲ ਤਾਂ ਸੱਚੀ ਹੋ ਗਈ, ਬੜਾ ਦੂਰ ਅੰਦੇਸ਼ ਵਿਅਕਤੀ ਲੱਗਦਾ ਹੈ, ਤੁਸੀਂ ਮੁੱਖ ਮੰਤਰੀ ਬਣ ਗਏ। ਫਿਰ ਉਨ੍ਹਾਂ ਮੈਨੂੰ ਦੱਸਿਆ ਆਜ਼ਾਦੀ ਤੋਂ ਪਹਿਲਾਂ ਜਦੋਂ ਮੇਰੇ ਪਿਤਾ ਕੈਪਟਨ ਹਜ਼ੂਰਾ ਸਿੰਘ ਫ਼ੌਜ ਵਿੱਚ ਨੌਕਰੀ ਕਰਦੇ ਸਨ, ਅਸੀਂ ਮਿੰਟਗੁਮਰੀ ਜ਼ਿਲ੍ਹੇ ਵਿੱਚ ਓਕਾੜੇ ਨੇੜੇ 53-ਲ (ਵਰਤਮਾਨ ਪਾਕਿਸਤਾਨ) ਵਿੱਚ ਰਹਿੰਦੇ ਸੀ। ਇਹ ਦੋਵੇਂ ਸਾਡੇ ਪਿੰਡ ਦੇ ਹਨ। ਮਹਿੰਗਾ ਸਿੰਘ ਮੇਰਾ ਦੋਸਤ ਹੈ, ਜੋਗਿੰਦਰ ਸਿੰਘ ਛੋਟਾ ਹੈ, ਜਦੋਂ ਅਸੀਂ ਫੁੱਟਬਾਲ ਖੇਡਦੇ ਸੀ ਤਾਂ ਜੋਗਿੰਦਰ ਗਰਾਊਂਡ ਤੋਂ ਬਾਹਰੋਂ ਫੁਟਬਾਲ ਚੁੱਕ ਕੇ ਲਿਆਉਂਦਾ ਹੁੰਦਾ ਸੀ। ਇਸ ਨੂੰ ਆਪਾਂ ਉਪ ਕੁਲਪਤੀ ਬਣਾਉਣਾ ਹੈ।

ਡਾ. ਐਚ. ਕੇ. ਮਨਮੋਹਨ ਸਿੰਘ ਪੰਜਾਬੀ ਯੂਨੀਵਰਸਿਟੀ ਦੇ ਉਪ ਕੁਲਪਤੀ ਸਨ। ਉਨ੍ਹਾਂ ਦੀ ਉਪ ਕੁਲਪਤੀ ਦੀ ਮਿਆਦ ਖ਼ਤਮ ਹੋ ਗਈ। ਉਨ੍ਹਾਂ ਦੇ ਅਹੁਦੇ ਦੀ ਮਿਆਦ ਟਿਲ ਫਰਦਰ ਆਰਡਰ ਤੱਕ ਵਧਾ ਕੇ ਡਾ.ਜੋਗਿੰਦਰ ਸਿੰਘ ਪੁਆਰ ਨੂੰ ਪ੍ਰੋ.ਵਾਈਸ ਚਾਂਸਲਰ ਲਗਾ ਦਿੱਤਾ ਗਿਆ। ਸ੍ਰ.ਬੇਅੰਤ ਸਿੰਘ ਨੇ ਡਾ. ਪੁਆਰ ਨੂੰ ਕਿਹਾ 'ਹੁਣ ਵਿਦਿਆਰਥੀਆਂ ਦੇ ਨਾਲ ਤੇਰਾ ਇਮਤਿਹਾਨ ਵੀ ਹੈ। ਵੇਖਾਂਗੇ ਤੂੰ ਕਿਹੜਾ ਇਨਕਲਾਬ ਲਿਆਵੇਂਗਾ।' ਉਨ੍ਹਾਂ ਦਿਨਾਂ ਵਿੱਚ ਯੂਨੀਵਰਸਿਟੀ ਦੇ ਹਾਲਾਤ ਬਹੁਤ ਮਾੜੇ ਸਨ। ਵਿਦਿਆਰਥੀ ਆਪਣੇ ਡੱਬ ਵਿੱਚ ਪਸਤੌਲ ਰਖਦੇ ਸਨ ਤੇ ਇਮਤਿਹਾਨ ਸਮੇਂ ਮੇਜਾਂ 'ਤੇ ਪਸਤੌਲ ਰੱਖ ਕੇ ਨਕਲ ਮਾਰਦੇ ਸਨ। ਇਮਤਿਹਾਨ ਲੈਣ ਵਾਲੇ ਅਧਿਆਪਕ ਡਰੇ ਹੋਏ ਸਨ। ਇਮਤਿਹਾਨ ਨਾਮ ਦੇ ਹੀ ਸਨ। ਕੋਈ ਵੀ ਅਧਿਆਪਕ ਵਿਦਿਆਰਥੀਆਂ ਅੱਗੇ ਕੁਸਕਦਾ ਨਹੀਂ ਸੀ। ਯੂਨੀਵਰਸਿਟੀ ਵਿੱਚ ਡਰ ਦਾ ਵਾਤਾਵਰਨ ਸੀ। ਡਾ.ਜੋਗਿੰਦਰ ਸਿੰਘ ਪੁਆਰ ਪ੍ਰੋ.ਵਾਈਸ ਚਾਂਸਲਰ ਨੂੰ ਇਮਤਿਹਾਨ ਕਰਵਾਉਣ ਦਾ




ਚਾਰਜ ਦਿੱਤਾ ਗਿਆ। ਡਾ.ਜੋਗਿੰਦਰ ਸਿੰਘ ਪੁਆਰ ਨੇ ਥੋੜ੍ਹੇ ਸਮੇਂ ਵਿੱਚ ਹੀ ਵਿਖਾ ਦਿੱਤਾ ਕਿ ਉਹ ਸਖ਼ਤ ਅਤੇ ਸਫ਼ਲ ਪ੍ਰਬੰਧਕ ਹੈ। ਇਮਤਿਹਾਨਾ ਵਿੱਚ ਨਕਲ ਨੂੰ ਨਕੇਲ ਪਾ ਦਿੱਤੀ। ਅਧਿਆਪਕਾਂ ਨੂੰ ਵੰਗਾਰ ਦਿੱਤਾ ਕਿ ਤੁਸੀਂ ਨਕਲ ਕਿਸੇ ਕੀਮਤ 'ਤੇ ਨਹੀਂ ਮਾਰਨ ਦੇਣੀ ਤੁਹਾਡੀ ਹਿਫ਼ਾਜ਼ਤ ਦਾ ਮੈਂ ਜ਼ਿੰਮੇਵਾਰ ਹੋਵਾਂਗਾ। ਅਧਿਆਪਕ ਅਤੇ ਵਿਦਿਆਰਥੀ ਯੂਨੀਵਰਸਿਟੀ ਆਉਂਦੇ ਹੀ ਨਹੀਂ ਸਨ, ਜਿਹੜੇ ਆਉਂਦੇ ਸੀ ਦੁਪਹਿਰ ਨੂੰ ਘਰ ਚਲੇ ਜਾਂਦੇ ਸਨ। ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਹਾਜ਼ਰੀ ਜ਼ਰੂਰੀ ਕਰ ਦਿੱਤੀ। ਸਵੇਰੇ ਯੂਨੀਵਰਸਿਟੀ ਦੇ ਗੇਟ ਬੰਦ ਕਰ ਦਿੰਦੇ ਸਨ ਤੇ ਸ਼ਾਮ ਨੂੰ ਪੰਜ ਵਜੇ ਖੋਲ੍ਹਦੇ ਸਨ। ਰਾਜਪਾਲ ਸੁਰਿੰਦਰ ਨਾਥ ਦੀ ਇਕ ਹਵਾਈ ਹਾਦਸੇ ਵਿੱਚ ਮੌਤ ਹੋ ਗਈ। ਉਸ ਤੋਂ ਬਾਅਦ ਡਾ.ਜੋਗਿੰਦਰ ਸਿੰਘ ਪੁਆਰ ਨੂੰ ਉਪ ਕੁਲਪਤੀ ਬਣਾ ਦਿੱਤਾ ਗਿਆ। ਉਪ ਕੁਲਪਤੀ ਬਣਦਿਆਂ ਹੀ ਡਾ.ਪੁਆਰ ਦੇ ਤੇਵਰ ਬਦਲ ਗਏ। ਉਸ ਦੇ ਦੋਸਤ ਵੀ ਨਰਾਜ਼ ਹੋ ਗਏ। ਯੂਨੀਵਰਸਿਟੀ ਦੇ ਅਧਿਆਪਕਾਂ ਦੀ ਧੜੇਬੰਦੀ ਬਹੁਤ ਸੀ। ਅਧਿਆਪਕਾਂ ਦੇ ਕਈ ਧੜੇ ਸਨ। ਖੱਬੇ ਪੱਖੀ ਅਧਿਆਪਕ ਉਸ ਨੂੰ ਆਪਣਾ ਹੀ ਸਮਝਦੇ ਸਨ। ਉਹ ਆਪਣੀ ਮਰਜੀ ਨਾਲ ਚਲਾਉਣਾ ਚਾਹੁੰਦੇ ਸਨ। ਪ੍ਰੰਤੂ ਹੁਣ ਡਾ.ਪੁਆਰ ਇੱਕ ਧੜੇ ਨਾਲ ਚਲ ਨਹੀਂ ਸਕਦੇ ਸਨ। ਇਸ ਦਾ ਨਤੀਜਾ ਇਹ ਹੋਇਆ ਕਿ ਉਸ ਦਾ ਧੜਾ ਵੀ ਦੋ ਗਰੁਪਾਂ ਵਿੱਚ ਵੰਡਿਆ ਗਿਆ। ਡਾ.ਪੁਆਰ ਨੇ ਵਿਦਿਆਰਥੀਆਂ ਅਤੇ ਪ੍ਰੋਫ਼ੈਸਰਾਂ 'ਤੇ ਸਿਕੰਜਾ ਕਸ ਦਿੱਤਾ। ਪ੍ਰੋਫ਼ੈਸਰ ਡਾ.ਪੁਆਰ ਨੂੰ ਥਾਣੇਦਾਰ ਕਹਿਣ ਲੱਗ ਪਏ ਪ੍ਰੰਤੂ ਥਾਣੇਦਾਰ ਨੇ ਯੂਨੀਵਰਸਿਟੀ ਲੀਹ 'ਤੇ ਪਾ ਦਿੱਤੀ। ਜਿਥੇ ਡਾ.ਪੁਆਰ ਵਿਦਿਅਕ ਮਾਹਿਰ ਪ੍ਰਸਿੱਧ ਭਾਸ਼ਾ ਵਿਗਿਆਨੀ ਸਨ, ਉਥੇ ਹੀ ਪ੍ਰਬੰਧਕ ਵੀ ਕਮਾਲ ਦੇ ਸਨ। ਡੰਡੇ ਦੇ ਜ਼ੋਰ ਨਾਲ ਅਨੁਸ਼ਾਸ਼ਨ ਬਣਾ ਕੇ ਰੱਖਦੇ ਸਨ। ਅਧਿਆਪਕਾਂ ਦੀਆਂ ਪ੍ਰਾਗਰੈਸ ਰਿਪੋਰਟਾਂ ਲੈਣ ਲੱਗ ਪਏ।

ਡਾ.ਜੋਗਿੰਦਰ ਸਿੰਘ ਪੁਆਰ ਦੇ ਉਪ ਕੁਲਪਤੀ ਬਣਨ ਦੀ ਵੀ ਅਜ਼ੀਬ ਕਹਾਣੀ ਹੈ। ਜਦੋਂ ਜੋਗਿੰਦਰ ਸਿੰਘ ਪੁਆਰ ਦੀ ਉਪ ਕੁਲਪਤੀ ਬਣਾਉਣ ਦੀ ਫਾਈਲ ਰਾਜਪਾਲ ਨੂੰ ਭੇਜੀ ਤਾਂ ਉਦੋਂ ਰਾਜਪਾਲ ਸੁਰਿੰਦਰ ਨਾਥ ਕਹਿਣ ਲੱਗੇ ਪੁਆਰ ਤਾਂ ਬਹੁਤੇ ਪ੍ਰੋਫ਼ੈਸਰਾਂ ਤੋਂ ਜੂਨੀਅਰ ਹੈ, ਤਿੰਨ ਪ੍ਰੋਫ਼ੈਸਰਾਂ ਦਾ ਪੈਨਲ ਭੇਜੋ। ਅਸਲ ਵਿੱਚ ਉਹ ਡਾ.ਜਸਵੀਰ ਸਿੰਘ ਆਹਲੂਵਾਲੀਆ ਨੂੰ ਉਪ ਕੁਲਪਤੀ ਬਣਾਉਣਾ ਚਾਹੁੰਦੇ ਸਨ ਕਿਉਂਕਿ ਆਹਲੂਵਾਲੀਆ ਰਾਜ ਭਵਨ ਵਿੱਚ ਜਾਇੰਟ ਸਕੱਤਰ ਸਨ। ਰਾਜਪਾਲ ਪੈਨਲ ਵਿੱਚੋਂ ਕਿਸੇ ਇੱਕ ਨੂੰ ਉਪ ਕੁਲਪਤੀ ਬਣਾ ਸਕਦੇ ਸਨ। ਡਾ.ਪੁਆਰ ਨੂੰ ਪ੍ਰੋ.ਵਾਈਸ ਚਾਂਸਲਰ ਬਣਨ ਲਈ ਕਿਹਾ ਗਿਆ ਪ੍ਰੰਤੂ ਉਹ ਪੈਰਾਂ 'ਤੇ ਪਾਣੀ ਨਾ ਪੈਣ ਦੇਵੇ, ਕਹੇ ਮੈਂ ਤਾਂ ਜੇ ਬਣਨਾ ਤਾਂ ਉਪ ਕੁਲਪਤੀ ਹੀ ਬਣਨਾ ਹੈ। ਮੁੱਖ ਮੰਤਰੀ ਮੈਨੂੰ ਕਹਿਣ ਲੱਗੇ ਜੋਗਿੰਦਰ ਸਿੰਘ ਨੂੰ ਮਨਾਓ ਕਿ ਉਸ ਨੂੰ ਪ੍ਰੋ.ਵਾਈਸ ਚਾਂਸਲਰ ਬਣਾ ਦਿੰਦੇ ਹਾਂ, ਥੋੜ੍ਹੀ ਦੇਰ ਬਾਅਦ ਜਦੋਂ ਉਸ ਦੀ ਸੀਨੀਅਰਿਟੀ ਬਣ ਜਾਵੇਗੀ ਫਿਰ ਉਪ ਕੁਲਪਤੀ ਬਣਾ ਦੇਵਾਂਗੇ। ਇਸ ਦੇ ਨਾਲ ਹੀ ਉਸ ਨੂੰ ਕਹੋ ਕਿ ਉਹ ਦਸਤਾਰ ਸਜਾਉਣ ਲੱਗ ਜਾਵੇ। ਡਾ.ਪੁਆਰ ਨੂੰ ਬੜਾ ਔਖਾ ਮਨਾਇਆ। ਡਾ.ਜੋਗਿੰਦਰ ਸਿੰਘ ਪੁਆਰ ਦਾ ਪਰਿਵਾਰ ਦੇਸ਼ ਦੀ ਵੰਡ ਸਮੇਂ ਜਲੰਧਰ ਕੋਲ ਲੱਧੇਵਾਲੀ ਪਿੰਡ ਆ ਕੇ ਵਸ ਗਿਆ। ਪੁਆਰ ਨੇ ਸਕੂਲੀ ਪੜ੍ਹਾਈ ਪਿੰਡ ਦੇ ਸਕੂਲ ਤੋਂ ਕੀਤੀ ਅਤੇ ਉਚ ਪੜ੍ਹਾਈ ਲਈ ਬਰਤਾਨੀਆਂ ਚਲਾ ਗਿਆ। ਉਥੇ ਬਹੁਤ ਮਿਹਨਤ ਕੀਤੀ, ਭੱਠੇ 'ਤੇ ਮਜ਼ਦੂਰੀ ਕਰਦਾ ਰਿਹਾ ਅਤੇ ਨਾਲ ਹੀ ਪੜ੍ਹਦਾ ਰਿਹਾ। ਬਰਤਾਨੀਆਂ ਤੋਂ ਆਪਣੀ ਵਿਰਾਸਤ ਦਾ ਹੇਜ ਉਸ ਨੂੰ ਮੁੜ ਪੰਜਾਬ ਲੈ ਆਇਆ। ਇਥੇ ਆ ਕੇ ਪੀ.ਐਚ.ਡੀ.ਭਾਸ਼ਾ ਵਿਗਿਆਨ ਵਿੱਚ ਕੀਤੀ ਅਤੇ 1972 ਵਿੱਚ ਪੰਜਾਬੀ ਯੂਨੀਵਰਸਿਟੀ ਵਿੱਚ ਲੈਕਚਰਾਰ ਲੱਗ ਗਿਆ ਤੇ ਫਿਰ ਰੀਡਰ ਬਣ ਗਿਆ। 1986 ਵਿੱਚ ਪ੍ਰੋਫ਼ੈਸਰ ਬਣਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਚਲਾ ਗਿਆ। 1993 ਵਿੱਚ ਵਾਈਸ ਚਾਂਸਲਰ ਬਣਕੇ ਪੰਜਾਬੀ ਯੂਨੀਵਰਸਿਟੀ ਵਿੱਚ ਆ ਗਿਆ। 1996 ਵਿੱਚ ਉਸ ਦੇ ਅਹੁਦੇ ਦੀ ਮਿਆਦ ਖ਼ਤਮ ਹੋ ਗਈ। ਸ੍ਰ.ਬੇਅੰਤ ਸਿੰਘ ਦੀ ਮੌਤ ਤੋਂ ਬਾਅਦ ਹਰਚਰਨ ਸਿੰਘ ਬਰਾੜ ਮੁੱਖ ਮੰਤਰੀ ਬਣ ਗਏ। ਹਰਕਿਸ਼ਨ ਸਿੰਘ ਸੁਰਜੀਤ ਨੇ ਉਨ੍ਹਾਂ ਨੂੰ ਐਕਟੈਨਸ਼ਨ ਦੇਣ ਲਈ ਸਿਫਾਰਸ਼ ਕੀਤੀ। ਹਰਚਰਨ ਸਿੰਘ ਬਰਾੜ ਨੇ ਫਾਈਲ 'ਤੇ ਇਕ ਸਾਲ ਦੀ ਐਕਸਟੈਨਸ਼ਨ ਦੇ ਦਿੱਤੀ ਪ੍ਰੰਤੂ ਡਾ.ਪੁਆਰ ਨੇ ਇਕ ਸਾਲ ਦੀ ਐਕਸਟੈਨਸ਼ਨ ਲੈਣ ਤੋਂ ਇਨਕਾਰ ਕਰ ਦਿੱਤਾ। ਫਿਰ ਦੁਬਾਰਾ ਫਾਈਲ ਮੁੱਖ ਮੰਤਰੀ ਨੇ ਮੰਗਵਾ ਕੇ ਐਕਸਟੈਨਸ਼ਨ ਦਿੱਤੀ। ਉਹ 1999 ਤੱਕ ਪੰਜਾਬੀ ਯੂਨੀਵਰਸਿਟੀ ਦੇ ਉਪ ਕੁਲਪਤੀ ਰਹੇ। ਡਾ.ਜੋਗਿੰਦਰ ਸਿੰਘ ਪੁਆਰ ਦਲੇਰ, ਮਿਹਨਤੀ, ਦ੍ਰਿੜ੍ਹ ਇਰਾਦੇ ਵਾਲੇ ਜ਼ਿੱਦੀ ਕਿਸਮ ਦੇ ਇਨਸਾਨ ਸਨ। ਉਹ ਜੋ ਫ਼ੈਸਲਾ ਕਰ ਲੈਂਦੇ ਕਦੇ ਵੀ ਪਿੱਛੇ ਨਹੀਂ ਹੱਟਦੇ ਸਨ, ਭਾਵੇਂ ਉਸ ਦੇ ਦੋਸਤ ਮਿੱਤਰ ਵੀ ਨਰਾਜ਼ ਹੋ ਜਾਣ। ਫਿਰ ਵੀ ਉਹ ਯਾਰਾਂ ਦੇ ਯਾਰ ਸਨ। ਉਪ ਕੁਲਪਤੀ ਦੇ ਅਹੁਦੇ ਤੋਂ ਸੇਵਾ ਮੁਕਤ ਹੋਣ ਤੋਂ ਬਾਅਦ ਉਹ ਰੋਜ਼ਾਨਾ ਦੇਸ਼ ਸੇਵਕ ਅਖ਼ਬਾਰ ਚੰਡੀਗੜ੍ਹ ਦੇ ਸੰਪਾਦਕ ਰਹੇ। ਉਨ੍ਹਾਂ ਦਾ ਜਨਮ 12 ਨਵੰਬਰ 1934 ਨੂੰ ਹੋਇਆ। ਡਾ.ਜੋਗਿੰਦਰ ਸਿੰਘ ਪੁਆਰ 87 ਸਾਲ ਦੀ ਉਮਰ ਵਿੱਚ 14 ਅਕਤੂਬਰ 2020 ਨੂੰ ਸਵਰਗ ਸਿਧਾਰ ਗਏ। ਉਨ੍ਹਾਂ ਦੀ ਪਤਨੀ ਡਾ.ਰਤਨੇਸ਼ ਪੁਆਰ ਅਤੇ ਲੜਕੀ ਮਨਿੰਦਰ ਪੁਆਰ ਪਿੰਡ ਲੱਧੇਵਾਲੀ ਜਲੰਧਰ ਰਹਿ ਰਹੇ ਹਨ।

**ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ**
**ਮੋਬਾਈਲ-94178 13072**
**ujagarsingh48@yahoo.com**

# ਬਰੈਂਪਟਨ 'ਚ ਧੂਮਧਾਮ ਨਾਲ ਮਨਾਇਆ ਗਿਆ ਦੁਸਹਿਰਾ: ਬੁਰਾਈ 'ਤੇ ਚੰਗਾਈ ਦੀ ਜਿੱਤ





**ਬਰੈਂਪਟਨ** (ਰਾਜਿੰਦਰ ਸਿੰਘ ਰਾਜਨ ਪਠਾਨਕੋਟ)-ਬੁਰਾਈ ਅਤੇ ਚੰਗਾਈ ਦੀ ਜਿੱਤ ਦਾ ਪ੍ਰਤੀਕ ਦੁਸਹਿਰਾ, ਜਿੱਥੇ ਭਾਰਤ ਦੇ ਵੱਖ-ਵੱਖ ਸ਼ਹਿਰਾਂ ਅਤੇ ਕਸਬਿਆਂ ਵਿੱਚ ਸਾਨੋ ਸੌਕਤ ਨਾਲ ਮਨਾਇਆ ਜਾਂਦਾ ਹੈ, ਉੱਥੇ ਕੈਨੇਡਾ ਦੇ ਮਸ਼ਹੂਰ ਸ਼ਹਿਰ ਬਰੈਂਪਟਨ ਦੇ ਹਿੰਦੂ ਸਭਾ ਮੰਦਰ ਦੇ ਵਿਸ਼ਾਲ ਮੈਦਾਨ ਵਿੱਚ ਧੂਮਧਾਮ ਅਤੇ ਜੋਸ਼ੋ-ਖਰੋਸ਼ ਨਾਲ ਮਨਾਇਆ ਗਿਆ। ਇਸ ਮੌਕੇ 'ਤੇ ਰਾਵਣ ਦਾ ਵਿਸਾਲ ਪੁਤਲਾ, ਜਿੱਥੇ ਹਜ਼ਾਰਾਂ ਦੀ ਤਾਦਾਦ ਵਿੱਚ ਭਾਰਤੀ, ਖਾਸ ਕਰ ਪੰਜਾਬੀਆ ਲਈ ਮੁੱਖ ਅਕਰਸ਼ਕ ਰਿਹਾ ਉੱਥੇ ਇਸ ਪੁਤਲੇ ਨੂੰ ਫੂਕ ਕੇ ਸਮਾਜ ਵਿੱਚ ਮੌਜੂਦ ਬੁਰਾਈਆਂ ਨੂੰ ਖਤਮ ਕਰਨ ਦਾ ਸੁਨੇਹਾ ਦਿੱਤਾ ਗਿਆ। ਦੁਸਹਿਰੇ ਦੇ ਜਸ਼ਨ ਦੌਰਾਨ, ਜਦੋਂ ਜੈ ਸ੍ਰੀ ਰਾਮ ਅਤੇ ਭਾਰਤ ਮਾਤਾ ਦੀ ਜੈ ਦੇ ਜੈਕਾਰੇ ਗੂੰਜੇ, ਤਾਂ ਮੈਦਾਨ ਹੀ ਨਹੀਂ, ਸਾਰਾ ਅਕਾਸ਼ ਉਹਨਾਂ ਦੀ ਗੂੰਜ ਨਾਲ ਰੰਗਿਆ ਹੋਇਆ ਮਹਿਸੂਸ ਹੋ ਰਿਹਾ ਸੀ। ਇਹ ਜੈਕਾਰੇ ਸਿਰਫ ਸ਼ਬਦ ਨਹੀਂ ਸਨ, ਸਗੋਂ ਹਰ ਸ਼ਖ਼ਸ ਦੇ ਮਨ ਵਿੱਚ ਰਾਮ ਦੇ ਸਿਧਾਂਤਾਂ ਤੇ ਦੇਸ਼-ਭਗਤੀ ਦੀ ਅਵਾਜ਼ ਸਨ ਅਤੇ ਲੋਕਾਂ ਦੇ ਉਤਸ਼ਾਹ ਨਾਲ ਪੂਰਾ ਵਾਤਾਵਰਨ ਇੱਕ ਅਲੌਕਿਕ ਰੰਗ ਵਿੱਚ ਰੰਗਿਆ ਹੋਇਆ ਲੱਗ ਰਿਹਾ ਸੀ।

ਇਸ ਮੌਕੇ ਖਾਸਕਰ ਪਟਾਖਿਆਂ ਨੇ ਖੂਬ ਰੰਗ ਬੰਨ੍ਹਿਆ ਅਤੇ ਨਾਲ ਹੀ ਆਤਿਸ਼ਬਾਜ਼ੀ ਦੇ ਨੀਲੇ-ਪੀਲੇ ਰੰਗ ਦੀਆਂ ਚਮਕਦਾਰ ਲਾਟਾਂ ਨਾਲ ਬਰੈਂਪਟਨ ਦਾ ਆਕਾਸ਼ ਰੋਸ਼ਨ ਹੋ ਗਿਆ। ਇਸ ਤੋਂ ਪਹਿਲਾਂ, ਮੁੱਖ ਮੰਚ 'ਤੇ ਰਾਮਲੀਲਾ ਦੇ ਦ੍ਰਿਸ਼ਾਂ ਨੇ ਲੋਕਾਂ ਵਿੱਚ ਦਿਲਚਸਪੀ ਪੈਦਾ ਕੀਤੀ। ਇਸ ਤਿਉਹਾਰ ਵਿੱਚ ਖਾਣ-ਪੀਣ ਦੇ ਵੱਖ-ਵੱਖ ਸਟਾਲਾਂ 'ਤੇ ਸ਼ਰਧਾਲੂਆਂ ਨੇ ਖੂਬ ਪ੍ਰਸ਼ਾਦ ਦੇ ਗੱਫੇ ਲਏ।

ਹਿੰਦੂ ਸਭਾ ਮੰਦਰ ਬਰੈਂਪਟਨ ਵਿੱਚ ਇਸ ਤਿਉਹਾਰ ਦੇ ਮੌਕੇ 'ਤੇ ਵੱਖ-ਵੱਖ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਲੋਕਾਂ ਦੀ ਭਰਵੀਂ ਹਾਜ਼ਰੀ ਵੀ ਰਹੀ, ਜਿਸ ਨਾਲ ਇਹ ਪ੍ਰੋਗਰਾਮ ਹੋਰ ਵੀ ਮਹੱਤਵਪੂਰਨ ਅਤੇ ਰੰਗੀਨ ਬਣ ਗਿਆ।

ਮੁੱਖ ਮੰਚ 'ਤੇ ਰਾਮਲੀਲਾ ਦੇ ਦ੍ਰਿਸ਼ਾਂ ਨੂੰ ਦੇਖਣ ਲਈ ਵੱਡੀ ਗਿਣਤੀ ਵਿੱਚ ਲੋਕਾਂ ਲਈ ਕੁਰਸੀ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ, ਕੁਰਸੀਆ ਭਰਣ ਤੋਂ ਬਾਅਦ ਲੋਕਾਂ ਦੇ ਠਾਠਾ ਮਾਰਦਾ ਇੱਕਠ ਨਾਲ ਮੈਦਾਨ ਖੱਚਾ ਖੱਚ ਭੱਰ ਗਿਆ ਤੇ ਲੋਕਾ ਦੇ ਇੱਕਠ ਨੇ ਪ੍ਰਭੂ ਰਾਮ ਜੀ ਦੀ ਲੀਲਾ ਦਾ ਲੁਤਫ਼ ਲਿਆ। ਲੋਕ ਸੜਕ ਦੇ ਇਕ ਪਾਸੇ ਪਾਣੀ ਦੇ ਹੜ੍ਹ ਵਾਂਗ ਬਰੈਂਪਟਨ ਦੇ ਹਿੰਦੂ ਸਭਾ ਮੰਦਰ ਦੇ ਵਿਸ਼ਾਲ ਮੈਦਾਨ ਵਿੱਚ ਹਾਜ਼ਰੀ ਭਰਨ ਲਈ ਆ ਰਹੇ ਸਨ। ਬਰੈਂਪਟਨ ਦੇ ਹਿੰਦੂ ਸਭਾ ਮੰਦਰ ਰੋਡ 'ਤੇ ਸਥਿਤ ਦੁਕਾਨਾਂ ਵਿੱਚ ਪੂਰੀ ਚਹਿਲ-ਪਹਿਲ ਦਿਖਾਈ ਦੇ ਰਹੀ ਸੀ।

ਅੰਤ ਵਿੱਚ, ਹਿੰਦੂ ਸਭਾ ਮੰਦਰ ਬਰੈਂਪਟਨ ਵਿੱਚ ਹੋਈ ਇਸ ਵਿਸ਼ਾਲ ਅਤੇ ਯਾਦਗਾਰ ਸ਼ਰਧਾਲੂਆ ਦੀ ਹਾਜ਼ਰੀ, ਸ਼ਾਨਦਾਰ ਰਾਵਣ ਦੇ ਪੁਤਲੇ ਦੇ ਦਹਨ ਅਤੇ ਰਾਮਲੀਲਾ ਦੀ ਪੇਸ਼ਕਾਰੀ ਨੇ ਲੋਕਾਂ ਦੇ ਮਨਾਂ ਵਿੱਚ ਇੱਕ ਅਲੱਗ ਖੁਸ਼ੀ ਦੀ ਕਿਰਨ ਜਗਾਈ। ਇਸ ਪ੍ਰੋਗਰਾਮ ਵਿੱਚ ਦੁਸਹਿਰੇ ਦੇ ਤਿਉਹਾਰ ਅਤੇ ਆਤਿਸ਼ਬਾਜ਼ੀ ਦੇ ਖੂਬਸੂਰਤ ਪ੍ਰਦਰਸ਼ਨ ਨੇ ਲੋਕਾਂ ਦੇ ਚਿਹਰਿਆਂ 'ਤੇ ਖੁਸ਼ੀ ਦਾ ਸਾਫ਼ ਅਸਰ ਛੱਡਿਆ।

# ਦਿਸ਼ਾ ਦਾ ਫਿਲਮੀ ਸਫ਼ਰ ਤੇ ਨਿੱਜੀ ਜ਼ਿੰਦਗੀ



ਟਾਈਗਰ ਸ਼ਰਾਫ਼ ਨਾਲ ਸੰਬੰਧ ਵਿਗੜਨ ਤੋਂ ਬਾਅਦ ਮਿਸ ਪਟਾਨੀ ਨੇ ਜਿਵੇਂ ਹੀ 'ਕਲਕੀ 2898 ਏ.ਡੀ.' ਫ਼ਿਲਮ ਪ੍ਰਭਾਸ ਨਾਲ ਕੀਤੀ ਉਦੋਂ ਹੀ ਉਸ ਦੇ ਚਰਚੇ ਪ੍ਰਭਾਸ ਨਾਲ ਸ਼ੁਰੂ ਹੋ ਗਏ ਸਨ। ਉਧਰ ਹਾਰਦਿਕ ਪੰਡਿਆ ਦੀ ਸਾਬਕਾ ਪਤਨੀ ਨਤਾਸ਼ਾ ਨੇ ਦਿਸ਼ਾ ਪਟਾਨੀ ਦੇ ਖਾਸ ਦੋਸਤ ਅਲੈਗਜ਼ੈਂਡਰ ਨਾਲ ਸੈਲਫ਼ੀ ਲੈ ਕੇ ਦਰਸਾ ਦਿੱਤਾ ਹੈ ਕਿ ਦਿਸ਼ਾ ਨੂੰ ਕੋਈ ਇਤਰਾਜ਼ ਨਾ ਹੋਵੇ ਤਾਂ ਉਸ ਦਾ ਉਜੜਿਆ ਘਰ ਫਿਰ ਵਸ ਸਕਦਾ ਹੈ। ਦਿਸ਼ਾ ਦਾ ਝੁਕਾਅ ਪ੍ਰਭਾਸ ਵੱਲ ਹੈ ਤੇ ਹੋ ਸਕਦਾ ਹੈ ਕਿ ਉਹ ਨਤਾਸ਼ਾ ਨੂੰ ਇਸ ਮਾਮਲੇ ਵਿਚ ਉਚਿਤ ਸਲਾਹ ਤੇ ਮਦਦ ਦੇ ਦੇਵੇ। ਬਾਕੀ ਇਹ ਫ਼ਿਲਮ ਸੰਸਾਰ ਹੈ, ਇਥੇ ਸਵੇਰ ਨੂੰ ਕੁਝ ਤੇ ਸ਼ਾਮ ਨੂੰ ਕੁਝ ਹੋਰ ਹੀ ਹੋ ਜਾਂਦਾ ਹੈ।

ਹੁਣ ਖ਼ਬਰਾਂ ਤਾਂ ਇਹ ਵੀ ਹਨ ਕਿ ਅਕਸ਼ੈ ਕੁਮਾਰ ਟੁੱਟੇ ਰਿਸ਼ਤੇ ਜੋੜਨ ਲਈ ਵਿਚੋਲਗਿਰੀ ਕਰ ਰਹੇ ਹਨ। ਉਹ ਦਿਸ਼ਾ ਪਟਾਨੀ ਤੇ ਟਾਈਗਰ ਵਿਚਕਾਰ ਸੁਲਾਹ-ਸਫਾਈ ਲਈ ਕੋਸ਼ਿਸ਼ਾਂ ਕਰ ਰਹੇ ਹਨ ਪਰ ਪ੍ਰਭਾਸ ਦੇ ਟੈਟੂ ਬਣਾ ਚੁੱਕੀ ਦਿਸ਼ਾ ਕੀ ਮੰਨ ਜਾਵੇਗੀ? ਵੈਸੇ ਅਕਸ਼ੈ ਕੁਮਾਰ ਦੇ ਘਰੇ ਦਿਸ਼ਾ ਤੇ ਟਾਈਗਰ ਦੀ ਇਕ ਮੁਲਾਕਾਤ ਹੋਈ ਹੈ। ਲੋਕ ਕਹਿ ਰਹੇ ਹਨ ਕਿ ਅਕਸ਼ੈ ਨੇ ਟਾਈਗਰ ਨੂੰ ਉਸ ਦੀ ਸਹੀ ਦਿਸ਼ਾ ਦਿਖਾ ਦਿੱਤੀ ਹੈ। ਉਧਰ ਦਿਸ਼ਾ ਪਟਾਨੀ ਨੇ ਅਕਸ਼ੈ ਕੁਮਾਰ ਨਾਲ 'ਵੈਲਕਮ-3' ਫ਼ਿਲਮ ਕੀਤੀ ਹੈ ਤੇ ਇਸ ਤਰ੍ਹਾਂ ਦਿਸ਼ਾ ਕੋਲ ਕੰਮ ਵੀ ਹੈ ਤੇ ਦਿਸ਼ਾ ਦੀ ਨੇੜਤਾ ਅਕਸ਼ੈ ਕੁਮਾਰ ਨਾਲ ਕਾਫ਼ੀ ਹੈ। ਦਿਸ਼ਾ ਕੋਲ ਇਕ ਵੱਡੀ ਫ਼ਿਲਮ 'ਕੰਗੁਵਾਂ' ਵੀ ਹੈ। ਦਿਸ਼ਾ ਦੀ ਵੱਡੀ ਭੈਣ ਖ਼ੁਸ਼ਬੂ ਪਟਾਨੀ ਆਰਮੀ ਵਿਚ ਹੈ ਤੇ ਉਸ ਨੇ ਛੁੱਟੀਆਂ 'ਚ ਆ ਕੇ ਦਿਸ਼ਾ ਨਾਲ ਡਾਂਸ ਕੀਤਾ ਤੇ ਇਕ ਵੀਡੀਓ ਸੋਸ਼ਲ ਮੀਡੀਆ 'ਤੇ ਪਾਇਆ ਤਾਂ ਕੁਝ ਲੋਕਾਂ ਨੇ ਲਿਖਿਆ ਕਿ ਦਿਸ਼ਾ ਪਟਾਨੀ ਦੀ ਭੈਣ ਖੁਸ਼ਬੂ ਪਟਾਨੀ ਕਿਹੜੀ ਦਿਸ਼ਾ ਨੂੰ ਚਲ ਪਈ ਹੈ ਤਾਂ ਦਿਸ਼ਾ ਪਟਾਨੀ ਨੇ ਜਵਾਬ ਵਿਚ ਲਿਖਿਆ ਕਿ ਸ਼ਰਮ ਕਰੋ ਖੁਸ਼ਬੂ ਦੇਸ਼ ਦਾ ਮਾਣ ਹੈ, ਉਹ ਸਰਹੱਦਾਂ 'ਤੇ ਰਾਖੀ ਕਰਦੀ ਹੈ। ਨਿੱਜੀ ਜੀਵਨ 'ਚ ਖੁਸ਼ੀ ਦੇ, ਉਸ ਦੇ ਦੋ ਪਲ ਵੀ ਤੁਹਾਨੂੰ ਚੁੱਭਦੇ ਹਨ। ਦਿਸ਼ਾ ਦੀ ਗੱਲ ਵਿਚ ਦਮ ਹੈ ਕਿ ਇਨਸਾਨ ਦੀ ਨਿੱਜੀ ਜ਼ਿੰਦਗੀ ਵੀ ਹੁੰਦੀ ਹੈ।



# ਹੱਸਦਿਆਂ ਦੇ ਘਰ ਵੱਸਦੇ



**ਪਤਨੀ** ਤਿਆਰ ਹੋ ਕੇ ਪਤੀ ਨੂੰ ਪੁੱਛਣ ਲੱਗੀ, ਕਿਹੋ ਜਿਹੀ ਲੱਗ ਰਹੀ ਹਾਂ ਜੀ ਮੈਂ?

ਪਤੀ, ਸਹੁ ਖਾਂਦਾ ਹਾਂ, ਦਿਲ ਤਾਂ ਕਰ ਰਿਹਾ ਕਿ ਤੈਨੂੰ ਪਾਕਿਸਤਾਨ ਸੁੱਟ ਆਵਾਂ।

ਪਤਨੀ, ਕੀ ਮਤਲਬ?

ਪਤੀ, ਬੰਬ ਲੱਗ ਰਹੀ ਏਂ ਬੰਬ।

*---*---*

**ਪਤੀ,** ਤੂੰ ਤਾਂ ਕਿਹਾ ਸੀ ਖਾਣੇ ਵਿੱਚ 2 ਆਪਸ਼ਨਜ ਹਨ, ਇਥੇ ਤਾਂ ਇਕੋ ਸਬਜ਼ੀ ਦਿੱਸ ਰਹੀ ਹੈ।

ਪਤਨੀ, 2 ਹੀ ਆਪਸ਼ਨਜ ਹਨ, ਖਾਣਾ ਹੈ ਤਾਂ ਖਾਉ, ਨਹੀਂ ਤਾਂ ਢੱਠੇ ਖੂਹ ਵਿਚ ਜਾਉ।

*---*---*

**ਪਤੀ,** ਬਾਬਾ, ਘਰਵਾਲੀ ਪ੍ਰੇਸ਼ਾਨ ਕਰਦੀ ਹੈ, ਕੋਈ ਹੱਲ ਦੱਸੋ।

ਬਾਬਾ, ਬੇਟਾ, ਜੇ ਘਰਵਾਲੀ ਦਾ ਕੋਈ ਹੱਲ ਹੁੰਦਾ ਤਾਂ ਅੱਜ ਮੈਂ ਵੀ ਬਾਬਾ ਨਾ ਹੁੰਦਾ।

*---*---*

**ਪਤੀ,** ਅੱਜ ਤਾਂ ਗਰਮੀ ਜਿਹੀ ਲੱਗ ਰਹੀ ਹੈ।

ਪਤਨੀ, ਹਾਂ, ਗਰਮੀ ਹੋਣ ਲੱਗੀ ਹੈ।

ਪਤੀ, ਚੱਲ ਛੱਤ 'ਤੇ ਠੰਢੀ ਹਵਾ ਖਾ ਕੇ ਆਉਂਦੇ ਹਾਂ।

ਪਤਨੀ, ਤੁਸੀਂ ਚੱਲੋ ਮੈਂ ਪਲੇਟ ਤੇ ਚਮਚ ਲੈ ਕੇ ਆਉਂਦੀ ਹਾਂ।

ਪਤੀ, ਉਹ ਕਿਸ ਲਈ?

ਪਤਨੀ, ਤੁਸੀਂ ਹੀ ਤਾਂ ਕਿਹਾ ਸੀ ਹਵਾ ਖਾ ਕੇ ਆਉਂਦੇ ਹਾਂ।

*---*---*

**ਪਤਨੀ** (ਰੁੱਸ ਕੇ), ਤੁਸੀਂ ਮੇਰਾ ਜ਼ਰਾ ਵੀ ਧਿਆਨ ਨਹੀਂ ਰੱਖਦੇ।

ਪਤੀ, ਇਕ ਤੂੰ ਹੀ ਤਾਂ ਏਂ, ਜੋ ਮੇਰੇ ਘਰ ਨੂੰ ਸਵਰਗ ਬਣਾ ਸਕਦੀ ਏਂ।

ਪਤਨੀ, ਸੱਚਮੁੱਚ ਡਾਰਲਿੰਗ, ਕਿਵੇਂ?

ਪਤੀ, ਪੇਕਿਆਂ ਨੂੰ ਜਾ ਕੇ।

*---*---*

**ਬੁਆਏਫ੍ਰੈਂਡ** ਦੇ ਘਰ ਖਾਣਾ ਖਾਂਦੇ ਹੋਏ ਗਰਲਫ੍ਰੈਂਡ, ਜਾਨੂੰ, ਇਹ ਤੁਹਾਡਾ ਕੁੱਤਾ ਬੜੀ ਦੇਰ ਤੋਂ ਮੈਨੂੰ ਘੂਰ ਰਿਹਾ ਹੈ।

ਬੁਆਏਫ੍ਰੈਂਡ, ਤੂੰ ਜਲਦੀ ਖਾਣਾ ਖਾ ਲੈ, ਉਹ ਆਪਣੀ ਪਲੇਟ ਪਛਾਣ ਗਿਆ ਹੈ।

*---*---*

**ਬੇਟਾ,** ਮਾਂ, ਅੱਜ ਕੱਲ੍ਹ ਪਿਆਰ ਦਾ ਵਾਇਰਸ ਹਰ ਪਾਸੇ ਫੈਲਿਆ ਹੈ, ਲੱਗਦਾ ਹੈ ਮੇਰੇ ਉਪਰ ਵੀ ਇਸ ਵਾਇਰਸ ਨੇ ਅਟੈਕ ਕੀਤਾ ਹੈ।

ਮਾਂ, ਚਿੰਤਾ ਨਾ ਕਰ ਬੇਟਾ, ਮੇਰੇ ਕੋਲ ਚੱਪਲ ਹੈ ਜੋ ਐਂਟੀ ਵਾਇਰਸ ਦਾ ਕੰਮ ਕਰਦੀ ਹੈ।

*---*---*

**ਇਕ** ਲੜਕੀ ਡਾਕਟਰ ਨੂੰ, ਮੇਰੀ ਉਮਰ 20 ਸਾਲ ਹੈ ਅਤੇ ਮੇਰੀ ਸਕਿਨ ਬਹੁਤ ਸਾਫਟ ਤੇ ਸੈਂਸਟਿਵ ਹੈ, ਮੇਰਾ ਰੰਗ ਵੀ ਬਹੁਤ ਗੋਰਾ ਹੈ, ਮੈਂ ਰਾਤ ਨੂੰ ਕੀ ਲਗਾ ਕੇ ਸੋਇਆ ਕਰਾਂ?

ਡਾਕਟਰ - ਕੁੰਡੀ ਲਾ ਕੇ ਸੌਂਇਆ ਕਰ।

*---*---*

**ਦੋਸਤ,** ਹੋਰ ਸੁਣਾ ਕੀ ਹਾਲ-ਚਾਲ ਹੈ ਤੇਰਾ, ਕੀ ਚੱਲ ਰਿਹਾ ਜ਼ਿੰਦਗੀ ਵਿੱਚ?

ਦੂਜਾ ਦੋਸਤ, ਬੱਸ ਕੁਝ ਖਾਸ ਨਹੀਂ, ਵੱਡਿਆਂ ਦਾ ਆਸ਼ੀਰਵਾਦ, ਪਤਨੀ ਦੇ ਤਾਅਨੇ, ਦਰਦ ਭਰੇ ਗਾਣੇ ਅਤੇ ਬਾਕੀ ਰੱਬ ਜਾਣੇ।

*---*---*

**ਪਤਨੀ,** ਤੁਸੀਂ ਹਰ ਲੜਾਈ ਵਿੱਚ ਮੇਰੇ ਘਰ ਵਾਲਿਆਂ ਨੂੰ ਪੁੱਠਾ-ਸਿੱਧਾ ਕਿਉਂ ਬੋਲਦੇ ਹੋ?

ਪਤੀ, ਜਦੋਂ ਟੀ.ਵੀ. ਖਰਾਬ ਹੁੰਦਾ ਹੈ ਤਾਂ ਟੀ.ਵੀ. ਨੂੰ ਕੋਈ ਕੁਝ ਥੋੜ੍ਹਾ ਕਹਿੰਦਾ ਹੈ, ਗਾਲ੍ਹਾਂ ਤਾਂ ਕੰਪਨੀ ਨੂੰ ਹੀ ਕੱਢਦੇ ਹਨ।

*---*---*

# ਤੀਜੀ ਸੰਸਾਰ ਜੰਗ

ਤੀਜੀ ਸੰਸਾਰ ਜੰਗ ਤਾਂ, ਪਹਿਲਾਂ ਹੀ ਜਾਰੀ ਹੈ,
ਹੁਣ ਤਾਂ ਸਿਰਫ ਤਾਰੀਖ, ਮਿਥਣ ਦੀ ਤਿਆਰੀ ਹੈ।

ਧੁਰ ਅਸਮਾਨੀਂ ਹੈ ਧੂਆਂ, ਬੰਬਾਂ ਦਾ ਗਹਿਰਾ,
ਵਾਤਾਵਰਨ ਬਚਾਉਣ ਦਾ, ਫੁਰਮਾਨ ਵੀ ਜਾਰੀ ਹੈ।

ਚੱਲਦੀਆਂ ਨੇ ਮਾਹਲਾਂ, ਬਾਰੂਦ ਦੀਆਂ ਭਰੀਆਂ,
ਸਰਮਾਏਦਾਰ ਦੀ ਜੇਬ, ਨਿੱਤ ਹੋ ਰਹੀ ਭਾਰੀ ਹੈ।

ਪਿਛਲੀਆਂ ਜੰਗਾਂ ਦਾ, ਕਰਜ਼ਾ ਹਾਲੇ ਨਹੀਂ ਲੱਥਾ,
ਉਜੜੀ ਹੋਈ ਧਰਤੀ ਵੀ, ਹੁਣ ਕਰਜ਼ਦਾਰ ਸਾਰੀ ਹੈ।

ਬੰਬਾਂ ਅਤੇ ਅੰਗਾਂ ਦਾ, ਵਪਾਰ ਹੈ ਚੱਲ ਰਿਹਾ,
ਮਾਸੂਮਾਂ ਦੇ ਹੰਝੂਆਂ ਦੀ, ਹਰੇਕ ਥਾਂ ਬੇਜ਼ਾਰੀ ਹੈ।

ਕਿਹੜਾ ਉਹ ਹੈ ਹਿੱਸਾ, ਜਿਥੇ ਜੰਗ ਦਾ ਅਸਰ ਨਹੀਂ,
ਬੇ ਲਗਾਮ ਮਹਿੰਗਾਈ ਨੇ, ਹਰ ਇੱਕ ਦੀ ਮੱਤ ਮਾਰੀ ਹੈ।

ਮਨੁੱਖਤਾ ਨੇ ਕੋਈ ਸਬਕ, ਨਹੀਂ ਸਿੱਖਿਆ ਅਤੀਤ ਕੋਲੋਂ,
ਹੁਣ ਹੇਠਲੀ ਮਿੱਟੀ ਉੱਤੇ, ਆਉਣ ਦੀ ਬੱਸ ਵਾਰੀ ਹੈ।

ਨੰਗ ਧੜੰਗਾ ਮਨੁੱਖ, ਬੈਠਾ ਬਾਰੂਦੀ ਢੇਰ ਉੱਤੇ,
ਮਾਸ ਨੋਚਣ ਲਈ ਚੁੰਝ, ਗਿਰਝ ਦੀ ਤੇਜ਼ ਤਰਾਰੀ ਹੈ।

ਭੋਲ਼ੇ ਲੋਕੋ ਭੁੱਲ ਜਾਓ, ਤੁਹਾਨੂੰ ਕੋਈ ਪੁੱਛ ਕੇ ਤੁਰੇ,
ਇਸ ਧਰਤੀ 'ਤੇ ਗੁੰਡਿਆਂ ਦੀ, ਹੀ ਕੁੱਲ ਸਰਦਾਰੀ ਹੈ।



ਰਵਿੰਦਰ ਸਿੰਘ ਕੁੰਦਰਾ
ਕੋਵੈਂਟਰੀ ਯੂ ਕੇ

# ਦੁਨੀਆਂ

ਡੁੱਬਦੇ ਨੂੰ ਵੇਖ ਕੇ ਹੱਸੇ ਦੁਨੀਆਂ,
ਡਿੱਗਦੇ ਨੂੰ ਵੇਖ ਕੇ ਨੱਸੇ ਦੁਨੀਆਂ।
ਕਿਸੇ ਕੋਲ ਜੇ ਹੋਵਣ ਖੁਸ਼ੀਆਂ,
ਉਸ ਤੋਂ ਖੁਸ਼ੀਆਂ ਖੱਸੇ ਦੁਨੀਆਂ।
ਕੋਲ ਹੋਵੇ ਜਿੰਨਾ ਮਰਜ਼ੀ ਧਨ,
ਖ਼ੁਦ ਨੂੰ ਧਨਹੀਣ ਦੱਸੇ ਦੁਨੀਆਂ।
ਕੋਈ ਇਸ ਤੋਂ ਅੱਗੇ ਨਾ ਲੰਘੇ,
ਉਸ ਨੂੰ ਸੱਪ ਬਣ ਡੱਸੇ ਦੁਨੀਆਂ।
ਆਪਣੇ ਬਾਰੇ ਚੁੱਪ ਹੈ ਰਹਿੰਦੀ,
ਦਿਲ ਦੀ ਗੱਲ ਨਾ ਦੱਸੇ ਦੁਨੀਆਂ।
ਠੀਕ ਰਾਹ ਤੇ ਤੁਰਨ ਵਾਲੇ ਨੂੰ,
ਪਾਗਲ ਕਹਿ ਕੇ ਹੱਸੇ ਦੁਨੀਆਂ।
ਜਿਸ ਦੇ ਹੱਥ 'ਚ ਹੋਵੇ ਡਾਂਗ,
ਉਸ ਤੋਂ ਡਰ ਕੇ ਨੱਸੇ ਦੁਨੀਆਂ।




ਮਹਿੰਦਰ ਸਿੰਘ ਮਾਨ, ਨਵਾਂ ਸ਼ਹਿਰ

ਕਾਵਿ-ਵਿਅੰਗ

# ਈਵੀਐੱਮ ਦੀ ਗਣਿਤ

ਗੱਲ ਨਹੀਂ ਐਂ ਹਫਤੇ ਮਹੀਨਿਆਂ ਦੀ
'ਜੱਗੋਂ ਤੇਰ੍ਹਵੀਂ' ਦੇਸ ਵਿਚ ਨਿੱਤ ਹੋਵੇ।
ਪਾਣੀ ਪੀ ਪੀ ਕੇ ਕੋਸਿਆ ਹੋਏ ਜਿਹਨੂੰ
ਜਿੱਤਣ ਸਾਰ ਫਿਰ ਉਸੇ ਦਾ ਮਿੱਤ ਹੋਵੇ।
ਆਖੀ ਲੀਡਰ ਦੀ ਮੰਨੀਏਂ ਸਹੀ ਕਿੱਦਾਂ
ਕਿਹੜੀ ਸੱਚ ਤੇ ਕਿਹੜੀ 'ਕਥਿੱਤ' ਹੋਵੇ।
ਹਾਕਮ ਕਹਿੰਦੇ ਨੇ 'ਸੱਤਯ ਮੇਵ ਜਯਤੇ'
ਅਮਲੀ ਤੌਰ 'ਤੇ ਕੁਫਰ ਦੀ ਜਿੱਤ ਹੋਵੇ।
ਜਿੱਤਣ ਲਈ 'ਸਕੀਮ' ਨੂੰ ਵਰਤ ਲੈਂਦੇ
ਜਿਹੜੀ ਲੋਕਾਂ ਦੇ ਯਾਦ ਨਾ ਚਿੱਤ ਹੋਵੇ।
ਉਹ ਫਿਰ 'ਜਿੱਤਦੇ ਜਿੱਤਦੇ' ਹਾਰ ਜਾਂਦੇ
'ਈਵੀਐੱਮ' ਦੀ 'ਗੁੱਝੀ' ਗਣਿਤ ਹੋਵੇ !



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

# ਕਿਉਂ ਸਾੜਿਆ ਜਾਂਦਾ ਰਾਵਣ ?

ਖੌਰੇ ਕਿਸ ਨੂੰ ਰੌਸ਼ਨ ਕਰਦੇ
ਸਗੋਂ ਇਹ ਹੋਰ ਹਨ੍ਹੇਰਾ ਪਾਵਣ,
ਰਾਮ ਰਾਜ ਦੀਆਂ ਭੱਦੀਆਂ ਸੋਚਾਂ
ਨਾਲ਼ ਸਾੜਿਆ ਜਾਂਦਾ ਰਾਵਣ॥

ਮਾਂ ਕਕਈ ਨੂੰ 'ਭਰਤ' ਪਿਆਰਾ
ਰਾਜ-ਭਾਗ ਪੁੱਤ ਸਾਂਭੇ ਸਾਰਾ,
ਤੀਵੀਂ ਆਪਣੀ ਹਿੰਡ ਪੁਗਾ ਗਈ
'ਦਸ਼ਰਥ' ਬੇਵੱਸ ਹੋਇਆ ਵਿਚਾਰਾ,
ਹੱਸਦੇ-ਵਸਦੇ ਟੱਬਰ ਦੇ ਜੀਅ
ਜੰਗਲਾਂ ਦੇ ਵਿੱਚ ਧੱਕੇ ਖਾਵਣ।
ਰਾਮ ਰਾਜ ਦੀਆਂ ਭੱਦੀਆਂ ਸੋਚਾਂ
ਨਾਲ਼ ਸਾੜਿਆ ਜਾਂਦਾ ਰਾਵਣ॥

ਉਹ ਸੀ ਇੱਕ ਵਿਦਵਾਨ ਬ੍ਰਾਹਮਣ
ਜਿਹਦੇ ਨਾਮ ਨੂੰ ਧੱਬੇ ਲਾਵਣ,
ਸ਼ੀਸ਼ੇ ਵਰਗੀ ਉਹਦੀ ਦਿੱਖ ਤੇ
ਝੱਲੇ ਲੋਕ ਸਵਾਲ ਉਠਾਵਣ,
ਬਦਲਾ ਲਊ ਭਾਵਨਾ ਦਿਲ ਵਿੱਚ
ਅੱਖਾਂ ਵਿੱਚ ਰੜਕਦਾ ਰਾਵਣ।
ਰਾਮ ਰਾਜ ਦੀਆਂ ਭੱਦੀਆਂ ਸੋਚਾਂ
ਨਾਲ਼ ਸਾੜਿਆ ਜਾਂਦਾ ਰਾਵਣ॥

ਸੀਤਾ ਦਾ ਅਪਹਰਨ ਉਹ ਕਰਦਾ
ਐਪਰ ਚੀਰ ਹਰਨ ਨਹੀਂ ਕਰਦਾ,
ਪਰ ਉਹਦੇ ਕਿਰਦਾਰ ਦੀ ਖੂਬੀ
ਹਰ ਔਰਤ ਦੀ ਇੱਜ਼ਤ ਕਰਦਾ,
ਕਹਿੰਦੇ ਅੰਤ ਬਦੀ ਦਾ ਕਰਨਾ
ਉਹਦੀ ਰੂਹ ਨੂੰ ਪਏ ਸਤਾਵਣ।
ਰਾਮ ਰਾਜ ਦੀਆਂ ਭੱਦੀਆਂ ਸੋਚਾਂ
ਨਾਲ਼ ਸਾੜਿਆ ਜਾਂਦਾ ਰਾਵਣ॥

ਨਾ ਉਸ ਕਾਲ਼ ਨੂੰ ਬੰਨ੍ਹਿਆ ਪਾਵੇ
ਨਾ ਹੀ ਕਰਾਮਾਤੀ ਅਖਵਾਵੇ,
'ਭਿਵੀਖਣ' ਨੇ ਇਹ ਸੱਚ ਕਰ ਦਿੱਤਾ
"ਘਰ ਦਾ ਭੇਤੀ ਲੰਕਾ ਢਾਹਵੇ"
ਉਹ ਯੋਧਾ ਬਲਵਾਨ ਬਲੀ ਸੀ
ਰੱਬ ਦਾ ਬੰਦਾ, ਜਨ-ਸਧਾਰਨ।
ਰਾਮ ਰਾਜ ਦੀਆਂ ਭੱਦੀਆਂ ਸੋਚਾਂ
ਨਾਲ਼ ਸਾੜਿਆ ਜਾਂਦਾ ਰਾਵਣ॥

ਨਾ ਰਾਵਣ ਬਨਵਾਸ ਨੂੰ ਜਾਵੇ
ਟੱਬਰ ਨੂੰ ਨਾ ਦਾਅ ਤੇ ਲਾਵੇ,
ਹਨੂੰਮਾਨ ਦੀ ਮੱਦਦ ਲੈ ਕੇ
ਨਾ ਹੀ ਸੇਤੂ ਪੁਲ਼ ਬੰਨ੍ਹਵਾਵੇ,
ਉਹੀ ਮਰਦ ਕਹਾਉਂਦੇ ਜੱਗ 'ਤੇ
ਆਪਣੇ ਰਾਹ ਜੋ ਆਪ ਬਣਾਵਣ।
ਰਾਮ ਰਾਜ ਦੀਆਂ ਭੱਦੀਆਂ ਸੋਚਾਂ
ਨਾਲ਼ ਸਾੜਿਆ ਜਾਂਦਾ ਰਾਵਣ॥

ਹਰ ਸਾਲ ਉਹਨੂੰ ਲਾਂਬੂ ਲਾਵੋਂ
ਐਵੇਂ ਸੁੱਤੀਆਂ ਕਲਾ ਜਗਾਵੋਂ,
ਰਾਮ ਹੁਰਾਂ ਨੂੰ ਨਾਇਕ ਬਣਾਕੇ
ਉਹਦਾ ਕੱਦ ਬੌਣਾ ਵਿੱਖਲਾਵੋਂ,
ਵੇਦ-ਗ੍ਰੰਥਾਂ ਦੇ ਜਾਣੂ ਨੂੰ
ਬਲਦੀਆਂ ਲਾਟਾਂ ਵਿੱਚ ਜਲ਼ਾਉਣ।
ਰਾਮ ਰਾਜ ਦੀਆਂ ਭੱਦੀਆਂ ਸੋਚਾਂ
ਨਾਲ਼ ਸਾੜਿਆ ਜਾਂਦਾ ਰਾਵਣ॥

ਉਹਦੇ ਨਾਮ ਨੂੰ ਹੋਰ ਉਲਾਂਭਾ
ਚਾਲ਼ੀ ਕੋਹ ਦੀਆਂ ਪੁੱਟੇ ਉਲਾਂਘਾਂ,
ਦਸ ਸਿਰ ਉਹਦੇ ਹਰਗਿਜ਼ ਨਾ ਸੀ
ਉੱਚੀ ਸੋਚ ਦੀ ਕਰੋ ਸ਼ਲਾਘਾ,
ਚਾਰ ਵੇਦ, ਛੇ ਸ਼ਾਸਤਰ ਪੜ੍ਹਿਆ
ਚਾਨਣ ਦੇ ਜੋ ਦੀਪ ਜਗਾਵਣ।
ਰਾਮ ਰਾਜ ਦੀਆਂ ਭੱਦੀਆਂ ਸੋਚਾਂ
ਨਾਲ਼ ਸਾੜਿਆ ਜਾਂਦਾ ਰਾਵਣ॥

'ਸਰੂਪਨਖਾਂ' ਦਾ ਨੱਕ ਸੀ ਵੱਢਿਆ
ਵੈਰ ਦਾ ਸੱਪ ਪਟਾਰੀਉਂ ਕੱਢਿਆ,
ਸਾੜ ਦਿੱਤੀ ਸੋਨੇ ਦੀ ਲੰਕਾ
ਰਾਜ-ਭਾਗ ਦਾ ਕੱਖ ਨਾ ਛੱਡਿਆ,
ਕਈ 'ਭੋਗਲ' ਵਿਦਵਾਨ ਦੇ ਮਰਨ ਤੇ
ਆਤਿਸ਼ਬਾਜ਼ੀ ਪਏ ਚਲਾਵਣ।
ਰਾਮ ਰਾਜ ਦੀਆਂ ਭੱਦੀਆਂ ਸੋਚਾਂ
ਨਾਲ਼ ਸਾੜਿਆ ਜਾਂਦਾ ਰਾਵਣ॥

ਨਛੱਤਰ ਸਿੰਘ
ਭੋਗਲ
"ਭਾਖੜੀਆਣਾ"
(ਯੂ.ਕੇ.)





# ਹੱਸਦਿਆਂ ਦੇ ਘਰ ਵੱਸਦੇ



ਨਵੇਂ-ਨਵੇਂ ਵਿਆਹ ਤੋਂ ਬਾਅਦ ਭੋਲੂ ਕਨਫਿਊਜ਼ ਹੋ ਗਿਆ ਕਿ ਗੱਲਬਾਤ ਕਿਵੇਂ ਸ਼ੁਰੂ ਕਰਾਂ।
ਅੱਧਾ ਘੰਟਾ ਸੋਚਣ ਤੋਂ ਬਾਅਦ ਆਖਰ ਉਹ ਘਰਵਾਲੀ ਨੂੰ ਬੋਲਿਆ, ਤੁਹਾਡੇ ਘਰ ਵਾਲਿਆਂ ਨੂੰ ਪਤਾ ਹੈ ਨਾ ਕਿ ਅੱਜ ਤੁਸੀਂ ਇਥੇ ਹੀ ਰੁਕੋਗੇ ?

*---*---*

ਪਤੀ (ਬੜੇ ਮਾਣ ਨਾਲ), ਬਚਪਨ ਵਿੱਚ ਜਨਮ ਅਸ਼ਟਮੀ 'ਤੇ ਸਕੂਲ ਵਿੱਚ ਹਮੇਸ਼ਾ ਮੈਨੂੰ ਹੀ ਸ਼੍ਰੀ ਕ੍ਰਿਸ਼ਨ ਦਾ ਰੋਲ ਦਿੱਤਾ ਜਾਂਦਾ ਸੀ।
ਪਤਨੀ, ਬਾਕੀ ਸਾਰੇ ਗੋਰੇ ਰਹੇ ਹੋਣਗੇ।

*---*---*

ਪਤੀ (ਪਤਨੀ ਨੂੰ), ਡੀਅਰ, ਮੈਂ ਤੈਨੂੰ ਬਹੁਤ ਪਿਆਰ ਕਰਦਾ ਹਾਂ।
ਪਤਨੀ, ਤਾਂ ਕੀ ਮੈਂ ਤੁਹਾਨੂੰ ਨਹੀਂ ਕਰਦੀ ? ਮੈਂ ਤਾਂ ਤੇਰੇ ਲਈ ਸਾਰੀ ਦੁਨੀਆਂ ਨਾਲ ਲੜ ਸਕਦੀ ਹਾਂ।
ਪਤੀ, ਪਰ ਤੂੰ ਤਾਂ ਦਿਨ-ਰਾਤ ਮੇਰੇ ਨਾਲ ਹੀ ਲੜਦੀ ਰਹਿੰਦੀ ਏਂ।
ਪਤਨੀ, ਜਾਨੂੰ, ਤੂੰ ਹੀ ਤਾਂ ਮੇਰੀ ਦੁਨੀਆਂ ਏਂ।

*---*---*

ਵੇਟਰ- ਸਰ ਕੀ ਲਿਆਵਾਂ ?
ਮਹਿੰਦਰ- ਚਿਕਨ।
ਵੇਟਰ- ਸਪੈਨਿਸ਼, ਫਰੈਂਚ ਜਾਂ ਅਫਗਾਨੀ ਚਿਕਨ ?
ਮਹਿੰਦਰ- ਕੋਈ ਵੀ ਲੈ ਆ ਯਾਰ, ਮੈਂ ਕਿਹੜਾ ਉਸ ਨਾਲ ਗੱਲ ਕਰਨੀ ਐ।

*---*---*

ਪਤੀ- ਤੂੰ ਗੱਲ-ਗੱਲ 'ਤੇ ਮੇਰਾ-ਮੇਰਾ ਕਿਉਂ ਕਰਦੀ ਰਹਿੰਦੀ ਏਂ ? ਤੈਨੂੰ ਸਾਡਾ ਕਹਿਣਾ ਚਾਹੀਦਾ ਹੈ। ਹੁਣ ਅਲਮਾਰੀ ਵਿੱਚ ਕੀ ਲੱਭ ਰਹੀ ਏਂ ?
ਪਤਨੀ- ਸਾਡਾ ਪੇਟੀਕੋਟ।

*---*---*

ਨਰਿੰਦਰ- ਬਜ਼ੁਰਗ ਕਹਿ ਗਏ ਹਨ।
ਭਰਤ- ਕੀ ?
ਨਰਿੰਦਰ- ਇਹੋ ਕਿ ਨੂੰਹ, ਜਵਾਈ ਤੇ ਤਰਬੂਜ਼ ਅੰਦਰੋਂ ਕਿਹੋ ਜਿਹਾ ਨਿਕਲੇਗਾ, ਕੋਈ ਨਹੀਂ ਕਹਿ ਸਕਦਾ।

*---*---*

ਲਾਲਚੀ ਪਿਉ, ਬੇਟਾ ਜੇ ਸੁਹਰੇ ਵਾਲੇ ਸਕੂਟਰ ਦੇਣ ਤਾਂ ਕਾਰ ਮੰਗੀਂ, ਕੂਲਰ ਦੇਣ ਤਾਂ ਏ.ਸੀ. ਮੰਗੀਂ।
ਮੁੰਡਾ- ਪਿਤਾ ਜੀ, ਜੇ ਉਹ ਕੁੜੀ ਦੇਣ ਤਾਂ ਕੀ ਉਸ ਦੀ ਮਾਂ ਵੀ ਮੰਗ ਲਵਾਂ ?

*---*---*